

**MOVING To INDIANA?**

ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

Contact me today to BUY/SELL/INVEST in Indiana.

Ph: (317) 670-1055

Beenu.sikand@gmail.com www.LegacyHomesInternational.com

*Beenu Sikand*
*Legacy Homes Intl.*
*Broker Owner,*
*Realtor, CRS, MBA*

*Successfully Selling Real Estate for 17 Years!*

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com

Midland Realty Group-Company You Trust



*Kamaljeet Kaur*

*Mortgage rates available from 2.1% to 3%*



Twenty-Second Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 23, June 5th, 2021 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਮਮਤਾ ਬੈਨਰਜੀ ਦੀ ਮੋਦੀ ਹਕੂਮਤ ਨੂੰ ਵੰਗਾਰ

**ਨਵੀਂ ਦਿੱਲੀ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਸੁਪਰੀਮੋ ਮਮਤਾ ਬੈਨਰਜੀ ਵੱਲੋਂ ਮੋਦੀ ਸਰਕਾਰ ਦੀਆਂ ਸੰਘੀ ਢਾਂਚੇ ਨੂੰ ਢਾਹ ਲਾਉਣ ਅਤੇ ਵੰਡ ਪਾਊ ਨੀਤੀਆਂ ਖਿਲਾਫ ਚੁੱਕੀ ਆਵਾਜ਼ ਨੇ ਪੂਰੇ ਮੁਲਕ ਦੀ ਸਿਆਸਤ ਦਾ ਧਿਆਨ ਖਿੱਚਿਆ ਹੈ। ਇਸ ਸਮੇਂ ਮੁਲਕ ਦੀ ਇਸ ਇਕਲੌਤੀ ਮਹਿਲਾ ਮੁੱਖ ਮੰਤਰੀ ਨੇ ਜਿਸ ਤਰ੍ਹਾਂ ਦਲੇਰੀ ਨਾਲ ਕੇਂਦਰ ਦੀਆਂ ਨੀਤੀਆਂ ਨੂੰ ਵੰਗਾਰਿਆ ਹੈ, ਨੇ ਸਾਫ ਸੰਕੇਤ ਦਿੱਤੇ ਹਨ ਕਿ ਇਸ ਮਹਿਲਾ ਆਗੂ ਦੀ ਇਹ 'ਲਲਕਾਰ' ਹੁਣ ਤੱਕ ਚੁੱਪ ਧਾਰੀ ਬੈਠੀਆਂ ਵੱਡੀਆਂ ਸਿਆਸੀ ਧਿਰਾਂ ਨੂੰ ਹਲੂਣਾ ਦੇਵੇਗੀ।

ਮਮਤਾ ਬੈਨਰਜੀ ਨੇ ਨੌਕਰਸ਼ਾਹਾਂ, ਕਾਨੂੰਨਸਾਜ਼ਾਂ ਤੇ ਬੁੱਧੀਜੀਵੀਆਂ ਨੂੰ ਵੀ ਹੁਣ ਇਨ੍ਹਾਂ ਧੱਕੇਸ਼ਾਹੀਆਂ ਖਿਲਾਫ ਉਠ ਖਲੋਣ ਦਾ ਹੋਕਾ ਦਿੱਤਾ ਹੈ। ਭਾਰਤੀ ਸਿਆਸਤ ਵਿਚ ਸ਼ਾਇਦ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਸੂਬੇ ਦੀ ਮੁੱਖ ਮੰਤਰੀ ਨੇ ਮੁਲਕ ਦੇ ਸਭ ਦੇ 'ਤਾਕਤਵਰ' ਪ੍ਰਚਾਰੇ ਜਾ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਇੰਨੇ ਤਿੱਖੇ ਸ਼ਬਦਾਂ ਦਾ ਇਸਤੇਮਾਲ ਕੀਤਾ ਹੈ। ਇਸ ਮਹਿਲਾ ਆਗੂ ਦੇ ਬੋਲ- 'ਓ, ਪੀ.ਐਮ, ਤੇਰੀਆਂ ਧੱਕੇਸ਼ਾਹੀਆਂ ਅੱਗੇ ਝੁਕਣ ਤੇ ਡਰਨ ਵਾਲੀ ਨਹੀਂ", ਭਾਰਤ ਦੀਆਂ ਸਿਆਸੀ ਸਫ਼ਾਂ ਵਿਚ ਗੂੰਜ ਬਣੇ ਹੋਏ ਹਨ। ਇਸ ਤੋਂ ਪਹਿਲਾ ਮਮਤਾ ਨੇ ਕੇਂਦਰ ਨੂੰ ਸਖਤ ਪੱਤਰ ਵੀ ਲਿਖਿਆ ਤੇ ਵੱਡੇ ਸਵਾਲ ਚੁੱਕੇ।

ਦਰਅਸਲ, ਮਮਤਾ ਬੈਨਰਜੀ ਦੇ ਮੂੰਹੋਂ ਇਹ ਤਿੱਖੇ ਬੋਲ ਸੰਘੀ ਢਾਂਚੇ ਅਤੇ ਸੂਬਿਆਂ ਦੇ ਹੱਕਾਂ ਉਤੇ ਮਾਰੇ ਜਾ ਰਹੇ ਡਾਕੇ ਕਾਰਨ ਬਣੇ ਹਾਲਾਤ ਤੋਂ ਬਾਅਦ ਨਿਕਲੇ ਹਨ। ਮਮਤਾ ਬੈਨਰਜੀ ਨੇ ਹਮੇਸ਼ਾ ਜੀ.ਐਸ.ਟੀ. ਅਤੇ ਜੰਮੂ ਕਸ਼ਮੀਰ ਸਮੇਤ ਕਈ ਮੁੱਦਿਆਂ 'ਤੇ ਕੇਂਦਰ ਤੋਂ ਵੱਖਰਾ ਸਟੈਂਡ ਲਿਆ ਤੇ ਡਟ ਕੇ ਖੜ੍ਹੀ। ਪਿਛਲੇ 7 ਸਾਲਾਂ ਤੋਂ ਕੇਂਦਰੀ ਸੱਤਾ ਵਿਚ ਬੈਠੀ ਮੋਦੀ ਹਕੂਮਤ ਨੇ ਸੂਬਿਆਂ ਦੇ ਹੱਕ ਨੂੰ ਖੋਰਾ ਲਾਉਣ ਲਈ ਹਰ ਹਰਬਾ ਵਰਤਿਆ ਹੈ ਪਰ ਸੰਘੀ ਢਾਂਚੇ ਦੀ ਦੁਹਾਈ ਪਾਉਣ ਵਾਲੀਆਂ ਸਿਆਸੀ ਧਿਰਾਂ ਇਸ ਮੁੱਦੇ ਉਤੇ ਖੁੱਲ੍ਹ ਕੇ ਨਹੀਂ ਬੋਲੀਆਂ। ਇਥੋਂ ਤੱਕ ਕਿ ਸੰਘੀ ਢਾਂਚੇ ਲਈ ਮੋਰਚੇ ਲਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਬਾਦਲ ਵੀ ਇਸ ਮੁੱਦੇ ਉਤੇ ਚੁੱਪ ਰਹਿਣ ਵਿਚ ਹੀ ਆਪਣੀ





ਭਲਾਈ ਮੰਨਣ ਲੱਗਾ।

ਪੰਜਾਬ ਦੀ ਕਾਂਗਰਸ ਸਰਕਾਰ, ਸੂਬਿਆਂ ਪ੍ਰਤੀ ਕੇਂਦਰ ਦੀ ਨੀਤੀ ਨੂੰ ਮਾੜਾ ਤਾਂ ਆਖਦੀ ਰਹੀ ਹੈ ਪਰ ਇਸ ਦੇ ਖਿਲਾਫ ਖੁੱਲ੍ਹ ਕੇ ਖੜ੍ਹਨ ਦੀ ਹਿੰਮਤ ਨਹੀਂ ਦਿਖਾਈ। ਸੂਬਾ ਸਰਕਾਰਾਂ ਦੀ ਇਸ ਚੁੱਪ ਨੇ ਮੋਦੀ ਸਰਕਾਰ ਨੂੰ ਹਿੰਮਤ ਬਖਸ਼ੀ ਤੇ ਅੱਜ ਸੂਬਿਆਂ ਦੀ ਆਰਥਿਕ ਘੇਰਾਬੰਦੀ ਕਰ ਕੇ ਹਾਲਾਤ ਇਹ ਬਣਾ ਦਿੱਤੇ ਹਨ ਕਿ ਕੇਂਦਰ ਸਰਕਾਰ ਨੂੰ ਪੁੱਛੇ ਬਿਨਾਂ ਉਹ ਇਕ ਪੈਰ ਵੀ ਨਹੀਂ ਪੁੱਟ ਸਕਦੇ। ਮਮਤਾ ਨਾਲ ਕੇਂਦਰ ਦਾ ਤਾਜ਼ਾ ਟਕਰਾਅ ਵੀ ਕੇਂਦਰ ਸਰਕਾਰ ਦੇ ਅਜਿਹੇ ਏਜੰਡੇ ਵਿਚ ਰੋੜਾ ਬਣਨ ਪਿੱਛੋਂ ਵਧਿਆ ਹੈ। ਇਹੀ ਕਾਰਨ ਹੈ ਕਿ ਭਾਜਪਾ ਨੇ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਜਿੱਤ ਤੇ ਮਮਤਾ ਦੇ ਇਕ ਤਾਕਤਵਰ ਆਗੂ ਵਜੋਂ ਉਭਾਰ ਨੂੰ ਢਾਹ ਲਾਉਣ ਲਈ ਹਰ ਹਰਬਾ ਵਰਤਿਆ।

ਪੱਛਮੀ ਬੰਗਾਲ ਵਿਚ ਵਿਧਾਨ ਸਭਾ ਚੋਣਾਂ ਦੇ ਨਤੀਜੇ ਭਾਜਪਾ ਦੀਆਂ ਆਸਾਂ ਤੋਂ ਬਿਲਕੁਲ ਉਲਟ ਆਏ। ਭਾਰਤੀ ਜਨਤਾ ਪਾਰਟੀ ਦੇ ਤਾਜ਼ਾ ਰਵੱਈਏ ਤੋਂ ਜਾਪ ਰਿਹਾ ਹੈ ਕਿ ਉਹ ਪੱਛਮੀ ਬੰਗਾਲ ਵਿਚ ਹਾਰ ਨੂੰ ਸਵੀਕਾਰ ਕਰਨ ਦੀ ਮਾਨਸਿਕ ਸਥਿਤੀ ਵਿਚ ਨਹੀਂ। ਚੋਣ ਨਤੀਜਿਆਂ

(ਬਾਕੀ ਸਫਾ 6 ਉਤੇ)

## ਲੋਕਾਂ ਦੀਆਂ ਆਸਾਂ 'ਤੇ ਖਰੀ ਨਾ ਉਤਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਇਸ ਸਮੇਂ ਇਕ ਪਾਸੇ ਪੂਰਾ ਮੁਲਕ ਕਰੋਨਾ ਮਹਾਮਾਰੀ ਨਾਲ ਜੂਝ ਰਿਹਾ ਹੈ ਤੇ ਦੂਜੇ ਪਾਸੇ ਕੇਂਦਰ ਵਿਚ 7 ਸਾਲ ਪੂਰੇ ਕਰਨ ਉਤੇ ਭਾਜਪਾ ਨੂੰ ਚਾਅ ਚੜ੍ਹਿਆ ਹੋਇਆ ਹੈ। ਭਾਵੇਂ ਭਗਵਾ ਧਿਰ ਨੇ ਕਰੋਨਾ ਕਾਰਨ ਬਣੇ ਹਾਲਾਤ ਵਿਚ ਵੱਡੇ ਜਸ਼ਨ ਸਮਾਗਮਾਂ ਤੋਂ ਟਾਲਾ ਵੱਟਣ ਦਾ ਫੈਸਲਾ ਕੀਤਾ ਹੈ ਪਰ ਇਨ੍ਹਾਂ 7 ਵਰ੍ਹਿਆਂ ਦੀਆਂ 'ਪ੍ਰਾਪਤੀਆਂ' ਲੋਕਾਂ ਦੇ ਕੰਨੀ ਪਾਉਣ ਲਈ ਹਰ ਵਾਹ ਲਾ ਰਹੀ ਹੈ। ਦੂਜੇ ਪਾਸੇ ਸਿਆਸੀ ਵਿਰੋਧੀ ਧਿਰਾਂ ਮੋਦੀ ਸਰਕਾਰ ਦੀਆਂ ਨਕਾਮੀਆਂ ਦਾ ਲੰਮਾ ਚੌੜਾ ਚਿੱਠਾ ਲੈ ਕੇ ਮੈਦਾਨ ਵਿਚ ਨਿੱਤਰੀਆਂ ਹੋਈਆਂ ਹਨ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਦੇ ਸੱਤ ਸਾਲ ਪੂਰੇ ਹੋਣ 'ਤੇ 'ਮਨ ਕੀ ਬਾਤ' ਵਿਚ ਪਿੰਡਾਂ ਤੱਕ ਪਹੁੰਚਾਈ। ਬਿਜਲੀ, ਸੜਕਾਂ ਬਣਾਉਣ, ਦਿਹਾਤੀ ਘਰਾਂ ਵਿਚ ਪਾਣੀ ਪਹੁੰਚਾਉਣ, ਬੈਂਕ ਖਾਤੇ ਖੋਲ੍ਹਣ, ਡਿਜੀਟਲ ਤਰੀਕੇ ਨਾਲ ਪੈਸੇ ਦੇ ਲੈਣ ਦੇਣ ਵਿਚ ਵਾਧੇ ਅਤੇ ਕਈ ਹੋਰ ਪ੍ਰਾਪਤੀਆਂ ਦਾ ਜ਼ਿਕਰ ਕਰ ਕੇ ਆਪਣੀਆਂ ਪ੍ਰਾਪਤੀਆਂ ਗਿਣਵਾਈਆਂ। ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਅਤੇ ਰਾਮ ਮੰਦਿਰ ਨੂੰ ਵੀ ਉਨ੍ਹਾਂ ਆਪਣੀ ਪ੍ਰਾਪਤੀ ਵਜੋਂ ਦੱਸਣ ਦੀ ਕੋਸ਼ਿਸ਼ ਕੀਤੀ।

ਦੂਜੇ ਪਾਸੇ ਕਾਂਗਰਸ ਸਣੇ ਹੋਰ ਵਿਰੋਧੀ ਧਿਰਾਂ ਨੇ ਕਰੋਨਾ ਨਾਲ ਲੜਾਈ ਵਿਚ ਅਸਫਲਤਾ, ਨੋਟਬੰਦੀ, ਜੀ.ਐਸ.ਟੀ. ਕਾਰਨ ਅਰਥ ਵਿਵਸਥਾ ਨੂੰ ਲੱਗੀ ਢਾਹ, ਕੇਂਦਰ ਤੇ ਸੂਬਿਆਂ ਵਿਚ ਵਧ ਰਿਹਾ ਪਾੜਾ, ਪਰਵਾਸੀ ਮਜ਼ਦੂਰਾਂ ਅਤੇ ਹੋਰ ਵਰਗਾਂ ਦੀ ਮੰਦਹਾਲੀ ਮੰਦੀ ਬਾਰੇ ਤਿੱਖੇ ਸਵਾਲ ਕੀਤੇ ਜਾ ਰਹੇ ਹਨ।

ਇਨ੍ਹਾਂ ਨਕਾਮੀਆਂ ਨੂੰ ਆਪਣੀ ਗਲਤੀ ਮੰਨਣ ਤੇ ਇਸ ਤੋਂ ਕੁਝ ਸਿੱਖਣ ਦੀ ਥਾਂ ਭਾਜਪਾ ਅਜਿਹੇ ਮੁੱਦੇ ਉਤੇ ਚੁੱਪ ਧਾਰੀ ਰੱਖਣ ਵਿਚ ਹੀ ਆਪਣਾ ਭਲਾ ਸਮਝ ਰਹੀ ਹੈ। ਅਜਿਹੇ ਮੌਕੇ ਪ੍ਰਧਾਨ ਮੰਤਰੀ ਨੇ 6 ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਅੰਦੋਲਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਬਾਰੇ ਕੋਈ ਗੱਲ ਨਹੀਂ ਕੀਤੀ। ਇਨ੍ਹਾਂ ਸੱਤ ਸਾਲਾਂ ਵਿਚ ਹੀ ਦੇਸ਼ ਵਿਚ ਹਜੂਮੀ ਹਿੰਸਾ ਦੀਆਂ ਅਨੇਕ ਵਾਰਦਾਤਾਂ ਹੋਈਆਂ ਅਤੇ ਸੰਪਰਦਾਇਕ ਪਾੜਾ ਵਧਿਆ। ਕੋਵਿਡ-19 ਦੇ ਮਾਮਲੇ ਵਿਚ ਸਰਕਾਰੀ ਨੀਤੀਆਂ ਦੀ ਅਸਫਲਤਾ ਵੀ ਸਭ ਦੇ ਸਾਹਮਣੇ ਹੈ। ਮੋਦੀ ਸਰਕਾਰ ਭਾਵੇਂ ਆਪਣੀਆਂ ਨਕਾਮੀਆਂ ਵੱਲ ਝਾਤ ਮਾਰਨ ਲਈ ਤਿਆਰ ਨਹੀਂ ਪਰ ਕੁਝ ਸਰਵੇਖਣਾਂ ਵਿਚ ਸਾਫ ਹੋਇਆ ਹੈ ਕਿ ਮੁਲਕ ਦੀ ਵੱਡੀ ਆਬਾਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਡਾਢੀ ਨਰਾਸ਼ ਹੈ।

ਏ.ਬੀ.ਪੀ.-ਸੀ-ਵੋਟਰਜ਼ ਵੱਲੋਂ ਜਾਰੀ ਕੀਤੇ ਸਰਵੇਖਣ ਮੁਤਾਬਕ ਮੋਦੀ ਸਰਕਾਰ ਤੋਂ

(ਬਾਕੀ ਸਫਾ 6 ਉਤੇ)


**ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ ਲੋੜ ਹੈ**

ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।

ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ

ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING

ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ

Ph: 317-406-9924

Mela INDIAN RESTAURANT • PUB

ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ

Baljinder S. Ben

Ph: 317-869-2400

BIG BAZAAR

Grocery, Sweets & Catering

*Fresh Vegetables Every Thursday

*Book your catering now.

5425 E. Thompson Rd., Indianapolis IN 46237



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

ੴ ਸਤਿਗੁਰ ਪ੍ਰਸਾਦਿ॥

ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥



ਗੁਰਦੁਆਰਾ ਸਿੱਖ ਟੈਂਪਲ, ਓਕ ਕਰੀਕ


ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਉਹ 1926 ਤੋਂ 1950 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ 1937 ਤੇ 1945 ਵਿਚ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਬਣੇ। ਵਿਦਿਆ ਦਾ ਚਾਨਣ ਵੰਡਣ ਲਈ ਉਨ੍ਹਾਂ ਕਈ ਸਕੂਲ ਬਣਵਾਏ। ਪੰਜਾਬ ਦੀ ਲੁਬਾਣਾ ਬਰਾਦਰੀ ਉਨ੍ਹਾਂ ਦੀ ਬਖਸ਼ਿਸ਼ ਸਦਕਾ ਹੀ ਅੱਜ ਦੁਨੀਆਂ ਵਿਚ ਉਜਵਲ ਇਤਿਹਾਸ ਸਿਰਜ ਰਹੀ ਹੈ।

# ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 71ਵੀਂ ਸਾਲਾਨਾ ਬਰਸੀ ਸਬੰਧੀ

# ਵਿਸ਼ੇਸ਼ ਸਮਾਗਮ

**ਪ੍ਰੋਗਰਾਮ ਦਾ ਵੇਰਵਾ**

**11 ਜੂਨ 2021 (ਸ਼ੁੱਕਰਵਾਰ)** ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

**13 ਜੂਨ 2021 (ਐਤਵਾਰ)** ਭੋਗ ਸ੍ਰੀ ਅਖੰਡ ਪਾਠ ਸਵੇਰੇ 10:30 ਵਜੇ

## ਪਹੁੰਚ ਰਹੇ ਜਥੇ:

*ਭਾਈ ਲਖਵਿੰਦਰ ਸਿੰਘ (ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ)
*ਭਾਈ ਗੁਰਮੇਲ ਸਿੰਘ
ਭਾਈ ਸੁਰਜੀਤ ਸਿੰਘ ਬੰਬੇ ਵਾਲੇ ਅਤੇ ਸਾਥੀ


ਭਾਈ ਲਖਵਿੰਦਰ ਸਿੰਘ


ਜਥਾ ਭਾਈ ਗੁਰਮੇਲ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਓਕ ਕਰੀਕ) ਤੇ ਸਾਥੀ;


ਭਾਈ ਸੁਰਜੀਤ ਸਿੰਘ ਬੰਬੇ ਵਾਲੇ ਤੇ ਸਾਥੀ

## Guru Ladho Re Members:

Sukhwinder Singh Ghagar
Ph: 414-323-0387
Parminder Singh Goldy
Ph: 414-736-6580
Harjinder Singh Jindi
Ph:414-841-5649

Jarnail Singh Miani
Ph: 262-370-2428
Jaggi Singh Ghotra
Ph: 414-430-4349

Devinder Singh Bind
Ph: 414-393-7331
Narinder Pal Singh Billa
Ph: 414-588-7360

Kuljit Singh Gillzian
Ph: 608-575-7544
Gurinder Singh Gillzian
Ph: 414-491-6358

Bhupinder Singh Tinka
Ph: 414-943-6765
Randip Pal Singh Rinku
Ph: 608-201-2663
Arvinder Singh Buty
Ph: 414-943-6063

Website: www.guruladhore.org Contact: info@guruladhore.org



ਵਲੋਂ: ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਸਿੱਖ ਟੈਂਪਲ ਆਫ ਵਿਸਕਾਨਸਿਨ ਦੀ ਸਮੂਹ ਸਾਧ ਸੰਗਤ

7512 South Howell Ave. Oak Creek, WI 53154 Ph: 414-764-7454

# ਨਾਗਰਿਕਤਾ ਕਾਨੂੰਨ ਲਾਗੂ ਕਰਨ ਲਈ ਹੱਥ-ਪੈਰ ਮਾਰਨ ਲੱਗੀ ਮੋਦੀ ਸਰਕਾਰ

## ਗੈਰ-ਮੁਸਲਿਮ ਸ਼ਰਨਾਰਥੀਆਂ ਤੋਂ ਅਰਜ਼ੀਆਂ ਮੰਗੀਆਂ

**ਨਵੀਂ ਦਿੱਲੀ:** ਕੇਂਦਰੀ ਗ੍ਰਿਹ ਮੰਤਰਾਲੇ ਨੇ ਨਾਗਰਿਕਤਾ ਐਕਟ, 1955 ਦੇ ਨਿਯਮਾਂ 2009 ਤਹਿਤ ਇਕ ਨੋਟੀਫਿਕੇਸ਼ਨ ਜਾਰੀ ਕਰ ਕੇ ਅਫ਼ਗਾਨਿਸਤਾਨ, ਬੰਗਲਾਦੇਸ਼ ਤੇ ਪਾਕਿਸਤਾਨ ਨਾਲ ਸਬੰਧਤ ਗੈਰ-ਮੁਸਲਿਮ ਸ਼ਰਨਾਰਥੀਆਂ ਜੋ ਕਿ ਪੰਜਾਬ, ਹਰਿਆਣਾ, ਰਾਜਸਥਾਨ, ਗੁਜਰਾਤ ਤੇ ਛੱਤੀਸਗੜ੍ਹ ਦੇ 13 ਜਿਲ੍ਹਿਆਂ ਵਿਚ ਰਹਿੰਦੇ ਹਨ, ਨੂੰ ਭਾਰਤੀ ਨਾਗਰਿਕਤਾ ਲਈ ਅਰਜ਼ੀਆਂ ਦਾਖਲ ਕਰਨ ਲਈ ਕਿਹਾ ਹੈ।

ਖੱਬੀਆਂ ਪਾਰਟੀਆਂ ਨੇ ਦੋਸ਼ ਲਾਇਆ ਹੈ ਕਿ ਭਾਰਤੀ ਨਾਗਰਿਕਤਾ ਲੈਣ ਲਈ ਅਰਜ਼ੀਆਂ ਮੰਗੇ ਜਾਣ ਤੋਂ ਕੇਂਦਰ ਸਰਕਾਰ ਦੀ ਫਾਸ਼ੀਵਾਦੀ ਸੋਚ ਜੱਗ ਜ਼ਾਹਿਰ ਹੋ ਗਈ ਹੈ। ਖੱਬੀਆਂ ਪਾਰਟੀਆਂ ਨੇ ਕਿਹਾ ਕਿ ਇਹ ਹੁਕਮ ਨਾਗਰਿਕਤਾ ਸੋਧ ਕਾਨੂੰਨ-2019 ਲਾਗੂ ਕਰਨ ਲਈ ਪਿਛਲਾ ਦਰਵਾਜਾ ਹੈ। ਇਸ ਸਬੰਧੀ ਸੀ.ਪੀ.ਐਮ. ਦੇ ਜਨਰਲ ਸਕੱਤਰ ਸੀਤਾਰਾਮ ਯੇਚੂਰੀ, ਸੀ.ਪੀ.ਆਈ. ਦੇ ਜਨਰਲ ਸਕੱਤਰ ਡੀ ਰਾਜਾ, ਸੀ.ਪੀ.ਆਈ-ਐਮ.ਐਲ. ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੇ ਸਰਕਾਰ ਨੂੰ ਲੰਬੇ ਹੱਥੀਂ ਲਿਆ।

ਉਧਰ, ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਨਵੇਂ ਹੁਕਮਾਂ ਦਾ ਸਾਲ 2019 ਵਿਚ ਪਾਸ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਕਿਉਂਕਿ ਇਸ ਤਹਿਤ ਸਰਕਾਰ ਵੱਲੋਂ ਨਿਯਮ ਬਣਾਏ ਜਾਣੇ ਅਜੇ ਬਾਕੀ ਹਨ। ਕੇਂਦਰੀ ਗ੍ਰਿਹ ਮੰਤਰਾਲੇ ਨੇ ਨਾਗਰਿਕਤਾ ਐਕਟ 1955 ਅਧੀਨ ਜਾਰੀ ਹੁਕਮਾਂ ਅਤੇ ਇਸ ਕਾਨੂੰਨ ਤਹਿਤ 2009 ਵਿਚ ਬਣਾਏ ਗਏ ਨਿਯਮਾਂ ਦੇ ਤੁਰਤ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਦਾ ਲਾਭ ਅਫ਼ਗਾਨਿਸਤਾਨ, ਪਾਕਿਸਤਾਨ ਤੇ ਬੰਗਲਾਦੇਸ਼ ਨਾਲ ਸਬੰਧਤ ਘੱਟ ਗਿਣਤੀ ਵਰਗ ਦੇ ਸ਼ਰਨਾਰਥੀ ਜੋ ਕਿ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਅਤੇ ਘੱਟੋ-ਘੱਟ 11 ਸਾਲ ਭਾਰਤ 'ਚ ਰਹਿਣ ਤੋਂ ਬਾਅਦ ਕੁਦਰਤੀ ਤੌਰ 'ਤੇ ਇਥੋਂ ਦੀ ਨਾਗਰਿਕਤਾ ਹਾਸਲ ਕਰਨ ਦੇ ਹੱਕਦਾਰ ਹਨ, ਨੂੰ ਹੋਵੇਗਾ। ਜਿਕਰਯੋਗ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਤਹਿਤ ਇਸ ਵਰਗ ਲਈ ਨਾਗਰਿਕਤਾ ਹਾਸਲ ਕਰਨ ਵਾਸਤੇ ਦੇਸ਼ ਵਿਚ ਰਹਿਣ ਦਾ ਘੱਟੋ-ਘੱਟ ਸਮਾਂ ਘਟਾ ਕੇ ਪੰਜ ਸਾਲ ਕਰ ਦਿੱਤਾ ਗਿਆ ਹੈ।

ਇਸ ਨਵੇਂ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ, "ਪੰਜਾਬ ਦੇ ਜਿਲ੍ਹਾ ਜਲੰਧਰ, ਹਰਿਆਣਾ ਦੇ ਜਿਲ੍ਹਾ ਫਰੀਦਾਬਾਦ, ਗੁਜਰਾਤ ਦੇ ਮੋਰਬੀ, ਰਾਜਕੋਟ, ਪਟਨ ਤੇ ਵਡੋਦਰਾ ਜਿਲ੍ਹਿਆਂ, ਛੱਤੀਸਗੜ੍ਹ ਦੇ ਜਿਲ੍ਹਾ ਬਲੋਦਾਬਾਜਾਰ ਅਤੇ ਰਾਜਸਥਾਨ ਦੇ ਜਲੌਰ, ਉਦੈਪੁਰ, ਪਾਲੀ, ਬਾੜਮੇਰ ਤੇ ਸਿਰੋਹੀ ਜ਼ਿਲ੍ਹਿਆਂ 'ਚ ਰਹਿੰਦੇ ਉਕਤ ਦੇਸ਼ਾਂ ਨਾਲ ਸਬੰਧਤ ਸ਼ਰਨਾਰਥੀ ਭਾਰਤੀ ਨਾਗਰਿਕਤਾ ਲਈ ਅਰਜ਼ੀਆਂ ਦਾਖਲ ਕਰਨ ਦੇ ਯੋਗ ਹਨ।" ਨੋਟੀਫਿਕੇਸ਼ਨ ਅਨੁਸਾਰ ਨਾਗਰਿਕ ਨੇਮ 2009 ਦੇ ਨਿਯਮਾਂ ਅਨੁਸਾਰ ਭਾਰਤ ਦੇ ਨਾਗਰਿਕ ਵਜੋਂ ਰਜਿਸਟਰੇਸ਼ਨ ਕਰਵਾਉਣ ਜਾਂ ਕੁਦਰਤੀ ਤੌਰ 'ਤੇ ਭਾਰਤ ਦਾ ਨਾਗਰਿਕ ਬਣਨ ਸਬੰਧੀ ਪ੍ਰਮਾਣ ਪੱਤਰ ਹਾਸਲ ਕਰਨ ਲਈ ਬਿਨੈਕਾਰ ਨੂੰ ਅਰਜ਼ੀ ਆਨਲਾਈਨ ਦਾਖਲ ਕਰਨੀ ਹੋਵੇਗੀ।

ਨੋਟੀਫਿਕੇਸ਼ਨ ਮੁਤਾਬਕ ਕੁਲੈਕਟਰ ਜਾਂ ਸਕੱਤਰ ਦਾਖਲ ਕੀਤੀਆਂ ਗਈਆਂ ਅਰਜ਼ੀਆਂ ਦੀ ਜਾਂਚ ਕਰਨਗੇ। ਇਸ ਸਬੰਧੀ ਕੇਂਦਰ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ। ਬਿਨੈਕਾਰ ਦੀ ਯੋਗਤਾ ਸਬੰਧੀ ਪੂਰੀ ਤਸੱਲੀ ਕਰਨ ਤੋਂ ਬਾਅਦ ਹੀ ਕੁਲੈਕਟਰ ਜਾਂ ਸਕੱਤਰ ਉਸ ਨੂੰ ਰਜਿਸਟਰੇਸ਼ਨ ਰਾਹੀਂ ਜਾਂ ਕੁਦਰਤੀ ਤੌਰ 'ਤੇ ਭਾਰਤ ਦੀ ਨਾਗਰਿਕਤਾ ਦਾ ਹੱਕਦਾਰ ਹੋਣ ਸਬੰਧੀ ਪ੍ਰਮਾਣ ਪੱਤਰ ਜਾਰੀ ਕਰ ਕੇ ਭਾਰਤ ਦੀ ਨਾਗਰਿਕਤਾ ਦੇਣਗੇ। ਇਹ ਹੁਕਮ ਸਰਕਾਰੀ ਗਜ਼ਟ ਵਿਚ ਛਪਣ ਤੋਂ ਲੈ ਕੇ ਅਗਲੇ ਹੁਕਮਾਂ ਤੱਕ ਜਾਰੀ ਰਹਿਣਗੇ।

## ਇਜ਼ਰਾਇਲੀ ਆਗੂ ਨੇਤਨਯਾਹੂ ਦੀ ਕੁਰਸੀ ਨੂੰ ਖਤਰਾ

**ਯੋਰੂਸ਼ਲਮ:** ਇਜ਼ਰਾਈਲ ਵਿਚ ਸਭ ਤੋਂ ਲੰਬਾ ਸਮਾਂ ਪ੍ਰਧਾਨ ਮੰਤਰੀ ਰਹਿਣ ਵਾਲੇ ਬੈਂਜਾਮਿਨ ਨੇਤਨਯਾਹੂ ਦੀ ਕੁਰਸੀ ਖੁੱਸਣ ਦੇ ਆਸਾਰ ਬਣ ਗਏ ਹਨ ਕਿਉਂਕਿ ਉਨ੍ਹਾਂ ਦੇ ਕਈ ਪੁਰਾਣੇ ਭਾਈਵਾਲਾਂ ਨੇ ਕੌਮੀ-ਏਕਤਾ ਵਾਲੀ ਸਰਕਾਰ ਬਣਾਉਣ ਲਈ ਸਿਆਸੀ ਵਿਰੋਧੀਆਂ ਨਾਲ ਹੱਥ ਮਿਲ ਲਿਆ ਹੈ। ਇਸ ਨਵੀਂ ਸਰਕਾਰ ਨੂੰ ਬਣਾਉਣ ਵਿਚ ਨਾ ਸਿਰਫ ਖੱਬੀ ਧਿਰ, ਮੱਧ ਮਾਰਗੀ ਤੇ ਸੱਜੇ ਪੱਖੀਆਂ ਦੀ ਸ਼ਮੂਲੀਅਤ ਹੋਵੇਗੀ ਬਲਕਿ ਅਰਬ ਪਾਰਟੀ ਦਾ ਸਮਰਥਨ ਵੀ ਪ੍ਰਾਪਤ ਹੋ ਸਕਦਾ ਹੈ।

ਨੇਤਨਯਾਹੂ ਦੇ ਇਕ ਪੁਰਾਣੇ ਭਾਈਵਾਲ ਨੇ ਐਲਾਨ ਕੀਤਾ ਕਿ ਹੋਰ ਚੋਣਾਂ ਦਾ ਪਾਗਲਪਣ ਅਤੇ ਲਗਾਤਾਰ ਚੱਲਦੇ ਸਿਆਸੀ ਘਮਸਾਣ, ਜਿਸ ਨੇ ਇਜ਼ਰਾਈਲ ਨੂੰ ਪਿੱਛੇ ਧੱਕਿਆ ਹੈ, ਨੂੰ ਰੋਕਣ ਲਈ ਉਹ ਕੌਮੀ ਏਕਤਾ ਵਾਲੀ ਸਰਕਾਰ ਬਣਾਉਣਾ ਚਾਹੁੰਦਾ ਹਨ।

ਪਿਛਲੇ ਸਮੇਂ ਵਿਚ ਨੇਤਨਯਾਹੂ ਦੇ ਚੀਫ ਆਫ ਸਟਾਫ ਅਤੇ ਕਈ ਸਾਲਾਂ ਤੱਕ ਰੱਖਿਆ ਸਮੇਤ ਕਈ ਮੰਤਰਾਲਿਆਂ ਦੇ ਮੰਤਰੀ ਰਹੇ ਯਾਮਿਨਾ ਪਾਰਟੀ ਦੇ ਆਗੂ ਨਫਤਾਲੀ ਬੈਨੇਟ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਗੱਠਜੋੜ ਸਬੰਧੀ ਸਮਝੌਤਾ ਕਰਨ ਲਈ ਵਿਰੋਧੀ ਧਿਰ ਦੇ ਆਗੂ ਯੇਅਰ ਲਾਪਿਦ ਨਾਲ ਗੱਲਬਾਤ ਕਰ ਰਹੇ ਹਨ।

# Matrimonials

## ਲੜਕੇ ਦੀ ਲੋੜ ਹੈ

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

Jatt Sikh smart girl 27 yrs old, 5'-6", MS Computer Science from US, Software Engineer at top company on H1B visa, Brother US citizen, Educated green card family, Vegetarian, Looking for suitable good looking educated cultured match residing in USA, Contact with bio-data and photos: jsp558792@gmail.com; Ph. 608-770-9437 14-17

## ਲੜਕੀ ਦੀ ਲੋੜ ਹੈ

Looking for a suitable girl for Sikh Professional Engineer, 27 Years, 5'-9", BS & MS (USA) working in Top MNC in Silicon Valley, San Jose (CA). Boy is clean shaven/Ramgarhia. NO CASTE BAR. Contact, Ph: 408-398-4644; Email: jrksnn@gmail.com 20-23

Wanted Suitable girl for US Citizen Khatri Gursikh boy, 36 years, height 5'-10', BS & MS (USA), working as a Pharmaceutical Engineer in Chicago area. Serious inquiries only. Contact, Ph: 630-290-1375 or neenakr2016@gmail.com 14-18

Looking for a suitable match for a MS Computer Science professional working in MNC in California, 27 years, 5'-8" Clean Shaven handsome Kamboj Sikh boy from a well established business family. Contact, Ph: +1-858-205-9624

*To Advertise with Punjab Times Call: 847-359-0746*

*Visit us on the web:* ***www.punjabtimesusa.com***


LAW OFFICES OF
VIVEK MALIK
Follow us on :



ACCOMPLISHED
IMMIGRATION Attorneys
help FAMILIES
REUNITE in the
UNITED STATES

Our Global & Nationwide Services
in the field of
U.S. Immigration & Nationality Law

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney
Toll Free No.
866-424-4000

OUR OFFICES
• 432 S Emerson Ave, Suite 220, Greenwood, IN 46143
Phone: 317.560.4777
• 1067 N Mason Rd., Suite 4, St Louis, Missouri 63141
Phone: 314.416.8000
• 2440 W Shaw Ave., Suite 205, Fresno, California 93711
Phone: 559.578.4344
www.usa-immigrationlaw.com

Languages SPOKEN Punjabi | Hindi | Urdu | Spanish & English



ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ: ਫੋਨ: 651-353-9584

18-21



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568

Email: Homeomedicine@yahoo.com

# ਸੋਸ਼ਲ ਮੀਡੀਆ ਪਲੇਟਫਾਰਮਾਂ ਦੀ 'ਘੇਰਾਬੰਦੀ' ਦਾ ਮਾਮਲਾ ਭਖਿਆ

## ਸਰਕਾਰੀ ਹੁਕਮਾਂ ਖਿਲਾਫ ਡਟੇ ਵ੍ਹੱਟਸਐਪ ਤੇ ਟਵਿੱਟਰ



**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਨਿਗਰਾਨੀ ਲਈ ਬਣਾਏ ਨਿਯਮਾਂ ਅਤੇ ਸਰਕਾਰ ਦੇ ਵਤੀਰੇ ਨੂੰ ਲੈ ਕੇ ਸੂਚਨਾ ਟੈਕਨਾਲੋਜੀ ਨਾਲ ਜੁੜੀਆਂ ਵੱਡੀਆਂ ਕੰਪਨੀਆਂ ਅਤੇ ਸਰਕਾਰ ਦਰਮਿਆਨ ਤਣਾਅ ਵਧ ਰਿਹਾ ਹੈ। ਵ੍ਹੱਟਸਐਪ ਨੇ ਮੈਸੇਜ ਦੇ ਸ੍ਰੋਤ ਦੱਸਣ ਦੀ ਸ਼ਰਤ ਵਾਲੇ ਨਿਯਮ ਖਿਲਾਫ ਦਿੱਲੀ ਹਾਈਕੋਰਟ 'ਚ ਪਟੀਸ਼ਨ ਕੀਤੀ ਹੈ। ਉਸ ਨੇ ਕਿਹਾ ਹੈ ਕਿ ਇਹ ਨਿਯਮ ਦੇਸ਼ ਦੇ ਸੰਵਿਧਾਨ ਮੁਤਾਬਕ ਨਾਗਰਿਕਾਂ ਨੂੰ ਦਿੱਤੇ ਗਏ ਨਿੱਜਤਾ ਦੇ ਅਧਿਕਾਰ ਦੇ ਖਿਲਾਫ ਹੈ। ਹੁਣ ਟਵਿੱਟਰ ਨੇ ਭਾਜਪਾ ਆਗੂਆਂ ਦੇ ਟਵੀਟਾਂ ਨੂੰ 'ਤੋੜ ਮਰੋੜ ਕੇ ਬਣਾਈਆਂ ਗਈਆਂ (ਮੈਨੀਪੂਲੇਟਿਡ) ਖਬਰਾਂ' ਕਹਿਣ ਦੇ ਜਵਾਬ 'ਚ ਦਿੱਲੀ ਪੁਲਿਸ ਵੱਲੋਂ ਉਨ੍ਹਾਂ ਦੇ ਦਫਤਰਾਂ ਉੱਤੇ ਮਾਰੇ ਛਾਪਿਆਂ ਨੂੰ ਡਰਾਉਣ-ਧਮਕਾਉਣ ਵਾਲੀ ਰਣਨੀਤੀ ਕਰਾਰ ਦਿੱਤਾ ਹੈ। ਸਰਕਾਰ ਨੇ ਟਵਿੱਟਰ 'ਤੇ ਭਾਰਤ ਨੂੰ ਬਦਨਾਮ ਕਰਨ ਦਾ ਦੋਸ਼ ਲਗਾਉਂਦਿਆਂ, ਭਰੋਸਾ ਦਿਵਾਇਆ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਦੇ ਮੁਲਾਜ਼ਮ ਪੂਰੀ ਤਰ੍ਹਾਂ ਸੁਰੱਖਿਅਤ ਹਨ।

ਕੇਂਦਰ ਸਰਕਾਰ ਵੱਲੋਂ ਸੋਸ਼ਲ ਮੀਡੀਆ ਨੂੰ ਨਿਗਰਾਨੀ ਹੇਠ ਲਿਆਉਣ ਲਈ ਫਰਵਰੀ 2021 'ਚ ਜਾਰੀ ਅਤੇ 25 ਮਈ ਤੋਂ ਲਾਗੂ ਹੋਣ ਵਾਲੇ ਨਿਯਮਾਂ 'ਚ ਆਮ ਨਾਗਰਿਕਾਂ ਦੇ ਬੁਨਿਆਦੀ ਹੱਕਾਂ 'ਚ ਕਟੌਤੀ ਦੇ ਖਦਸ਼ੇ ਸ਼ੁਰੂ ਤੋਂ ਹੀ ਦਰਸਾਏ ਜਾ ਰਹੇ ਹਨ। ਵ੍ਹੱਟਸਐਪ ਚਲਾ ਰਹੀ ਕੰਪਨੀ ਨੇ ਦਿੱਲੀ ਹਾਈਕੋਰਟ 'ਚ ਪਟੀਸ਼ਨ ਪਾ ਕੇ ਕਈ ਸੰਵਿਧਾਨਕ ਅਤੇ ਕਾਨੂੰਨੀ ਨੁਕਤੇ ਉਠਾਏ ਹਨ। ਪਟੀਸ਼ਨ ਵਿਚ 2017 ਦੀ ਸੁਪਰੀਮ ਕੋਰਟ ਦੀ ਜਸਟਿਸ ਕੇ.ਐਸ. ਪੁੱਟਾਸਵਾਮੀ ਬਨਾਮ ਯੂਨੀਅਨ ਆਫ ਇੰਡੀਆ ਦੀ ਨਿੱਜਤਾ ਬਾਰੇ ਜੱਜਮੈਂਟ ਦੇ ਹਵਾਲੇ ਨਾਲ ਨਿਯਮਾਂ ਨੂੰ ਗੈਰ-ਸੰਵਿਧਾਨਕ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਲਈ ਖਤਰਨਾਕ ਦੱਸਦਿਆਂ ਨਿਯਮਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਇਨਫਰਮੇਸ਼ਨ ਟੈਕਨਾਲੋਜੀ (ਇੰਟਰਮੀਡੀਅਰੀ ਗਾਈਡਲਾਈਨਜ਼ ਐਂਡ ਡਿਜੀਟਲ ਮੀਡੀਆ ਐਥਿਕਸ (ਕੋਡ) ਬਾਰੇ ਨਿਯਮ-4 (2) ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਵ੍ਹੱਟਸਐਪ ਸੰਚਾਲਕਾਂ ਲਈ ਕਿਸੇ ਵੀ ਮੈਸੇਜ ਦੇ ਸ਼ੁਰੂਆਤੀ ਸ੍ਰੋਤ ਦਾ ਰਿਕਾਰਡ ਰੱਖਣ ਦਾ ਫੈਸਲਾ ਨਿੱਜਤਾ ਦੇ ਅਧਿਕਾਰਾਂ ਦੀ ਉਲੰਘਣਾ ਹੈ।

ਨਵੇਂ ਨਿਯਮਾਂ ਨੂੰ ਸਮਾਜਿਕ ਕਾਰਕੁਨਾਂ, ਪੱਤਰਕਾਰਾਂ ਅਤੇ ਜਾਂਚ ਰਿਪੋਰਟਾਂ ਤਿਆਰ ਕਰਨ ਵਾਲਿਆਂ 'ਤੇ ਹਮਲੇ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਨਿਯਮਾਂ ਮੁਤਾਬਕ ਹਰ ਇਕ ਮੈਸੇਜ ਦੇ ਸ੍ਰੋਤ ਅਤੇ ਪ੍ਰਾਪਤ ਕਰਤਾ ਬਾਰੇ ਜਾਨਣ ਦੀ ਲੋੜ ਨਹੀਂ ਹੋਵੇਗੀ ਬਲਕਿ ਦੇਸ਼ ਦੀ ਸੁਰੱਖਿਆ ਦੇ ਮਾਮਲੇ ਵਿਚ ਹੀ ਜਾਣਕਾਰੀ ਹਾਸਲ ਕੀਤੀ ਜਾਵੇਗੀ। ਵ੍ਹੱਟਸਐਪ ਇਸ ਨੀਤੀ ਉਤੇ ਚੱਲਦਾ ਹੈ ਕਿ ਮੈਸੇਜ ਭੇਜਣ ਵਾਲਾ ਅਤੇ ਪ੍ਰਾਪਤ ਕਰਨ ਵਾਲਾ ਹੀ ਮੈਸੇਜ ਨੂੰ ਦੇਖ ਸਕਦੇ ਹਨ; ਰਾਹ ਵਿਚ ਕਈ ਉਸ ਨੂੰ ਕੋਈ ਨਹੀਂ ਪੜ੍ਹ ਸਕਦਾ। ਨਾਗਰਿਕ ਬਹੁਤ ਸਾਰੇ ਮਾਮਲਿਆਂ ਵਿਚ ਜਾਣਕਾਰੀ (ਜਿਵੇਂ ਪੱਤਰਕਾਰੀ ਦੇ ਮਾਮਲੇ ਵਿਚ ਸੂਚਨਾ ਦੇ ਸ੍ਰੋਤ ਦੀ ਪਛਾਣ, ਸਮਾਜਿਕ ਕਾਰਕੁਨਾਂ ਦੀਆਂ ਆਪਸੀ ਚਰਚਾਵਾਂ ਆਦਿ) ਸਰਕਾਰ ਤੋਂ ਗੁਪਤ ਰੱਖਣਾ ਚਾਹੁੰਦੇ ਹਨ। ਵ੍ਹੱਟਸਐਪ ਦਾ ਕਹਿਣਾ ਹੈ ਕਿ ਭੇਤ ਖੁੱਲ੍ਹ ਜਾਣ ਦਾ ਡਰ ਅਜਿਹੀਆਂ ਆਜ਼ਾਦੀਆਂ ਨੂੰ ਕਮਜ਼ੋਰ ਕਰੇਗਾ।

ਬੀਤੇ ਵਰ੍ਹਿਆਂ ਵਿਚ ਕੇਂਦਰ ਸਰਕਾਰ ਨੇ ਕੌਮੀ ਜਾਂਚ ਏਜੰਸੀ (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ-ਐਨ.ਆਈ.ਏ.) ਨਾਲ ਸਬੰਧਤ ਕਾਨੂੰਨ ਅਤੇ ਗੈਰਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਨਾਗਰਿਕਾਂ ਦੇ ਅਧਿਕਾਰਾਂ 'ਤੇ ਵੱਡੀ ਸੱਟ ਮੰਨਿਆ ਜਾਂਦਾ ਹੈ। ਇਹ ਕਾਨੂੰਨ ਵਰਤ ਕੇ ਪੁਲਿਸ ਕਿਸੇ ਵੀ ਵਿਅਕਤੀ 'ਤੇ ਗੈਰਕਾਨੂੰਨੀ ਜਥੇਬੰਦੀ ਦਾ ਮੈਂਬਰ ਹੋਣ ਦਾ ਇਲਜ਼ਾਮ ਲਗਾ ਸਕਦੀ ਹੈ ਅਤੇ ਉਸ ਦੇ ਟੈਲੀਫੋਨ 'ਤੇ ਨਿਗਰਾਨੀ ਰੱਖੀ ਜਾ ਸਕਦੀ ਹੈ। ਹੁਣ ਤਕ ਵ੍ਹੱਟਸਐਪ ਆਪਣੇ ਵਰਤਣ ਵਾਲਿਆਂ ਬਾਰੇ ਕੋਈ ਜਾਣਕਾਰੀ ਸਰਕਾਰ ਨੂੰ ਨਹੀਂ ਦਿੰਦਾ ਰਿਹਾ। ਇਸ ਕੇਸ ਵਿਚ ਵੱਡਾ ਸੰਵਿਧਾਨਕ ਨੁਕਤਾ ਇਹ ਹੈ ਕਿ ਰਿਆਸਤ/ਸਟੇਟ ਨਾਗਰਿਕਾਂ ਦੇ ਨਿੱਜਤਾ ਦੇ ਅਧਿਕਾਰ ਨੂੰ ਪ੍ਰਾਥਮਿਕਤਾ ਦਿੰਦੀ ਹੈ ਜਾਂ ਕੌਮੀ ਸੁਰੱਖਿਆ ਦੇ ਨਾਂ ਹੇਠ ਅਜਿਹੇ ਅਧਿਕਾਰਾਂ ਨੂੰ ਹੋਰ ਸੱਟ ਵੱਜੇਗੀ।

ਦੱਸ ਦਈਏ ਕਿ ਲੰਮੇ ਸਮੇਂ ਤੋਂ ਭਾਜਪਾ ਦੇ ਆਈ.ਟੀ. ਸੈੱਲ ਵੱਲੋਂ ਚਲਾਈਆਂ ਜਾ ਰਹੀਆਂ ਮੁਹਿੰਮਾਂ ਅਤੇ ਸਰਕਾਰ ਦੀ ਵੱਖ-ਵੱਖ ਸੋਸ਼ਲ ਪਲੇਟਫਾਰਮਾਂ 'ਤੇ ਹੋ ਰਹੀ ਆਲੋਚਨਾ ਕਾਰਨ ਸੋਸ਼ਲ ਮੀਡੀਆ ਚਲਾਉਣ ਵਾਲੀਆਂ ਕੰਪਨੀਆਂ ਦਬਾਅ ਵਿਚ ਆਈਆਂ ਹਨ। ਵਿਚਾਰ ਪ੍ਰਗਟਾਵੇ ਦੇ ਬੁਨਿਆਦੀ ਅਧਿਕਾਰ ਦੀ ਦਲੀਲ ਦਿੰਦਿਆਂ ਕੰਪਨੀਆਂ ਆਪਣੇ ਖਪਤਕਾਰਾਂ ਦੀ ਨਿੱਜਤਾ ਦੀ ਸੁਰੱਖਿਆ ਦੀ ਗੱਲ ਕਰਦੀਆਂ ਹਨ ਅਤੇ ਕੇਂਦਰ ਸਰਕਾਰ ਨਵੇਂ ਨਿਯਮਾਂ ਰਾਹੀਂ ਦੇਸ਼ ਦੀ ਸੁਰੱਖਿਆ ਦੀ ਦਲੀਲ ਦੇ ਰਹੀ ਹੈ।

## ਕਾਨੂੰਨਾਂ ਦੀ ਪਾਲਣਾ ਲਈ ਗੂਗਲ ਵਚਨਬੱਧ: ਪਿਚਾਈ

**ਨਵੀਂ ਦਿੱਲੀ:** ਭਾਰਤ ਵਿਚ ਸੋਸ਼ਲ ਮੀਡੀਆ ਪਲੈਟਫਾਰਮਾਂ ਲਈ 26 ਮਈ ਤੋਂ ਅਮਲ ਵਿਚ ਆਏ ਨਵੇਂ ਨਿਯਮਾਂ ਨੂੰ ਲੈ ਕੇ ਚੱਲ ਰਹੀ ਬਹਿਸ ਦਰਮਿਆਨ ਸਰਚ ਇੰਜਨ 'ਗੂਗਲ' ਦੇ ਭਾਰਤੀ ਮੂਲ ਦੇ ਸੀ.ਈ.ਓ. ਸੁੰਦਰ ਪਿਚਾਈ ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਸਥਾਨਕ (ਭਾਰਤੀ) ਕਾਨੂੰਨਾਂ ਦੀ ਪਾਲਣਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਤੇਜੀ ਨਾਲ ਵਿਕਸਤ ਹੋ ਰਹੀ ਤਕਨਾਲੋਜੀ ਦੀ ਰਫਤਾਰ ਨਾਲ ਤੁਰਨ ਲਈ ਸਬੰਧਤ ਰੈਗੂਲੇਟਰੀ ਢਾਂਚੇ ਨੂੰ ਅਪਣਾਇਆ ਗਿਆ ਹੈ ਤੇ ਸਬੰਧਤ ਸਰਕਾਰਾਂ ਨਾਲ ਉਸਾਰੂ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ।

## ਦੁਰਵਰਤੋਂ ਰੋਕਣ ਲਈ ਹਨ ਨਵੇਂ ਨੇਮ: ਸਰਕਾਰ

**ਨਵੀਂ ਦਿੱਲੀ:** ਸੂਚਨਾ ਤਕਨਾਲੋਜੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਵਟਸਐਪ ਵਰਤੋਂਕਾਰਾਂ ਨੂੰ ਸੋਸ਼ਲ ਮੀਡੀਆ ਦੇ ਨਵੇਂ ਨੇਮਾਂ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਹ ਦੁਰਵਰਤੋਂ ਰੋਕਣ ਲਈ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਨਵੇਂ ਨੇਮ ਸ਼ਿਕਾਇਤਾਂ ਨਾਲ ਨਜਿੱਠਣ ਲਈ ਜ਼ੋਰਦਾਰ ਮੰਚ ਪ੍ਰਦਾਨ ਕਰਨਗੇ। ਸ੍ਰੀ ਪ੍ਰਸਾਦ ਨੇ ਕਿਹਾ ਕਿ ਸਰਕਾਰ ਸਵਾਲ ਪੁੱਛਣ ਦੇ ਹੱਕ ਸਮੇਤ ਆਲੋਚਨਾ ਦਾ ਸਵਾਗਤ ਵੀ ਕਰਦੀ ਹੈ। ਸੋਸ਼ਲ ਸਾਈਟ ਕੂ ਅਤੇ ਟਵਿੱਟਰ 'ਤੇ ਸ੍ਰੀ ਪ੍ਰਸਾਦ ਨੇ ਕਿਹਾ,"ਨਿਯਮ ਸੋਸ਼ਲ ਮੀਡੀਆ ਦੇ ਸਾਧਾਰਣ ਵਰਤੋਂਕਾਰਾਂ ਨੂੰ ਮਜ਼ਬੂਤ ਬਣਾਉਂਦੇ ਹਨ ਜਦੋਂ ਉਹ ਦੁਰਵਿਹਾਰ ਅਤੇ ਦੁਰਵਰਤੋਂ ਦੇ ਪੀੜਤ ਬਣਦੇ ਹਨ।" ਉਨ੍ਹਾਂ ਕਿਹਾ ਕਿ ਸਰਕਾਰ ਨਿੱਜਤਾ ਦੇ ਹੱਕ ਦਾ ਸਨਮਾਨ ਕਰਦਿਆਂ ਉਸ ਨੂੰ ਪੂਰੀ ਤਰ੍ਹਾਂ ਨਾਲ ਮਾਨਤਾ ਦਿੰਦੀ ਹੈ।

## ਚੀਨ ਵੱਲੋਂ ਤਿੰਨ ਬੱਚੇ ਪੈਦਾ ਕਰਨ ਦੀ ਛੋਟ ਦੇਣ ਦਾ ਐਲਾਨ

**ਪੇਈਚਿੰਗ:** ਚੀਨ ਵਿਚ ਕਾਬਜ਼ ਧਿਰ ਕਮਿਊਨਿਸਟ ਪਾਰਟੀ ਨੇ ਸਿਰਫ ਦੋ ਹੀ ਬੱਚੇ ਪੈਦਾ ਕਰਨ ਵਾਲੀ ਸਖਤ ਨੀਤੀ ਵਿਚ ਛੋਟ ਦੇਣ ਦਾ ਐਲਾਨ ਕੀਤਾ ਹੈ। ਇਸ ਛੋਟ ਤਹਿਤ ਹੁਣ ਵਿਆਹੇ ਜੋੜੇ ਤਿੰਨ ਬੱਚੇ ਪੈਦਾ ਕਰ ਸਕਣਗੇ।

ਹਾਲ ਹੀ ਵਿਚ ਸਾਹਮਣੇ ਆਏ ਅੰਕੜਿਆਂ ਵਿਚ ਦੁਨੀਆਂ ਦੇ ਸਭ ਤੋਂ ਵੱਧ ਆਬਾਦੀ ਵਾਲੇ ਇਸ ਦੇਸ਼ ਵਿਚ ਜਨਮ ਦਰ ਘਟਣ ਦੀ ਗੱਲ ਸਾਹਮਣੇ ਆਈ ਜਿਸ ਤੋਂ ਬਾਅਦ ਇਹ ਵੱਡਾ ਨੀਤੀਗਤ ਬਦਲਾਅ ਕੀਤਾ ਗਿਆ ਹੈ। ਸਾਲ 2016 ਵਿਚ ਦਹਾਕੇ ਪੁਰਾਣੀ ਇਕ ਬੱਚੇ ਵਾਲੀ ਨੀਤੀ ਨੂੰ ਰੱਦ ਕਰ ਕੇ ਚੀਨ ਨੇ ਸਾਰੇ ਜੋੜਿਆਂ ਨੂੰ ਦੋ ਬੱਚੇ ਪੈਦਾ ਕਰਨ ਦੀ ਇਜਾਜ਼ਤ ਦਿੱਤੀ ਸੀ। ਚੀਨੀ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਕ ਬੱਚੇ ਵਾਲੀ ਨੀਤੀ ਤਿੰਨ ਦਹਾਕਿਆਂ ਲਈ ਲਾਗੂ ਹੋਈ ਸੀ, ਜਿਸ ਨਾਲ ਕਰੀਬ 40 ਕਰੋੜ ਦੀ ਆਬਾਦੀ ਨੂੰ ਨੱਥ ਪਾਈ ਜਾ ਸਕੀ।

ਦਹਾਕੇ ਵਿਚ ਇਕ ਵਾਰ ਹੋਣ ਵਾਲੀ ਮਰਦਮਸ਼ੁਮਾਰੀ ਦੀ ਰਿਪੋਰਟ ਇਸੇ ਮਹੀਨੇ ਸਾਹਮਣੇ ਆਈ ਜਿਸ ਵਿਚ ਇਹ ਗੱਲ ਦੇਖਣ ਨੂੰ ਮਿਲੀ ਕਿ ਚੀਨ ਦੀ ਆਬਾਦੀ 1.41 ਅਰਬ ਤੱਕ ਸਭ ਤੋਂ ਘੱਟ ਰਫਤਾਰ ਨਾਲ ਵਧੀ ਜਦੋਂਕਿ ਅਧਿਕਾਰੀਆਂ ਦਾ ਅਨੁਮਾਨ ਸੀ ਕਿ ਇਹ ਨਿਘਾਰ ਅਗਲੇ ਸਾਲ ਦੇ ਸ਼ੁਰੂ ਵਿਚ ਨਜ਼ਰ ਆਵੇਗਾ। ਉਪਰੰਤ ਮਗਰੋਂ ਇਹ ਤੀਜਾ ਬੱਚਾ ਪੈਦਾ ਕਰਨ ਦੀ ਮਨਜ਼ੂਰੀ ਦੇਣ ਦਾ ਫੈਸਲਾ ਲਿਆ ਗਿਆ।


ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961

18-21

ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

Restaurant Help


Immediately hiring Kitchen Helper & Dishwasher for Indian restaurant in Indiana. Good Salary and free accommodation.

ਸੰਪਰਕ ਕਰੋ: ਟੋਨੀ

ਫੋਨ: 317-340-1470

17-20






For Homeland

A novel by Lalita Gandbhir

*The epic saga of a Sikh family whose lives are violently disrupted and their loyalties divided by the partition of British India in the 1940s, and again by the Sikh community's struggle for a separate nation of Khalistan.*




Winner of the Maharashtra Government Award for fiction

Available at Amazon.com

PAPERBACK: $9.99

KINDLE: $2.99

*For more information visit:*

ForHomelandTheNovel.com

# ਕਰੋਨਾ ਕਾਰਨ ਅਨਾਥ ਹੋਏ ਬੱਚਿਆਂ ਲਈ ਭਲਾਈ ਯੋਜਨਾ

**ਨਵੀਂ ਦਿੱਲੀ:** ਆਪਣੀ ਸਰਕਾਰ ਦੇ ਦੂਜੇ ਕਾਰਜਕਾਲ ਦੀ ਦੂਜੀ ਵਰ੍ਹੇਗੰਢ ਦੀ ਪੂਰਬਲੀ ਸ਼ਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੋਵਿਡ-19 ਕਾਰਨ ਅਨਾਥ ਹੋਏ ਬੱਚਿਆਂ ਲਈ ਭਲਾਈ ਯੋਜਨਾਵਾਂ ਦਾ ਐਲਾਨ ਕੀਤਾ। ਇਨ੍ਹਾਂ 'ਚ ਅਜਿਹੇ ਬੱਚਿਆਂ ਦੇ 23 ਸਾਲ ਪੂਰੇ ਹੋਣ 'ਤੇ ਉਨ੍ਹਾਂ ਨੂੰ 10 ਲੱਖ ਰੁਪਏ ਦਿੱਤੇ ਜਾਣ ਤੇ ਉਨ੍ਹਾਂ ਦੀ ਪੜ੍ਹਾਈ ਸਬੰਧੀ ਤਜਵੀਜ਼ਾਂ ਸ਼ਾਮਲ ਹਨ।



ਅਜਿਹੇ ਬੱਚਿਆਂ ਦੇ ਸਹਿਯੋਗ ਲਈ ਵਿਚਾਰ ਚਰਚਾ ਲਈ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ, ''ਪੀਐਮ ਕੇਅਰਜ ਫਾਰ ਚਿਲਡਰਨ' ਯੋਜਨਾ ਤਹਿਤ ਉਨ੍ਹਾਂ ਨੂੰ ਸਹਿਯੋਗ ਕੀਤਾ ਜਾਵੇਗਾ।' ਪ੍ਰਧਾਨ ਮੰਤਰੀ ਦਫਤਰ ਨੇ ਇਕ ਬਿਆਨ 'ਚ ਕਿਹਾ ਕਿ ਅਜਿਹੇ ਬੱਚਿਆ ਦੇ ਨਾਂ 'ਤੇ ਐੱਫਡੀ ਯੋਜਨਾ ਸ਼ੁਰੂ ਕੀਤੀ ਜਾਵੇਗੀ ਅਤੇ ਪੀਐੱਮ ਕੇਅਰਜ ਫੰਡ ਰਾਹੀਂ ਇਕ ਯੋਜਨਾ ਤਹਿਤ ਇਸ 'ਚ ਯੋਗਦਾਨ ਦਿੱਤਾ ਜਾਵੇਗਾ ਤਾਂ ਜੋ 23 ਸਾਲ ਦੀ ਉਮਰ ਪੂਰੀ ਕਰਨ 'ਤੇ ਹਰ ਕਿਸੇ ਲਈ 10 ਲੱਖ ਰੁਪਏ ਦਾ ਫੰਡ ਬਣਾਇਆ ਜਾ ਸਕੇ।

ਇਸ ਫੰਡ ਦੀ ਵਰਤੋਂ 18 ਸਾਲ ਤੋਂ ਅਗਲੇ ਪੰਜ ਸਾਲਾਂ ਤੱਕ ਉਨ੍ਹਾਂ ਨੂੰ ਮਹੀਨਾਵਾਰ ਵਿੱਤੀ ਸਹਿਯੋਗ ਲਈ ਕੀਤੀ ਜਾਵੇਗੀ ਤਾਂ ਜੋ ਉੱਚ ਸਿੱਖਿਆ ਦੇ ਸਾਲਾਂ 'ਚ ਉਹ ਆਪਣੀਆਂ ਨਿੱਜੀ ਜਰੂਰਤਾਂ ਪੂਰੀਆਂ ਕਰ ਸਕਣ। ਬਿਆਨ ਅਨੁਸਾਰ ਪ੍ਰਧਾਨ ਮੰਤਰੀ ਨੇ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਦੀ ਮਦਦ ਤੇ ਸੰਭਾਲ ਲਈ ਸਰਕਾਰ ਹਰ ਸੰਭਵ ਕੋਸ਼ਿਸ਼ ਕਰੇਗੀ ਤਾਂ ਜੋ ਉਹ ਮਜ਼ਬੂਤ ਨਾਗਰਿਕ ਬਣ ਸਕਣ ਅਤੇ ਉਨ੍ਹਾਂ ਦਾ ਭਵਿੱਖ ਰੌਸ਼ਨ ਹੋਵੇ।

ਇਸੇ ਦੌਰਾਨ ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਰੋਨਾ ਕਾਰਨ ਜਿਨ੍ਹਾਂ ਪਰਿਵਾਰਾਂ ਦੇ ਕਮਾਊ ਜੀਆਂ ਦੀ ਮੌਤ ਹੋਈ ਹੈ, ਉਨ੍ਹਾਂ ਦੇ ਪੀੜਤ ਪਰਿਵਾਰਾਂ ਨੂੰ ਪੈਨਸ਼ਨ ਦਿੱਤੀ ਜਾਵੇਗੀ। ਪੈਨਸ਼ਨ ਤੋਂ ਇਲਾਵਾ ਇਨ੍ਹਾਂ ਪਰਿਵਾਰਾਂ ਨੂੰ ਬੀਮਾ ਯੋਜਨਾ ਦਾ ਲਾਭ ਵੀ ਦਿੱਤਾ ਜਾਵੇਗਾ।

# ਸਿੱਖਿਆ ਸ਼ਾਸਤਰੀ ਆਨੰਦਕ੍ਰਿਸ਼ਨਨ ਦਾ ਦੇਹਾਂਤ

**ਚੇਨੱਈ:** ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਪਦਮਸ੍ਰੀ ਐਵਾਰਡੀ ਐੱਮ. ਆਨੰਦਕ੍ਰਿਸ਼ਨਨ ਦਾ ਦੇਹਾਂਤ ਹੋ ਗਿਆ। ਉਹ ਲਗਭਗ 90 ਸਾਲਾਂ ਦੇ ਸਨ ਅਤੇ ਕਰੋਨਾ ਲਾਗ ਤੋਂ ਪੀੜਤ ਹੋਣ ਕਾਰਨ ਜੇਰੇ ਇਲਾਜ ਸਨ।

ਆਨੰਦਕ੍ਰਿਸ਼ਨਨ ਆਈ.ਆਈ.ਟੀ. ਕਾਨਪੁਰ ਦੇ ਬੋਰਡ ਆਫ ਗਵਰਨਰਜ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਨੇ ਸੰਯੁਕਤ ਰਾਸ਼ਟਰ ਵਿਚ ਵੀ ਕਈ ਅਹੁਦਿਆਂ 'ਤੇ ਸੇਵਾਵਾਂ ਦਿੱਤੀਆਂ, ਜਿਨ੍ਹਾਂ ਵਿਚ ਸਾਇੰਸ ਐਂਡ ਟੈਕਨਾਲੋਜੀ ਫਾਰ ਡਿਵੈੱਲਪਮੈਂਟ ਦੇ ਡਿਪਟੀ ਡਾਇਰੈਕਟਰ ਦਾ ਅਹੁਦਾ ਵੀ ਸ਼ਾਮਲ ਹੈ। ਤਾਮਿਲਨਾਡੂ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਆਨੰਦਕ੍ਰਿਸ਼ਨਨ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਕੁੱਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਵਿਸਕਾਨਸਿਨ ਵਿਚ 'ਮਹਾਰਾਜਾ ਰੈਸਟੋਰੈਂਟ' ਲਈ ਕੁਕ, ਤੰਦੂਰੀਏ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਰਿਹਾਇਸ਼ ਅਤੇ ਖਾਣਾ ਫਰੀ

ਸੰਪਰਕ ਕਰੋ: ਬਲਬੀਰ ਸਿੰਘ

ਫੋਨ: 414-581-3784

22-24

# ਕੌਂਸਲ ਦੇ ਮਤੇ 'ਤੇ ਵੋਟਿੰਗ ਦੌਰਾਨ ਭਾਰਤ ਗੈਰਹਾਜ਼ਰ

**ਨਵੀਂ ਦਿੱਲੀ:** ਗਾਜਾ ਪੱਟੀ ਵਿਚ ਇਜਰਾਈਲ ਅਤੇ ਹਮਾਸ ਦਰਮਿਆਨ 11 ਦਿਨ ਤੱਕ ਚੱਲੀ ਲੜਾਈ ਦੌਰਾਨ ਕਥਿਤ ਉਲੰਘਣਾ ਅਤੇ ਅਪਰਾਧਾਂ ਦੀ ਜਾਂਚ ਕਰਵਾਉਣ ਦੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੇ ਮਤੇ 'ਤੇ ਵੋਟਿੰਗ ਪਾਉਣ ਸਮੇਂ ਭਾਰਤ ਸਣੇ 14 ਦੇਸ਼ ਗੈਰਹਾਜ਼ਰ ਰਹੇ।

## ਗਾਜ਼ਾ ਹਮਲਾ

ਸੰਯੁਕਤ ਰਾਸ਼ਟਰ ਦੀ ਸੰਸਥਾ ਦੇ ਜਨੇਵਾ ਸਥਿਤ ਮੁੱਖ ਦਫਤਰ ਵਿੱਚ ਵੀਰਵਾਰ ਨੂੰ ਬੁਲਾਏ ਗਏ ਇਕ ਰੋਜ਼ਾ ਵਿਸ਼ੇਸ਼ ਸੈਸ਼ਨ ਦੀ ਸਮਾਪਤੀ ਮੌਕੇ ਇਹ ਮਤਾ ਪਾਸ ਕਰ ਦਿੱਤਾ ਗਿਆ ਹੈ ਕਿਉਂਕਿ 24 ਮੈਂਬਰ ਦੇਸ਼ਾਂ ਨੇ ਇਸ ਦੇ ਹੱਕ ਵਿਚ ਵੋਟ ਪਾਈ, ਜਦੋਂਕਿ ਨੌਂ ਨੇ ਇਸ ਦਾ ਵਿਰੋਧ ਕੀਤਾ। ਅਧਿਕਾਰਿਤ ਵੇਰਵਿਆਂ ਮੁਤਾਬਕ, ਭਾਰਤ ਨੇ ਸਮੂਹ ਦੇ 13 ਹੋਰ ਦੇਸ਼ਾਂ ਨਾਲ ਮਤੇ ਦੇ ਹੱਕ ਵਿਚ ਵੋਟਿੰਗ ਤੋਂ ਖੁਦ ਨੂੰ ਵੱਖ ਰੱਖਿਆ।

ਚੀਨ ਅਤੇ ਰੂਸ ਨੇ ਇਸ ਮਤੇ ਦੇ ਹੱਕ ਵਿਚ ਵੋਟ ਪਾਈ। ਸੰਯੁਕਤ ਰਾਸ਼ਟਰ ਸੰਸਥਾ ਨੇ ਬਿਆਨ ਵਿਚ ਕਿਹਾ, ''ਮਨੁੱਖੀ ਅਧਿਕਾਰ ਕੌਂਸਲ ਨੇ ਪੂਰਬੀ ਯੇਰੋਸ਼ਲਮ ਸਣੇ ਕਬਜ਼ੇ ਹੇਠਲੇ ਫਲਸਤੀਨੀ ਖੇਤਰ ਤੇ ਇਜਰਾਈਲ ਵਿਚ ਕੌਮਾਂਤਰੀ ਮਨੁੱਖੀ ਅਧਿਕਾਰ ਕਾਨੂੰਨ ਅਤੇ ਕੌਮਾਂਤਰੀ ਮਨੁੱਖਤਾਵਾਦੀ ਕਾਨੂੰਨ ਦੀ ਪਾਲਣਾ ਯਕੀਨੀ ਬਣਾਉਣ ਲਈ ਇਕ ਮਤਾ ਪਾਸ ਕੀਤਾ।''

ਕੌਂਸਲ ਦਾ ਵਿਸ਼ੇਸ਼ ਸੈਸ਼ਨ ਪੂਰਬੀ ਯੇਰੋਸ਼ਲਮ ਸਣੇ ਫਲਸਤੀਨੀ ਖੇਤਰ ਵਿਚ 'ਗੰਭੀਰ ਮਨੁੱਖੀ ਅਧਿਕਾਰ ਸਥਿਤੀ' ਉਤੇ ਚਰਚਾ ਕਰਨ ਲਈ ਬੁਲਾਇਆ ਗਿਆ ਸੀ।

ਜਨੇਵਾ ਵਿਚ ਸੰਯੁਕਤ ਰਾਸ਼ਟਰ ਲਈ ਭਾਰਤ ਦੇ ਸਥਾਈ ਪ੍ਰਤੀਨਿਧੀ ਇੰਦਰ ਮਣੀ ਪਾਂਡੇ ਨੇ ਵਿਸ਼ੇਸ਼ ਸੈਸ਼ਨ ਵਿਚ ਕਿਹਾ ਕਿ ਭਾਰਤ ਗਾਜਾ ਵਿਚ ਇਜਰਾਈਲ ਅਤੇ ਹਮਾਸ ਵਿਚਾਲੇ ਗੋਲੀਬੰਦੀ ਵਿਚ ਸਹਿਯੋਗ ਦੇਣ ਵਾਲੇ ਖੇਤਰੀ ਦੇਸ਼ਾਂ ਅਤੇ ਕੌਮਾਂਤਰੀ ਭਾਈਚਾਰੇ ਦੇ ਕੂਟਨੀਤਕ ਯਤਨਾਂ ਦਾ ਸਵਾਗਤ ਕਰਦਾ ਹੈ।

A & I Transport Inc.

A&I WATSONVILLE, CA

123 E Lee Rd Watsonville, CA Ph: 831-763-7805


ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ


ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

**Signing bonus subject to terms and conditions.*

For More Information Call (24 hours) Armando or Vicente, Ph: (831) 763-7805

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰੇਲਯਾਰਡ ਗੋਲੀਬਾਰੀ: ਨਾਇਕ ਵਜੋਂ ਯਾਦ ਕੀਤਾ ਜਾਵੇਗਾ ਤਪਤੇਜਦੀਪ



**ਸੈਨ ਹੋਜ਼ੇ:** ਅਮਰੀਕਾ ਵਿਚ ਗੋਲੀਬਾਰੀ ਦੀ ਘਟਨਾ ਦੌਰਾਨ ਮਾਰੇ ਗਏ ਭਾਰਤੀ-ਅਮਰੀਕੀ ਮੂਲ ਦੇ ਸਿੱਖ ਤਪਤੇਜਦੀਪ ਸਿੰਘ ਨੂੰ ਨਾਇਕ ਵਜੋਂ ਯਾਦ ਕੀਤਾ ਗਿਆ ਜੋ ਆਪਣੀ ਜ਼ਿੰਦਗੀ ਦੂਜਿਆਂ ਦੀ ਸੁਰੱਖਿਆ ਲਈ ਜਿਊਂਦਾ ਸੀ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਤਪਤੇਜਦੀਪ ਸਿੰਘ ਇਕ ਨਾਇਕ ਹੀ ਸੀ, ਜੋ ਦੂਜਿਆਂ ਦੀ ਸੇਵਾ ਅਤੇ ਉਨ੍ਹਾਂ ਦੀ ਸੁਰੱਖਿਆ ਵਿਚ ਲੱਗਿਆ ਰਹਿੰਦਾ ਸੀ। ਕੈਲੀਫੋਰਨੀਆ ਦੇ ਰੇਲ ਯਾਰਡ ਵਿਚ ਹੋਈ ਗੋਲੀਬਾਰੀ ਦੌਰਾਨ ਨੌਂ ਵਿਅਕਤੀ ਮਾਰੇ ਗਏ ਸਨ, ਜਿਨ੍ਹਾਂ ਵਿਚ ਤਪਤੇਜਦੀਪ ਸਿੰਘ ਵੀ ਸ਼ਾਮਲ ਸੀ।

ਅਮਰੀਕਨ ਸਿੱਖ ਕੌਂਸਲ (ਏ.ਐਸ.ਸੀ.) ਨੇ ਕਿਹਾ ਹੈ ਕਿ ਉਹ ਪੂਰੇ ਅਮਰੀਕਾ ਵਿਚ ਆਪਣੇ ਭਾਈਚਾਰੇ ਦੇ ਨਾਲ ਖੜ੍ਹੀ ਹੈ, ਜਿਸ ਨੂੰ ਇਥੇ ਨਿੱਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਥੇਬੰਦੀ ਨੇ ਕਿਹਾ ਹੈ ਕਿ ਉਹ ਇਸ ਗੋਲੀਬਾਰੀ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਪ੍ਰਤੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ ਤੇ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੀ ਹੈ।

ਗੋਲੀਬਾਰੀ ਸੈਨ ਹੋਜ਼ੇ ਵਿਚ 'ਵੈਲੀ ਟਰਾਂਸਪੋਰਟੇਸ਼ਨ ਅਥਾਰਟੀ (ਵੀ.ਟੀ.ਏ.) ਦੀਆਂ ਦੋ ਇਮਾਰਤਾਂ ਵਿਚ ਹੋਈ ਸੀ। ਇਹ ਗੋਲੀਬਾਰੀ ਰੱਖ-ਰਖਾਅ ਕਰਮਚਾਰੀ ਸੈਮੂਅਲ ਕੈਸਿੱਡੀ (57) ਵੱਲੋਂ ਕੀਤੀ ਗਈ ਸੀ। ਤਪਤੇਜਦੀਪ ਸਿੰਘ (36) ਵੀ.ਟੀ.ਏ. ਵਿਚ ਨੌਂ ਸਾਲਾਂ ਤੋਂ ਇਕ ਲਾਈਟ ਰੇਲ ਆਪਰੇਟਰ ਵਜੋਂ ਕੰਮ ਕਰਦਾ ਸੀ।

ਉਸ ਦੇ ਭਰਾ ਨੇ ਪਰਿਵਾਰ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ, "ਤਪਤੇਜਦੀਪ ਸਿੰਘ ਸਿੱਖ ਧਰਮ ਦੇ ਸਿਧਾਂਤਾਂ ਦੀ ਪਾਲਣਾ ਕਰਦਿਆਂ ਦੂਜਿਆਂ ਦੀ ਸੇਵਾ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਕੰਮ ਕਰ ਰਿਹਾ ਸੀ।" 'ਯੂ.ਐਸ.ਏ. ਟੂਡੇ' ਨੇ ਬਿਆਨ ਦੇ ਹਵਾਲੇ ਨਾਲ ਇਕ ਖਬਰ ਵਿਚ ਕਿਹਾ, "ਸਾਨੂੰ ਤਪਤੇਜਦੀਪ ਨੂੰ ਉਸ ਨਾਇਕ ਵਜੋਂ ਯਾਦ ਕਰਨਾ ਚਾਹੀਦਾ ਹੈ, ਜੋ ਦੂਜਿਆਂ ਦੀ ਸੇਵਾ ਲਈ ਜਿਊਂਦਾ ਸੀ।" ਤਪਤੇਜਦੀਪ ਸਿੰਘ ਦੇ ਪਰਿਵਾਰ ਵਿਚ ਪਤਨੀ ਅਤੇ ਤਿੰਨ ਸਾਲਾਂ ਦਾ ਇਕ ਲੜਕਾ ਅਤੇ ਇਕ ਸਾਲ ਦੀ ਧੀ ਹੈ।

ਕੈਲੀਫੋਰਨੀਆ ਦੇ ਸਾਂ ਹੋਜ਼ੇ ਵਿਚ ਰੇਲ ਯਾਰਡ ਦੇ ਇਕ ਮੁਲਾਜ਼ਮ ਵੱਲੋਂ ਕੀਤੀ ਗਈ ਭਿਆਨਕ ਗੋਲੀਬਾਰੀ ਦੀ ਘਟਨਾ ਵਿਚ ਅੱਠ ਜਣੇ ਮਾਰੇ ਗਏ, ਜਿਨ੍ਹਾਂ ਵਿਚ ਇੱਕ ਭਾਰਤੀ ਮੂਲ ਦਾ ਪੰਜਾਬੀ ਵਿਅਕਤੀ ਵੀ ਸ਼ਾਮਲ ਹੈ ਜਿਸ ਦੀ ਪਛਾਣ ਤਪਤੇਜਦੀਪ ਸਿੰਘ ਵਜੋਂ ਹੋਈ।

ਜਾਣਕਾਰੀ ਮੁਤਾਬਕ ਘਟਨਾ ਮਗਰੋਂ ਉਸ ਮੁਲਾਜ਼ਮ ਨੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕਾਂ ਦੀ ਪਛਾਣ ਪੌਲ ਮੇਗੀਆ (42), ਤਪਤੇਜਦੀਪ ਸਿੰਘ (36), ਐਡ੍ਰਿਅਨ ਬੈਲੇਜਾ (29), ਜੋਸ ਡੇਜੀਸਸ ਹਰਨਾਂਡੇਜ (35), ਟਿਮੋਥੀ ਮਾਈਕਲ ਰੋਮੋ (49), ਮਾਈਕਲ ਜੋਸੇਫ ਰੁਡੋਮੇਟਕਿਨ (40), ਅਬਦੁਲਵਹਾਬ ਅਲਗਮੰਦਾਨ (63) ਅਤੇ ਲਾਰਸ ਕੈਪਲਰ ਲੇਨ (63) ਵਜੋਂ ਹੋਈ ਹੈ।

ਸੈਨ ਫਰਾਂਸਿਸਕੋ ਬੇਅ ਏਰੀਆ ਵਿਚ ਰਹਿੰਦੇ ਸਿੱਖ ਭਾਈਚਾਰੇ ਨੇ ਤਪਤੇਜਦੀਪ ਸਿੰਘ ਨੂੰ 'ਸਾਰਿਆਂ ਦੀ ਮਦਦ ਕਰਨ ਵਾਲਾ ਤੇ ਖਿਆਲ ਰੱਖਣ ਵਾਲਾ' ਵਿਅਕਤੀ ਦੱਸਿਆ ਹੈ। ਤਪਤੇਜਦੀਪ ਸਿੰਘ ਪਿੰਡ ਗਗੜੇਵਾਲ ਦਾ ਜੰਮਪਲ ਸੀ ਅਤੇ ਇਸ ਸਮੇਂ ਕੈਲੀਫੋਰਨੀਆ ਸ਼ਹਿਰ ਵਿਚ ਰਹਿ ਰਿਹਾ ਸੀ।

# ਕੈਨੇਡਾ ਦੇ ਸਕੂਲ 'ਚੋਂ 200 ਤੋਂ ਵੱਧ ਬੱਚਿਆਂ ਦੇ ਪਿੰਜਰ ਮਿਲੇ

**ਕੈਮਲੂਪਸ (ਬ੍ਰਿਟਿਸ਼ ਕੋਲੰਬੀਆ):** ਕੈਨੇਡਾ ਦੇ ਇਕ ਸਕੂਲ 'ਚ 215 ਬੱਚਿਆਂ ਦੇ ਪਿੰਜਰ ਮਿਲੇ ਹਨ ਜਿਨ੍ਹਾਂ 'ਚੋਂ ਕੁਝ ਦੀ ਉਮਰ ਤਕਰੀਬਨ ਤਿੰਨ ਸਾਲ ਤੱਕ ਹੋਵੇਗੀ। ਇਹ ਕਿਸੇ ਸਮੇਂ ਕੈਨੇਡਾ ਦਾ ਸਭ ਤੋਂ ਵੱਡਾ ਰਿਹਾਇਸ਼ੀ ਸਕੂਲ ਹੁੰਦਾ ਸੀ।

ਇਥੋਂ ਦੇ ਇਕ ਗਰੁੱਪ ਫਸਟ ਨੇਸ਼ਨ ਦੀ ਮੁਖੀ ਰੋਸੇਨ ਕੈਸਿਮੀਰ ਨੇ ਪ੍ਰੈੱਸ ਬਿਆਨ 'ਚ ਕਿਹਾ ਕਿ ਜ਼ਮੀਨ ਹੇਠਾਂ ਵਸਤਾਂ ਦਾ ਪਤਾ ਲਾਉਣ ਵਾਲੇ ਰਾਡਾਰ ਦੀ ਮਦਦ ਨਾਲ ਲੰਘੇ ਹਫਤੇ ਇਹ ਪਿੰਜਰ ਮਿਲੇ ਹਨ। ਉਨ੍ਹਾਂ ਕਿਹਾ ਕਿ ਕਈ ਹੋਰ ਪਿੰਜਰ ਮਿਲ ਸਕਦੇ ਹਨ ਕਿਉਂਕਿ ਸਕੂਲ ਦੇ ਮੈਦਾਨ ਅਤੇ ਇਸ ਦੇ ਇਲਾਕੇ ਦੀ ਤਲਾਸ਼ੀ ਅਜੇ ਲਈ ਜਾਣੀ ਹੈ। ਉਨ੍ਹਾਂ ਕਿਹਾ ਕਿ ਇਹ ਕੰਕਾਲ ਮਿਲਣਾ ਬਹੁਤ ਘਾਟਾ ਹੀ ਮੰਦਭਾਗਾ ਹੈ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਅਤੇ ਕੈਮਲੂਪਸ ਇੰਡੀਅਨ ਰੈਜੀਡੈਂਸੀਅਲ ਸਕੂਲ ਦੇ ਦਸਤਾਵੇਜ਼ਾਂ 'ਚ ਕਿਤੇ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ 19ਵੀਂ ਸਦੀ ਦੇ 1970 ਦੇ ਦਹਾਕੇ ਤੱਕ ਫਸਟ ਨੇਸ਼ਨ ਦੇ 1.50 ਲੱਖ ਤੋਂ ਵੱਧ ਬੱਚਿਆਂ ਨੂੰ ਕੈਨੇਡੀਅਨ ਸਮਾਜ 'ਚ ਸ਼ਾਮਲ ਕਰਨ ਦੇ ਪ੍ਰੋਗਰਾਮ ਤਹਿਤ ਸਰਕਾਰ ਵੱਲੋਂ ਫੰਡ ਹਾਸਲ ਈਸਾਈ ਸਕੂਲਾਂ 'ਚ ਪੜ੍ਹਨਾ ਹੁੰਦਾ ਸੀ। ਉਨ੍ਹਾਂ ਨੂੰ ਈਸਾਈ ਧਰਮ 'ਚ ਤਬਦੀਲ ਕਰਨ ਲਈ ਮਜਬੂਰ ਕੀਤਾ ਜਾਂਦਾ ਅਤੇ ਆਪਣੀ ਮਾਂ ਬੋਲੀ ਨਹੀਂ ਬੋਲਣ ਦਿੱਤੀ ਜਾਂਦੀ ਸੀ। ਕਈ ਬੱਚਿਆਂ ਨੂੰ ਕੁੱਟਿਆ ਜਾਂਦਾ ਸੀ ਤੇ ਉਨ੍ਹਾਂ ਨੂੰ ਅਪਸ਼ਬਦ ਕਹੇ ਜਾਂਦੇ ਸੀ। ਅਜਿਹਾ ਦੱਸਿਆ ਜਾਂਦਾ ਹੈ ਕਿ ਉਸ ਦੌਰਾਨ 6 ਹਜ਼ਾਰ ਬੱਚਿਆਂ ਦੀ ਮੌਤ ਹੋ ਗਈ ਸੀ।

ਟਰੁੱਥ ਐਂਡ ਰਿਕਨਸੀਲੀਏਸ਼ਨ ਕਮਿਸ਼ਨ ਨੇ ਪੰਜ ਸਾਲ ਪਹਿਲਾਂ ਸੰਸਥਾ 'ਚ ਬੱਚਿਆਂ ਨਾਲ ਦੁਰਵਿਹਾਰ ਬਾਰੇ ਰਿਪੋਰਟ ਪੇਸ਼ ਕੀਤੀ ਸੀ। ਇਸ 'ਚ ਦੱਸਿਆ ਗਿਆ ਕਿ ਦੁਰਵਿਹਾਰ ਤੇ ਲਾਪਰਵਾਹੀ ਕਾਰਨ ਘੱਟ ਤੋਂ ਘੱਟ 3200 ਬੱਚਿਆਂ ਦੀ ਮੌਤ ਹੋ ਗਈ।

# ਬੇਅਦਬੀ ਕਾਂਡ: ਇਨਸਾਫ ਲਈ ਸਾਫ ਨਹੀਂ ਹਕੂਮਤਾਂ ਦੀ ਨੀਅਤ

**ਫਰੀਦਕੋਟ:** ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚ ਵਾਪਰੇ ਬੇਅਦਬੀ ਕਾਂਡ ਦੀ ਸੱਚਾਈ ਛੇ ਸਾਲ ਬਾਅਦ ਵੀ ਸਾਹਮਣੇ ਨਹੀਂ ਆਈ। ਦੋ ਜਾਂਚ ਕਮਿਸ਼ਨ, ਸੀ.ਬੀ.ਆਈ. ਅਤੇ ਦੋ ਵਿਸ਼ੇਸ਼ ਜਾਂਚ ਟੀਮਾਂ ਇਸ ਕਾਂਡ ਦੀ ਵੱਖ-ਵੱਖ ਸਮੇਂ ਪੜਤਾਲ ਕਰ ਚੁੱਕੀਆਂ ਹਨ ਪਰ ਕਿਸੇ ਵੀ ਜਾਂਚ ਟੀਮ ਦੇ ਹੱਥ ਘਟਨਾ ਬਾਰੇ ਕੋਈ ਸਬੂਤ ਨਹੀਂ ਲੱਗਾ।

ਦੱਸਣਯੋਗ ਹੈ ਕਿ ਪਹਿਲੀ ਜੂਨ, 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਹੋ ਗਈ ਸੀ ਅਤੇ 12 ਅਕਤੂਬਰ, 2015 ਨੂੰ ਗੁਰੂ ਗ੍ਰੰਥ ਸਾਹਿਬ ਦੇ ਪਾੜੇ ਗਏ ਪੰਨੇ ਪਿੰਡ ਦੀਆਂ ਗਲੀਆਂ ਵਿਚੋਂ ਮਿਲੇ ਸਨ, ਜਿਸ ਮਗਰੋਂ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਵਾਪਰਿਆ ਸੀ। ਅਕਾਲੀ ਦਲ ਨੇ ਅਕਤੂਬਰ, 2015 ਵਿਚ ਇਹ ਮਾਮਲਾ ਸੀ.ਬੀ.ਆਈ. ਨੂੰ ਸੌਂਪ ਦਿੱਤਾ ਸੀ ਪਰ ਸੀ.ਬੀ.ਆਈ. ਨੇ ਦੋ ਸਾਲ ਦੀ ਪੜਤਾਲ ਬਾਅਦ ਖੁਲਾਸਾ ਕੀਤਾ ਕਿ ਬੇਅਦਬੀ ਕਾਂਡ ਦਾ ਕੋਈ ਵੀ ਸਬੂਤ ਜਾਂ ਗਵਾਹ ਮੌਜੂਦ ਨਹੀਂ ਹੈ, ਇਸ ਲਈ ਕੇਸਾਂ ਨੂੰ ਬੰਦ ਕੀਤਾ ਜਾਵੇ। ਮਗਰੋਂ ਕੈਪਟਨ ਸਰਕਾਰ ਨੇ ਵਿਧਾਨ ਸਭਾ ਵਿਚ ਮਤਾ ਪਾਸ ਕਰ ਕੇ ਬੇਅਦਬੀ ਕਾਂਡ ਦੇ ਕੇਸ ਵਿਸ਼ੇਸ਼ ਜਾਂਚ ਟੀਮ ਹਵਾਲੇ ਕਰ ਦਿੱਤੇ ਸਨ।

ਮਾਮਲੇ ਦੀ ਪੜਤਾਲ ਜਸਟਿਸ ਜ਼ੋਰਾ ਸਿੰਘ, ਜਸਟਿਸ ਰਣਜੀਤ ਸਿੰਘ, ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਰਣਬੀਰ ਸਿੰਘ ਖੱਟੜਾ ਤੇ ਹੁਣ ਆਈ.ਜੀ. ਸੁਰਿੰਦਰ ਪਾਲ ਸਿੰਘ ਪਰਮਾਰ ਕਰ ਰਹੇ ਹਨ। ਹਾਲਾਂਕਿ ਜਾਂਚ ਟੀਮ ਨੇ ਬੇਅਦਬੀ ਕਾਂਡ ਵਿਚ ਹੁਣ ਤੱਕ ਛੇ ਡੇਰਾ ਪ੍ਰੇਮੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਸ ਮਾਮਲੇ ਵਿਚ ਮੁੱਖ ਸਾਜ਼ਿਸ਼ਕਾਰ ਵਜੋਂ ਸ਼ਾਮਿਲ ਕੀਤਾ ਹੈ ਪਰ ਕੋਈ ਵੀ ਜਾਂਚ ਟੀਮ ਡੇਰਾ ਮੁਖੀ ਤੋਂ ਪੁੱਛ-ਪੜਤਾਲ ਨਹੀਂ ਕਰ ਸਕੀ।

# ਮਮਤਾ ਬੈਨਰਜੀ ਦੀ ਮੋਦੀ ਹਕੂਮਤ ਨੂੰ ਵੰਗਾਰ

*(ਸਫਾ ਇਕ ਦੀ ਬਾਕੀ)*

ਵਿਚ ਮਿਲੀ ਹਾਰ ਤੋਂ ਤੁਰਤ ਬਾਅਦ ਬੰਗਾਲ ਵਿਚ ਹੋਈ ਹਿੰਸਾ, ਕੇਂਦਰੀ ਬਲਾਂ ਦੀ ਤਾਇਨਾਤੀ ਤੇ ਸੂਬੇ ਦੇ ਰਾਜਪਾਲ ਵੱਲੋਂ ਅਪਣਾਏ ਰਵੱਈਏ ਨੇ ਸਪਸ਼ਟ ਕਰ ਦਿੱਤਾ ਸੀ ਕਿ ਮਮਤਾ ਲਈ ਰਾਹ ਸੌਖਾ ਨਹੀਂ ਹੈ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਕੋਲਕਾਤਾ ਵਿਚ ਯਾਸ ਚੱਕਰਵਾਤ ਬਾਰੇ ਕੀਤੀ ਪ੍ਰਸ਼ਾਸਕੀ ਮੀਟਿੰਗ ਵਿਚ ਵਿਰੋਧੀ ਧਿਰ ਦੇ ਨੇਤਾ ਸ਼ੁਵੇਂਦੂ ਅਧਿਕਾਰੀ ਨੂੰ ਬਿਠਾਉਣ ਤੋਂ ਵਿਵਾਦ ਸਿਖਰਾਂ ਉਤੇ ਪੁੱਜ ਗਿਆ। ਸ਼ੁਵੇਂਦੂ ਕੁਝ ਮਹੀਨੇ ਪਹਿਲਾਂ ਤ੍ਰਿਣਮੂਲ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਇਆ।

ਇਸੇ ਗਿਲੇ ਕਾਰਨ ਮਮਤਾ ਬੈਨਰਜੀ ਨੇ ਮੀਟਿੰਗ ਵਿਚ ਹਿੱਸਾ ਨਹੀਂ ਲਿਆ ਤੇ ਭਾਜਪਾ ਨੇ ਪ੍ਰਧਾਨ ਮੰਤਰੀ ਨੂੰ ਇੰਤਜ਼ਾਰ ਕਰਵਾਉਣ ਨੂੰ ਵੱਡੇ ਗੁਨਾਹ ਵਜੋਂ ਪ੍ਰਚਾਰ ਦਿੱਤਾ। ਕੇਂਦਰੀ ਮੰਤਰੀਆਂ ਅਤੇ ਭਾਜਪਾ ਆਗੂਆਂ ਨੇ ਮਮਤਾ ਬੈਨਰਜੀ 'ਤੇ ਲਗਾਤਾਰ ਹਮਲੇ ਕੀਤੇ ਹਨ। ਹਾਲਾਂਕਿ ਪ੍ਰਧਾਨ ਮੰਤਰੀ ਇਸ ਗੱਲ ਦਾ ਕੋਈ ਜਵਾਬ ਨਹੀਂ ਦੇ ਸਕੇ ਕਿ ਉੜੀਸਾ ਅਤੇ ਗੁਜਰਾਤ ਵਿਚ ਕੀਤੀਆਂ ਅਜਿਹੀਆਂ ਮੀਟਿੰਗਾਂ ਵਿਚ ਵਿਰੋਧੀ ਧਿਰ ਦੇ ਆਗੂ ਨੂੰ ਨਹੀਂ ਸੀ ਸੱਦਿਆ ਗਿਆ। ਇਸ ਵੇਲੇ ਕੇਂਦਰੀ ਹਕੂਮਤ ਦਾ ਸਾਰਾ ਜ਼ੋਰ ਮਮਤਾ ਦੇ ਨਾਲ-ਨਾਲ ਸੂਬੇ ਦੇ ਮੁੱਖ ਸਕੱਤਰ (ਚੀਫ ਸੈਕਟਰੀ) ਅਲਪਨ ਬੰਧੋਪਾਧਿਆ ਨੂੰ ਘੇਰਨ ਉਤੇ ਲੱਗਾ ਹੋਇਆ ਹੈ। ਇਸ ਦਾ ਗੁਨਾਹ ਇਹ ਸੀ ਕਿ ਇਹ ਵੀ ਪ੍ਰਧਾਨ ਮੰਤਰੀ ਨਾਲ ਮੀਟਿੰਗ ਵਿਚ ਅੱਧਾ ਘੰਟਾ ਲੇਟ ਪਹੁੰਚਿਆ ਸੀ। ਗੁੱਸੇ ਵਿਚ ਆਈ ਕੇਂਦਰ ਸਰਕਾਰ ਨੇ ਪੱਛਮੀ ਬੰਗਾਲ ਸਰਕਾਰ ਨੂੰ ਪੁੱਛੇ ਬਗੈਰ ਸੂਬੇ ਦੇ ਮੁੱਖ ਸਕੱਤਰ ਨੂੰ ਕੇਂਦਰ ਵਿਚ ਬੁਲਾਉਣ ਅਤੇ ਦਿੱਲੀ ਰਿਪੋਰਟ ਕਰਨ ਦੇ ਨਿਰਦੇਸ਼ ਦੇ ਦਿੱਤੇ। ਇਸ ਅਧਿਕਾਰੀ ਨੇ ਪੇਸ਼ ਹੋਣ ਦੀ ਥਾਂ ਅਸਤੀਫਾ ਦੇ ਦਿੱਤਾ ਤੇ ਮਮਤਾ ਨੇ ਸੇਵਾਮੁਕਤੀ ਮਗਰੋਂ ਅਲਪਨ ਨੂੰ ਤਿੰਨ ਸਾਲ ਲਈ ਮੁੱਖ ਸਲਾਹਕਾਰ ਲਾ ਲਿਆ। ਹੁਣ ਕੇਂਦਰ ਨੇ ਇਸ ਅਧਿਕਾਰੀ ਉਤੇ ਆਫਤ ਪ੍ਰਬੰਧਨ ਐਕਟ ਤਹਿਤ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ।

ਕੁੱਲ ਮਿਲਾ ਕੇ ਹੁਣ ਹਾਲਾਤ ਇਹ ਬਣੇ ਹੋਏ ਹਨ ਕਿ ਇਕ ਪਾਸੇ ਕੇਂਦਰ ਸਰਕਾਰ ਮਮਤਾ ਬੈਨਰਜੀ ਦੀ 'ਗੁਸਤਾਖੀ' ਨੂੰ ਮੁਆਫੀਯੋਗ ਮੰਨਣ ਲਈ ਤਿਆਰ ਨਹੀਂ ਤੇ ਦੂਜੇ ਪਾਸੇ ਸੂਬਿਆਂ ਦੇ ਹੱਕਾਂ ਤੇ ਸੰਘੀ ਢਾਂਚੇ ਦੀ ਰਾਖੀ ਲਈ ਮਮਤਾ ਵਿਰੋਧੀ ਧਿਰਾਂ ਨੂੰ ਹੋਕਾ ਦੇਣ ਲੱਗੀ ਹੈ।

ਸਿਆਸੀ ਮਾਹਰਾਂ ਦਾ ਇਸ਼ਾਰਾ ਹੈ ਕਿ ਜੇਕਰ ਮਮਤਾ ਬੈਨਰਜੀ ਦਾ ਇਹ ਹੋਕਾ ਦੱਬੀ ਆਵਾਜ਼ ਵਿਚ ਸੰਘੀ ਢਾਂਚੇ ਦੀ ਦੁਹਾਈ ਪਾਉਣ ਵਾਲੀਆਂ ਸਿਆਸੀ ਧਿਰਾਂ ਦੇ ਕੰਨੀ ਪੈ ਗਿਆ ਤਾਂ ਆਉਣ ਵਾਲੇ ਦਿਨਾਂ ਵਿਚ ਇਹ ਵੱਡਾ ਮਸਲਾ ਬਣ ਸਕਦਾ ਹੈ। ਮਮਤਾ ਦੀ ਇਹ ਪਹਿਲ ਉਸ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿਚ ਤਾਕਤਵਰ ਆਗੂ ਵਜੋਂ ਅੱਗੇ ਲਿਆ ਸਕਦੀ ਹੈ ਜਿਸ ਦਾ ਡਰ ਪਹਿਲਾਂ ਹੀ ਭਗਵਾ ਧਿਰ ਨੂੰ ਸਤਾ ਰਿਹਾ ਹੈ।

# ਲੋਕਾਂ ਦੀਆਂ ਆਸਾਂ 'ਤੇ ਖਰੀ ਨਾ ਉਤਰੀ ਮੋਦੀ ਸਰਕਾਰ

*(ਸਫਾ ਇਕ ਦੀ ਬਾਕੀ)*

37 ਫੀਸਦੀ ਲੋਕ ਬੇਹੱਦ ਅਸੰਤੁਸ਼ਟ ਹਨ ਅਤੇ 25 ਫੀਸਦੀ ਲੋਕ ਇਕ ਹੱਦ ਤੱਕ ਹੀ ਸੰਤੁਸ਼ਟ ਹਨ। ਇਨ੍ਹਾਂ ਅੰਕੜਿਆਂ ਨਾਲ ਮੋਦੀ ਸਰਕਾਰ ਪ੍ਰਤੀ ਜਨਤਾ ਦੀ ਨਾਰਾਜ਼ਗੀ ਦੀ ਤਰਤੀਬ ਦਾ ਪਤਾ ਲੱਗਦਾ ਹੈ। ਸਰਵੇਖਣ ਮੁਤਾਬਕ ਮੋਦੀ ਸਰਕਾਰ ਖਿਲਾਫ ਨਾਰਾਜ਼ਗੀ ਦਾ ਮੁੱਖ ਕਾਰਨ ਮਹਾਂਮਾਰੀ ਹੈ, ਫਿਰ ਕਿਸਾਨ ਅੰਦੋਲਨ ਹੈ, ਫਿਰ ਸੀ.ਏ.ਏ. ਹੈ ਅਤੇ ਫਿਰ ਵਿਦੇਸ਼ ਨੀਤੀ ਹੈ।

## ਮੌਸਮ ਵਿਭਾਗ ਵੱਲੋਂ ਮੌਨਸੂਨ ਸਾਧਾਰਨ ਰਹਿਣ ਦੀ ਪੇਸ਼ੀਨਗੋਈ

**ਨਵੀਂ ਦਿੱਲੀ:** ਭਾਰਤੀ ਮੌਸਮ ਵਿਭਾਗ ਨੇ ਦੱਖਣ-ਪੱਛਮੀ ਮੌਨਸੂਨ ਦੇ ਐਤਕੀਂ ਦੇਸ਼ ਦੇ ਉੱਤਰੀ ਤੇ ਦੱਖਣੀ ਹਿੱਸੇ ਵਿਚ ਆਮ ਵਾਂਗ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਮੌਸਮ ਵਿਭਾਗ ਨੇ ਕਿਹਾ ਕਿ ਕੇਂਦਰੀ ਭਾਰਤ ਵਿਚ ਮੌਨਸੂਨ ਆਮ ਨਾਲੋਂ ਕੁਝ ਵੱਧ ਤੇ ਪੂਰਬੀ ਤੇ ਉੱਤਰ ਪੂਰਬੀ ਭਾਰਤ ਵਿਚ ਸਾਧਾਰਨ ਨਾਲੋਂ ਘਟ ਰਹਿਣ ਦਾ ਅਨੁਮਾਨ ਹੈ। ਭਾਰਤੀ ਮੌਸਮ ਵਿਭਾਗ ਦੇ ਡਾਇਰੈਕਟਰ ਜਨਰਲ ਮ੍ਰਿਤੁੰਜੇ ਮੋਹਾਪਾਤਰਾ ਨੇ ਉਪਰੋਕਤ ਦਾਅਵਾ ਦੱਖਣ ਪੱਛਮੀ ਮੌਨਸੂਨ 2021 ਬਾਰੇ ਕੀਤੀ ਦੂਜੀ ਲੌਂਗ ਰੇਂਜ ਭਵਿੱਖਬਾਣੀ 'ਚ ਕੀਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਰਵੇਖਣ: ਕਰੋਨਾ ਸੰਕਟ ਨਾਲ ਨਜਿੱਠਣ ਵਿਚ ਮੋਦੀ ਸਰਕਾਰ ਫੇਲ੍ਹ

## ਭਾਜਪਾ ਦੇ ਆਪਣੇ ਮੰਤਰੀ ਤੇ ਵਿਧਾਇਕਾਂ ਵੱਲੋਂ ਸਰਕਾਰੀ ਨਕਾਮੀਆਂ 'ਤੇ ਸਵਾਲ

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਦੀ ਦੂਜੀ ਲਹਿਰ ਨੇ ਸਰਕਾਰੀ ਨਕਾਮੀਆਂ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ। ਕੋਵਿਡ ਕੇਸਾਂ ਦੀ ਵਧ ਰਹੀ ਗਿਣਤੀ ਅਤੇ ਇਸ ਕਾਰਨ ਹੋਣ ਵਾਲੀਆਂ ਮੌਤਾਂ ਬਾਰੇ ਸਰਕਾਰ ਕੋਲ ਕੋਈ ਜਵਾਬ ਨਹੀਂ। ਇਸ ਬਾਰੇ ਸਵਾਲ ਪੁੱਛਣ ਵਾਲਿਆਂ ਨੂੰ ਕਾਨੂੰਨੀ ਕਾਰਵਾਈ ਦਾ ਡਰ ਵਿਖਾਇਆ ਜਾ ਰਿਹਾ ਹੈ ਪਰ ਕੁਝ ਸਰਵੇਖਣਾਂ ਨੇ ਸਰਕਾਰ ਨੂੰ ਸ਼ੀਸ਼ਾ ਵਿਖਾ ਦਿੱਤੀ ਹੈ।



ਨਰਿੰਦਰ ਮੋਦੀ ਸਰਕਾਰ ਦੀ ਸੱਤ ਸਾਲਾਂ ਵਿਚ ਪਹਿਲੀ ਵਾਰ ਰੇਟਿੰਗ ਵੱਡੇ ਪੱਧਰ 'ਤੇ ਡਿੱਗੀ ਹੈ। ਏ.ਬੀ.ਪੀ.-ਸੀ ਵੋਟਰ ਮੋਦੀ 2.0 ਰਿਪੋਰਟ ਕਾਰਡ ਅਨੁਸਾਰ ਵੋਟਰਾਂ ਨੇ ਜੰਮੂ ਕਸ਼ਮੀਰ ਵਿਚੋਂ ਧਾਰਾ 370 ਰੱਦ ਕਰਨ ਨੂੰ ਮੋਦੀ ਸਰਕਾਰ ਦੀ ਵੱਡੀ ਪ੍ਰਾਪਤੀ ਦੱਸਿਆ ਸੀ ਜਦਕਿ ਕਰੋਨਾ ਸੰਕਟ ਦਾ ਸਹੀ ਹੱਲ ਨਾ ਕਰਨ 'ਤੇ ਮੋਦੀ ਸਰਕਾਰ ਨੂੰ ਫੇਲ੍ਹ ਗਰਦਾਨਿਆ ਹੈ। ਇਹ ਸਰਵੇਖਣ 543 ਲੋਕ ਸਭਾ ਹਲਕਿਆਂ ਵਿਚ 1.39 ਲੱਖ ਲੋਕਾਂ 'ਤੇ ਕੀਤਾ ਗਿਆ।

ਇਸ ਸਰਵੇਖਣ ਪਹਿਲੀ ਜਨਵਰੀ ਤੋਂ 28 ਮਈ ਦਰਮਿਆਨ ਕੀਤਾ ਗਿਆ। ਇਸ ਵਿਚ ਇਹ ਵੀ ਦਰਸਾਇਆ ਗਿਆ ਕਿ ਕਈ ਮੁੱਦਿਆਂ 'ਤੇ ਵੋਟਰ ਮੋਦੀ ਸਰਕਾਰ ਤੋਂ ਨਿਰਾਸ਼ ਹਨ। ਇਨ੍ਹਾਂ ਹਲਕਿਆਂ ਦੇ 41.1 ਫੀਸਦੀ ਲੋਕਾਂ ਨੇ ਮੋਦੀ ਸਰਕਾਰ ਨੂੰ ਕਰੋਨਾ ਮਾਮਲੇ ਵਿਚ ਫੇਲ੍ਹ ਸਰਕਾਰ ਦੱਸਿਆ ਹੈ। ਇਸ ਸਰਕਾਰ ਪ੍ਰਤੀ ਨਿਰਾਸ਼ਤਾ ਦਾ ਦੂਜਾ ਵੱਡਾ ਕਾਰਨ ਕੇਂਦਰੀ ਖੇਤੀ ਕਾਨੂੰਨ ਹਨ ਜਿਸ ਕਾਰਨ ਕਿਸਾਨ ਤੇ ਹੋਰ ਲੋਕ ਕੇਂਦਰ ਸਰਕਾਰ ਖਿਲਾਫ ਹੋਏ ਹਨ। ਇਸ ਮੁੱਦੇ 'ਤੇ 23.1 ਫੀਸਦੀ ਲੋਕਾਂ ਨੇ ਆਪਣਾ ਗੁੱਸਾ ਜ਼ਾਹਰ ਕੀਤਾ ਹੈ। 52.3 ਫੀਸਦੀ ਨੇ ਕਿਹਾ ਹੈ ਕਿ ਲੌਕਡਾਊਨ ਦੌਰਾਨ ਆਮ ਲੋਕਾਂ ਤਕ ਸਰਕਾਰੀ ਮਦਦ ਨਹੀਂ ਪੁੱਜੀ। ਇਸ ਤੋਂ ਇਲਾਵਾ ਕਰੋਨਾ ਦੀ ਦੂਜੀ ਲਹਿਰ ਦੌਰਾਨ ਕੇਂਦਰ ਦੀ ਭਾਜਪਾ ਸਰਕਾਰ ਦੀ ਚੋਣ ਮੁਹਿੰਮ ਨੂੰ ਵੀ ਲੋਕਾਂ ਨੇ ਗਲਤ ਦੱਸਿਆ ਹੈ।

ਇਹੀ ਨਹੀਂ ਭਾਜਪਾ ਸੱਤਾ ਵਾਲੇ ਸੂਬਿਆਂ ਵਿਚ ਭਗਵਾ ਧਿਰ ਦੇ ਆਪਣੇ ਆਗੂ ਸਰਕਾਰ ਦੀ ਨਕਾਮੀ ਤੋਂ ਨਰਾਜ਼ ਹਨ। ਕੇਂਦਰੀ ਮੰਤਰੀ ਸੰਤੋਸ਼ ਗੰਗਵਾਰ, ਸੰਸਦ ਮੈਂਬਰ ਸਤਿਆਦੇਵ ਪਚੌਰੀ, ਉਤਰ ਪ੍ਰਦੇਸ਼ ਦੇ ਮੰਤਰੀ ਬ੍ਰਿਜੇਸ਼ ਪਾਠਕ, ਭਾਜਪਾ ਦੇ ਸੰਸਦ ਮੈਂਬਰ ਕੌਸ਼ਲ ਕਿਸ਼ੋਰ ਤੇ ਰਾਜਿੰਦਰ ਅਗਰਵਾਲ, ਵਿਧਾਇਕ ਦੀਨਾਨਾਥ ਭਾਸਕਰ, ਦਲਵੀਰ ਸਿੰਘ, ਲੋਕੇਂਦਰ ਪ੍ਰਤਾਪ ਸਿੰਘ ਤੇ ਸੰਜੈ ਪ੍ਰਤਾਪ ਜੈਸਵਾਲ, ਵਿਧਾਨਕ ਕੌਂਸਲ ਦੇ ਮੈਂਬਰ ਰਾਜਕੁਮਾਰ ਅਗਰਵਾਲ ਆਦਿ ਭਾਜਪਾ ਆਗੂ ਯੋਗੀ ਆਦਿੱਤਿਆਨਾਥ ਸਰਕਾਰ ਦੇ ਕੋਵਿਡ ਪ੍ਰਬੰਧਨ ਸਗੋਂ ਮਾੜੇ ਪ੍ਰਬੰਧਨ ਤੋਂ ਨਿਰਾਸ਼ ਹਨ।

ਸਰਕਾਰ ਦੇ ਪ੍ਰਬੰਧਨ 'ਤੇ ਨਾਰਾਜ਼ਗੀ ਜ਼ਾਹਿਰ ਕਰਨ ਵਾਲੇ ਭਾਜਪਾ ਆਗੂਆਂ ਦੀ ਸੂਚੀ ਕਾਫੀ ਲੰਬੀ ਹੈ। ਉਤਰ ਪ੍ਰਦੇਸ਼ ਦੇ ਕਾਨੂੰਨ ਮੰਤਰੀ ਬ੍ਰਿਜੇਸ਼ ਪਾਠਕ ਨੇ ਸਭ ਤੋਂ ਪਹਿਲਾਂ ਸੂਬਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਇਆ ਸੀ, ਜਦੋਂ ਪਿਛਲੇ ਮਹੀਨੇ ਉਨ੍ਹਾਂ ਸੀਨੀਅਰ ਸਿਹਤ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਕਰੋਨਾ ਦੇ ਵਧ ਰਹੇ ਕੇਸਾਂ ਵਿਚਾਲੇ ਸਿਹਤ ਸਹੂਲਤਾਂ ਪ੍ਰਤੀ ਨਾਰਾਜ਼ਗੀ ਜ਼ਾਹਿਰ ਕੀਤੀ ਸੀ।

ਭਾਜਪਾ ਦੇ ਸੰਸਦ ਮੈਂਬਰ ਕੌਸ਼ਲ ਕਿਸ਼ੋਰ ਜਿਨ੍ਹਾਂ ਦੇ ਭਰਾ ਦੀ ਕੋਵਿਡ ਕਾਰਨ ਮੌਤ ਹੋ ਗਈ ਸੀ, ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਪੱਤਰ ਲਿਖ ਕੇ ਬਲਰਾਮਪੁਰ ਹਸਪਤਾਲ ਤੇ ਕਿੰਗ ਜੌਰਜ ਮੈਡੀਕਲ ਯੂਨੀਵਰਸਿਟੀ ਦੇ ਡਾਕਟਰਾਂ 'ਤੇ ਮਰੀਜ਼ਾਂ ਨੂੰ ਅਣਗੌਲਿਆਂ ਕਰਨ ਦੇ ਦੋਸ਼ ਲਾਉਂਦਿਆਂ ਉਨ੍ਹਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ। ਇਸੇ ਤਰ੍ਹਾਂ ਮੇਰਠ ਤੋਂ ਸੰਸਦ ਮੈਂਬਰ ਰਾਜਿੰਦਰ ਅਗਰਵਾਲ ਨੇ ਯੋਗੀ ਆਦਿੱਤਿਆਨਾਥ ਨੂੰ ਪੱਤਰ ਲਿਖ ਕੇ ਸ਼ਹਿਰ ਵਿਚ ਆਕਸੀਜਨ ਦੀ ਘਾਟ ਹੋਣ ਬਾਰੇ ਸ਼ਿਕਾਇਤ ਕੀਤੀ ਸੀ। ਉੱਤਰ ਪ੍ਰਦੇਸ਼ ਕਿਰਤ ਭਲਾਈ ਕੌਂਸਲ ਦੇ ਚੇਅਰਮੈਨ, ਰਾਜ ਦੇ ਮੰਤਰੀ ਸੁਨੀਲ ਭਰਾਲਾ ਨੇ ਮੇਰਠ ਵਿਚ ਬੈੱਡਾਂ, ਆਕਸੀਜਨ ਤੇ ਜੀਵਨ ਰੱਖਿਅਕ ਦਵਾਈਆਂ ਦੀ ਘਾਟ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਸੀ ਅਤੇ ਮੁੱਖ ਮੰਤਰੀ ਨੂੰ ਇਸ ਮਾਮਲੇ 'ਚ ਸਿੱਧੇ ਤੌਰ 'ਤੇ ਦਖਲ ਦੇਣ ਲਈ ਕਿਹਾ ਸੀ। ਬਦਾਯੂੰ ਤੋਂ ਭਾਜਪਾ ਵਿਧਾਇਕ ਧਰਮਿੰਦਰ ਸ਼ਾਕਿਆ ਨੇ ਵੀ ਬਦਾਯੂੰ ਮੈਡੀਕਲ ਕਾਲਜ 'ਤੇ ਗੰਭੀਰ ਦੋਸ਼ ਲਗਾਏ ਸਨ ਅਤੇ ਮਾਮਲੇ 'ਚ ਜਾਂਚ ਦੀ ਮੰਗ ਕੀਤੀ ਸੀ।

ਅਜਿਹੇ ਹੀ ਦੋਸ਼ ਕਈ ਹੋਰਨਾਂ ਆਗੂਆਂ ਨੇ ਵੀ ਲਗਾਏ ਹਨ। ਭਾਜਪਾ ਦੇ ਇਕ ਕਾਨੂੰਨਘਾੜੇ ਨੇ ਇਸ ਏਜੰਸੀ ਨਾਲ ਗੱਲਬਾਤ ਦੌਰਾਨ ਕਿਹਾ, "ਜੇਕਰ ਉਹ ਆਪਣੇ ਪੱਤਰ ਸੋਸ਼ਲ ਮੀਡੀਆ 'ਤੇ ਨਾ ਪਾਉਣ ਤਾਂ ਕੋਈ ਵੀ ਉਨ੍ਹਾਂ ਬਾਰੇ ਨਹੀਂ ਜਾਣੇਗਾ। ਮੁੱਖ ਮੰਤਰੀ ਦਫਤਰ ਵੱਲੋਂ ਇਕ ਵੀ ਪੱਤਰ ਦਾ ਜਵਾਬ ਨਹੀਂ ਦਿੱਤਾ ਗਿਆ। ਜੇਕਰ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਇਹ ਵਰਤਾਰਾ ਹੋ ਰਿਹਾ ਹੈ ਤਾਂ ਅਸੀਂ ਆਮ ਆਦਮੀ ਦਾ ਦਰਦ ਸਮਝ ਸਕਦੇ ਹਾਂ।"

### ਯੂਪੀ 'ਚ ਕੈਦੀ ਪੈਰੋਲ 'ਤੇ ਬਾਹਰ ਜਾਣ ਲਈ ਤਿਆਰ ਨਹੀਂ

**ਲਖਨਊ:** ਇਕ ਪਾਸੇ ਜਿਥੇ ਜੇਲ੍ਹਾਂ ਵਿਚ ਬੰਦ ਜ਼ਿਆਦਾਤਰ ਲੋਕ ਬਾਹਰ ਆਉਣ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ ਉਥੇ ਹੀ ਉੱਤਰ ਪ੍ਰਦੇਸ਼ ਦੀਆਂ ਨੌਂ ਜੇਲ੍ਹਾਂ ਵਿਚ ਬੰਦ 21 ਕੈਦੀ ਅਜਿਹੇ ਹਨ ਜਿਨ੍ਹਾਂ ਨੇ ਅਧਿਕਾਰੀਆਂ ਨੂੰ ਲਿਖਤ ਵਿਚ ਦੇ ਕੇ ਕਿਹਾ ਹੈ ਕਿ ਉਹ ਪੈਰੋਲ ਨਹੀਂ ਚਾਹੁੰਦੇ ਕਿਉਂਕਿ ਕੋਵਿਡ-19 ਮਹਾਮਾਰੀ ਦੌਰਾਨ ਜੇਲ੍ਹ ਵਿਚ ਰਹਿਣਾ ਉਨ੍ਹਾਂ ਲਈ ਵਧੇਰੇ ਸੁਰੱਖਿਅਤ ਤੇ ਸਿਹਤਮੰਦ ਹੈ।

ਜੇਲ੍ਹ ਪ੍ਰਸ਼ਾਸਨ ਦੇ ਡਾਇਰੈਕਟਰ ਜਨਰਲ ਆਨੰਦ ਕੁਮਾਰ ਨੇ ਦੱਸਿਆ ਕਿ ਪੈਰੋਲ ਨਾ ਦੇਣ ਦੀ ਬੇਨਤੀ ਕਰਨ ਵਾਲੇ ਇਹ ਕੈਦੀ ਸੂਬੇ ਦੀਆਂ ਨੌਂ ਵੱਖ-ਵੱਖ ਜੇਲ੍ਹਾਂ ਜਿਵੇਂ ਗਾਜ਼ੀਆਬਾਦ, ਗੌਤਮ ਬੁੱਧ ਨਗਰ, ਮੇਰਠ, ਮਹਾਰਾਜਗੰਜ, ਗੋਰਖਪੁਰ ਤੇ ਲਖਨਊ ਦੀਆਂ ਜੇਲ੍ਹਾਂ ਵਿਚ ਬੰਦ ਹਨ।

# ਭਾਰਤ ਵਿਚ ਹਰ 10ਵੇਂ ਘਰ ਉਤੇ ਕਰੋਨਾ ਦੀ ਮਾਰ ਪਈ

**ਨਵੀਂ ਦਿੱਲੀ:** ਸੀਵੋਟਰ ਕੋਵਿਡ ਟ੍ਰੈਕਰ ਅਨੁਸਾਰ ਭਾਰਤ 'ਚ ਹਰ 10ਵਾਂ ਪਰਿਵਾਰ ਆਪਣੇ ਪਰਿਵਾਰਕ ਮੈਂਬਰਾਂ 'ਚੋਂ ਇਕ ਕਰੋਨਾ ਪਾਜੀਟਿਵ ਮਾਮਲਾ ਦੱਸ ਰਿਹਾ ਹੈ ਤੇ ਦੇਸ਼ 'ਚ ਲਗਭਗ ਹਰ 5ਵਾਂ ਘਰ ਇਸ ਮਹਾਂਮਾਰੀ ਨਾਲ ਆਪਣੇ ਰਿਸ਼ਤੇਦਾਰਾਂ ਦੀ ਜਾਨ ਗੁਆਉਣ ਦੀ ਸੂਚਨਾ ਦੇ ਰਿਹਾ ਹੈ। ਟ੍ਰੈਕਰ ਕਰੋਨਾ ਤੋਂ ਸਿਹਤਯਾਬ ਲੋਕਾਂ ਦੇ ਮਰਨ ਦੀ ਰਿਪੋਰਟ ਕਰ ਰਿਹਾ ਹੈ।



ਇਸ ਮੁਤਾਬਕ 58.9 ਫੀਸਦੀ ਲੋਕਾਂ ਨੇ ਕਿਹਾ ਕਿ ਉਸ ਦਾ ਰਿਸ਼ਤੇਦਾਰ ਜਾਂ ਕਰੀਬੀ ਪਹਿਲਾਂ ਠੀਕ ਸੀ ਤੇ ਉਸ ਦੀ ਮੌਤ ਕਰੋਨਾ ਨਾਲ ਹੋਈ। ਟ੍ਰੈਕਰ ਨੇ ਕਿਹਾ ਕਿ 36.2 ਫੀਸਦੀ ਮੌਤਾਂ 45 ਸਾਲ ਤੋਂ ਘੱਟ ਉਮਰ ਵਰਗ 'ਚ ਹੋਈਆਂ। 26 ਤੋਂ 35 ਸਾਲ ਵਿਚਾਲੇ 14.9 ਫੀਸਦੀ ਮੌਤਾਂ ਤੇ 36 ਤੋਂ 45 ਸਾਲ ਵਿਚਾਲੇ 19.1 ਫੀਸਦੀ ਮੌਤਾਂ ਹੋਈਆਂ। ਟ੍ਰੈਕਰ ਨੇ 56,685 ਲੋਕਾਂ ਉਤੇ 1 ਜਨਵਰੀ ਤੋਂ 27 ਮਈ, 2021 ਦੀ ਮਿਆਦ ਦਰਮਿਆਨ ਸਰਵੇਖਣ ਕੀਤਾ। ਇਨ੍ਹਾਂ 'ਚੋਂ 56.9 ਫੀਸਦੀ ਨੇ ਪਰਿਵਾਰਕ ਮੈਂਬਰ ਦੇ ਕਰੋਨਾ ਦੀ ਲਪੇਟ 'ਚ ਆਉਣ ਦਾ ਡਰ ਜਤਾਇਆ, 48.7 ਫੀਸਦੀ ਨੇ ਸਰਕਾਰ ਦੀ ਕਰੋਨਾ ਸਬੰਧੀ ਸੰਭਾਲ ਉਤੇ ਹਾਂ ਤੇ 48.6 ਫੀਸਦੀ ਨੇ ਨਾਂਹ ਕਹੀ, ਹਾਲਾਂਕਿ 48.8 ਫੀਸਦੀ ਨੇ ਕਰੋਨਾ ਖਤਰੇ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਦੱਸਿਆ। ਆਕਸੀਜਨ, ਵੈਂਟੀਲੇਟਰ ਦੀ ਸਪਲਾਈ 'ਤੇ 51.7 ਫੀਸਦੀ ਨੇ ਕਿਹਾ ਕਿ ਇਹ ਆਸਾਨੀ ਨਾਲ ਮਿਲ ਗਈ, 31.7 ਫੀਸਦੀ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਯਤਨਾਂ ਬਾਅਦ ਮਿਲੀ, ਜਦੋਂ ਕਿ 8.4 ਫੀਸਦੀ ਨੇ ਇਸ ਦੇ ਨਾ ਮਿਲਣ ਬਾਰੇ ਕਿਹਾ ਹੈ।

# ਕੇਂਦਰ ਵੱਲੋਂ ਕਰੋਨਾ ਦੀ ਦੂਜੀ ਲਹਿਰ ਨੂੰ ਮੋੜਾ ਪੈਣ ਦਾ ਦਾਅਵਾ

**ਨਵੀਂ ਦਿੱਲੀ:** ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਹੈ ਕਿ ਮੁਲਕ 'ਚ ਕਰੋਨਾ ਦੀ ਦੂਜੀ ਲਹਿਰ ਨੂੰ ਮੋੜਾ ਪੈਣ ਦੇ ਸੰਕੇਤ ਮਿਲੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 20 ਦਿਨਾਂ 'ਚ ਕਰੋਨਾ ਦੇ ਨਵੇਂ ਕੇਸਾਂ 'ਚ ਲਗਾਤਾਰ ਗਿਰਾਵਟ ਦਰਜ ਹੋਈ ਹੈ। ਪਿਛਲੇ ਇਕ ਹਫਤੇ ਤੋਂ 24 ਸੂਬਿਆਂ 'ਚ ਸਰਗਰਮ ਕੇਸ ਘਟੇ ਹਨ। ਮੰਤਰਾਲੇ ਨੇ ਭਰੋਸਾ ਪ੍ਰਗਟਾਇਆ ਕਿ ਜਦੋਂ ਪਾਬੰਦੀਆਂ 'ਚ ਰਾਹਤ ਦਿੱਤੀ ਜਾਵੇਗੀ ਤਾਂ ਕੋਵਿਡ-19 ਦੀ ਦੂਜੀ ਲਹਿਰ 'ਚ ਹੋਰ ਨਿਘਾਰ ਆਵੇਗਾ।

ਕੇਂਦਰ ਨੇ ਨਿਊ ਯਾਰਕ ਟਾਈਮਜ਼ ਦੀ ਕੋਵਿਡ-19 ਕਾਰਨ ਭਾਰਤ 'ਚ ਅੰਦਾਜ਼ਨ ਮੌਤਾਂ ਬਾਰੇ ਦਿੱਤੀ ਗਈ ਰਿਪੋਰਟ ਨੂੰ 'ਬਿਲਕੁਲ ਆਧਾਰਹੀਣ ਅਤੇ ਝੂਠਾ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਕਿਸੇ ਪ੍ਰਮਾਣ 'ਤੇ ਨਹੀਂ ਸਗੋਂ ਤੋੜ-ਮਰੋੜ ਕੇ ਪੇਸ਼ ਕੀਤੇ ਗਏ ਅੰਦਾਜ਼ਿਆਂ 'ਤੇ ਆਧਾਰਿਤ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਕੋਵਿਡ ਕਾਰਨ ਭਾਰਤ 'ਚ ਅੰਦਾਜ਼ਨ 6 ਲੱਖ ਮੌਤਾਂ ਹੋ ਸਕਦੀਆਂ ਹਨ ਪਰ ਜੇਕਰ ਮੌਜੂਦਾ ਹਾਲਾਤ ਦੇਖੀਏ ਤਾਂ ਅੰਦਾਜ਼ਨ 16 ਲੱਖ ਮੌਤਾਂ ਹੋ ਸਕਦੀਆਂ ਹਨ। ਇਸੇ ਤਰ੍ਹਾਂ ਜੇਕਰ ਹਾਲਾਤ ਹੋਰ ਵਿਗੜੇ ਤਾਂ 42 ਲੱਖ ਲੋਕਾਂ ਦੀ ਮੌਤ ਹੋਣ ਦਾ ਅੰਦਾਜ਼ਾ ਹੈ। ਇਸ ਰਿਪੋਰਟ ਨੂੰ ਨਕਾਰਦਿਆਂ ਸਿਹਤ ਮੰਤਰਾਲੇ ਦੇ ਸੰਯੁਕਤ ਸਕੱਤਰ ਲਵ ਅਗਰਵਾਲ ਨੇ ਕਿਹਾ ਕਿ ਇਹ ਕਿਸੇ ਤੱਥ 'ਤੇ ਆਧਾਰਿਤ ਅੰਕੜਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿਹਤ ਮੰਤਰਾਲੇ ਦੀ ਕੋਸ਼ਿਸ਼ ਹੈ ਕਿ ਹਰ ਕੇਸ ਅਤੇ ਮੌਤਾਂ ਦਾ ਹਵਾਲਾ ਪਾਰਦਰਸ਼ੀ ਢੰਗ ਨਾਲ ਦਿੱਤਾ ਜਾਵੇ। ਨੀਤੀ ਆਯੋਗ ਦੇ ਮੈਂਬਰ (ਸਿਹਤ) ਵੀ ਕੇ ਪੌਲ ਨੇ ਕਿਹਾ ਕਿ ਰਿਪੋਰਟ ਤੋੜ-ਮਰੋੜ ਕੇ ਪੇਸ਼ ਕੀਤੇ ਗਏ ਅੰਦਾਜ਼ੇ 'ਤੇ ਆਧਾਰਿਤ ਹੈ।



### ਸਿਹਤਯਾਬੀ ਦਰ 91.25 ਫੀਸਦ 'ਤੇ ਪਹੁੰਚੀ

**ਨਵੀਂ ਦਿੱਲੀ:** ਦੇਸ਼ 'ਚ ਕਰੋਨਾ ਵਾਇਰਸ ਦੀ ਦੂਜੀ ਲਹਿਰ ਦਾ ਅਸਰ ਰੋਜ਼ਾਨਾ ਘਟਦਾ ਜਾ ਰਿਹਾ ਹੈ। ਮੁਲਕ 'ਚ ਸਿਹਤਯਾਬੀ ਦਰ ਸੁਧਰ ਕੇ 91.25 ਫੀਸਦ ਨੂੰ ਪਾਰ ਗਈ ਹੈ। ਰੋਗ ਤੋਂ ਤੰਦਰੁਸਤ ਹੋਣ ਵਾਲਿਆਂ ਦੀ ਗਿਣਤੀ ਢਾਈ ਕਰੋੜ ਤੋਂ ਜ਼ਿਆਦਾ ਗਈ ਹੈ। ਰੋਜ਼ਾਨਾ ਦੀ ਪਾਜੀਟੀਵਿਟੀ ਦਰ ਲਗਾਤਾਰ 10 ਫੀਸਦ ਤੋਂ ਘੱਟ ਰਹਿੰਦਿਆਂ 8.02 ਫੀਸਦ 'ਤੇ ਪਹੁੰਚ ਗਈ ਹੈ। ਹਫਤਾਵਾਰੀ ਪਾਜੀਟੀਵਿਟੀ ਦਰ ਡਿੱਗ ਕੇ 9.36 ਫੀਸਦ ਹੋ ਗਈ ਹੈ

# ਪੰਜਾਬ ਵਿਚ ਕਰੋਨਾ ਕਾਰਨ ਮੌਤ ਦਰ ਨੇ ਵਧਾਈ ਫਿਕਰਮੰਦੀ

**ਚੰਡੀਗੜ੍ਹ:** ਭਾਰਤ ਸਰਕਾਰ ਦੇ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ 'ਚ ਕਰੋਨਾ ਮੌਤ ਦਰ ਦੇ ਮਾਮਲੇ 'ਚ ਦੇਸ਼ ਦੇ ਸਾਰੇ ਸੂਬਿਆਂ ਤੋਂ ਵੱਧ ਬੁਰੀ ਹਾਲਤ ਹੀ ਨਹੀਂ, ਸਗੋਂ ਪਿਛਲੇ 18 ਦਿਨਾਂ ਵਿਚ ਇਸ ਦਰ 'ਚ ਹੋਰ ਵਾਧਾ ਹੋਇਆ ਹੈ। 12 ਮਈ ਨੂੰ ਪੰਜਾਬ ਵਿਚ ਕਰੋਨਾ ਮੌਤ ਦਰ 2.38 ਸੀ, ਜੋ 29 ਮਈ ਨੂੰ 2.54 ਫੀਸਦੀ 'ਤੇ ਪਹੁੰਚ ਗਈ, ਹਾਲਾਂਕਿ ਪੰਜਾਬ ਵਿਚ ਕਰੋਨਾ ਦੇ ਨਵੇਂ ਮਾਮਲੇ ਘਟੇ ਹਨ ਅਤੇ ਮਰੀਜ਼ਾਂ ਦੇ ਠੀਕ ਹੋਣ ਦੀ ਦਰ ਵੀ ਵਧੀ ਹੈ।



ਇਸ ਵੇਲੇ ਕਰੋਨਾ ਕਾਰਨ ਕੌਮੀ ਮੌਤ ਦਰ 1.17 ਫੀਸਦੀ ਹੈ। ਕਰੋਨਾ ਮਰੀਜ਼ਾਂ ਦੇ ਠੀਕ ਹੋਣ ਦੇ ਮਾਮਲੇ ਵਿਚ ਵੀ ਪੰਜਾਬ ਦੀ ਹਾਲਤ ਬਹੁਤ ਚੰਗੀ ਨਹੀਂ, ਪੰਜਾਬ ਇਸ ਮਾਮਲੇ ਵਿਚ ਵੀ 18ਵੇਂ ਨੰਬਰ ਉਤੇ ਹੀ ਹੈ। ਭਾਵੇਂ ਪੰਜਾਬ ਵਿਚ ਕਰੋਨਾ ਮਰੀਜ਼ਾਂ ਦੇ ਠੀਕ ਹੋਣ ਦੀ ਕੌਮੀ ਦਰ 90.8 ਫੀਸਦੀ ਤੋਂ ਮਾਮੂਲੀ ਘੱਟ 89.96 ਫੀਸਦੀ ਹੈ ਪਰ ਇਹ ਮਹਾਰਾਸ਼ਟਰ, ਕੇਰਲ, ਰਾਜਸਥਾਨ, ਉੱਤਰ ਪ੍ਰਦੇਸ਼, ਗੁਜਰਾਤ, ਦਿੱਲੀ, ਅੰਡੇਮਾਨ, ਦਾਦਰਾ ਨਗਰ ਹਵੇਲੀ, ਝਾਰਖੰਡ, ਲੱਦਾਖ, ਪੱਛਮੀ ਬੰਗਾਲ, ਛੱਤੀਸਗੜ੍ਹ, ਮੱਧ ਪ੍ਰਦੇਸ਼, ਬਿਹਾਰ, ਤੇਲੰਗਾਨਾ, ਚੰਡੀਗੜ੍ਹ, ਹਰਿਆਣਾ ਆਦਿ ਸੂਬਿਆਂ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਤੋਂ ਹੇਠਾਂ ਹੈ। ਦੇਸ਼ ਭਰ ਵਿਚ ਸਭ ਤੋਂ ਵੱਧ ਠੀਕ ਹੋਣ ਵਾਲੇ ਕਰੋਨਾ ਮਰੀਜ਼ਾਂ ਦੀ ਦਰ 97.4 ਫੀਸਦੀ ਦਿੱਲੀ ਦੀ ਹੈ। ਬਿਹਾਰ 96.29 ਫੀਸਦੀ ਨਾਲ ਦੂਜੇ ਨੰਬਰ ਅਤੇ ਉੱਤਰ ਪ੍ਰਦੇਸ਼ 96.07 ਫੀਸਦੀ ਤੀਸਰੇ ਨੰਬਰ ਉਤੇ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਤੋਂ ਬਾਅਦ ਦੂਜੇ ਨੰਬਰ ਉਤੇ ਸਭ ਤੋਂ ਵੱਧ ਮੌਤ ਦਰ ਵਾਲਾ ਸੂਬਾ ਉੱਤਰਾਖੰਡ ਹੈ, ਜਿਥੇ ਮੌਤ ਦਰ 1.94 ਫੀਸਦੀ ਹੈ, ਜਦੋਂ ਕਿ ਤੀਸਰੇ ਨੰਬਰ ਉਤੇ ਮੌਤ ਦਰ ਦਿੱਲੀ ਦੀ ਹੈ, ਜੋ 1.69 ਫੀਸਦੀ ਹੈ। ਪੰਜਾਬ ਵਿਚ ਵੀ ਸਰਕਾਰੀ ਤੌਰ ਉਤੇ ਦਰਜ ਕਰੋਨਾ ਮੌਤਾਂ ਅਤੇ ਸਮਸਾਨਘਾਟਾਂ ਵਿਚ ਸਸਕਾਰ ਅਤੇ ਕਬਰਸਤਾਨਾਂ 'ਚ ਦਫਨਾਉਣ ਦੀ ਗਿਣਤੀ ਵਿਚ ਫਰਕ ਕਈ ਥਾਵਾਂ 'ਤੇ ਨਜ਼ਰ ਆ ਹੀ ਜਾਂਦਾ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਤਾਂ ਕਰੋਨਾ ਕਾਰਨ ਸਭ ਤੋਂ ਘੱਟ ਮੌਤ ਦਰ ਦਾਦਰਾ ਨਗਰ ਹਵੇਲੀ 'ਚ ਹੈ ਜਿਥੇ ਇਹ ਸਿਰਫ 0.04 ਫੀਸਦੀ ਹੈ ਪਰ ਵੱਡੇ ਰਾਜਾਂ ਵਿਚੋਂ ਘਟ ਮੌਤ ਦਰ ਦੇ ਮਾਮਲੇ ਵਿਚ ਕੇਰਲ ਦੀ ਸਥਿਤੀ ਸਭ ਤੋਂ ਸ਼ਲਾਘਾਯੋਗ ਹੈ, ਜਿੱਥੇ ਮੌਤ ਦਰ 0.34 ਫੀਸਦੀ ਹੈ ਜਦੋਂਕਿ ਵੱਡੇ ਰਾਜਾਂ ਵਿਚ ਉੜੀਸਾ ਅਤੇ ਤੇਲੰਗਾਨਾ ਵੀ ਪੰਜਾਬ ਦੇ ਮੁਕਾਬਲੇ ਬਹੁਤ ਚੰਗੀ ਹਾਲਤ ਵਿਚ ਹਨ। ਉੜੀਸਾ ਵਿਚ 0.36 ਫੀਸਦੀ ਅਤੇ ਤੇਲੰਗਾਨਾ ਵਿਚ ਮੌਤ ਦਰ 0.57 ਫੀਸਦੀ ਹੈ। ਹਰਿਆਣਾ ਵੀ ਮੌਤ ਦਰ 1.08 ਫੀਸਦੀ ਹੈ। ਹਿਮਾਚਲ ਵਿਚ ਮੌਤ ਦਰ 1.64 ਫੀਸਦੀ, ਜੰਮੂ ਕਸ਼ਮੀਰ ਵਿਚ 1.34 ਫੀਸਦੀ ਅਤੇ ਚੰਡੀਗੜ੍ਹ ਵਿਚ 1.24 ਫੀਸਦੀ ਹੈ।

### 'ਸਾਰੇ ਸੂਬੇ ਅਨਾਥ ਹੋਏ ਬੱਚਿਆਂ ਦੇ ਅੰਕੜੇ ਨਸ਼ਰ ਕਰਨ'

**ਨਵੀਂ ਦਿੱਲੀ:** ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟ ਨੇ ਦੇਸ਼ ਭਰ ਦੇ ਸੂਬਿਆਂ ਤੇ ਯੂਟੀਜ਼ ਨੂੰ ਹੁਕਮ ਦਿੱਤੇ ਹਨ ਕਿ ਕੋਵਿਡ ਦੌਰਾਨ ਅਨਾਥ ਹੋਏ ਬੱਚਿਆਂ ਦੇ ਅੰਕੜੇ ਆਪਣੇ ਪੋਰਟਲ 'ਤੇ ਅਪਲੋਡ ਕਰਨ। ਕਮਿਸ਼ਨ ਨੇ ਕਿਹਾ ਹੈ ਕਿ ਜਿਹੜੇ ਬੱਚਿਆਂ ਦੇ ਮਾਂ ਜਾਂ ਪਿਉ ਵਿਚੋਂ ਕੋਈ ਇਕ ਦੀ ਵੀ ਮੌਤ ਹੋਈ ਹੋਵੇ, ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ। ਇਸ ਤੋਂ ਇਕ ਦਿਨ ਪਹਿਲਾਂ ਸਰਵਉਚ ਅਦਾਲਤ ਨੇ ਵੀ ਸੂਬਿਆਂ ਨੂੰ ਅਜਿਹੇ ਬੱਚੇ ਦੇ ਵੇਰਵੇ ਨਸ਼ਰ ਕਰਨ ਤੇ ਉਨ੍ਹਾਂ ਦੀ ਸੰਭਾਲ ਕਰਨ ਦੇ ਹੁਕਮ ਦਿੱਤੇ ਸਨ। ਬਾਲ ਵਿਕਾਸ ਮੰਤਰੀ ਸਮਰਿਤੀ ਇਰਾਨੀ ਨੇ ਕਿਹਾ ਸੀ ਕਿ ਪਹਿਲੀ ਅਪਰੈਲ ਤੋਂ 25 ਮਾਰਚ ਤੱਕ 577 ਬੱਚੇ ਅਨਾਥ ਹੋਏ ਹਨ।

# ਕਰੋਨਾ ਦੀ ਦੂਜੀ ਲਹਿਰ ਨੇ ਭਾਰਤੀ ਅਰਥਚਾਰਾ ਹਿਲਾਇਆ

## ਸਖਤ ਪਾਬੰਦੀਆਂ ਕਾਰਨ ਬੇਰੁਜ਼ਗਾਰੀ ਸਿਖਰਾਂ ਉਤੇ ਪੁੱਜੀ

**ਨਵੀਂ ਦਿੱਲੀ:** ਕਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਵਿਚ ਦੇਸ਼ ਦਾ ਅਰਥਚਾਰਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਦੇਸ਼ ਦਾ ਸਮੁੱਚਾ ਅਰਥਚਾਰਾ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਪ੍ਰਭਾਵਿਤ ਹੁੰਦਾ ਆਇਆ ਹੈ ਅਤੇ ਚਾਲੂ ਵਿੱਤੀ ਸਾਲ ਵਿਚ ਵੀ ਇਸ ਵਿਚ ਸੁਧਾਰ ਹੋਣ ਦੀ ਕੋਈ ਗੁੰਜਾਇਸ਼ ਦਿਖਾਈ ਨਹੀਂ ਦਿੰਦੀ।

ਇਸੇ ਕਾਰਨ ਦੇਸ਼ ਵਿਚ ਰੁਜ਼ਗਾਰ ਦੇ ਨਵੇਂ ਮੌਕਿਆਂ ਵਿਚ ਭਾਰੀ ਕਮੀ ਦਰਜ ਕੀਤੀ ਗਈ ਹੈ। ਮਹਾਂਮਾਰੀ ਦੇ ਮਾੜੇ ਪ੍ਰਭਾਵਾਂ ਵਿਚ ਇਹ ਵੀ ਹੈ ਕਿ ਤਾਲਾਬੰਦੀ ਕਾਰਨ ਹਰ ਖੇਤਰ ਵਿਚ ਬੇਰੁਜ਼ਗਾਰੀ ਵਧੀ ਹੈ। ਵਪਾਰ, ਉਦਯੋਗ ਅਤੇ ਕਾਰਪੋਰੇਟ ਖੇਤਰਾਂ ਵਿਚ ਲੱਖਾਂ ਲੋਕਾਂ ਦੀਆਂ ਨੌਕਰੀਆਂ ਖੁਸ ਗਈਆਂ ਹਨ। ਇਸ ਦਾ ਕਾਰਨ ਅਨਿਸ਼ਚਿਤਤਾ ਅਤੇ ਅਸੁਰੱਖਿਆ ਦੇ ਮਾਹੌਲ ਵਿਚ ਕਿਰਤੀ ਵਰਗ ਦਾ ਸਮੂਹਿਕ ਰੂਪ ਨਾਲ ਆਪੋ ਆਪਣੇ ਪਿੱਤਰੀ ਰਾਜਾਂ ਵੱਲ ਹਿਜਰਤ ਕਰਨਾ ਵੀ ਹੈ। ਇਸ ਨਾਲ ਬੇਰੁਜ਼ਗਾਰ ਲੋਕਾਂ ਦੀ ਗਿਣਤੀ ਵਿਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ, ਜਿਸ ਦਾ ਪ੍ਰਤੱਖ ਪ੍ਰਭਾਵ ਦੇਸ਼ ਦੇ ਅਰਥਚਾਰੇ ਉਤੇ ਪੈ ਰਿਹਾ ਹੈ।

ਹਾਲ ਹੀ ਵਿਚ ਕੀਤੇ ਇਕ ਸਰਵੇਖਣ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਦੇ 10 ਰਾਜਾਂ ਵਿਚ ਬੇਰੁਜ਼ਗਾਰੀ ਦਰ ਦੋਹਰੇ ਅੰਕ ਵਿਚ ਭਾਵ 10 ਫੀਸਦੀ ਤੋਂ ਵੱਧ ਹੋ ਗਈ ਹੈ। ਇਨ੍ਹਾਂ ਵਿਚ ਉੱਤਰਾਖੰਡ, ਹਰਿਆਣਾ ਅਤੇ ਤ੍ਰਿਪੁਰਾ ਆਦਿ ਰਾਜਾਂ ਵਿਚ ਇਹ ਦਰ 17 ਫੀਸਦੀ ਤੋਂ ਵੀ ਵੱਧ ਰਹੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਇਹ ਦਰ 12.5 ਫੀਸਦੀ ਹੈ ਜਦੋਂਕਿ ਪੰਜਾਬ ਕੁਲ 13 ਰਾਜਾਂ ਵਿਚੋਂ 10ਵੇਂ ਸਥਾਨ ਉਤੇ ਹੈ। ਹਿਮਾਚਲ ਪ੍ਰਦੇਸ਼ ਵਿਚ



ਇਹ ਦਰ 12 ਫੀਸਦੀ ਰਹੀ ਹੈ। ਇਸ ਰਿਪੋਰਟ ਅਨੁਸਾਰ ਇਸ ਸਥਿਤੀ ਦਾ ਪ੍ਰਤੱਖ ਪ੍ਰਭਾਵ ਅਰਥਚਾਰੇ ਉਤੇ ਪੈਣਾ ਲਾਜ਼ਮੀ ਸੀ। ਸਟੇਟ ਬੈਂਕ ਆਫ ਇੰਡੀਆ ਦੀ ਇਕ ਹੋਰ ਸਰਵੇਖਣ ਰਿਪੋਰਟ ਵਿਚ ਵੀ ਇਹ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਵਿੱਤੀ ਸਾਲ 2020-21 ਵਿਚ ਦੇਸ਼ ਦੇ ਅਰਥਚਾਰੇ ਵਿਚ ਰੁਜ਼ਗਾਰ ਪੈਦਾ ਹੋਣ ਵਿਚ 16.9 ਲੱਖ ਦੀ ਕਮੀ ਆਈ ਸੀ। ਇਸ ਰਿਪੋਰਟ ਅਨੁਸਾਰ ਵਿੱਤੀ ਸਾਲ 2019-20 ਵਿਚ ਵੀ ਰੁਜ਼ਗਾਰ ਪੈਦਾ ਹੋਣ ਦੇ ਮਾਮਲੇ ਵਿਚ ਕਮੀ ਦਾ ਰੁਝਾਨ ਦਰਜ ਕੀਤਾ ਗਿਆ ਸੀ। ਇਨ੍ਹਾਂ ਦੋਵਾਂ ਰਿਪੋਰਟਾਂ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਰੁਜ਼ਗਾਰ ਦੇ ਨਵੇਂ ਮੌਕਿਆਂ ਦੇ ਪੈਦਾ ਨਾ ਹੋਣ ਦਾ ਸਿੱਧਾ ਪ੍ਰਭਾਵ ਦੇਸ਼ ਦੇ ਅਰਥਚਾਰੇ ਉਤੇ ਪੈ ਰਿਹਾ ਹੈ। ਕਿਰਤੀ ਅੰਸ਼ ਧਾਰਕ ਯੋਜਨਾ ਭਾਵ ਕਰਮਚਾਰੀ ਪ੍ਰਾਵੀਡੈਂਟ ਫੰਡ ਵਿਚ ਸ਼ੁਮਾਰ ਹੋਣ ਵਾਲੇ ਕਿਰਤੀਆਂ/ਮੁਲਾਜ਼ਮਾਂ ਦੀ ਗਿਣਤੀ ਵਿਚ ਕਮੀ ਆਉਣਾ ਵੀ ਚੰਗਾ ਸੰਕੇਤ ਨਹੀਂ ਹੈ। ਵਿੱਤੀ ਸਾਲ 2019-20 ਦੀ ਤੁਲਨਾ ਵਿਚ ਬੀਤੇ ਸਾਲ ਅਤੇ ਚਾਲੂ ਸਾਲ ਵਿਚ ਲਗਭਗ 2 ਲੱਖ ਅਜਿਹੇ ਮੁਲਾਜ਼ਮਾਂ ਦੀ ਕਮੀ ਹੋਣਾ ਇਸੇ ਤੱਥ ਨੂੰ ਦਰਸਾਉਂਦਾ ਹੈ। ਸਟੇਟ ਬੈਂਕ ਦੀ ਰਿਪੋਰਟ ਵਿਚ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਕਰਮਚਾਰੀ ਭਵਿੱਖਨਿਧੀ ਯੋਜਨਾ ਵਿਚ ਨਵੇਂ ਅੰਸ਼ ਧਾਰਕਾਂ ਵਿਚੋਂ ਇਕ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਇਸ ਯੋਜਨਾ ਵਿਚ ਪਿਛਲੇ ਸਾਲ ਦੀ ਬੇਰੁਜ਼ਗਾਰੀ ਤੋਂ ਬਾਅਦ ਮੁੜ ਸ਼ਾਮਲ ਹੋਏ ਹਨ।

ਕਰੋਨਾ ਮਹਾਂਮਾਰੀ ਦੇ ਪ੍ਰਕੋਪ ਕਾਰਨ ਦੇਸ਼ ਵਿਚ ਗਰੀਬਾਂ ਦੀ ਗਿਣਤੀ ਵਿਚ ਵੀ ਭਾਰੀ ਵਾਧਾ ਹੋਇਆ ਹੈ। ਇਕ ਅਨੁਮਾਨ ਅਨੁਸਾਰ ਇਸ ਦੌਰਾਨ ਦੇਸ਼ ਵਿਚ 8 ਤੋਂ 10 ਕਰੋੜ ਗਰੀਬ ਹੋਰ ਵਧ ਜਾਣਗੇ। ਆਰਥਿਕ ਮਾਹਿਰ ਸੁਰੇਸ਼ ਤੇਂਦੁਲਕਰ ਕਮੇਟੀ ਦੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਵਿਚ ਪਹਿਲਾਂ ਹੀ 21 ਫੀਸਦੀ ਭਾਵ 27 ਕਰੋੜ ਲੋਕ ਗਰੀਬ ਹਨ। ਸੰਯੁਕਤ ਰਾਸ਼ਟਰ ਸੰਘ ਦੀ ਇਕ ਰਿਪੋਰਟ ਅਨੁਸਾਰ ਕਰੋਨਾ ਕਾਲ ਕਾਰਨ ਅਰਥਚਾਰੇ ਅਤੇ ਇਸ ਨਾਲ ਸਬੰਧਿਤ ਖੇਤਰਾਂ ਉਤੇ ਪੈਣ ਵਾਲੇ ਮਾੜੇ ਪ੍ਰਭਾਵ ਇਸ ਪੂਰੇ ਦਹਾਕੇ ਵਿਚ ਦਿਖਾਈ ਦਿੰਦੇ ਰਹਿਣਗੇ। ਵਿਸ਼ਵ ਭਰ ਵਿਚ ਗਰੀਬਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਵੇਗਾ। ਇਕ ਰਿਪੋਰਟ ਅਨੁਸਾਰ ਦੇਸ਼ ਦੀ ਕੁੱਲ ਪੂੰਜੀ ਦਾ ਸਿਰਫ 19 ਫੀਸਦੀ ਹਿੱਸਾ ਹੀ ਦੇਸ਼ ਦੀ 90 ਫੀਸਦੀ ਵਸੋਂ ਵਿਚ ਵੰਡਿਆ ਜਾਂਦਾ ਹੈ। ਇਸ ਦਾ ਪ੍ਰਭਾਵ ਟੈਕਸ ਵਸੂਲੀ ਉਤੇ ਪੈਂਦਾ ਹੈ ਜਿਸ ਨਾਲ ਅਰਥਚਾਰੇ ਦਾ ਕਮਜ਼ੋਰ ਹੋਣਾ ਬਹੁਤ ਸੁਭਾਵਿਕ ਹੈ। ਕਰੋਨਾ ਕਾਲ ਦੀਆਂ ਤ੍ਰਾਸਦੀਆਂ ਤੋਂ ਉੱਭਰਨ ਲਈ ਕੇਂਦਰ ਸਰਕਾਰ ਵੱਲੋਂ ਰਾਜਾਂ ਅਤੇ ਆਮ ਲੋਕਾਂ ਲਈ ਐਲਾਨੀਆਂ ਰਾਹਤ ਯੋਜਨਾਵਾਂ ਅਤੇ ਪੈਕਜਾਂ ਨਾਲ ਵੀ ਦੇਸ਼ ਦੇ ਅਰਥਚਾਰੇ ਉਤੇ ਮਾੜਾ ਪ੍ਰਭਾਵ ਪਿਆ ਹੈ। ਕੇਂਦਰ ਸਰਕਾਰ ਦੀ ਜੀ.ਐਸ.ਟੀ. ਵਸੂਲੀ ਵਿਚ ਬੇਸ਼ੱਕ ਵਾਧਾ ਦਰਜ ਕੀਤਾ ਗਿਆ ਹੈ ਪਰ ਹੋਰ ਕਈ ਤਰ੍ਹਾਂ ਦੇ ਟੈਕਸਾਂ ਵਿਚ ਕਟੌਤੀ ਹੋਣ ਨਾਲ ਮਾਲੀਏ ਵਿਚ ਕਮੀ ਆਉਣਾ ਸੁਭਾਵਿਕ ਹੈ। ਇਕ ਰਿਪੋਰਟ ਅਨੁਸਾਰ ਦੂਜੀ ਲਹਿਰ ਦੇ 45 ਦਿਨਾਂ ਵਿਚ ਦੇਸ਼ ਦੇ ਅਰਥਚਾਰੇ ਨੂੰ 12 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

### ਭਾਰਤ 'ਚ ਬੇਰੁਜ਼ਗਾਰੀ ਤਿੰਨ ਦਹਾਕਿਆਂ ਦੇ ਸਿਖਰ 'ਤੇ

ਭਾਰਤ 'ਚ ਕਰੋਨਾ ਦੌਰਾਨ ਰੁਜ਼ਗਾਰ 'ਚ ਵੱਡੀ ਕਮੀ ਆਈ ਹੈ। ਅੰਤਰਰਾਸ਼ਟਰੀ ਲੇਬਰ ਆਰਗੇਨਾਈਜ਼ੇਸ਼ਨ (ਆਈ.ਐਲ.ਓ.) ਮੁਤਾਬਕ 2020 ਦੌਰਾਨ ਭਾਰਤ ਦੀ ਬੇਰੁਜ਼ਗਾਰੀ ਦਰ 7.11 ਪ੍ਰਤੀਸ਼ਤ ਦੇ ਸਭ ਤੋਂ ਉਚੇ ਪੱਧਰ 'ਤੇ ਪਹੁੰਚ ਗਈ, ਭਾਵ ਕੰਮ ਕਰਨ ਨੂੰ ਤਿਆਰ ਹਰੇਕ 10 ਹਜ਼ਾਰ ਕਾਮਿਆਂ 'ਚੋਂ 711 ਨੂੰ ਕੰਮ ਨਹੀਂ ਮਿਲਿਆ। ਇਹ ਪਿਛਲੇ ਤਿੰਨ ਦਹਾਕਿਆਂ 'ਚ ਸਭ ਤੋਂ ਉੱਚਾ ਪੱਧਰ ਹੈ। ਭਾਰਤ ਦੀ ਬੇਰੁਜ਼ਗਾਰੀ ਦਰ ਪਿਛਲੇ ਇਕ ਦਹਾਕੇ ਵਿਚ ਗੁਆਂਢੀ ਦੇਸਾਂ ਮੁਕਾਬਲੇ ਸਭ ਤੋਂ ਜਿਆਦਾ ਰਹੀ। 2009 'ਚ ਸ੍ਰੀਲੰਕਾ 'ਚ ਸਭ ਤੋਂ ਵਧ ਬੇਰੁਜ਼ਗਾਰੀ ਸੀ। 'ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕੋਨੋਮੀ' ਮੁਤਾਬਕ ਕਰੋਨਾ ਦੀ ਦੂਜੀ ਲਹਿਰ ਨੇ ਬੇਰੁਜ਼ਗਾਰੀ ਦਰ ਸਾਲਾਨਾ ਆਧਾਰ 'ਤੇ ਕਾਫੀ ਵਧਾ ਦਿੱਤੀ ਹੈ। ਇਸ ਮੁਤਾਬਕ ਜਨਵਰੀ 'ਚ 6.62 ਫੀਸਦੀ ਰਹੀ ਮਹੀਨਾਵਾਰ ਬੇਰੁਜ਼ਗਾਰੀ ਦਰ ਅਪਰੈਲ 'ਚ ਵਧ ਕੇ 7.97 ਫੀਸਦੀ 'ਤੇ ਪਹੁੰਚ ਗਈ। ਭਾਵ ਜਨਵਰੀ 'ਚ 10 ਹਜ਼ਾਰ ਕਾਮਿਆਂ 'ਚੋਂ 662 ਤੇ ਅਪਰੈਲ 'ਚ 797 ਨੂੰ ਕੰਮ ਨਹੀਂ ਮਿਲਿਆ।

# ਕਰੋਨਾ ਆਸਰੇ ਸਰਹੱਦੀ ਘੁਸਪੈਠੀਆਂ ਨੇ ਵਧਾਈਆਂ ਸਰਗਰਮੀਆਂ

**ਨਵੀਂ ਦਿੱਲੀ:** ਪਿਛਲੇ ਸਾਲ ਦੇ ਪਹਿਲੇ ਸਾਢੇ ਚਾਰ ਮਹੀਨਿਆਂ ਦੇ ਮੁਕਾਬਲੇ ਇਸ ਸਾਲ ਇਸੇ ਵਕਫੇ ਦੌਰਾਨ ਭਾਰਤ ਪਾਕਿਸਤਾਨ ਸਰਹੱਦਾਂ ਦੇ ਨਾਲ ਘੁਸਪੈਠ ਦੀਆਂ ਕੋਸ਼ਿਸ਼ਾਂ ਵਿਚ ਵਾਧਾ ਹੋਇਆ ਹੈ। ਗੁਆਂਢੀ ਮੁਲਕ ਵੱਲੋਂ ਅਤਿਵਾਦ ਫੈਲਾਉਣ ਅਤੇ ਨਸ਼ੇ ਤੇ ਹਥਿਆਰਾਂ ਦਾ ਗੈਰ-ਕਾਨੂੰਨੀ ਕਾਰੋਬਾਰ ਵਧਾਉਣ ਲਈ ਭਾਰਤ ਵਾਲੇ ਪਾਸੇ ਅਤਿਵਾਦੀਆਂ ਤੇ ਤਸਕਰਾਂ ਨੂੰ ਭੇਜਿਆ ਜਾ ਰਿਹਾ ਹੈ।

ਪਾਕਿਸਤਾਨ ਦੀ ਖੁਫੀਆ ਏਜੰਸੀ ਇੰਟਰ-ਸਰਵਿਸਿਜ ਇੰਟੈਲੀਜੈਂਸ (ਆਈ.ਐਸ.ਆਈ.) ਤੋਂ ਸਹਾਇਤਾ ਪ੍ਰਾਪਤ ਕੁਝ ਅਤਿਵਾਦੀ ਤੇ ਤਸਕਰ ਚੋਰੀ-ਛੁਪੇ ਭਾਰਤ ਵਿਚ ਦਾਖਲ ਹੋਣ 'ਚ ਸਫਲ ਹੋ ਜਾਂਦੇ ਹਨ। ਹਾਲਾਂਕਿ, ਉਨ੍ਹਾਂ ਵਿਚੋਂ ਜ਼ਿਆਦਾਤਰ ਇਸ ਕੋਸ਼ਿਸ਼ ਵਿਚ ਅਸਫਲ ਹੀ ਰਹਿੰਦੇ ਹਨ ਜਾਂ ਕੁਝ ਕੁ 3323 ਕਿਲੋਮੀਟਰ ਲੰਬੀ ਭਾਰਤ-ਪਾਕਿਸਤਾਨ ਸਰਹੱਦ ਦੀ ਰਾਖੀ ਕਰਦੇ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਵੱਲੋਂ ਫੜ ਲਏ ਜਾਂਦੇ ਹਨ।

ਭਾਰਤ ਵਿਚ ਪੰਜਾਬ ਦੀਆਂ ਸਰਹੱਦਾਂ 'ਤੇ ਘੁਸਪੈਠ ਦੀਆਂ ਸਭ ਤੋਂ ਵੱਧ 23 ਕੋਸ਼ਿਸ਼ਾਂ ਹੋਈਆਂ। ਉਸ ਤੋਂ ਬਾਅਦ ਜੰਮੂ ਵਿਚ 10, ਰਾਜਸਥਾਨ ਵਿਚ ਪੰਜ ਅਤੇ ਕਸ਼ਮੀਰ ਤੇ ਗੁਜਰਾਤ ਦੀਆਂ ਸਰਹੱਦਾਂ ਰਾਹੀਂ ਘੁਸਪੈਠ ਦੀ ਇਕ-ਇਕ ਕੋਸ਼ਿਸ਼ ਹੋਈ। ਇਕ ਰਿਪੋਰਟ ਮੁਤਾਬਕ ਇਸ ਸਾਲ ਪਹਿਲੀ ਜਨਵਰੀ ਤੋਂ ਲੈ ਕੇ 20 ਮਈ ਵਿਚਾਲੇ ਘੁਸਪੈਠ ਦੀਆਂ 40 ਕੋਸ਼ਿਸ਼ਾਂ ਹੋਣ ਦਾ ਸੰਕੇਤ ਮਿਲਿਆ ਹੈ ਜਦੋਂਕਿ ਪਿਛਲੇ ਸਾਲ ਇਸੇ ਵਕਫੇ ਦੌਰਾਨ ਅਜਿਹੀਆਂ ਸਿਰਫ 11 ਕੋਸ਼ਿਸ਼ਾਂ ਹੋਈਆਂ ਸਨ। ਇਸ ਸਾਲ ਹੋਈਆਂ ਘੁਸਪੈਠ ਦੀਆਂ 40 ਕੋਸ਼ਿਸ਼ਾਂ ਵਿਚੋਂ 23 ਨੂੰ ਬੀ.ਐਸ.ਐਫ. ਨੇ ਅਸਫਲ ਕਰ ਦਿੱਤਾ ਅਤੇ ਭਾਰਤੀ ਇਲਾਕੇ ਵਿਚ ਦਾਖਲ ਹੋਣ ਦੀ



ਕੋਸ਼ਿਸ਼ ਕਰਦੇ 17 ਪਾਕਿਸਤਾਨ ਆਧਾਰਤ ਘੁਸਪੈਠੀਆਂ ਨੂੰ ਕਾਬੂ ਵੀ ਕੀਤਾ। ਅਸਫਲ ਕੀਤੀਆਂ ਗਈਆਂ ਘੁਸਪੈਠ ਦੀਆਂ 23 ਕੋਸ਼ਿਸ਼ਾਂ ਵਿਚੋਂ 11 ਪੰਜਾਬ ਰਾਹੀਂ, ਸੱਤ ਜੰਮੂ ਰਾਹੀਂ, ਚਾਰ ਰਾਜਸਥਾਨ ਰਾਹੀਂ ਅਤੇ ਇਕ ਕੋਸ਼ਿਸ਼ ਕਸ਼ਮੀਰ ਰਾਹੀਂ ਕੀਤੀ ਗਈ ਸੀ।

ਕਾਬੂ ਕੀਤੇ ਗਏ 17 ਵਿਚੋਂ 12 ਘੁਸਪੈਠੀਏ ਪੰਜਾਬ ਦੀਆਂ ਸਰਹੱਦਾਂ 'ਤੇ ਕਾਬੂ ਕੀਤੇ ਗਏ, ਤਿੰਨ ਜੰਮੂ ਵਿਚ ਅਤੇ ਰਾਜਸਥਾਨ ਤੇ ਗੁਜਰਾਤ 'ਚ ਇਕ-ਇਕ ਘੁਸਪੈਠੀਆ ਕਾਬੂ ਕੀਤਾ ਗਿਆ। ਬੀ.ਐਸ.ਐਫ. ਦੇ ਇਕ ਸੀਨੀਅਰ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਜ਼ਿਆਦਾਤਰ ਮਾਮਲਿਆਂ ਵਿਚ ਘੁਸਪੈਠੀਆਂ ਨੂੰ ਵਾਪਸ ਪਾਕਿਸਤਾਨ ਵੱਲ ਧੱਕ ਦਿੱਤਾ ਜਾਂਦਾ ਹੈ ਅਤੇ ਜੇਕਰ ਕੋਈ ਵਿਅਕਤੀ ਸਰਹੱਦ ਤੋਂ ਭਾਰਤ ਵਾਲੇ ਪਾਸੇ ਵੜ ਵੀ ਜਾਂਦਾ ਹੈ ਤਾਂ ਉਸ ਦੀ ਭਾਲ ਵਿਚ ਵੱਡੀ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਜਾਂਦੀ ਹੈ।

### ਬਰਤਾਨੀਆ ਵੱਲੋਂ ਜੌਹਨਸਨ ਵੈਕਸੀਨ ਨੂੰ ਹਰੀ ਝੰਡੀ

**ਲੰਡਨ:** ਬਰਤਾਨਵੀ ਡਰੱਗ ਰੈਗੂਲੇਟਰ ਨੇ ਜੌਹਨਸਨ ਐਂਡ ਜੌਹਨਸਨ ਵੱਲੋਂ ਤਿਆਰ ਕੋਵਿਡ-19 ਵੈਕਸੀਨ ਦੀ ਮੁਲਕ ਵਿਚ ਵਰਤੋਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕਰੋਨਾ ਤੋਂ ਬਚਾਅ ਲਈ ਇਹ ਚੌਥੀ ਵੈਕਸੀਨ ਹੈ, ਜੋ ਹੁਣ ਬਰਤਾਨੀਆ ਵਿਚ ਉਪਲਬਧ ਹੋਵੇਗੀ। ਸਿਹਤ ਮੰਤਰਾਲੇ ਨੇ ਕਿਹਾ ਕਿ ਸਰਕਾਰ ਨੇ ਸਿੰਗਲ ਸ਼ੋਟ ਵਾਲੀ ਵੈਕਸੀਨ ਦੀਆਂ 2 ਕਰੋੜ ਖੁਰਾਕਾਂ ਦਾ ਆਰਡਰ ਦੇਣ ਦਾ ਫੈਸਲਾ ਕੀਤਾ ਹੈ। ਬਰਤਾਨਵੀ ਸਰਕਾਰ ਨੇ ਹਾਲਾਂਕਿ ਪਹਿਲਾਂ 3 ਕਰੋੜ ਖੁਰਾਕਾਂ ਦਾ ਆਰਡਰ ਦੇਣ ਦਾ ਮਨ ਬਣਾਇਆ ਸੀ। ਜੌਹਨਸਨ ਐਂਡ ਜੌਹਨਸਨ ਵੱਲੋਂ ਤਿਆਰ ਵੈਕਸੀਨ ਨੂੰ 'ਜੌਹਨਸਨ' ਦਾ ਨਾਂ ਦਿੱਤਾ ਗਿਆ ਹੈ ਤੇ ਕਰੋਨਾ ਤੋਂ ਬਚਾਅ ਲਈ ਕਿਸੇ ਵਿਅਕਤੀ ਨੂੰ ਇਸ ਦੀ ਇਕੋ ਖੁਰਾਕ ਲੈਣੀ ਹੋਵੇਗੀ।

# ਕਰੋਨਾ ਪੀੜਤਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਨੇ ਸੰਭਾਲਿਆ ਮੋਰਚਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਕਰੋਨਾ ਪੀੜਤਾਂ ਦੀ ਮਦਦ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਪੰਜਾਬ ਅਤੇ ਹਰਿਆਣਾ ਵਿਚ ਲਗਭਗ 400 ਬੈੱਡਾਂ ਦਾ ਪ੍ਰਬੰਧ ਕਰ ਦਿੱਤਾ ਹੈ, ਜਿੱਥੇ ਕਰੋਨਾ ਪੀੜਤਾਂ ਦੇ ਇਲਾਜ ਲਈ ਮੁਫਤ ਦਵਾਈਆਂ, ਡਾਕਟਰੀ ਅਮਲਾ, ਆਕਸੀਜਨ ਕੰਸਨਟਰੇਟਰ ਅਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਅੰਮ੍ਰਿਤਸਰ ਅਤੇ ਹਰਿਆਣਾ ਦੇ ਹਸਪਤਾਲਾਂ ਵਿਚ ਵੈਂਟੀਲੇਟਰਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਸਿੱਖ ਸੰਸਥਾ ਵੱਲੋਂ ਇਹ ਕਰੋਨਾ ਕੇਅਰ ਕੇਂਦਰ ਲੁਧਿਆਣਾ ਦੇ ਆਲਮਗੀਰ, ਬਠਿੰਡਾ ਦੇ ਤਲਵੰਡੀ ਸਾਬੋ, ਕਪੂਰਥਲਾ ਦੇ ਭੁਲੱਥ, ਫਿਰੋਜ਼ਪੁਰ ਦੇ ਬਜੀਦਪੁਰ, ਸੰਗਰੂਰ, ਮਾਨਸਾ ਦੇ ਬੁਢਲਾਡਾ, ਰੋਪੜ, ਜਲੰਧਰ ਦੇ ਆਦਮਪੁਰ ਨੇੜੇ ਪਿੰਡ ਕਾਲੜਾ, ਪਟਿਆਲਾ ਦੇ ਬਹਾਦਰਗੜ੍ਹ ਅਤੇ ਅੰਮ੍ਰਿਤਸਰ ਦੇ ਪਿੰਡ ਕਥੂਨੰਗਲ ਵਿੱਚ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਇਕ ਵਿਚ 50 ਬੈੱਡ ਅਤੇ ਬਾਕੀ 9 ਕੇਂਦਰਾਂ ਵਿਚ 25-25 ਬੈੱਡ ਹਨ। ਇੱਥੇ ਕਰੋਨਾ ਦੇ ਲੈਵਲ-ਇਕ ਅਤੇ ਦੋ ਦੇ ਮਰੀਜ਼ਾਂ ਦੇ ਇਲਾਜ ਦੀ ਸਹੂਲਤ ਦਿੱਤੀ ਗਈ ਹੈ। ਇਨ੍ਹਾਂ 'ਚ ਲਗਭਗ 200 ਆਕਸੀਜਨ ਕੰਸਨਟਰੇਟਰਾਂ ਦਾ ਪ੍ਰਬੰਧ ਹੈ।

ਅੰਮ੍ਰਿਤਸਰ ਸਥਿਤ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਚ 100 ਬੈੱਡਾਂ ਦਾ ਪ੍ਰਬੰਧ ਹੈ। ਇੱਥੇ ਆਕਸੀਜਨ ਕੰਸਨਟਰੇਟਰਾਂ ਤੋਂ ਇਲਾਵਾ ਲਗਭਗ



35 ਵੈਂਟੀਲੇਟਰਾਂ ਦਾ ਵੀ ਪ੍ਰਬੰਧ ਹੈ। ਇਸੇ ਤਰ੍ਹਾਂ ਹਰਿਆਣਾ ਦੇ ਸ਼ਾਹਬਾਦ ਮਾਰਕੰਡਾ ਵਿੱਚ ਮੀਰੀ-ਪੀਰੀ ਮੈਡੀਕਲ ਕਾਲਜ 'ਚ ਵੀ ਕਰੋਨਾ ਕੇਅਰ ਕੇਂਦਰ ਸਥਾਪਿਤ ਕੀਤਾ, ਜਿੱਥੇ ਆਕਸੀਜਨ ਕੰਸਨਟਰੇਟਰ ਅਤੇ ਵੈਂਟੀਲੇਟਰਾਂ ਦਾ ਵੀ ਪ੍ਰਬੰਧ ਹੈ। ਕਰੋਨਾ ਕੇਅਰ ਕੇਂਦਰਾਂ ਵਿਚ ਮਰੀਜ਼ਾਂ ਦੇ ਇਲਾਜ ਵਾਸਤੇ ਸ਼ਰੋਮਣੀ ਕਮੇਟੀ ਦੇ ਹਸਪਤਾਲਾਂ 'ਚ ਲਗਭਗ 400 ਤੋਂ ਵੱਧ ਕਰਮਚਾਰੀ ਤਾਇਨਾਤ ਹਨ। ਇਨ੍ਹਾਂ ਕਰੋਨਾ ਕੇਅਰ ਕੇਂਦਰਾਂ 'ਤੇ ਸੰਸਥਾ ਵੱਲੋਂ ਰੋਜ਼ਾਨਾ ਤਕਰੀਬਨ 5 ਲੱਖ ਰੁਪਏ ਖਰਚੇ ਜਾ ਰਹੇ ਹਨ। ਇਸ ਤੋਂ ਇਲਾਵਾ ਸੰਸਥਾ ਨੇ ਮੁਫਤ ਟੀਕਾਕਰਨ ਕੈਂਪ ਵੀ ਸ਼ੁਰੂ ਕੀਤੇ ਹਨ, ਜਿਸ ਲਈ 53 ਲੱਖ ਰੁਪਏ ਦੀ ਲਾਗਤ ਨਾਲ ਕੋਵੈਕਸੀਨ ਦੇ 5 ਹਜ਼ਾਰ ਟੀਕੇ ਖਰੀਦੇ ਗਏ ਹਨ। ਇਸ ਕੈਂਪ ਦੀ ਸ਼ੁਰੂਆਤ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਕੀਤੀ ਗਈ ਹੈ ਅਤੇ ਇਸ ਤੋਂ ਬਾਅਦ ਅਜਿਹੇ ਮੁਫਤ ਟੀਕਾਕਰਨ ਕੈਂਪ ਤਖਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵੀ ਲਾਉਣ ਦੀ ਯੋਜਨਾ ਹੈ। ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਮੈਡੀਕਲ ਸਾਇੰਸਿਜ ਦੇ ਡੀਨ ਡਾ. ਏਪੀ ਸਿੰਘ ਜੋ ਕਰੋਨਾ ਕੇਅਰ ਸੈਂਟਰਾਂ ਦੇ ਸੰਚਾਲਕ ਵੀ ਹਨ, ਨੇ ਦੱਸਿਆ ਕਿ ਇਸ ਨਾਲ ਆਮ ਕਰੋਨਾ ਪੀੜਤਾਂ ਨੂੰ ਵੱਡਾ ਲਾਭ ਹੋਇਆ ਹੈ। ਹੁਣ ਤੱਕ ਇੱਥੋਂ ਸੈਂਕੜੇ ਕਰੋਨਾ ਮਰੀਜ਼ ਠੀਕ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਕਰੋਨਾ ਟੀਕਾਕਰਨ ਕੈਂਪ ਤੋਂ ਪਹਿਲਾਂ ਵੀ ਸਿੱਖ ਸੰਸਥਾ ਵੱਲੋਂ ਲਗਭਗ 7 ਹਜ਼ਾਰ ਕੋਵੀਸ਼ੀਲਡ ਟੀਕੇ ਲੋਕਾਂ ਨੂੰ ਮੁਫਤ ਲਾਏ ਹਨ ਅਤੇ 5 ਹਜ਼ਾਰ ਤੋਂ ਵੱਧ ਕੋਵੈਕਸੀਨ ਦੇ ਟੀਕੇ ਖਰੀਦੇ ਹਨ।

### ਦੋ ਆਕਸੀਜਨ ਪਲਾਂਟ ਵੀ ਲਾਏਗੀ ਸਿੱਖ ਸੰਸਥਾ

ਸਿੱਖ ਸੰਸਥਾ ਵੱਲੋਂ ਇਥੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਅਤੇ ਮੈਡੀਕਲ ਕਾਲਜ 'ਚ ਜਲਦੀ ਹੀ ਦੋ ਆਕਸੀਜਨ ਪਲਾਂਟ ਵੀ ਸਥਾਪਿਤ ਕੀਤੇ ਜਾ ਰਹੇ ਹਨ। ਇਹ ਪਲਾਂਟ ਪ੍ਰਤੀ ਮਿੰਟ ਇਕ ਹਜ਼ਾਰ ਲਿਟਰ ਆਕਸੀਜਨ ਪੈਦਾ ਕਰਨ ਦੀ ਸਮਰੱਥਾ ਵਾਲੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਮੈਡੀਕਲ ਕਾਲਜ ਵਿੱਚ ਤਰਲ ਆਕਸੀਜਨ ਪਲਾਂਟ ਸਥਾਪਿਤ ਕਰਨ ਦੀ ਯੋਜਨਾ ਸੀ। ਇਸ ਸਬੰਧੀ ਗੁਜਰਾਤ ਦੀ ਇਕ ਕੰਪਨੀ ਨਾਲ ਸਮਝੌਤਾ ਵੀ ਕੀਤਾ ਗਿਆ ਸੀ ਪਰ ਇਸ ਕੰਪਨੀ ਨੇ ਹੁਣ ਤੱਕ ਤਰਲ ਆਕਸੀਜਨ ਹੀ ਮੁਹੱਈਆ ਨਹੀਂ ਕੀਤੀ। ਇਸ ਸਬੰਧੀ ਪ੍ਰਧਾਨ ਮੰਤਰੀ ਅਤੇ ਕੇਂਦਰੀ ਸਿਹਤ ਮੰਤਰੀ ਨੂੰ ਮਦਦ ਦੀ ਅਪੀਲ ਵੀ ਕੀਤੀ ਗਈ ਪਰ ਕੋਈ ਕਾਰਵਾਈ ਨਹੀਂ ਹੋਈ, ਜਿਸ ਕਾਰਨ ਆਕਸੀਜਨ ਪਲਾਂਟ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ।

### ਤੀਜੀ ਲਹਿਰ ਦੇ ਟਾਕਰੇ ਲਈ ਅਗਾਊਂ ਪ੍ਰਬੰਧਾਂ ਦਾ ਦਾਅਵਾ

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਖਿਆ ਕਿ ਸਿਹਤ ਮਾਹਿਰਾਂ ਵੱਲੋਂ ਕਰੋਨਾ ਦੀ ਤੀਜੀ ਲਹਿਰ ਦਾ ਖਦਸ਼ਾ ਦਾ ਪ੍ਰਗਟਾਇਆ ਜਾ ਰਿਹਾ ਹੈ ਤੇ ਇਸ ਖਦਸ਼ੇ ਨੂੰ ਧਿਆਨ ਵਿਚ ਰਖਦਿਆਂ ਇਸ ਸਬੰਧੀ ਵੀ ਲੋੜੀਂਦੇ ਪ੍ਰਬੰਧ ਅਗਾਊਂ ਕੀਤੇ ਜਾ ਰਹੇ ਹਨ। ਆਕਸੀਜਨ ਕੰਸਨਟਰੇਟਰਾਂ ਦੀ ਥਾਂ ਹੁਣ ਸਿੱਖ ਸੰਗਤ ਨੂੰ ਵੈਂਟੀਲੇਟਰ ਭੇਟ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਰੋਨਾ ਵੈਕਸੀਨ ਦਾ ਪ੍ਰਬੰਧ ਕਰਨ ਵਾਸਤੇ ਵੀ ਕੇਂਦਰ ਨੂੰ ਅਪੀਲ ਕੀਤੀ ਹੈ ਪਰ ਸਰਕਾਰ ਵੱਲੋਂ ਕੋਈ ਮਦਦ ਨਹੀਂ ਕੀਤੀ ਗਈ। ਇਸ ਦੀ ਵੈਕਸੀਨ ਦੀ ਖਰੀਦ ਵੀ ਸਿੱਖ ਸੰਗਤ ਵੱਲੋਂ ਆਪਣੇ ਤੌਰ 'ਤੇ ਕੀਤੀ ਜਾਣੀ ਹੈ। ਇਸ ਦੇ ਬਾਵਜੂਦ ਕੇਂਦਰ ਨੇ ਕੋਈ ਹੁੰਗਾਰਾ ਨਹੀਂ ਭਰਿਆ ਹੈ।

# ਪੰਜਾਬ ਸਰਕਾਰ ਨੇ ਵਿਚ ਕੋਵਿਡ ਪਾਬੰਦੀਆਂ ਮੁੜ ਵਧਾਈਆਂ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਕੋਵਿਡ ਸਬੰਧੀ ਬੰਦਿਸ਼ਾਂ ਵਿਚ 10 ਜੂਨ ਤੱਕ ਵਾਧਾ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਸਰਗਰਮ ਕੋਵਿਡ ਕੇਸਾਂ ਦੀ ਗਿਣਤੀ ਅਤੇ ਪਾਜੀਟਿਵਿਟੀ ਦਰ ਵਿਚ ਗਿਰਾਵਟ ਦੇ ਮੱਦੇਨਜ਼ਰ ਮੁੱਖ ਮੰਤਰੀ ਨੇ ਨਿੱਜੀ ਵਾਹਨਾਂ ਵਿਚ ਸਵਾਰੀਆਂ ਦੀ ਗਿਣਤੀ ਦੀ ਸੀਮਾ ਹਟਾਉਣ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਚੋਣਵੀਆਂ ਸਰਜਰੀਆਂ ਬਹਾਲ ਕਰਨ ਦੇ ਨਾਲ-ਨਾਲ ਸੂਬੇ ਦੇ ਸਾਰੇ ਸਰਕਾਰੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਵਿਚ ਓ.ਪੀ.ਡੀ. ਸੇਵਾਵਾਂ ਮੁੜ ਸ਼ੁਰੂ ਕਰਨ ਦੇ ਵੀ ਆਦੇਸ਼ ਦਿੱਤੇ ਹਨ।

ਮੈਡੀਕਲ ਸਿੱਖਿਆ ਮੰਤਰੀ ਓਪੀ ਸੋਨੀ ਨੇ ਕਿਹਾ ਕਿ ਸਰਕਾਰੀ ਮੈਡੀਕਲ ਕਾਲਜਾਂ ਨੇ 50 ਫੀਸਦੀ ਓ.ਪੀ.ਡੀ. ਸੇਵਾਵਾਂ ਪਹਿਲਾਂ ਹੀ ਸ਼ੁਰੂ ਕੀਤੀਆਂ ਹੋਈਆਂ ਹਨ, ਜੋ ਹੁਣ 100 ਫੀਸਦੀ ਹੋ ਜਾਣਗੀਆਂ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਭਾਵੇਂ ਕਿ ਨਿੱਜੀ ਕਾਰਾਂ ਅਤੇ ਦੋਪਹੀਆ ਵਾਹਨਾਂ 'ਤੇ ਸਵਾਰੀਆਂ ਦੀ ਸੀਮਾ ਹਟਾਈ ਜਾ ਰਹੀ ਹੈ ਪਰ ਸਵਾਰੀਆਂ ਢੋਣ ਵਾਲੇ ਕਮਰਸ਼ੀਅਲ ਵਾਹਨਾਂ ਅਤੇ ਟੈਕਸੀਆਂ ਉਤੇ ਸੀਮਾ ਪਹਿਲਾਂ ਵਾਂਗ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਸਥਾਨਕ ਹਾਲਤਾਂ ਦੀ ਤਰਜੀਹ ਮੁਤਾਬਕ ਗੈਰ-ਜਰੂਰੀ ਦੁਕਾਨਾਂ ਖੋਲ੍ਹਣ ਵਿਚ ਕਿਸੇ ਵੀ ਤਰ੍ਹਾਂ ਦੀ ਰੱਦੋ-ਬਦਲ ਕਰਨ ਲਈ ਡਿਪਟੀ ਕਮਿਸ਼ਨਰ ਹੀ ਅਧਿਕਾਰਤ ਰਹਿਣਗੇ। ਮੁੱਖ ਮੰਤਰੀ ਨੇ ਸਿਹਤ ਅਤੇ ਮੈਡੀਕਲ ਸਿੱਖਿਆ ਵਿਭਾਗਾਂ ਨੂੰ ਕੋਵਿਡ ਸਿਹਤ ਸੰਭਾਲ ਨਾਲ ਸਬੰਧਤ ਬੁਨਿਆਦੀ ਢਾਂਚਾ ਅਤੇ ਸਹੂਲਤਾਂ ਦੀ ਮਜ਼ਬੂਤੀ ਜਾਰੀ ਰੱਖਣ ਦੇ ਹੁਕਮ ਦਿੱਤੇ ਹਨ ਤਾਂ ਕਿ ਮਹਾਮਾਰੀ ਦੀ ਸੰਭਾਵੀ ਤੀਜੀ ਲਹਿਰ ਨਾਲ ਨਜਿੱਠਿਆ ਜਾ ਸਕੇ। ਉਨ੍ਹਾਂ ਇਨ੍ਹਾਂ ਵਿਭਾਗਾਂ ਨੂੰ ਬੱਚਿਆਂ ਦੀ ਸਿਹਤ ਸੰਭਾਲ ਦੀਆਂ ਸਹੂਲਤਾਂ ਵਧਾਉਣ ਦੇ ਨਾਲ-ਨਾਲ ਭਾਰਤ ਸਰਕਾਰ ਪਾਸੋਂ ਬੱਚਿਆਂ ਲਈ ਵਰਤੋਂ ਵਿਚ ਆਉਂਦੇ 500 ਪੈਡੀਐਟਰਿਕ ਵੈਂਟੀਲੇਟਰਾਂ ਦੀ ਮੰਗ ਕਰਨ ਲਈ ਆਖਿਆ। ਮੀਟਿੰਗ ਵਿਚ ਦੱਸਿਆ ਗਿਆ ਕਿ ਪ੍ਰਧਾਨ ਮੰਤਰੀ ਕੇਅਰ ਫੰਡ ਤਹਿਤ ਹਾਸਲ ਹੋਏ 809 ਵੈਂਟੀਲੇਟਰ ਵੰਡ ਦਿੱਤੇ ਗਏ ਹਨ ਅਤੇ ਇਨ੍ਹਾਂ ਵਿਚੋਂ 136 ਕੰਮ ਨਹੀਂ ਕਰ ਰਹੇ। ਮੁੱਖ ਮੰਤਰੀ ਨੇ ਆਈ.ਏ.ਐਸ/ਪੀ.ਸੀ.ਐਸ. ਦੇ ਮੌਜੂਦਾ ਅਹੁਦੇ ਦੇ ਕਾਰਜਕਾਲ ਦੇ ਅੱਧ ਵਿਚਾਲਿਓਂ ਤਬਾਦਲੇ ਕੋਵਿਡ ਸੰਕਟ ਜਾਰੀ ਰਹਿਣ ਤੱਕ ਰੋਕਣ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਜਰੂਰੀ ਗੈਰ-ਮੈਡੀਕਲ ਮੰਤਵਾਂ ਲਈ ਹੁਣ ਆਕਸੀਜਨ ਵਰਤਣ ਦੇ ਵੀ ਨਿਰਦੇਸ਼ ਦਿੱਤੇ। ਮੁੱਖ ਸਕੱਤਰ ਵਿਨੀ ਮਹਾਜਨ ਨੇ ਮੁੱਖ ਮੰਤਰੀ ਨੂੰ ਆਕਸੀਜਨ ਦੀ ਉਪਲੱਬਧਤਾ ਦੇ ਸੰਦਰਭ ਵਿਚ ਸਥਿਤੀ ਬਾਰੇ ਜਾਣੂ ਕਰਵਾਇਆ ਅਤੇ ਦੱਸਿਆ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਤਾਲਮੇਲ ਸਦਕਾ ਬਰਨਾਲਾ ਕੋਵਿਡ ਸੈਂਟਰ ਵਿਚ ਨਾਈਟ੍ਰੋਜਨ ਉਤਪਾਦਨ ਪਲਾਂਟ 93 ਫੀਸਦੀ ਸ਼ੁੱਧਤਾ ਨਾਲ ਕਾਰਜਸ਼ੀਲ ਹੋ ਚੁੱਕਾ ਹੈ। ਮੁੱਖ ਮੰਤਰੀ ਨੇ 'ਕਰੋਨਾ ਮੁਕਤ ਪੇਂਡੂ ਅਭਿਆਨ' ਤਹਿਤ ਪੇਂਡੂ ਇਲਾਕਿਆਂ ਵਿਚ ਟੈਸਟਿੰਗ ਅਤੇ ਸੈਂਪਲਿੰਗ ਹੋਰ ਵਧਾਉਣ ਦੇ ਵੀ ਹੁਕਮ ਦਿੱਤੇ। ਸਿਹਤ ਮੰਤਰੀ ਬਲਬੀਰ ਸਿੱਧੂ ਨੇ ਕਿਹਾ ਕਿ ਪੇਂਡੂ ਇਲਾਕਿਆਂ ਵਿਚ ਪਾਜੀਟਿਵਿਟੀ ਦਰ 4 ਫੀਸਦੀ ਹੈ।



## 'ਮਿਸ਼ਨ ਫਤਹਿ 2.0' ਨੂੰ ਅੱਗੇ ਵਧਾਉਣਗੇ ਨੌਜਵਾਨ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨੌਜਵਾਨਾਂ ਦੀ ਸ਼ਮੂਲੀਅਤ ਵਾਲੀ ਇਕ ਨਵੀਂ ਸ਼ੁਰੂਆਤ ਕੀਤੀ ਤਾਂ ਜੋ ਕਰੋਨਾ ਮੁਕਤ ਪੰਜਾਬ ਮੁਹਿੰਮ ਤਹਿਤ ਸੂਬੇ ਦੇ 'ਮਿਸ਼ਨ ਫਤਹਿ 2.0' ਨੂੰ ਅੱਗੇ ਵਧਾਇਆ ਜਾ ਸਕੇ। ਉਨ੍ਹਾਂ ਕਰੋਨਾ ਨਾਲ ਨਜਿੱਠਣ ਲਈ ਪ੍ਰਤੀ ਪਿੰਡ ਜਾਂ ਪ੍ਰਤੀ ਮਿਉਂਸਪਲ ਵਾਰਡ ਸੱਤ ਰੂਰਲ ਕਰੋਨਾ ਵਾਲੰਟੀਅਰ (ਆਰ.ਸੀ.ਵੀ.) ਸਮੂਹ ਕਾਇਮ ਕਰਨ ਦੇ ਨਿਰਦੇਸ਼ ਵੀ ਦਿੱਤੇ। ਮੁੱਖ ਮੰਤਰੀ ਨੇ ਕਿਹਾ ਕਿ ਕੋਵਿਡ ਦੀ ਦੂਜੀ ਲਹਿਰ ਦੌਰਾਨ ਪਿੰਡਾਂ ਦੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੇ ਖਦਸ਼ੇ ਦੇ ਮੱਦੇਨਜ਼ਰ ਇਹ ਜ਼ਰੂਰੀ ਹੈ ਕਿ 'ਕਰੋਨਾ ਮੁਕਤ ਪਿੰਡ' ਲਈ ਇਕ ਸੁਚੱਜੀ ਮੁਹਿੰਮ ਚਲਾਈ ਜਾਵੇ।

# ਯੂਪੀ 'ਚ ਸਿੱਖ ਦੀ ਕੁੱਟਮਾਰ ਕਰਨ ਵਾਲਿਆਂ ਖਿਲਾਫ ਕੇਸ ਦਰਜ



**ਅੰਮ੍ਰਿਤਸਰ:** ਯੂਪੀ ਦੇ ਲਖੀਮਪੁਰ ਖੀਰੀ ਵਿਚ ਇਕ ਸਿੱਖ ਵਿਅਕਤੀ ਦੀ ਕੁੱਟਮਾਰ ਅਤੇ ਕੇਸਾਂ ਤੇ ਦਸਤਾਰ ਦੀ ਬੇਅਦਬੀ ਕਰਨ ਦੇ ਦੋਸ਼ ਹੇਠ ਉਥੋਂ ਦੀ ਪੁਲਿਸ ਨੇ ਮੁਲਜ਼ਮਾਂ ਖਿਲਾਫ ਕੇਸ ਦਰਜ ਕਰ ਕੇ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਵੀ ਕੀਤਾ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਈ ਸੀ, ਜਿਸ ਵਿਚ ਕੁਝ ਲੋਕ ਬੇਰਹਿਮੀ ਨਾਲ ਬਜ਼ੁਰਗ ਸਿੱਖ ਨੂੰ ਕੁੱਟ ਰਹੇ ਸਨ।

ਇਸ ਦਾ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਟੀਮ ਭੇਜ ਕੇ ਮਾਮਲੇ ਦੀ ਜਾਂਚ ਕਰਵਾਉਣ ਲਈ ਆਖਿਆ ਸੀ। ਭਾਰਤੀ ਸਿੱਖ ਸੰਗਠਨ ਦੇ ਆਗੂ ਜਸਬੀਰ ਸਿੰਘ ਵਿਰਕ ਨੇ ਪੀੜਤ ਸੁਖਜੀਤ ਸਿੰਘ ਦੇ ਬਿਆਨ ਦੀ ਵੀਡੀਓ ਸ੍ਰੀ ਅਕਾਲ ਤਖਤ 'ਤੇ ਭੇਜੀ ਹੈ।

ਉਨ੍ਹਾਂ ਦੱਸਿਆ ਕਿ 19 ਮਈ ਨੂੰ ਵਾਪਰੇ ਹਾਦਸੇ ਦੌਰਾਨ ਪੰਜ ਜਣਿਆਂ ਦੀ ਮੌਤ ਹੋ ਗਈ ਸੀ, ਜਿਸ ਲਈ ਜ਼ਿੰਮੇਵਾਰ ਦੱਸਦਿਆਂ ਕੁਝ ਲੋਕਾਂ ਨੇ ਕਾਰ ਸਵਾਰ ਪੰਜਾਬੀਆਂ ਨੂੰ ਘੇਰ ਲਿਆ ਸੀ। ਕਾਰ ਸਵਾਰਾਂ ਨੂੰ ਬਚਾਉਣ ਲਈ ਸੁਖਜੀਤ ਸਿੰਘ ਮੌਕੇ 'ਤੇ ਗਏ ਪਰ ਕੁਝ ਲੋਕਾਂ ਨੇ ਉਸ ਦੀ ਕੁੱਟਮਾਰ ਦੇ ਨਾਲ ਉਸ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਕੀਤੀ ਸੀ।

## ਪਾਕਿ 'ਚ ਲਾਪਤਾ ਸਿੱਖ ਨੌਜਵਾਨ ਤਿੰਨ ਮਹੀਨਿਆਂ ਬਾਅਦ ਮਿਲਿਆ

**ਪੇਸ਼ਾਵਰ:** ਪਾਕਿਸਤਾਨ ਵਿਚ ਫਰਵਰੀ ਤੋਂ ਲਾਪਤਾ ਇਕ ਸਿੱਖ ਨੌਜਵਾਨ ਨੂੰ ਪੁਲਿਸ ਨੇ ਦੇਸ਼ ਦੇ ਪੱਛਮੀ ਉਤਰ ਖੈਬਰ ਪਖਤੂਨਖਵਾ ਸੂਬੇ ਦੇ ਇਕ ਪਿੰਡ ਤੋਂ ਬਰਾਮਦ ਕੀਤਾ ਹੈ। ਉਸ ਨੂੰ ਘਰ ਤੋਂ ਅਗਵਾ ਕਰ ਲਿਆ ਗਿਆ ਸੀ। ਅਵਿਨਾਸ਼ ਸਿੰਘ (20) 28 ਫਰਵਰੀ ਨੂੰ ਪੇਸ਼ਾਵਰ ਛਾਉਣੀ ਦੇ ਗੁਲਬਰਗ ਇਲਾਕੇ ਤੋਂ ਲਾਪਤਾ ਹੋ ਗਿਆ ਸੀ। ਪੁਲਿਸ ਮੁਤਾਬਕ, ਅਵਿਨਾਸ਼ ਸਿੰਘ ਕੋਹਾਟ ਜਿਲ੍ਹੇ ਦੇ ਲਾਚੀ ਤਹਿਸੀਲ ਕੋਲ ਇਕ ਪਿੰਡ ਤੋਂ ਮਿਲਿਆ। ਉਨ੍ਹਾਂ ਦੱਸਿਆ ਕਿ ਅਗਵਾਕਾਰਾਂ ਨੇ ਉਸ 'ਤੇ ਕਾਫੀ ਤਸ਼ੱਦਦ ਕੀਤਾ। ਇਸ ਲਈ ਉਸ ਨੂੰ ਪੇਸ਼ਾਵਰ ਦੇ ਲੇਡੀ ਰੀਡਿੰਗ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਅਗਵਾ ਵਿਚ ਸ਼ਾਮਲ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿਚ ਇਕ ਔਰਤ ਵੀ ਸ਼ਾਮਲ ਹੈ।

# 'ਆਪ' ਵੱਲੋਂ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਨਿਯੁਕਤੀਆਂ

**ਮੁਕੇਰੀਆਂ:** ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਜੋਂ ਹਲਕੇ ਅੰਦਰ ਬਲਾਕ ਤੇ ਸਰਕਲ ਪੱਧਰ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਪਾਰਟੀ ਵਲੋਂ ਮੁਕੇਰੀਆਂ ਵਿਧਾਨ ਸਭਾ ਹਲਕੇ ਅੰਦਰ 45 ਸਰਕਲ ਬਣਾਏ ਗਏ ਹਨ। ਪਾਰਟੀ ਦੇ ਟ੍ਰੇਡ ਵਿੰਗ ਦੇ ਜੁਆਇੰਟ ਸੈਕਟਰੀ ਅਤੇ ਸਾਬਕਾ ਹਲਕਾ ਇੰਚਾਰਜ ਪ੍ਰੋਫੈਸਰ ਜੀ.ਐੱਸ ਮੁਲਤਾਨੀ ਨੇ ਦੱਸਿਆ ਕਿ ਪਾਰਟੀ ਦੇ ਮੁਕੇਰੀਆਂ ਵਿਚ ਚਾਰ ਬਲਾਕ ਹਾਜੀਪੁਰ, ਭੰਗਾਲਾ, ਮੁਕੇਰੀਆਂ ਅਤੇ ਨੰਗਲ ਬਿਹਾਲਾਂ ਬਣਾਏ ਗਏ ਹਨ ਅਤੇ 45 ਸਰਕਲ ਬਣਾਏ ਗਏ ਹਨ।

ਬਲਾਕ ਪ੍ਰਧਾਨਾਂ ਵਿਚ ਨੰਗਲ ਬਿਹਾਲਾਂ ਤੋਂ ਠਾਕੁਰ ਉਪਦੇਸ਼ ਸਿੰਘ, ਭੰਗਾਲਾ ਬਲਾਕ ਤੋਂ ਹਰਜੀਤ ਸਿੰਘ ਸਹੋਤਾ, ਮੁਕੇਰੀਆਂ ਬਲਾਕ ਤੋਂ ਰਮੇਸ਼ ਚੰਦਰ ਅਤੇ ਹਾਜੀਪੁਰ ਬਲਾਕ ਤੋਂ ਅਮਿਤ ਕੁਮਾਰ ਨੂੰ ਬਲਾਕ ਪ੍ਰਧਾਨ ਬਣਾਇਆ ਗਿਆ ਹੈ।

ਇਸ ਤੋਂ ਇਲਾਵਾ 45 ਸਰਕਲ ਬਣਾਏ ਗਏ ਹਨ ਅਤੇ ਹਰ ਇਕ ਸਰਕਲ ਦੇ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਮੁਕੇਰੀਆਂ ਵਿਚ ਹਰ ਬੂਥ 'ਤੇ ਇਕ ਬੂਥ ਕਮੇਟੀ ਬਣਾਈ ਜਾ ਰਹੀ ਹੈ। ਇਸੇ ਤਰ੍ਹਾਂ ਮੁਕੇਰੀਆਂ ਦੇ ਚਾਰੇ ਬਲਾਕਾਂ ਵਿਚ ਯੂਥ ਵਿੰਗ ਅਤੇ ਸਪੋਰਟਸ ਵਿੰਗ ਦੇ ਪ੍ਰਧਾਨ ਲਗਾਏ ਗਏ।


## ਦਰਬਾਰ ਸਾਹਿਬ 'ਚ ਪਤਾਸਿਆਂ ਤੇ ਸਿਰੋਪਾਉ ਦਾ ਪ੍ਰਸ਼ਾਦ ਮੁੜ ਸ਼ੁਰੂ ਕਰਨ ਦੀ ਅਪੀਲ

**ਅੰਮ੍ਰਿਤਸਰ:** ਦਮਦਮੀ ਟਕਸਾਲ ਨਾਲ ਸਬੰਧਤ ਸਿੱਖ ਆਗੂ ਸਰਚਾਂਦ ਸਿੰਘ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਕ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਦਰੋਂ ਮਿਲਦਾ ਪਤਾਸਿਆਂ ਦੇ ਪ੍ਰਸ਼ਾਦ ਅਤੇ ਸਿਰੋਪਾਉ ਦੇਣ ਦੀ ਰਵਾਇਤ ਨੂੰ ਮੁੜ ਸ਼ੁਰੂ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਇਸ ਰਵਾਇਤ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਦੇ ਆਦੇਸ਼ 'ਤੇ ਬੰਦ ਕਰ ਦਿੱਤਾ ਗਿਆ ਹੈ। ਜਦੋਂ ਕੜਾਹ ਪ੍ਰਸ਼ਾਦ ਖਤਮ ਹੋ ਜਾਂਦਾ ਸੀ ਤਾਂ ਪਤਾਸੇ ਦਾ ਪ੍ਰਸ਼ਾਦ ਸੰਗਤ ਨੂੰ ਦਿੱਤਾ ਜਾਂਦਾ ਸੀ। ਇਸੇ ਤਰ੍ਹਾਂ ਗੁਰੂ ਘਰ ਵਿਚ ਕੁਝ ਭੇਟ ਕਰਨ ਵਾਲਿਆਂ ਨੂੰ ਗੁਰੂ ਘਰ ਦੇ ਪ੍ਰਸ਼ਾਦ ਵਜੋਂ ਸਚਖੰਡ ਤੋਂ ਸਿਰੋਪਾਉ ਅਤੇ ਪਤਾਸਾ ਪ੍ਰਸ਼ਾਦ ਵਜੋਂ ਦਿੱਤਾ ਜਾਂਦਾ ਸੀ ਪਰ ਹੁਣ ਇਸ ਨੂੰ ਬੰਦ ਕਰ ਦਿੱਤਾ ਹੈ। ਉਨ੍ਹਾਂ ਇਸ ਰਵਾਇਤ ਨੂੰ ਮੁੜ ਸ਼ੁਰੂ ਕਰਵਾਉਣ ਦੀ ਅਪੀਲ ਕੀਤੀ ਹੈ।

## 'ਵਿਦੇਸ਼ ਜਾਣ ਵਾਲੇ ਪਾੜ੍ਹਿਆਂ ਨੂੰ ਟੀਕੇ ਬਾਰੇ ਕੇਂਦਰ ਜਲਦੀ ਫੈਸਲਾ ਕਰੇ'

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਤੇ ਪਰਵਾਸੀ ਭਾਰਤੀਆਂ ਨੂੰ ਪਹਿਲ ਦੇ ਆਧਾਰ 'ਤੇ ਕਰੋਨਾ ਟੀਕਾ ਲਾਏ ਜਾਣ ਵਾਲੇ ਮਾਮਲੇ 'ਤੇ ਫੌਰੀ ਫੈਸਲਾ ਕਰੇ। ਅਦਾਲਤ ਨੇ ਕਿਹਾ ਕਿ ਐਨ.ਜੀ.ਓ. ਪਰਵਾਸੀ ਲੀਗਲ ਸੈਲ ਦੀ ਅਪੀਲ 'ਤੇ ਕਾਨੂੰਨ, ਨਿਯਮਾਂ ਤੇ ਸਰਕਾਰੀ ਨੀਤੀ ਅਨੁਸਾਰ ਫੈਸਲਾ ਕੀਤਾ ਜਾਵੇ। ਇਸ ਤੋਂ ਪਹਿਲਾਂ ਐਨ.ਜੀ.ਓ. ਵੱਲੋਂ ਕੇਂਦਰ ਨੂੰ ਮਾਮਲਾ ਸਪਸ਼ਟ ਕਰਨ ਦੀ ਅਪੀਲ ਕੀਤੀ ਗਈ ਸੀ ਪਰ ਜਵਾਬ ਨਾ ਮਿਲਣ 'ਤੇ ਉਨ੍ਹਾਂ ਅਦਾਲਤ ਦਾ ਦਰਵਾਜ਼ਾ ਖੜਕਾਇਆ। ਉਨ੍ਹਾਂ ਇਹ ਵੀ ਕਿਹਾ ਸੀ ਕਿ ਕੁਝ ਦੇਸ਼ ਸਿਰਫ ਉਨ੍ਹਾਂ ਨਾਗਰਿਕਾਂ ਨੂੰ ਆਪਣੇ ਦੇਸ਼ ਪਰਤਣ ਦੀ ਇਜਾਜ਼ਤ ਦੇ ਰਹੇ ਹਨ ਜਿਨ੍ਹਾਂ ਦਾ ਟੀਕਾਕਰਨ ਹੋ ਚੁੱਕਿਆ ਹੈ।

# ਸਾਲ ਦੇ ਅੰਤ ਤੱਕ ਹਰ ਯੋਗ ਆਦਮੀ ਨੂੰ ਟੀਕਾ ਲਾਉਣ ਦਾ ਦਾਅਵਾ



**ਨਵੀਂ ਦਿੱਲੀ:** ਕੇਂਦਰ ਨੇ ਸੁਪਰੀਮ ਕੋਰਟ ਨੂੰ ਜਾਣਕਾਰੀ ਦਿੱਤੀ ਹੈ ਕਿ ਇਸ ਸਾਲ ਦੇ ਅੰਤ ਤੱਕ ਯੋਗ ਪਾਏ ਜਾਣ ਵਾਲੇ ਹਰ ਭਾਰਤ ਵਾਸੀ ਨੂੰ ਕਰੋਨਾ ਰੋਕੂ ਟੀਕਾ ਲਾਇਆ ਜਾਵੇਗਾ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਕੇਂਦਰ ਦੀ ਟੀਕਾਕਰਨ ਪਾਲਸੀ 'ਤੇ ਸਵਾਲ ਉਠਾਏ ਸਨ। ਅਦਾਲਤ ਨੇ ਕਿਹਾ ਸੀ ਕਿ ਕੇਂਦਰ ਨੇ ਟੀਕਾਕਰਨ ਲਈ ਕੋਵਿਨ ਐਪ 'ਤੇ ਰਜਿਸਟਰੇਸ਼ਨ ਜ਼ਰੂਰੀ ਕੀਤੀ ਹੈ ਜਦਕਿ ਕਈ ਥਾਵਾਂ 'ਤੇ ਲੋਕਾਂ ਨੂੰ ਰਜਿਸਟਰੇਸ਼ਨ ਕਰਵਾਉਣ ਵਿਚ ਪਰੇਸ਼ਾਨੀ ਆ ਰਹੀ ਹੈ। ਸਾਲਿਸਟਰ ਜਨਰਲ ਨੇ ਅਦਾਲਤ ਦੇ ਬੈਂਚ ਨੂੰ ਦੱਸਿਆ ਕਿ ਕੇਂਦਰ ਵੱਲੋਂ ਫਾਇਜ਼ਰ ਤੇ ਹੋਰ ਕੰਪਨੀਆਂ ਨਾਲ ਟੀਕੇ ਮੰਗਵਾਉਣ ਸਬੰਧੀ ਗੱਲ ਚੱਲ ਰਹੀ ਹੈ ਤੇ ਜੇ ਇਹ ਸਿਰੇ ਚੜ੍ਹਦੀ ਹੈ ਤਾਂ ਇਸ ਸਾਲ ਦੇ ਅੰਤ ਤੱਕ ਟੀਕਾਕਰਨ ਮੁਹਿੰਮ ਮੁਕੰਮਲ ਹੋ ਜਾਵੇਗੀ।

ਉਧਰ, ਸੀਰਮ ਇੰਸਟੀਚਿਊਟ ਨੇ ਸਰਕਾਰ ਨੂੰ ਦੱਸਿਆ ਹੈ ਕਿ ਉਹ ਜੂਨ 'ਚ ਕਰੋਨਾ ਦੀਆਂ 9 ਤੋਂ 10 ਕਰੋੜ ਖੁਰਾਕਾਂ ਦਾ ਉਤਪਾਦਨ ਅਤੇ ਸਪਲਾਈ ਕਰਨ ਦੇ ਯੋਗ ਹੋਵੇਗੀ। ਕਰੋਨਾ ਤੋਂ ਬਚਾਅ ਦੇ ਟੀਕਿਆਂ ਦੀ ਘਾਟ ਬਾਰੇ ਸੂਬਿਆਂ ਵੱਲੋਂ ਕੀਤੀਆਂ ਜਾ ਰਹੀਆਂ ਸ਼ਿਕਾਇਤਾਂ ਦਰਮਿਆਨ ਸੀਰਮ ਇੰਸਟੀਚਿਊਟ ਦਾ ਇਹ ਬਿਆਨ ਆਇਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖੇ ਪੱਤਰ 'ਚ ਸੀਰਮ ਇੰਸਟੀਚਿਊਟ ਨੇ ਕਿਹਾ ਕਿ ਉਨ੍ਹਾਂ ਦੇ ਮੁਲਾਜ਼ਮ ਮਹਾਮਾਰੀ ਕਾਰਨ ਦਰਪੇਸ਼ ਵੱਖ-ਵੱਖ ਚੁਣੌਤੀਆਂ ਦੇ ਬਾਵਜੂਦ 24 ਘੰਟੇ ਕੰਮ ਕਰ ਰਹੇ ਹਨ। ਸੀਰਮ ਦੇ ਸਰਕਾਰੀ ਅਤੇ ਰੈਗੂਲੇਟਰੀ ਮਾਮਲਿਆਂ ਬਾਰੇ ਡਾਇਰੈਕਟਰ ਪ੍ਰਕਾਸ਼ ਕੁਮਾਰ ਸਿੰਘ ਨੇ ਕਿਹਾ ਕਿ ਮਈ 'ਚ ਸਾਢੇ 6 ਕਰੋੜ ਖੁਰਾਕਾਂ ਦੇ ਉਤਪਾਦਨ ਦੇ ਮੁਕਾਬਲੇ 'ਚ ਜੂਨ 'ਚ 9 ਤੋਂ 10 ਕਰੋੜ ਖੁਰਾਕਾਂ ਦਾ ਉਤਪਾਦਨ ਕੀਤਾ ਜਾਵੇਗਾ।

## ਟੀਕੇ ਸਪਲਾਈ ਦੇ ਅੰਕੜੇ ਜਨਤਕ ਕਰੇ ਕੇਂਦਰ: ਸਿਸੋਦੀਆ

**ਨਵੀਂ ਦਿੱਲੀ:** ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕੇਂਦਰ ਸਰਕਾਰ 'ਤੇ ਸ਼ਬਦੀ ਹਮਲਾ ਬੋਲਦਿਆਂ ਕਿਹਾ ਕਿ ਉਨ੍ਹਾਂ ਕੋਲ ਪ੍ਰਾਈਵੇਟ ਹਸਪਤਾਲਾਂ ਨੂੰ ਵੇਚਣ ਲਈ ਟੀਕਾ ਹੈ, ਪਰ ਸੂਬਿਆਂ ਨੂੰ ਦੇਣ ਲਈ ਨਹੀਂ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਪਾਰਦਰਸ਼ਤਾ ਦਿਖਾਉਂਦੇ ਹੋਏ ਟੀਕੇ ਦੀ ਪੂਰੀ ਸਪਲਾਈ ਦੇ ਅੰਕੜਿਆਂ ਨੂੰ ਜਨਤਕ ਕਰੇ। ਸਿਸੋਦੀਆ ਨੇ ਟੀਕਿਆਂ ਦੀ ਵੰਡ ਅਤੇ ਇਸ 'ਤੇ ਟੈਕਸ ਲਾਏ ਜਾਣ ਸਬੰਧੀ ਵੀ ਸਵਾਲ ਚੁੱਕੇ। ਉਪ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਦੀ 'ਲਾਪਰਵਾਹੀ' ਕਾਰਨ ਭਾਰਤ ਵਿਚ ਟੀਕਿਆਂ ਦੀ ਘਾਟ ਹੋ ਗਈ ਹੈ ਤੇ ਸੂਬਿਆਂ ਨੂੰ ਟੀਕਾਕਰਨ ਰੋਕਣਾ ਪਿਆ। ਉਪ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦਿੱਲੀ ਵਿਚ 10 ਜੂਨ ਤੱਕ ਨੌਜਵਾਨਾਂ ਦੇ ਟੀਕਾਕਰਨ 'ਤੇ ਰੋਕ ਲਗਾ ਦਿੱਤੀ ਹੈ।

## ਵੈਕਸੀਨ ਬਾਰੇ ਲੋਕਾਂ ਨੂੰ ਜੁਆਬ ਦੇਵੇ ਸਰਕਾਰ: ਪ੍ਰਿਯੰਕਾ

**ਨਵੀਂ ਦਿੱਲੀ:** ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਦੇਸ਼ ਵਿੱਚ ਕਰੋਨਾ ਵੈਕਸੀਨ ਦੀ ਘਾਟ ਸਬੰਧੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨਿਖੇਧੀ ਕਰਦਿਆਂ ਹੈਰਾਨੀ ਪ੍ਰਗਟਾਈ ਕਿ ਵੈਕਸੀਨ ਬਣਾਉਣ ਵਿਚ ਮੋਹਰੀ ਭੂਮਿਕਾ ਨਿਭਾਉਣ ਦੇ ਬਾਵਜੂਦ ਭਾਰਤ ਨੂੰ ਵੈਕਸੀਨ ਦੀ ਘਾਟ ਦਾ ਸਾਹਮਣਾ ਕਿਵੇਂ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਲੋਕਾਂ ਨੂੰ ਜੁਆਬ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਪ੍ਰਿਯੰਕਾ ਨੇ ਆਪਣੇ ਟਵਿੱਟਰ ਅਕਾਊਂਟ 'ਤੇ 30 ਸੈਕਿੰਡ ਦੀ ਵੀਡੀਓ ਸਾਂਝੀ ਕੀਤੀ, ਜਿਸ ਵਿਚ ਉਹ ਕੇਂਦਰ ਸਰਕਾਰ ਨੂੰ ਸੁਆਲ ਕਰਦੀ ਸੁਣਾਈ ਦੇ ਰਹੀ ਹੈ ਕਿ ਦੁਨੀਆ ਭਰ ਵਿਚ ਵੈਕਸੀਨ ਬਣਾਉਣ ਵਾਲੇ ਪ੍ਰਮੁੱਖ ਨਿਰਮਾਤਾਵਾਂ ਵਿਚੋਂ ਇਕ ਭਾਰਤ ਵਿਚ ਵੈਕਸੀਨ ਦੀ ਘਾਟ ਦਾ ਸਾਹਮਣਾ ਕਿਉਂ ਕਰਨਾ ਪੈ ਰਿਹਾ ਹੈ?

# ਕਿਸਾਨਾਂ ਵੱਲੋਂ ਭਾਜਪਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੀ ਘੇਰਾਬੰਦੀ ਦੀ ਤਿਆਰੀ

## 5 ਜੂਨ ਨੂੰ 'ਸੰਪੂਰਨ ਕ੍ਰਾਂਤੀ ਦਿਵਸ' ਮਨਾਉਣ ਦਾ ਐਲਾਨ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ ਨੇ ਐਲਾਨ ਕਰ ਦਿੱਤਾ ਹੈ ਕਿ ਕਿਸਾਨ 5 ਜੂਨ ਨੂੰ ਭਾਜਪਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਦਫਤਰਾਂ ਅੱਗੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਸੁਧਾਰ ਕਾਨੂੰਨ ਦੀਆਂ ਕਾਪੀਆਂ ਸਾੜ ਕੇ 'ਸੰਪੂਰਨ ਕ੍ਰਾਂਤੀ ਦਿਵਸ' ਮਨਾਉਣਗੇ।

ਪਿਛਲੇ ਸਾਲ ਇਸ ਦਿਨ ਖੇਤੀ ਆਰਡੀਨੈਂਸ ਜਾਰੀ ਕੀਤੇ ਗਏ ਸਨ। ਸਤੰਬਰ ਵਿਚ ਸੰਸਦ ਦੇ ਦੋਵਾਂ ਸਦਨਾਂ 'ਚ ਪਾਸ ਹੋਣ ਮਗਰੋਂ ਰਾਸ਼ਟਰਪਤੀ ਦੀ ਮਨਜ਼ੂਰੀ ਮਗਰੋਂ ਇਹ ਕਾਨੂੰਨ ਬਣ ਗਏ ਸਨ। ਕਿਸਾਨ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਨਵੰਬਰ ਮਹੀਨੇ ਤੋਂ ਸੰਘਰਸ਼ ਕਰ ਰਹੇ ਹਨ। ਕਿਸਾਨ ਮੋਰਚਾ ਨੇ ਕਿਹਾ ਕਿ ਜੇਪੀ ਨਾਰਾਇਣ ਨੇ 5 ਜੂਨ 1974 ਨੂੰ 'ਸੰਪੂਰਨ ਕ੍ਰਾਂਤੀ' ਦਾ ਐਲਾਨ ਕੀਤਾ ਸੀ ਅਤੇ ਤਤਕਾਲੀ ਕੇਂਦਰ ਸਰਕਾਰ ਖਲਿਾਫ ਸੰਘਰਸ਼ ਚਲਾਇਆ ਸੀ।



ਖੇਤੀ ਵਿਰੋਧੀ ਕਾਨੂੰਨ ਅਤੇ ਬਿਜਲੀ ਬਿੱਲ 2020 ਰੱਦ ਕਰਵਾਉਣ ਲਈ ਕੇਂਦਰ ਸਰਕਾਰ ਖਿਲਾਫ ਜਾਰੀ ਕਿਸਾਨ ਮੋਰਚੇ ਦੀ ਅਗਵਾਈ ਕਰ ਰਹੇ 'ਸੰਯੁਕਤ ਕਿਸਾਨ ਮੋਰਚੇ' ਦੇ ਪ੍ਰਮੁੱਖ ਆਗੂਆਂ ਬਲਬੀਰ ਸਿੰਘ ਰਾਜੇਵਾਲ ਅਤੇ ਜੋਗਿੰਦਰ ਸਿੰਘ ਉਗਰਾਹਾਂ ਨੇ ਪ੍ਰੈਸ ਕਾਨਫਰੰਸ ਦੌਰਾਨ ਆਖਿਆ ਕੇਂਦਰ ਸਰਕਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣਾ ਹਠ ਤਿਆਗਣਾ ਹੀ ਪੈਣਾ ਹੈ ਕਿਉਂਕਿ ਛੇ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਬੈਠੇ ਦੇਸ਼ ਭਰ ਦੇ ਕਿਸਾਨ ਮੋਰਚਾ ਜਿੱਤੇ ਬਗੈਰ ਘਰਾਂ ਨੂੰ ਪਰਤਣ ਵਾਲੇ ਨਹੀਂ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਮੋਰਚੇ ਨੂੰ ਤਾਰਪੀਡੋ ਕਰਨ ਲਈ ਹਰ ਤਰ੍ਹਾਂ ਦੇ ਯਤਨ ਕਰਕੇ ਵੇਖ ਲਏ ਹਨ ਪਰ ਹੁਣ ਜਦੋਂ ਇਹ ਮੋਰਚਾ ਨਿੱਤ ਦਿਨ ਮਜ਼ਬੂਤ ਹੋ ਰਿਹਾ ਹੈ ਤਾਂ ਸਰਕਾਰ ਬੁਖਲਾ ਗਈ ਹੈ। ਪਹਿਲਾਂ ਸਰਕਾਰ ਇਸ ਅੰਦੋਲਨ ਨੂੰ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦਾ ਅੰਦੋਲਨ ਦੱਸਦੀ ਸੀ।

ਉਨ੍ਹਾਂ ਆਖਿਆ ਕਿ ਕੇਂਦਰ ਸਮੇਤ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੇ ਵੀ ਕਿਸਾਨਾਂ 'ਤੇ ਕਰੋਨਾ ਫੈਲਾਉਣ ਦੇ ਦੋਸ਼ ਲਾਏ। ਆਗੂਆਂ ਦਾ ਕਹਿਣਾ ਸੀ ਕਿ ਜੇਕਰ ਅਜਿਹਾ ਹੁੰਦਾ ਤਾਂ ਹੁਣ ਤੱਕ ਇਹ ਮੋਰਚਾ ਲਾਸ਼ਾਂ 'ਚ ਤਬਦੀਲ ਹੋ ਜਾਂਦਾ। ਕਿਸਾਨ ਧਰਨੇ ਅਤੇ ਰਹਿਣ ਸਹਿਣ ਦੌਰਾਨ ਕਰੋਨਾ ਤੋਂ ਬਚਾਅ ਲਈ ਪੂਰੀਆਂ ਸਾਵਧਾਨੀਆਂ ਵਰਤਦੇ ਹਨ। ਜਿਸ ਕਰਕੇ ਉਨ੍ਹਾਂ ਦਾ ਕਰੋਨਾ ਤੋਂ ਪੂਰਾ ਬਚਾਅ ਹੈ। ਅਸਲ 'ਚ ਕਰੋਨਾ ਤੋਂ ਬਚਾਅ ਲਈ ਕੇਂਦਰ ਅਤੇ ਇਹ ਦੋਵੇਂ ਰਾਜ ਸਰਕਾਰਾਂ ਕਰੋਨਾ ਤੋਂ ਬਚਾਅ ਲਈ ਢੁਕਵੇਂ ਪ੍ਰਬੰਧ ਕਰਨ 'ਚ ਬੁਰੀ ਤਰ੍ਹਾਂ ਫੇਲ੍ਹ ਸਿੱਧ ਹੋ ਚੁੱਕੀਆਂ ਹਨ, ਜਿਸ ਕਰਕੇ ਆਪਣੇ ਬਚਾਅ ਲਈ ਉਹ ਕਰੋਨਾ ਫੈਲਣ ਦਾ ਠੀਕਰਾ ਕਿਸਾਨਾਂ ਦੇ ਸਿਰ ਭੰਨ੍ਹ ਰਹੇ ਹਨ।

ਸਰਕਾਰ ਵੱਲੋਂ ਕਿਸਾਨਾਂ 'ਤੇ ਗੱਲਬਾਤ ਤੋਂ ਭੱਜਣ ਦੇ ਲਾਏ ਜਾ ਰਹੇ ਦੋਸ਼ਾਂ ਦਾ ਉਨ੍ਹਾਂ ਖੰਡਨ ਕੀਤਾ। ਸ੍ਰੀ ਰਾਜੇਵਾਲ ਨੇ ਆਖਿਆ ਕਿ ਉਨ੍ਹਾਂ ਨੇ ਸਰਕਾਰ ਨੂੰ ਬਾਕਾਇਦਾ ਪੱਤਰ ਲਿਖਿਆ ਹੈ। ਜਦੋਂ ਉਨ੍ਹਾਂ ਨੂੰ ਸਰਕਾਰ ਵੱਲੋਂ ਇਸ ਪੱਤਰ 'ਤੇ ਸਿਰਫ ਨੌਂ ਆਗੂਆਂ ਦੇ ਹੀ ਦਸਤਖਤ ਹੋਣ ਦੀ ਗੱਲ ਆਖਣ ਬਾਰੇ ਪੁੱਛਿਆ, ਤਾਂ ਉਨ੍ਹਾਂ ਆਖਿਆ ਕਿ ਇਹ ਉਨ੍ਹਾਂ ਦੀ ਨੌਂ ਮੈਂਬਰੀ ਕਮੇਟੀ ਹੈ, ਜੋ ਅਜਿਹਾ ਪੱਤਰ ਲਿਖਣ ਦਾ ਅਧਿਕਾਰ ਰੱਖਦੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਜਿਹੜੇ ਮਰਜ਼ੀ ਹੱਥਕੰਡੇ ਵਰਤ ਲਵੇ, ਪਰ ਇਕ ਦਿਨ ਉਸ ਨੂੰ ਇਹ ਕਾਨੂੰਨ ਰੱਦ ਕਰਨੇ ਹੀ ਪੈਣੇ ਹਨ।

## 'ਮਨ ਕੀ ਬਾਤ ਨਾਲ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਨੇ ਮੋਦੀ'

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਹੀਨਾਵਾਰ ਪ੍ਰੋਗਰਾਮ 'ਮਨ ਕੀ ਬਾਤ' ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕਰਦਿਆਂ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਇਸ ਪ੍ਰੋਗਰਾਮ ਰਾਹੀਂ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ। ਪ੍ਰਧਾਨ ਮੰਤਰੀ ਵੱਲੋਂ ਇਸ ਪ੍ਰੋਗਰਾਮ ਵਿਚ ਕਿਸਾਨਾਂ ਦਾ ਜਿਕਰ ਕੀਤੇ ਜਾਣ ਬਾਰੇ ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ, ''ਸ੍ਰੀ ਮੋਦੀ ਨੇ ਸਾਰੀਆਂ ਫਸਲਾਂ 'ਤੇ ਐਮ.ਐਸ.ਪੀ. ਦੇਣ ਬਾਰੇ ਚੁੱਪ ਧਾਰੀ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਮਨ ਕੀ ਬਾਤ' ਰਾਹੀਂ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ। ਉਹ ਆਪਣੇ ਮਨ ਕੀ ਬਾਤ ਹੀ ਸੁਣਾਉਂਦੇ ਹਨ, ਪਰ ਉਨ੍ਹਾਂ ਕਦੇ ਕਿਸਾਨਾਂ ਦੇ 'ਮਨ ਕੀ ਬਾਤ' ਨਹੀਂ ਸੁਣੀ। ਪ੍ਰਧਾਨ ਮੰਤਰੀ ਤਿੰਨ ਨਵੇਂ ਖੇਤੀ ਕਾਨੂੰਨਾਂ ਅਤੇ ਸਾਰੀਆਂ ਫਸਲਾਂ 'ਤੇ ਐਮ.ਐਸ.ਪੀ. ਦੀ ਗਾਰੰਟੀ ਦੇਣ ਦੇ ਸਵਾਲ 'ਤੇ ਚੁੱਪ ਹਨ ਤੇ ਉਨ੍ਹਾਂ ਨੂੰ ਇਹ ਚੁੱਪੀ ਤੋੜਨੀ ਚਾਹੀਦੀ ਹੈ।

## ਚੜੂਨੀ ਵੱਲੋਂ ਕਿਸਾਨ ਮਜ਼ਦੂਰ ਫੈਡਰੇਸ਼ਨ ਕਾਇਮ



**ਨਵੀਂ ਦਿੱਲੀ:** ਹਰਿਆਣਾ ਨਾਲ ਸਬੰਧਤ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਵੱਲੋਂ ਕਿਸਾਨ ਮਜ਼ਦੂਰ ਫੈਡਰੇਸ਼ਨ ਬਣਾਉਣ ਦਾ ਐਲਾਨ ਕੀਤਾ ਗਿਆ ਹੈ ਜੋ ਸੰਯੁਕਤ ਕਿਸਾਨ ਮੋਰਚੇ ਦਾ ਸਾਥ ਦੇਵੇਗੀ। ਹਰਿਆਣਾ ਕਿਸਾਨ ਯੂਨੀਅਨ (ਚੜੂਨੀ) ਦੇ ਆਗੂ ਗੁਰਨਾਮ ਸਿੰਘ ਚੜੂਨੀ ਵੱਲੋਂ ਸੋਨੀਪਤ ਦੇ ਰਾਏ ਸਥਿਤ ਜੀਟੀ ਰੋਡ 'ਤੇ ਇਕ ਢਾਬੇ ਵਿਚ ਮੀਟਿੰਗ ਕਰਕੇ ਇਹ ਫੈਸਲਾ ਲਿਆ। ਉਨ੍ਹਾਂ ਕਿਹਾ ਕਿ ਕਿਸਾਨ ਮਜ਼ਦੂਰ ਫੈਡਰੇਸ਼ਨ ਵੱਲੋਂ ਦੇਸ਼ ਦੇ ਸਾਰੇ ਕਿਸਾਨ ਤੇ ਮਜ਼ਦੂਰਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਫੈਡਰੇਸ਼ਨ ਨੂੰ ਚਲਾਉਣ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ ਤੇ ਇਸ ਫੈਡਰੇਸ਼ਨ ਵਿਚ ਪੰਜਾਬ, ਬਿਹਾਰ, ਹਰਿਆਣਾ, ਮਹਾਰਾਸ਼ਟਰ, ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ ਵਰਗੇ ਰਾਜਾਂ ਦੇ 38 ਸੰਗਠਨਾਂ ਜਾਂ ਯੂਨੀਅਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਫੈਡਰੇਸ਼ਨ ਸੰਯੁਕਤ ਕਿਸਾਨ ਮੋਰਚੇ ਨੂੰ ਸਹਿਯੋਗ ਦੇਵੇਗੀ। ਪੰਜਾਬ ਤੋਂ ਉਨ੍ਹਾਂ ਦਾ ਸਾਥ ਦੇਣ ਵਾਲਿਆਂ ਵਿੱਚ ਸੁਰਜੀਤ ਸਿੰਘ ਫੂਲ ਵੀ ਦੱਸੇ ਜਾ ਰਹੇ ਹਨ।

# ਪੰਜਾਬ ਵਿਚ ਭਾਜਪਾ ਦੇ ਸਮਾਗਮਾਂ ਦਾ ਤਿੱਖਾ ਵਿਰੋਧ

**ਚੰਡੀਗੜ੍ਹ:** ਕੇਂਦਰ ਦੀ ਭਾਜਪਾ ਸਰਕਾਰ ਦੇ ਸੱਤ ਸਾਲ ਪੂਰੇ ਹੋਣ 'ਤੇ ਪੂਰੇ ਮੁਲਕ ਵਿਚ ਸਮਾਗਮ ਕਰਵਾਏ ਜਾ ਰਹੇ ਹਨ। ਇਸ ਦਿਨ ਨੂੰ ਸੇਵਾ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਪਰ ਪੰਜਾਬ ਵਿਚ ਭਾਜਪਾ ਆਗੂਆਂ ਨੂੰ ਥਾਂ-ਥਾਂ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਮੋਗਾ ਦੇ ਸਿਵਲ ਹਸਪਤਾਲ 'ਚ ਮਾਸਕ ਵੰਡਣ ਆਏ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ ਤੇ ਹਾਲਾਤ ਟਕਰਾਅ ਤੱਕ ਪਹੁੰਚ ਗਏ। ਕਿਸਾਨਾਂ ਦੇ ਰੋਹ ਕਾਰਨ ਭਾਜਪਾ ਆਗੂਆਂ ਨੂੰ ਹਸਪਤਾਲ ਦੇ ਪਿਛਲੇ ਰਸਤਿਓਂ ਬਾਹਰ ਕੱਢਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਥੋਂ ਦੇ ਸਿਵਲ ਹਸਪਤਾਲ 'ਚ ਭਾਜਪਾ ਦੇ ਜਿਲ੍ਹਾ ਪ੍ਰਧਾਨ ਵਿਨੇ ਸ਼ਰਮਾ ਤੇ ਹੋਰ ਭਾਜਪਾ ਆਗੂ ਮਾਸਕ ਵੰਡਣ ਆਏ ਸਨ। ਇਸ ਭਿਣਕ ਪੈਣ 'ਤੇ ਵੱਡੀ ਗਿਣਤੀ ਵਿਚ ਕਿਸਾਨ ਮੌਕੇ ਉਤੇ ਪੁੱਜ ਗਏ। ਭੜਕੇ ਕਿਸਾਨਾਂ ਨੇ ਮੋਦੀ ਸਰਕਾਰ ਅਤੇ ਭਾਜਪਾ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਮੌਕੇ 'ਤੇ ਹਾਲਾਤ ਤਣਾਅ ਵਾਲੇ ਬਣਨ ਕਾਰਨ ਪੁਲਿਸ ਨੂੰ ਭਾਜੜਾਂ ਪੈ ਗਈਆਂ ਤੇ ਸੁਰੱਖਿਆ ਦੇ ਮੱਦੇ-ਨਜ਼ਰ ਦਸਹਿਰਾ ਗਰਾਊਂਡ ਨੇੜਲੀ ਸੜਕ ਬੰਦ ਕਰ ਦਿੱਤੀ ਗਈ, ਜਿਸ ਕਾਰਨ ਹੋਰਨਾਂ ਰਾਹਗੀਰਾਂ ਨੂੰ ਵੀ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸਥਿਤੀ ਵਿਗੜਨ ਦੇ ਡਰੋਂ ਪੁਲਿਸ ਪ੍ਰਸ਼ਾਸਨ ਨੇ ਭਾਜਪਾ ਆਗੂਆਂ ਨੂੰ ਹਸਪਤਾਲ ਦੇ ਪਿਛਲੇ ਰਸਤਿਓਂ ਲੰਘਾਉਣਾ ਪਿਆ।



ਇਸੇ ਤਰ੍ਹਾਂ ਕਾਹਨੂੰਵਾਨ ਕਸਬੇ ਅੰਦਰ ਭਾਜਪਾ ਆਗੂਆਂ ਵੱਲੋਂ ਕੀਤੇ ਜਾ ਰਹੇ ਸਮਾਗਮ ਦੇ ਵਿਰੋਧ ਵਿਚ ਹਲਕੇ ਦੇ ਸੈਂਕੜੇ ਕਿਸਾਨਾਂ ਨੇ ਮੰਡਲ ਪ੍ਰਧਾਨ ਅਜੇ ਚੰਦੇਲ ਦੇ ਘਰ ਨੂੰ ਘੇਰ ਲਿਆ। ਕਿਸਾਨਾਂ ਨੇ ਕਸਬੇ ਵਿਚ ਰੋਸ ਮਾਰਚ ਵੀ ਕੀਤਾ। ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਨੂੰ ਆਪਣੇ ਸਮਾਗਮ ਰੱਦ ਕਰਨੇ ਪਏ। ਮਾਝਾ ਸੰਘਰਸ਼ ਕਮੇਟੀ ਦੇ ਮੁੱਖ ਆਗੂ ਬਲਵਿੰਦਰ ਸਿੰਘ ਰਾਜੂ ਅਤੇ ਕੰਵਲਜੀਤ ਸਿੰਘ ਪੰਡੋਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਭਾਜਪਾ ਦੇ ਆਗੂਆਂ ਵੱਲੋਂ ਸਥਾਨਕ ਹਸਪਤਾਲ ਤੇ ਕੁੱਝ ਪਿੰਡਾਂ ਵਿਚ ਮੀਟਿੰਗਾਂ ਕਰਨ ਬਾਰੇ ਪਤਾ ਲੱਗਿਆ ਸੀ। ਇਸ 'ਤੇ ਸੰਯੁਕਤ ਮੋਰਚੇ ਵੱਲੋਂ ਪੰਜਾਬ ਭਰ ਵਿਚ ਭਾਜਪਾ ਦੀ ਹਰ ਸਰਗਰਮੀ ਦਾ ਵਿਰੋਧ ਕਰਨ ਦੇ ਦਿੱਤੇ ਗਏ ਸੱਦੇ ਤਹਿਤ ਤੁਰਤ ਇਸ ਦਾ ਨੋਟਿਸ ਲਿਆ ਗਿਆ। ਉਨ੍ਹਾਂ ਹਲਕੇ ਦੀਆਂ ਕਿਸਾਨ ਜਥੇਬੰਦੀਆਂ ਨਾਲ ਭਾਜਪਾ ਆਗੂ ਦੇ ਘਰ ਦੇ ਸਾਹਮਣੇ ਧਰਨਾ ਦਿੱਤਾ। ਕਿਸਾਨਾਂ ਨੇ ਕੇਂਦਰ ਸਰਕਾਰ ਅਤੇ ਭਾਜਪਾ ਆਗੂਆਂ ਖਿਲਾਫ ਨਾਅਰੇਬਾਜ਼ੀ ਕੀਤੀ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਭਾਜਪਾ ਵੱਲੋਂ ਹਲਕੇ ਅੰਦਰ ਕੋਈ ਵੀ ਸਰਗਰਮੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨ ਉਸ ਦਾ ਡਟ ਕੇ ਵਿਰੋਧ ਕਰਨਗੇ।

ਇਸੇ ਤਰ੍ਹਾਂ ਕਾਦੀਆਂ ਵਿਚ ਭਾਜਪਾ ਮਹਿਲਾ ਮੋਰਚਾ ਵੱਲੋਂ ਲਗਾਏ ਜਾ ਰਹੇ ਖ਼ੂਨਦਾਨ ਕੈਂਪ ਨੂੰ ਕਿਸਾਨਾਂ ਨੇ ਬੰਦ ਕਰਵਾ ਦਿੱਤਾ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ੋਨ ਸਠਿਆਲੀ ਦੇ ਪ੍ਰਧਾਨ ਗੁਰਮੁਖ ਸਿੰਘ, ਸੋਹਨ ਸਿੰਘ ਅਤੇ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਭਾਜਪਾ ਵੱਲੋਂ ਨਾਥਪੁਰ ਦੇ ਇਕ ਗੁਰਦੁਆਰੇ ਵਿਚ ਖ਼ੂਨਦਾਨ ਕੈਂਪ ਲਗਾਉਣ ਬਾਰੇ ਪਤਾ ਲੱਗਿਆ ਸੀ, ਜਿਸ ਦਾ ਵਿਰੋਧ ਕਰਨ ਲਈ ਵੱਡੀ ਗਿਣਤੀ 'ਚ ਕਿਸਾਨ ਉੱਥੇ ਪਹੁੰਚੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖ਼ੂਨਦਾਨ ਕੈਂਪ ਤੋਂ ਕੋਈ ਇਤਰਾਜ਼ ਨਹੀਂ ਪਰ ਇਹ ਭਾਜਪਾ ਦੇ ਬੈਨਰ ਹੇਠ ਨਾ ਲਗਾਇਆ ਜਾਵੇ।

# ਸੰਘਰਸ਼ੀ ਅਖਾੜਿਆਂ ਤੋਂ ਹਕੂਮਤ ਦੇ ਲੋਕ ਵਿਰੋਧੀ ਵਤੀਰੇ ਖਿਲਾਫ ਏਕੇ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ 'ਤੇ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਅੱਗੇ ਧਰਨੇ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਧਰਨੇ ਚੱਲ ਰਹੇ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਕੇਂਦਰੀ ਹਕੂਮਤ ਤੇ ਰਾਜ ਸਰਕਾਰ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਪਾਬੰਦੀਆਂ ਅੰਦੋਲਨਕਾਰੀ ਲੋਕਾਂ ਨੂੰ ਮਿਸ਼ਨ ਤੋਂ ਪਿਛਾਂਹ ਨਹੀਂ ਧੱਕ ਸਕਦੀਆਂ।

ਉਨ੍ਹਾਂ ਕਿਹਾ ਕਿ ਕਿਸਾਨ ਤਿੰਨੇ ਖੇਤੀ ਕਾਨੂੰਨ ਰੱਦ ਕਰਾਉਣ ਸਮੇਤ ਹੋਰਨਾਂ ਮੰਗਾਂ ਦੀ ਪ੍ਰਾਪਤੀ ਲਈ ਦ੍ਰਿੜ੍ਹ ਹਨ ਤੇ ਇਹ ਸੰਘਰਸ਼ ਕਿਸੇ ਵੀ ਤਰ੍ਹਾਂ ਦੀਆਂ ਪਾਬੰਦੀਆਂ ਨਾਲ ਡੱਕਿਆ ਨਹੀਂ ਜਾ ਸਕਦਾ। ਕੇਂਦਰੀ ਅਤੇ ਰਾਜ ਸਰਕਾਰਾਂ ਵੱਲੋਂ ਮੜੀਆਂ ਜਾ ਰਹੀਆਂ ਪਾਬੰਦੀਆਂ ਦਾ ਵਿਰੋਧ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕਰੋਨਾ ਸੰਕਟ ਦੌਰਾਨ ਜਬਰੀ ਥੋਪੀ ਤਾਲਾਬੰਦੀ ਕਾਰਨ ਸ਼ਹਿਰੀ ਕਾਰੋਬਾਰੀਆਂ, ਮਜ਼ਦੂਰਾਂ ਅਤੇ ਪੇਂਡੂ ਲੋਕਾਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਵੀ ਕਰੋਨਾ ਵਾਇਰਸ ਨੂੰ ਰੋਕਣ ਲਈ ਵਿਗਿਆਨਕ ਢੰਗ ਅਪਨਾਉਣ, ਲੋੜੀਂਦੀਆਂ ਮੈਡੀਕਲ ਸਹੂਲਤਾਂ ਦੇਣ ਦੀ ਥਾਂ ਲੋਕਾਂ ਨੂੰ ਘਰਾਂ ਅੰਦਰ ਕੈਦ ਕਰਨ ਲਈ ਜਬਰੀ ਪਾਬੰਦੀਆਂ ਲਾਉਣ ਵਾਲੀ ਨੀਤੀ 'ਤੇ ਅਮਲ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਇਸ ਸਮੇਂ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਰਾਹੀਂ ਇਲਾਜ ਦੀ ਲੋੜ ਹੈ ਨਾ ਕਿ ਜਬਰੀ ਤਾਲਾਬੰਦੀ ਦੀ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਾਂ ਦੇ ਸੇਵਾਦਾਰ ਨਾ ਹੋ ਕੇ ਕਾਰਪੋਰੇਟ ਦੇ ਸੇਵਾਦਾਰ ਸਾਬਤ ਹੋਏ ਹਨ ਅਤੇ ਸਰਕਾਰ ਖੇਤੀ ਖੇਤਰ ਨੂੰ ਖੁੱਲ੍ਹੀ ਮੰਡੀ ਦੇ ਹਵਾਲੇ ਕਰਨ 'ਤੇ ਬਜ਼ਿੱਦ ਹੈ। ਉਨ੍ਹਾਂ ਕਿਹਾ ਕਿ ਸਮੂਹ ਵਰਗਾਂ ਦਾ ਏਕਾ ਹੀ ਸਰਕਾਰ ਨੂੰ ਲੋਕ ਵਿਰੋਧੀ ਫੈਸਲੇ ਲੈਣ ਤੋਂ ਰੋਕ ਸਕਦਾ ਹੈ। ਆਗੂਆਂ ਨੇ ਕਿਹਾ ਕਿ ਸੰਘਰਸ਼ਸ਼ੀਲ ਲੋਕਾਂ ਕੋਲ ਅੜੀਅਲ ਹਕੂਮਤ ਖਿਲਾਫ ਲੜਨ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ। ਇਸ ਲਈ ਇਹ ਲੜਾਈ ਜ਼ਮੀਨਾਂ ਦੇ ਨਾਲ-ਨਾਲ ਸਾਡਾ ਸੱਭਿਆਚਾਰ ਤੇ ਜੀਵਨ-ਜਾਂਚ ਬਚਾਉਣ ਦੀ ਵੀ ਲੜਾਈ ਹੈ।



ਬੁਲਾਰਿਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਖਲਿਾਫ ਲੜੇ ਜਾ ਰਹੇ ਕਿਸਾਨ ਸੰਘਰਸ਼ ਦੀ ਇਹ ਅਹਿਮ ਪ੍ਰਾਪਤੀ ਹੈ ਕਿ ਇਸ ਨੇ ਸਰਕਾਰ ਦੇ ਨਾਲ-ਨਾਲ ਪੂੰਜੀਪਤੀਆਂ ਨੂੰ ਨਿਸ਼ਾਨੇ 'ਤੇ ਲੈ ਆਂਦਾ ਹੈ ਅਤੇ ਉਹ ਵੀ ਲੋਕ ਰੋਹ ਦਾ ਸੇਕ ਝੱਲ ਰਹੇ ਹਨ, ਖਾਸ ਕਰਕੇ ਮੋਦੀ ਸਰਕਾਰ ਦੇ ਨੇੜਲੇ ਜੋਟੀਦਾਰ ਘਰਾਣੇ ਅੰਬਾਨੀ ਤੇ ਅਡਾਨੀ ਦੇ ਕਾਰੋਬਾਰ ਕਿਸਾਨ ਸੰਘਰਸ਼ ਦੇ ਰੋਹ ਦੀ ਮਾਰ ਹੇਠ ਆਏ ਹੋਏ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਦੀ ਮਜ਼ਬੂਤੀ ਲਈ ਪੰਜਾਬ ਤੋਂ ਲਗਾਤਾਰ ਜਥੇ ਭੇਜੇ ਜਾਣਗੇ। ਉਨ੍ਹਾਂ ਸਾਰੇ ਵਰਗਾਂ ਦੇ ਲੋਕਾਂ ਨੂੰ ਇਕਜੁੱਟ ਹੁੰਦਿਆਂ ਦਿੱਲੀ ਅੰਦੋਲਨ ਵਿਚ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਆਗੂਆਂ ਨੇ ਕਿਹਾ ਕਿ ਇਹ ਸੰਘਰਸ਼ ਲੋਕਾਂ ਦੀਆਂ ਬੁਨਿਆਦੀ ਲੋੜਾਂ ਨਾਲ ਜੁੜਿਆ ਹੈ। ਉਨ੍ਹਾਂ ਕਿਹਾ ਕਿ ਲੋਕ ਕੇਂਦਰ ਸਰਕਾਰ ਦੀਆਂ ਮਾਰੂ ਨੀਤੀਆਂ ਨੂੰ ਚੰਗੀ ਤਰ੍ਹਾਂ ਸਮਝ ਗਏ ਹਨ ਅਤੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਸੰਘਰਸ਼ 'ਤੇ ਡਟੇ ਰਹਿਣਗੇ। ਆਗੂਆਂ ਨੇ ਐਲਾਨ ਕੀਤਾ ਕਿ ਕਿਸਾਨ ਖੇਤੀ ਕਾਨੂੰਨ ਸਮੇਤ ਹੋਰ ਮੰਗਾਂ ਪੂਰੀਆਂ ਹੋਣ ਮਗਰੋਂ ਹੀ ਘਰ ਪਰਤਣਗੇ।

# ਬਿਜਲੀ ਦਰਾਂ: ਕੈਪਟਨ ਸਰਕਾਰ ਵੱਲੋਂ ਫੋਕੀ ਵਾਹ-ਵਾਹ ਖੱਟਣ ਦੀ ਰਣਨੀਤੀ

**ਚੰਡੀਗੜ੍ਹ:** ਨਵੀਆਂ ਬਿਜਲੀ ਦਰਾਂ ਦੇ ਐਲਾਨ ਮਗਰੋਂ ਕੈਪਟਨ ਸਰਕਾਰ ਫੋਕੀ ਵਾਹ-ਵਾਹ ਖੱਟ ਰਹੀ ਹੈ ਪਰ ਹਕੀਕਤ ਇਹ ਹੈ ਕਿ ਪੰਜਾਬ ਸਰਕਾਰ ਦਾ ਬਿਜਲੀ ਦਰਾਂ ਦੀ ਰਿਆਇਤ ਵਿਚ ਇਕ ਪੈਸੇ ਦਾ ਵੀ ਸਹਿਯੋਗ ਨਹੀਂ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵੱਲੋਂ ਘਰੇਲੂ ਦਰਾਂ ਵਿਚ 0.5 ਫੀਸਦੀ ਦੀ ਕੀਤੀ ਗਈ ਕਟੌਤੀ ਦਾ ਖਮਿਆਜ਼ਾ ਸਿੱਧੇ ਤੌਰ 'ਤੇ ਪਾਵਰਕੌਮ ਨੂੰ ਹੀ ਝੱਲਣਾ ਪੈਣਾ ਹੈ।



ਕੈਪਟਨ ਸਰਕਾਰ ਦੇ ਇਸ ਕਾਰਜਕਾਲ ਦੌਰਾਨ ਤਕਰੀਬਨ ਹਰ ਸਾਲ ਭਾਅ ਵਧਾਏ ਜਾਂਦੇ ਰਹੇ ਹਨ ਤੇ ਸਾਲ 2017 ਤੋਂ 2020 ਤੱਕ ਇਹ ਕੁੱਲ ਵਾਧਾ 13.69 ਫੀਸਦੀ ਨੂੰ ਢੁੱਕਿਆ ਰਿਹਾ ਹੈ ਪਰ ਹੁਣ ਚੋਣ ਵਰ੍ਹੇ ਕਾਰਨ ਇਸ ਵਾਧੇ ਨੂੰ ਘਟਾਉਂਦਿਆਂ ਬਿਜਲੀ ਦਰ ਵਿਚ 0.5 ਫੀਸਦੀ ਦੀ ਮਨਫੀ ਐਲਾਨੀ ਗਈ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਗਰੀਬ ਖਪਤਕਾਰਾਂ ਨੂੰ ਬਿਜਲੀ ਦੇ ਭਾਅ ਵਿਚ ਰਿਆਇਤ ਦੇਣੀ ਹੀ ਸੀ ਤਾਂ ਉਹ ਖਪਤਕਾਰਾਂ ਤੋਂ ਉਗਰਾਹੇ ਜਾਣ ਵਾਲੇ ਟੈਕਸਾਂ ਇਲੈਕਟਰੀਸਿਟੀ ਡਿਊਟੀ 'ਈਡੀ' ਨੂੰ ਮਨਫੀ ਕਰ ਸਕਦੀ ਸੀ, ਜਿਹੜੇ ਕਿ ਛੇੜੇ ਤੱਕ ਨਹੀਂ ਗਏ। ਦੱਸਿਆ ਜਾ ਰਿਹਾ ਹੈ ਕਿ ਇਸ ਵੇਲੇ ਬਿਜਲੀ ਖਪਤਕਾਰਾਂ 'ਤੇ ਦੇਸ਼ ਭਰ ਵਿਚ ਸਭ ਤੋਂ ਵੱਧ ਟੈਕਸ ਪੰਜਾਬ ਦੇ ਖਪਤਕਾਰਾਂ ਨੂੰ ਅਦਾ ਕਰਨੇ ਪੈ ਰਹੇ ਹਨ, ਜਿਹੜੇ ਕਿ 20 ਫੀਸਦੀ ਪ੍ਰਤੀ ਯੂਨਿਟ ਤੱਕ ਪਹੁੰਚੇ ਹੋਏ ਹਨ। ਇਨ੍ਹਾਂ ਟੈਕਸਾਂ ਵਿਚੋਂ 13 ਫੀਸਦੀ ਹਿੱਸਾ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਲੈਂਦੀ ਹੈ, ਜਦੋਂ ਕਿ 5 ਫੀਸਦੀ ਬੁਨਿਆਦੀ ਢਾਂਚਾ ਫੀਸ ਤੇ 2 ਫੀਸਦੀ ਮਿਊਂਸਪਲ ਟੈਕਸ ਵੀ ਵਸੂਲੇ ਜਾ ਰਹੇ ਹਨ। ਘਰੇਲੂ ਖਪਤਕਾਰਾਂ ਤੋਂ ਅਜਿਹੇ ਟੈਕਸਾਂ ਦੀ ਸਾਲਾਨਾ ਵਸੂਲੀ 1300 ਕਰੋੜ ਨੂੰ ਅੱਪੜ ਰਹੀ ਹੈ।

ਦੱਸ ਦਈਏ ਕਿ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਬਿਜਲੀ ਦਰਾਂ ਵਿੱਚ 50 ਪੈਸੇ ਤੋਂ ਇਕ ਰੁਪਏ ਤੱਕ ਪ੍ਰਤੀ ਯੂਨਿਟ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ। ਵਿੱਤੀ ਵਰ੍ਹੇ 2021-22 ਲਈ ਨਵੀਆਂ ਬਿਜਲੀ ਦਰਾਂ ਸਬੰਧੀ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਵਿਚ ਦੱਸਿਆ ਗਿਆ 2 ਕਿਲੋਵਾਟ ਤੱਕ ਲੋਡ ਵਾਲੇ ਘਰੇਲੂ ਖਪਤਕਾਰਾਂ ਲਈ ਪਹਿਲੇ 100 ਯੂਨਿਟ ਵਾਸਤੇ ਬਿਜਲੀ ਦਰਾਂ ਇਕ ਰੁਪਏ ਅਤੇ 101 ਤੋਂ ਲੈ ਕੇ 300 ਯੂਨਿਟ ਤੱਕ 50 ਪੈਸੇ ਪ੍ਰਤੀ ਯੂਨਿਟ ਬਿਜਲੀ ਸਸਤੀ ਕੀਤੀ ਗਈ ਹੈ। ਇਸੇ ਤਰ੍ਹਾਂ 2 ਤੋਂ 7 ਕਿਲੋਵਾਟ ਦੇ ਖਪਤਕਾਰਾਂ ਲਈ ਪਹਿਲੇ 100 ਯੂਨਿਟ ਲਈ 75 ਪੈਸੇ ਤੇ ਫਿਰ 101 ਤੋਂ 300 ਯੂਨਿਟ ਤੱਕ 50 ਪੈਸੇ ਪ੍ਰਤੀ ਯੂਨਿਟ ਬਿਜਲੀ ਸਸਤੀ ਕੀਤੀ ਗਈ ਹੈ।

ਪਿਛਲੇ ਦੋ ਦਹਾਕਿਆਂ ਤੋਂ ਸਸਤੀ ਬਿਜਲੀ ਦੇ ਢਿੰਡੋਰੇ ਪਿੱਛੋਂ ਵੋਟਾਂ ਨਿੱਬੜਨ ਸਾਰ ਮਹਿੰਗੀ ਬਿਜਲੀ ਦਾ ਵੱਡਾ ਵਿੱਤੀ ਬੋਝ ਸੂਬੇ ਦੇ ਖਪਤਕਾਰਾਂ ਸਿਰ ਪੈ ਜਾਂਦਾ ਹੈ। ਪਿਛਲੀ ਕੈਪਟਨ ਸਰਕਾਰ ਦੇ ਆਖਰੀ ਸਾਲ 2006-07 ਦੌਰਾਨ ਬਿਜਲੀ ਦਰਾਂ ਵਿਚ ਵਾਧੇ ਦਾ ਅੰਕੜਾ ਜ਼ੀਰੋ ਫੀਸਦੀ ਐਲਾਨਿਆ ਗਿਆ ਸੀ, ਹਾਲਾਂਕਿ ਪਹਿਲੇ ਚਾਰ ਸਾਲਾਂ ਵਿਚ ਇਹ ਕੁੱਲ ਵਾਧਾ 22.51 ਫੀਸਦੀ ਤੱਕ ਢੁੱਕਿਆ ਰਿਹਾ ਸੀ। ਜਦ ਕਿ ਇਸ ਕਾਰਜਕਾਲ ਦੇ ਪਹਿਲੇ 2002-03 ਵਰ੍ਹੇ ਦਰਾਂ ਵਿਚ ਵਾਧਾ 10 ਫੀਸਦੀ ਨਿਰਧਾਰਤ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਅਗਲੀ ਬਾਦਲ ਸਰਕਾਰ ਦੇ 2007-12 ਵੇਲੇ ਬਿਜਲੀ ਦਰਾਂ ਵਿਚ ਕੁੱਲ ਵਾਧਾ 42.13 ਫੀਸਦੀ ਤੱਕ ਸੀ ਤੇ ਇਸ ਸਰਕਾਰ ਦੇ ਆਖਰੀ ਦੋ ਵਰ੍ਹੇ ਵਾਧੇ ਦੀ ਦਰ ਦੀ ਗਤੀ ਅਸਲੋਂ ਹੌਲੀ ਕਰ ਦਿੱਤੀ ਗਈ ਸੀ। ਇਸੇ ਤਰ੍ਹਾਂ 2012 ਦੀਆਂ ਚੋਣਾਂ ਦੇ ਤੁਰਤ ਮਗਰੋਂ ਬਾਦਲ ਸਰਕਾਰ ਨੇ ਬਿਜਲੀ ਖਪਤਕਾਰਾਂ 'ਤੇ 12.08 ਫੀਸਦੀ ਦਾ ਬੋਝ ਲੱਦ ਦਿੱਤਾ ਸੀ, ਜਦੋਂ ਕਿ ਇਸ ਕਾਰਜਕਾਲ ਦੇ ਆਖਰੀ ਦੋਵੇਂ ਸਾਲਾਂ ਵਿਚ ਵਾਧੇ ਦੀ ਦਰ ਜ਼ੀਰੋ ਫੀਸਦੀ ਤੇ 0.65 ਫੀਸਦੀ ਤੱਕ ਹੀ ਐਲਾਨੀ ਸੀ।

### ਬਿਜਲੀ ਦੇ ਭਾਅ ਵਿਚ ਕਟੌਤੀ ਨਿਗੂਣੀ: ਚੀਮਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਰਕਾਰ ਵੱਲੋਂ ਬਿਜਲੀ ਦੀਆਂ ਦਰਾਂ 'ਚ ਮਾਮੂਲੀ ਜਿਹੀ ਕਟੌਤੀ ਕਰਨ ਸਬੰਧੀ ਕਿਹਾ ਕਿ ਇਹ ਸਭ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਕੀਤੀ ਤਬਦੀਲੀ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾਉਣ ਦੇ ਬਰਾਬਰ ਹੈ। ਉਨ੍ਹਾਂ ਮੰਗ ਕੀਤੀ ਕਿ ਕੈਪਟਨ ਅਮਰਿੰਦਰ ਸਿੰਘ ਆਪਣੇ ਵਾਅਦੇ ਅਨੁਸਾਰ ਬਾਦਲ ਸਰਕਾਰ ਸਮੇਂ ਹੋਏ ਬਿਜਲੀ ਸਮਝੌਤਿਆਂ ਸਬੰਧੀ ਵ੍ਹਾਈਟ ਪੇਪਰ ਤੁਰਤ ਜਾਰੀ ਕਰਨ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਦੇਸ਼ ਭਰ 'ਚੋਂ ਮਿਲ ਰਹੀ ਮਹਿੰਗੀ ਬਿਜਲੀ ਦੀ ਸਚਾਈ ਦਾ ਪਤਾ ਲੱਗ ਸਕੇ। ਉਨ੍ਹਾਂ ਕਿਹਾ ਕਿ ਬਿਜਲੀ ਦਰਾਂ ਵਿਚ ਪ੍ਰਤੀ ਯੂਨਿਟ 50 ਪੈਸੇ ਤੋਂ ਲੈ ਕੇ ਇਕ ਰੁਪਏ ਤੱਕ ਦੀ ਕਟੌਤੀ ਕੀਤੀ ਗਈ, ਜੋ ਬਹੁਤ ਹੀ ਨਿਗੂਣੀ ਹੈ।

## ਨੌਕਰੀਆਂ ਖਤਮ ਕਰਨ ਲੱਗੀ ਕੈਪਟਨ ਸਰਕਾਰ: ਆਪ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 'ਘਰ-ਘਰ ਨੌਕਰੀ' ਦੇਣ ਦਾ ਵਾਅਦਾ ਕਰਨ ਵਾਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੌਕਰੀਆਂ ਖਤਮ ਕਰਨ ਲੱਗੀ ਹੋਈ ਹੈ, ਜਿਸ ਕਰਕੇ ਸੂਬੇ ਵਿਚ ਬੇਰੁਜ਼ਗਾਰੀ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਪਾਵਰਕੌਮ ਅਤੇ ਸਿਹਤ ਵਿਭਾਗ ਸਮੇਤ ਹੋਰਨਾਂ ਵਿਭਾਗਾਂ ਵਿਚੋਂ ਅਸਾਮੀਆਂ ਖਤਮ ਕਰਨ ਦਾ ਫੈਸਲਾ ਨਿੰਦਣਯੋਗ ਹੈ। ਚੀਮਾ ਨੇ ਕਿਹਾ ਕਿ ਜਦੋਂ ਤੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠੇ ਹਨ, ਉਦੋਂ ਤੋਂ ਹੀ ਸਰਕਾਰੀ ਨੌਕਰੀਆਂ ਕਰਦੇ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਤੋਂ ਕੱਢਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਾਵਰਕੌਮ ਨੇ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੂਪਨਗਰ ਵਿਚੋਂ 446 ਅਸਾਮੀਆਂ ਅਤੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਵਿਚੋਂ 274 ਅਸਾਮੀਆਂ ਸਮੇਤ ਕੁੱਲ 720 ਅਸਾਮੀਆਂ ਖਤਮ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਸਰਕਾਰ ਰੂਪਨਗਰ ਅਤੇ ਲਹਿਰਾ ਮੁਹੱਬਤ ਦੇ ਪਾਵਰ ਪਲਾਂਟਾਂ ਨੂੰ ਨਿੱਜੀ ਹੱਥਾਂ ਵਿਚ ਸੌਂਪਣ ਲਈ ਕਦਮ ਚੁੱਕ ਰਹੀ ਹੈ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਕਰੋਨਾ ਮਹਾਮਾਰੀ ਦੌਰਾਨ ਡਾਕਟਰਾਂ ਦੀ ਭਰਤੀ ਕਰਨ ਦੀ ਥਾਂ ਸਿਹਤ ਵਿਭਾਗ ਵਿਚੋਂ 489 ਡਾਕਟਰਾਂ ਦੀਆਂ ਅਸਾਮੀਆਂ ਖਤਮ ਕਰਕੇ ਕੈਪਟਨ ਸਰਕਾਰ ਨੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਤੋਂ ਪਾਸਾ ਹੀ ਵੱਟ ਲਿਆ ਹੈ। 'ਆਪ' ਆਗੂ ਨੇ ਮੰਗ ਕੀਤੀ ਕਿ ਸਰਕਾਰੀ ਨੌਕਰੀਆਂ ਲਈ ਮੁੜ ਫਾਰਮ ਭਰਵਾਉਣ ਦੀ ਥਾਂ ਸਾਲ 2017 ਦੀਆਂ ਚੋਣਾਂ ਤੋਂ ਪਹਿਲਾਂ ਨੌਕਰੀ ਦੇ ਫਾਰਮ ਭਰਨ ਵਾਲਿਆਂ ਨੂੰ ਸਿੱਧੇ ਨਿਯੁਕਤੀ ਪੱਤਰ ਦਿੱਤੇ ਜਾਣ।

## ਸਾਬਕਾ ਅਕਾਲੀ ਵਿਧਾਇਕ ਖੀਰਨੀਆਂ ਨੇ ਪਾਰਟੀ ਛੱਡੀ

**ਸਮਰਾਲਾ:** ਸਮਰਾਲਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਰਮਜੀਤ ਸਿੰਘ ਢਿੱਲੋਂ ਨੂੰ ਨਵਾਂ ਹਲਕਾ ਇੰਚਾਰਜ ਐਲਾਨੇ ਜਾਣ ਦੇ ਵਿਰੋਧ ਵਿਚ ਹਲਕੇ ਦੇ ਟਕਸਾਲੀ ਖੀਰਨੀਆਂ ਅਤੇ ਲੋਪੋਂ ਪਰਿਵਾਰ ਨੇ ਆਪਣੇ ਸਮਰਥਕਾਂ ਸਮੇਤ ਕਈ ਵੱਡੇ ਐਲਾਨ ਕਰਦਿਆਂ ਪਾਰਟੀ ਨੂੰ ਸਿਆਸੀ ਝਟਕਾ ਦਿੱਤਾ।

ਸਾਬਕਾ ਅਕਾਲੀ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਨੇ ਜਿਥੇ ਆਪਣੇ ਸਮਰਥਕਾਂ, ਸਾਬਕਾ ਕੌਂਸਲਰਾਂ, ਬਲਾਕ ਸਮਿਤੀ ਮੈਂਬਰਾਂ ਅਤੇ ਕਈ ਹੋਰ ਅਹੁਦੇਦਾਰਾਂ ਸਮੇਤ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦਿੰਦਿਆਂ ਪਾਰਟੀ ਤੋਂ ਵੱਖ ਹੋ ਕੇ ਵਿਧਾਨ ਸਭਾ ਚੋਣ ਲੜਨ ਦਾ ਐਲਾਨ ਕੀਤਾ, ਉਥੇ ਹੀ ਜ਼ਿਲ੍ਹਾ ਯੂਥ ਪ੍ਰਧਾਨ ਬਰਜਿੰਦਰ ਸਿੰਘ ਬਬਲੂ ਲੋਪੋਂ ਨੇ ਜ਼ਿਲ੍ਹਾ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦਿੰਦਿਆਂ ਇਹ ਐਲਾਨ ਕੀਤਾ ਕਿ ਉਹ ਅਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਇਸ ਹਲਕੇ 'ਚ ਪਾਰਟੀ ਲਈ ਪ੍ਰਚਾਰ ਤੱਕ ਨਹੀਂ ਕਰਨਗੇ।

ਲੋਪੋਂ ਦੇ ਸਮਰਥਕ ਕਈ ਸਰਕਲ ਪ੍ਰਧਾਨਾਂ ਸਮੇਤ ਵੱਡੀ ਗਿਣਤੀ ਪਾਰਟੀ ਅਹੁਦੇਦਾਰਾਂ ਨੇ ਵੀ ਆਪਣੇ ਅਹੁਦਿਆਂ ਤੋਂ ਅਸਤੀਫਾ ਦਿੰਦਿਆਂ ਪਾਰਟੀ ਅੱਗੇ ਆਪਣਾ ਫੈਸਲਾ ਬਦਲਣ ਦੀ ਮੰਗ ਰੱਖੀ।



ਪਾਰਟੀ ਤੋਂ ਅਸਤੀਫਾ ਦੇਣ ਵਾਲਿਆਂ 'ਚ ਇਸਤਰੀ ਅਕਾਲੀ ਦਲ ਦੀ ਕੌਮੀ ਜਨਰਲ ਸਕੱਤਰ ਬੀਬੀ ਬਲਜਿੰਦਰ ਕੌਰ ਖੀਰਨੀਆਂ ਸਮੇਤ ਇਲਾਕੇ ਦੇ ਕਈ ਪੰਚ-ਸਰਪੰਚ ਅਤੇ ਪਾਰਟੀ ਦੇ ਹੋਰ ਅਹੁਦੇਦਾਰ ਸ਼ਾਮਲ ਹਨ।

ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਨੇ ਕਿਹਾ ਕਿ ਪਾਰਟੀ ਨੇ ਉਨ੍ਹਾਂ ਦੇ ਟਕਸਾਲੀ ਪਰਿਵਾਰ ਅਤੇ ਸਮਰਥਕਾਂ ਦਾ ਕੋਈ ਮੁੱਲ ਨਹੀਂ ਪਾਇਆ। ਇਸ ਲਈ ਉਹ ਪਾਰਟੀ ਵਰਕਰਾਂ ਦੇ ਫੈਸਲੇ ਮੁਤਾਬਕ ਅਕਾਲੀ ਦਲ ਦੀ ਮੁਢਲੀ ਮੈਂਬਰਸ਼ਿਪ ਛੱਡਣ ਦਾ ਐਲਾਨ ਕਰਦੇ ਹਨ। ਉਨ੍ਹਾਂ ਨੇ ਅਕਾਲੀ ਦਲ ਨੂੰ ਲਲਕਾਰਦਿਆਂ ਐਲਾਨ ਕੀਤਾ ਕਿ ਉਹ ਵਿਧਾਨ ਸਭਾ ਚੋਣਾਂ ਲੜਨਗੇ ਅਤੇ ਉਨ੍ਹਾਂ ਦੇ ਸਮਰਥਕ ਉਨ੍ਹਾਂ ਦੀ ਸਫਲਤਾ ਯਕੀਨੀ ਬਣਾ ਕੇ ਵਿਰੋਧੀਆਂ ਦੇ ਭਰਮ ਭੁਲੇਖੇ ਦੂਰ ਕਰਨਗੇ।

## ਸੁਖਬੀਰ ਵੱਲੋਂ ਰਾਜਸੀ ਮਾਮਲਿਆਂ ਬਾਰੇ ਕਮੇਟੀ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ 77 ਮੈਂਬਰੀ ਰਾਜਸੀ ਮਾਮਲਿਆਂ ਬਾਰੇ ਕਮੇਟੀ (ਪੀ.ਏ.ਸੀ.) ਦਾ ਐਲਾਨ ਕਰ ਦਿੱਤਾ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਰਾਜਸੀ ਮਾਮਲਿਆਂ ਬਾਰੇ ਕਮੇਟੀ 'ਚ ਪਾਰਟੀ ਦੇ ਸਾਰੇ ਸੀਨੀਅਰ ਅਤੇ ਮਿਹਨਤੀ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਹੈ।


ਉਨ੍ਹਾਂ ਦੱਸਿਆ ਕਿ ਕਮੇਟੀ ਵਿਚ ਬੀਬੀ ਸਤਵਿੰਦਰ ਕੌਰ ਧਾਲੀਵਾਲ, ਬੀਬੀ ਵਨਿੰਦਰ ਕੌਰ ਲੂੰਬਾ, ਬ੍ਰਿਜ ਭੁਪਿੰਦਰ ਸਿੰਘ ਕੰਗ ਲਾਲੀ, ਇਕਬਾਲ ਸਿੰਘ ਚੰਨੀ ਖੰਨਾ, ਨੁਸਰਤ ਇਕਰਾਮ ਖਾਂ, ਡਾ. ਦਲਬੀਰ ਸਿੰਘ ਵੇਰਕਾ, ਹਰੀ ਸਿੰਘ ਪ੍ਰੀਤ ਟਰੈਕਟਰਜ਼ ਨਾਭਾ, ਭਾਈ ਰਾਮ ਸਿੰਘ, ਜਗਜੀਤ ਸਿੰਘ ਤਲਵੰਡੀ, ਗੁਲਜਾਰ ਸਿੰਘ ਦਿੜਬਾ, ਡਾ. ਨਿਸ਼ਾਨ ਸਿੰਘ ਬੁਢਲਾਡਾ, ਜਸਪਾਲ ਸਿੰਘ ਗਿਆਸਪੁਰਾ, ਗੁਰਮੀਤ ਸਿੰਘ ਕੁਲਾਰ, ਰਵਿੰਦਰ ਸਿੰਘ ਚੀਮਾ ਸੁਨਾਮ, ਅਸ਼ੋਕ ਕੁਮਾਰ ਸ਼ਰਮਾ ਪਠਾਨਕੋਟ, ਰਵਿੰਦਰ ਸਿੰਘ ਬੱਬਲ ਫਿਰੋਜ਼ਪੁਰ, ਪ੍ਰਿਤਪਾਲ ਸਿੰਘ ਪਾਲੀ ਲੁਧਿਆਣਾ, ਡਾ. ਹਰਜਿੰਦਰ ਜੱਖੂ, ਪਰਮਜੀਤ ਸਿੰਘ ਖਾਲਸਾ ਬਰਨਾਲਾ, ਪਰਮਜੀਤ ਸਿੰਘ ਮੱਕੜ ਰੋਪੜ, ਜਥੇਦਾਰ ਮੋਹਣ ਸਿੰਘ ਢਾਹੇ ਸ੍ਰੀ ਅਨੰਦਪੁਰ ਸਾਹਿਬ, ਵਿਸ਼ਨੂੰ ਸ਼ਰਮਾ ਸਾਬਕਾ ਮੇਅਰ ਪਟਿਆਲਾ, ਸੁਰੇਸ਼ ਸਹਿਗਲ ਸਾਬਕਾ ਮੇਅਰ ਜਲੰਧਰ, ਗਿਆਨੀ ਨਰੰਜਣ ਸਿੰਘ ਭੁਟਾਲ ਲਹਿਰਾਗਾਗਾ, ਜਥੇਦਾਰ ਜਗੀਰ ਸਿੰਘ ਵਡਾਲਾ ਕਪੂਰਥਲਾ, ਤੇਜਾ ਸਿੰਘ ਕਮਾਲਪੁਰਾ, ਪ੍ਰੋ. ਮਨਜੀਤ ਸਿੰਘ ਜਲੰਧਰ, ਗੁਰਇਕਬਾਲ ਸਿੰਘ ਮਾਹਲ ਕਾਦੀਆਂ, ਕਮਲਜੀਤ ਸਿੰਘ ਭਾਟੀਆ ਜਲੰਧਰ, ਗੁਰਵਿੰਦਰ ਸਿੰਘ ਸਾਮਪੁਰਾ, ਕਰਨਲ ਦਰਸ਼ਨ ਸਿੰਘ ਸਮਾਧਭਾਈ, ਅਮਰੀਕ ਸਿੰਘ ਖਲੀਲਪੁਰ, ਨਰਿੰਦਰ ਸਿੰਘ ਵਾੜਾ ਦੀਨਾਨਗਰ, ਸੁਖਬੀਰ ਸਿੰਘ ਵਾਹਲਾ ਬਟਾਲਾ, ਪ੍ਰੀਤਮ ਸਿੰਘ ਬਸਤੀ ਮਿੱਠੂ ਜਲੰਧਰ, ਕੀਮਤੀ ਭਗਤ ਜਲੰਧਰ, ਮਹਿੰਦਰ ਕੁਮਾਰ ਪੱਪੂ ਰਾਜਪੁਰਾ, ਸਤੀਸ਼ ਮਲਹੋਤਰਾ ਲੁਧਿਆਣਾ ਅਤੇ ਸੰਪੂਰਨ ਸਿੰਘ ਬਹਿਕ ਖਾਸ ਫਿਰੋਜ਼ਪੁਰ ਦੇ ਨਾਂ ਸ਼ਾਮਲ ਹਨ।

## ਪਰਿਵਾਰ ਦੀਆਂ ਤਿੰਨ ਔਰਤਾਂ ਵੱਲੋਂ ਖੁਦਕੁਸ਼ੀ

**ਸੰਦੌੜ:** ਨੇੜਲੇ ਪਿੰਡ ਕੁਠਾਲਾ 'ਚ ਆਰਥਿਕ ਤੰਗੀ ਅਤੇ ਕਰਜ਼ੇ ਕਾਰਨ ਇਕੋ ਹੀ ਪਰਿਵਾਰ ਦੀਆਂ ਤਿੰਨ ਔਰਤਾਂ ਨੇ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ ਹੈ। ਤਿੰਨਾਂ ਦੀਆਂ ਲਾਸ਼ਾਂ ਕਮਰੇ 'ਚੋਂ ਮਿਲੀਆਂ। ਘਟਨਾ ਦਾ ਪਤਾ ਲਗਦਿਆਂ ਹੀ ਸੰਦੌੜ ਪੁਲਿਸ ਵੀ ਮੌਕੇ 'ਤੇ ਪੁੱਜ ਗਈ। ਮ੍ਰਿਤਕਾਂ ਦੀ ਪਛਾਣ ਹਰਮੇਲ ਕੌਰ (70), ਸੁਖਵਿੰਦਰ ਕੌਰ (43) ਅਤੇ ਅਮਨਜੋਤ ਕੌਰ (19) ਵਜੋਂ ਹੋਈ ਹੈ। ਹਰਮੇਲ ਕੌਰ ਅਤੇ ਸੁਖਵਿੰਦਰ ਕੌਰ ਮਾਵਾਂ-ਧੀਆਂ ਸਨ ਜਦਕਿ ਅਮਨਜੋਤ ਕੌਰ ਸੁਖਵਿੰਦਰ ਕੌਰ ਦੀ ਧੀ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਤਿੰਨੋਂ ਜਣੀਆਂ ਰਾਤ ਰੋਟੀ ਖਾ ਕੇ ਆਪਣੇ ਕਮਰੇ ਵਿਚ ਚਲੀਆਂ ਗਈਆਂ ਜਦਕਿ ਸੁਖਵਿੰਦਰ ਕੌਰ ਦੀ ਸੱਸ ਅਤੇ ਇਕ ਲੜਕਾ ਤੇ ਲੜਕੀ ਬਾਹਰ ਸੁੱਤੇ ਪਏ ਸਨ। ਦੇਰ ਰਾਤ ਨੂੰ ਤਿੰਨਾਂ ਨੇ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ। ਪਰਿਵਾਰਕ ਮੈਂਬਰਾਂ ਨੂੰ ਘਟਨਾ ਬਾਰੇ ਸਵੇਰੇ ਪਤਾ ਲੱਗਾ। ਮ੍ਰਿਤਕ ਸੁਖਵਿੰਦਰ ਕੌਰ ਦੇ ਰਿਸ਼ਤੇਦਾਰ ਜਗਦੇਵ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਸੁਖਵਿੰਦਰ ਕੌਰ ਦੇ ਪਤੀ ਗੁਰਪ੍ਰੀਤ ਸਿੰਘ ਦੀ ਦੋ ਸਾਲ ਪਹਿਲਾਂ ਮੌਤ ਹੋ ਚੁੱਕੀ ਸੀ ਅਤੇ ਘਰ ਵਿਚ ਕੋਈ ਹੋਰ ਕਮਾਉਣ ਵਾਲਾ ਨਾ ਹੋਣ ਕਾਰਨ ਪਰਿਵਾਰ ਆਰਥਿਕ ਤੰਗੀ ਦਾ ਸ਼ਿਕਾਰ ਸੀ ਤੇ ਪਰਿਵਾਰ ਕੋਲ ਕੋਈ ਜਮੀਨ ਵੀ ਨਹੀਂ ਸੀ। ਅਮਨਜੋਤ ਕੌਰ ਨੇ ਵਿਦੇਸ਼ ਜਾਣ ਲਈ ਆਈਲੈਟਸ ਵੀ ਕੀਤੀ ਹੋਈ ਸੀ।

## ਸੰਸਦ ਮੈਂਬਰਾਂ ਤੇ ਵਿਧਾਇਕਾਂ ਖਿਲਾਫ ਕੇਸਾਂ 'ਚ ਛੇਤੀ ਸੁਣਵਾਈ ਦੇ ਹੁਕਮ

**ਚੰਡੀਗੜ੍ਹ:** ਸੰਸਦੀ ਮੈਂਬਰਾਂ ਤੇ ਵਿਧਾਇਕਾਂ ਖਿਲਾਫ ਅਪਰਾਧਿਕ ਮਾਮਲਿਆਂ ਵਿਚ ਛੇਤੀ ਸੁਣਵਾਈ ਨੂੰ ਯਕੀਨੀ ਬਣਾਉਣ ਨੂੰ ਲੈ ਕੇ ਹਾਈਕੋਰਟ ਵੱਲੋਂ ਸ਼ੁਰੂ ਕੀਤੇ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਸਮੇਤ ਕੇਂਦਰੀ ਏਜੰਸੀਆਂ ਨੂੰ ਆਦੇਸ਼ ਦਿੱਤੇ ਕਿ ਉਹ ਅਸ਼ਵਨੀ ਕੁਮਾਰ ਉਪਾਧਿਆਏ ਦੇ ਕੇਂਦਰ ਸਰਕਾਰ ਖਿਲਾਫ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਸੁਣਾਏ ਆਦੇਸ਼ ਦਾ ਨਿਰੀਖਣ ਕਰਨ। ਕੇਸ ਦੀ ਸੁਣਵਾਈ ਦੌਰਾਨ ਸੀ.ਬੀ.ਈ ਵੱਲੋਂ ਪੇਸ਼ ਵਕੀਲ ਸੁਮੀਤ ਗੋਇਲ ਨੇ ਦੱਸਿਆ ਕਿ ਐਂਟੀ ਕੁਰੱਪਸ਼ਨ ਬਿਊਰੋ ਅਤੇ ਸਪੈਸ਼ਲ ਕ੍ਰਾਈਮ ਬ੍ਰਾਂਚ ਸਬੰਧੀ ਕੇਸਾਂ ਦੀ ਜਾਣਕਾਰੀ ਸੀ.ਬੀ.ਆਈ. ਕੋਲ ਮੌਜੂਦ ਹੈ। ਜਸਟਿਸ ਰਾਜਨ ਗੁਪਤਾ ਅਤੇ ਜਸਟਿਸ ਕਰਮਜੀਤ ਸਿੰਘ ਦੇ ਬੈਂਚ ਵਿਚ ਸੁਣਵਾਈ ਦੌਰਾਨ ਬੈਂਚ ਨੇ ਸੀ.ਬੀ.ਆਈ ਨੂੰ ਆਦੇਸ਼ ਦਿੱਤੇ ਕਿ ਜੇਕਰ ਸਬੰਧੀ ਕਿਸੇ ਮਾਮਲੇ ਦੀ ਜਾਂਚ ਲੰਬਿਤ ਹੈ ਤਾਂ ਉਸ ਬਾਰੇ ਕਾਰਨ ਦੱਸਿਆ ਜਾਵੇ।




ਕੇਂਦਰ ਵੱਲੋਂ ਵਧੀਕ ਸੋਲੀਸਿਟਰ ਜਨਰਲ ਆਫ ਇੰਡੀਆ ਸੱਤਿਆ ਪਾਲ ਜੈਨ ਨੇ ਦੱਸਿਆ ਕਿ ਸਾਬਕਾ ਵਿਧਾਇਕ ਅਵਿਨਾਸ਼ ਚੰਦਰ ਅਤੇ ਸਰਵਣ ਸਿੰਘ ਫਿਲੌਰ ਦੇ ਮਾਮਲੇ ਵਿਚ ਕੁੱਲ 68 ਵਿਚੋਂ 63 ਸਰਕਾਰੀ ਗਵਾਹਾਂ ਦੇ ਬਿਆਨ ਹੋ ਚੁੱਕੇ ਹਨ, ਹਾਲਾਂਕਿ ਸੁਪਰੀਮ ਕੋਰਟ ਦੇ 28 ਜਨਵਰੀ, 2019 ਦੇ ਆਦੇਸ਼ਾਂ ਤਹਿਤ ਕਾਰਵਾਈ ਉਤੇ ਰੋਕ ਲੱਗੀ ਹੋਈ ਹੈ। ਇਸ ਤੋਂ ਇਲਾਵਾ ਹੁੱਡਾ ਖਿਲਾਫ ਦਰਜ ਦੋ ਵੱਖ-ਵੱਖ ਕੇਸਾਂ ਵਿਚ ਪੰਚਕੂਲਾ ਦੀ ਕੋਰਟ ਵਿਚ ਚਲਾਨ ਪੇਸ਼ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਕੇਸਾਂ ਦੀ ਸਥਿਤੀ ਬਾਰੇ ਹਾਈਕੋਰਟ ਨੂੰ ਦੱਸ ਦਿੱਤਾ ਜਾਵੇਗਾ। ਹਰਿਆਣਾ ਸਰਕਾਰ ਵੱਲੋਂ ਮਾਮਲੇ ਵਿਚ ਵਾਧੂ ਹਲਫਨਾਮਾ ਪੇਸ਼ ਕਰਨ ਦੀ ਮੰਗ ਕੀਤੀ। ਦੱਸਿਆ ਗਿਆ ਕਿ ਪਿਛਲੇ ਹਲਫਨਾਮੇ ਵਿਚ ਤਿੰਨ ਕੇਸ ਸੀ.ਬੀ.ਆਈ. ਨੂੰ ਸੌਂਪਣ ਦੀ ਜਾਣਕਾਰੀ ਨਹੀਂ ਦਿੱਤੀ ਜਾ ਸਕੀ ਸੀ। ਇਹ ਕੇਸ ਸਾਬਕਾ ਵਿਧਾਇਕ ਜਿਲ੍ਹੇ ਰਾਮ ਸ਼ਰਮਾ, ਓਮ ਪ੍ਰਕਾਸ਼ ਜੈਨ, ਭੁਪਿੰਦਰ ਸਿੰਘ ਹੁੱਡਾ ਨਾਲ ਜੁੜੇ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 5 ਜੂਨ 2021*

## ਵੰਗਾਰ ਵਾਲੀ ਸਿਆਸਤ

ਪੂਰੇ ਮੁਲਕ ਅਤੇ ਪੰਜਾਬ ਵਿਚ ਸਿਆਸਤ ਪੂਰੀ ਤਰ੍ਹਾਂ ਭਖੀ ਹੋਈ ਹੈ, ਭਾਵੇਂ ਸਿਆਸੀ ਪਿੜ ਭਖਣ ਦੇ ਕਾਰਨ ਵੱਖਰੇ-ਵੱਖਰੇ ਹਨ। ਪੰਜਾਬ ਵਿਚ ਤਾਂ ਅਗਲੇ ਸਾਲ ਚੋਣਾਂ ਹੋਣੀਆਂ ਹਨ ਅਤੇ ਸਭ ਧਿਰਾਂ ਆਪੋ-ਆਪਣੀ ਸਰਗਰਮੀ ਵਧਾ ਰਹੀਆਂ ਹਨ ਪਰ ਮੁਲਕ, ਖਾਸ ਕਰ ਕੇ ਪੱਛਮੀ ਬੰਗਾਲ ਦੇ ਮਸਲੇ ਕੁਝ ਹੋਰ ਹਨ। ਪੱਛਮੀ ਬੰਗਾਲ ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਉਥੇ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਮੋਦੀ ਸਰਕਾਰ ਅਤੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦਾ ਬਹੁਤ ਜ਼ਿਆਦਾ ਜ਼ੋਰ ਲੱਗਿਆ ਹੋਇਆ ਸੀ ਪਰ ਆਪਣੀਆਂ ਲੱਖ ਕੋਸ਼ਿਸ਼ਾਂ ਅਤੇ ਹਰ ਹੀਲਾ-ਵਸੀਲਾ ਕਰਨ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਉਥੇ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਹਰਾ ਨਹੀਂ ਸਕੀ। ਚੋਣਾਂ ਹਾਰਨ ਤੋਂ ਬਾਅਦ ਮਮਤਾ ਬੈਨਰਜੀ ਅਤੇ ਪੱਛਮੀ ਬੰਗਾਲ ਪ੍ਰਤੀ ਜੋ ਵਿਹਾਰ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਨੇ ਕੀਤਾ ਹੈ ਅਤੇ ਇਸ ਦੇ ਜਵਾਬ ਵਿਚ ਮਮਤਾ ਬੈਨਰਜੀ ਨੇ ਆਪਣਾ ਜਿਹੜਾ ਰੰਗ ਦਿਖਾਇਆ ਹੈ, ਉਸ ਨੇ ਆਮ ਲੋਕਾਂ ਨੂੰ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਲੋਕਾਂ ਨੂੰ ਆਸ ਦੀ ਕਿਰਨ ਦਿਖਾਈ ਦੇਣ ਲੱਗੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਕੜ ਭੰਨੀ ਜਾ ਸਕਦੀ ਹੈ ਅਤੇ ਭਾਰਤੀ ਜਨਤਾ ਪਾਰਟੀ ਨੂੰ ਚੋਣਾਂ ਦੇ ਪਿੜ ਅੰਦਰ ਰਲ-ਮਿਲ ਕੇ ਪਛਾੜਿਆ ਜਾ ਸਕਦਾ ਹੈ। ਅਸਲ ਵਿਚ, ਮੋਦੀ ਸਰਕਾਰ ਅਤੇ ਮਮਤਾ ਬੈਨਰਜੀ ਵਿਚਕਾਰ ਜਿਹੜਾ ਰੱਫੜ ਸ਼ੁਰੂ ਹੋਇਆ ਹੈ, ਉਸ ਨਾਲ ਕੇਂਦਰ-ਰਾਜ ਰਿਸ਼ਤਿਆਂ ਅਤੇ ਤਾਕਤਾਂ ਦੀ ਵੰਡ ਦਾ ਮਸਲਾ ਇਕ ਵਾਰ ਫਿਰ ਉਭਰ ਕੇ ਸਾਹਮਣੇ ਆ ਗਿਆ ਹੈ। ਇਹ ਤੱਥ ਜੱਗ-ਜ਼ਾਹਿਰ ਹੈ ਕਿ ਮੋਦੀ ਸਰਕਾਰ ਗੈਰ-ਭਾਜਪਾ ਸਰਕਾਰਾਂ ਵਾਲੇ ਰਾਜਾਂ ਨਾਲ ਲਗਾਤਾਰ ਵਿਤਕਰਾ ਕਰ ਰਹੀ ਹੈ ਪਰ ਇਹ ਮੁੱਦਾ ਪਹਿਲਾਂ ਕਦੀ ਇਸ ਪੱਧਰ ਤੱਕ ਨਹੀਂ ਸੀ ਪਹੁੰਚਿਆ। ਹੁਣ ਜਿਸ ਤਰ੍ਹਾਂ ਮੋਦੀ ਸਰਕਾਰ ਨੰਗੇ-ਚਿੱਟੇ ਰੂਪ ਵਿਚ ਮਮਤਾ ਬੈਨਰਜੀ ਅਤੇ ਉਨ੍ਹਾਂ ਦੀ ਸਰਕਾਰ ਪਿੱਛੇ ਹੱਥ ਧੋ ਕੇ ਪੈ ਗਈ ਹੈ, ਉਸ ਨੇ ਇਸ ਮੁੱਦੇ ਨੂੰ ਉਭਾਰ ਦਿੱਤਾ ਹੈ।

ਤੱਥ ਦੱਸਦੇ ਹਨ ਕਿ ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਇਸ ਨੇ ਮੁਲਕ ਦੇ ਫੈਡਰਲ ਢਾਂਚੇ ਨੂੰ ਖੋਰਾ ਲਾਉਣਾ ਸ਼ੁਰੂ ਕੀਤਾ ਹੋਇਆ ਹੈ। ਹੋਰ ਤਾਂ ਹੋਰ ਕਹਿੰਦੀਆਂ-ਕਹਾਉਂਦੀਆਂ ਧਿਰਾਂ ਵੀ ਪਹਿਲਾਂ-ਪਹਿਲ ਭਾਰਤੀ ਜਨਤਾ ਪਾਰਟੀ ਦੀ ਇਸ ਸਿਆਸਤ ਨੂੰ ਪੂਰੀ ਤਰ੍ਹਾਂ ਸਮਝਣ ਵਿਚ ਨਾਕਾਮ ਰਹੀਆਂ ਹਨ। ਇਸੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ (ਆਪ) ਵਰਗੀਆਂ ਪਾਰਟੀਆਂ ਵੀ ਭਾਰਤੀ ਜਨਤਾ ਪਾਰਟੀ ਦੀ ਇਸ ਸਿਆਸਤ ਦੇ ਹੱਕ ਵਿਚ ਭੁਗਤਦੀਆਂ ਰਹੀਆਂ ਹਨ। ਇਸ ਦੀ ਸਭ ਤੋਂ ਉਮਦਾ ਉਦਾਹਰਨ ਜੰਮੂ ਕਸ਼ਮੀਰ ਦੀ ਹੈ ਜਦੋਂ ਉਥੇ ਧਾਰਾ 370 ਖਤਮ ਕਰ ਕੇ ਇਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ। ਇਹ ਅਸਲ ਵਿਚ ਮੁਲਕ ਦੇ ਫੈਡਰਲ ਢਾਂਚੇ ਉਤੇ ਬਹੁਤ ਵੱਡਾ ਵਾਰ ਸੀ। ਉਸ ਵਕਤ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਭਾਰਤੀ ਜਨਤਾ ਪਾਰਟੀ ਅਤੇ ਮੋਦੀ ਸਰਕਾਰ ਦੇ ਹੱਕ ਵਿਚ ਭੁਗਤੇ ਸਨ। ਹੁਣ ਹਾਲ ਇਹ ਹੈ ਕਿ ਮੋਦੀ ਸਰਕਾਰ ਨੇ ਦਿੱਲੀ ਸਰਕਾਰ, ਜਿਥੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਇਹ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਵੀ ਕਰਦੀ ਰਹੀ ਹੈ, ਦੀਆਂ ਸਾਰੀਆਂ ਸ਼ਕਤੀਆਂ ਖੋਹ ਕੇ ਲੈਫਟੀਨੈਂਟ ਗਵਰਨਰ ਨੂੰ ਫੜਾ ਦਿੱਤੀਆਂ ਹਨ। ਇਸ ਮਸਲੇ 'ਤੇ ਸ਼੍ਰੋਮਣੀ ਅਕਾਲੀ ਦਲ ਨਾਲ ਤਾਂ ਜੱਗੋਂ-ਤੇਰਵੀਂ ਹੋਈ ਹੈ। ਇਹ ਹੁਣ ਘਰ ਦਾ ਰਿਹਾ ਹੈ ਨਾ ਘਾਟ ਦਾ। ਅਕਾਲੀ ਦਲ ਪਹਿਲਾਂ ਬੜੇ ਜ਼ੋਰ-ਸ਼ੋਰ ਨਾਲ ਫੈਡਰਲ ਢਾਂਚੇ ਦਾ ਮੁੱਦਾ ਉਠਾਉਂਦਾ ਰਿਹਾ ਹੈ ਪਰ ਸੱਤਾ ਭੋਗਣ ਦੀ ਲਲਕ ਨੇ ਇਸ ਨੂੰ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਦਾ ਪੁਰਜ਼ਾ ਬਣਾ ਦਿੱਤਾ। ਇਸ ਪ੍ਰਸੰਗ ਵਿਚ ਮਮਤਾ ਬੈਨਰਜੀ ਦੀ ਲੜਾਈ ਬੇਮਿਸਾਲ ਹੈ। ਉਸ ਨੇ ਆਪਣੀਆਂ ਕਮੀਆਂ ਦੇ ਬਾਵਜੂਦ ਸ਼ੁਰੂ ਤੋਂ ਹੀ ਆਪਣੀ ਸਿਆਸਤ ਦਾ ਰੰਗ ਕਾਇਮ ਰੱਖਿਆ ਅਤੇ ਮੋਦੀ ਸਰਕਾਰ ਨੂੰ ਲਗਾਤਾਰ ਲੜਾਈ ਦਿੱਤੀ। ਇਸ ਲੜਾਈ ਦੀ ਬਦੌਲਤ ਹੀ ਉਹ ਹੈਂਕੜਬਾਜ਼ ਮੋਦੀ ਨੂੰ ਵੰਗਾਰਨ ਵਿਚ ਕਾਮਯਾਬ ਹੋਈ ਹੈ ਅਤੇ ਇਸ ਮਸਲੇ 'ਤੇ ਉਸ ਨੂੰ ਸਮਰਥਨ ਵੀ ਮਿਲਿਆ ਹੈ।

ਪੰਜਾਬ ਅੰਦਰ ਅਜਿਹੀ ਕੋਈ ਵੰਗਾਰ ਨਹੀਂ ਦਿਸਦੀ। ਉਂਜ, ਪੰਜਾਬ ਤੋਂ ਉਠੇ ਕਿਸਾਨ ਅੰਦੋਲਨ ਨੇ ਪੰਜਾਬ ਦੀ ਲਾਜ ਰੱਖ ਲਈ ਹੈ। ਇਹ ਅੰਦੋਲਨ ਮੋਦੀ ਸਰਕਾਰ ਨੂੰ ਸਿੱਧਾ ਲਲਕਾਰ ਰਿਹਾ ਹੈ ਜਦਕਿ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਜੋੜ-ਤੋੜ ਵਿਚ ਮਸਰੂਫ ਹਨ। ਚੋਣਾਂ ਕਰ ਕੇ ਹੀ ਪੰਜਾਬ ਵਿਚ ਰਾਜ ਕਰ ਰਹੀ ਧਿਰ, ਕਾਂਗਰਸ ਪਾਰਟੀ ਅੰਦਰ ਖੂਬ ਰੱਫੜ ਪਿਆ ਹੋਇਆ ਹੈ। ਕੁਝ ਵਿਧਾਇਕਾਂ ਅਤੇ ਆਗੂਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਨੂੰ ਵੰਗਾਰਿਆ ਹੈ। ਇਹ ਗੱਲ ਐਨ ਵੱਖਰੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਵੰਗਾਰਨ ਵਾਲਾ ਕੋਈ ਵੀ ਆਗੂ ਪੰਜਾਬ ਦੀ ਸਿਆਸਤ ਵਿਚ ਆਪਣਾ ਬੱਝਵਾਂ ਭਰੋਸਾ ਅਜੇ ਤੱਕ ਬਣਾ ਨਹੀਂ ਸਕਿਆ ਹੈ। ਨਵਜੋਤ ਸਿੰਘ ਸਿੱਧੂ ਦੀਆਂ ਗਿਣਤੀਆਂ-ਮਿਣਤੀਆਂ ਬਿਲਕੁਲ ਹੋਰ ਹਨ ਅਤੇ ਉਹ ਆਪੇ ਤੋਂ ਬਾਹਰ ਜਾ ਕੇ ਕਦੀ ਸੋਚ ਨਹੀਂ ਸਕਿਆ। ਪਰਗਟ ਸਿੰਘ ਕੋਲ ਇੰਨੀ ਤਾਕਤ ਨਹੀਂ ਕਿ ਉਹ ਪੰਜਾਬ ਦੀ ਸਿਆਸਤ ਅੰਦਰ ਪਿਆ ਇਕ ਵੀ ਚਿੱਬ ਕੱਢ ਸਕੇ। ਕਾਂਗਰਸ ਦੇ ਬਾਗੀ ਹੋ ਰਹੇ ਬਾਕੀ ਆਗੂਆਂ ਦਾ ਹਾਲ ਵੀ ਇਨ੍ਹਾਂ ਤੋਂ ਬਹੁਤਾ ਵੱਖਰਾ ਨਹੀਂ। ਇਹ ਸਾਰੇ ਆਗੂ ਅਸਲ ਵਿਚ ਆਪੋ-ਆਪਣੀ ਸਿਆਸਤ ਖਾਤਰ ਤਰਲੋ-ਮੱਛੀ ਹੋ ਰਹੇ ਹਨ। ਇਨ੍ਹਾਂ ਵਿਚੋਂ ਕਿਸੇ ਦੇ ਵੀ ਏਜੰਡੇ 'ਤੇ ਪੰਜਾਬ ਦਾ ਇਕ ਵੀ ਮਸਲਾ ਨਹੀਂ ਰਿਹਾ। ਕਿਸੇ ਇਕ ਵੀ ਲੀਡਰ ਨੇ ਕਿਸੇ ਇਕ ਵੀ ਮਸਲੇ ਬਾਰੇ ਨਿੱਠ ਕੇ ਛਾਣਬੀਣ ਨਹੀਂ ਕੀਤੀ, ਸਰਗਰਮੀ ਤਾਂ ਬਾਅਦ ਦੀਆਂ ਗੱਲਾਂ ਹਨ। ਇਸ ਪ੍ਰਸੰਗ ਵਿਚ ਪੰਜਾਬ ਦੀ ਸਿਆਸਤ ਦੀ ਝੋਲੀ ਅਜੇ ਖਾਲੀ ਹੈ। ਇਸੇ ਕਰ ਕੇ ਇਕ ਸਰਕਾਰ ਤੋਂ ਬਾਅਦ ਦੂਜੀ ਬਣ ਜਾਵੇਗੀ ਪਰ ਹੁਣ ਪੰਜਾਬੀਆਂ ਨੂੰ ਸੋਚਣਾ ਪਵੇਗਾ ਕਿ ਸੂਬੇ ਦੀ ਨੁਹਾਰ ਬਦਲਣ ਲਈ ਕਿਹੜੇ ਏਜੰਡਿਆਂ ਉਤੇ ਪਹਿਰਾ ਦਿੱਤਾ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਛੱਤੀ ਮੀਤ ਪ੍ਰਧਾਨ?

ਪਿਉ ਵਾਲੇ ਹੀ ਵਰਤ ਕੇ 'ਫਾਰਮਲੇ', ਅਹੁਦੇ ਵੰਡਦਾ ਦੇਖੋ 'ਭਰਦਾਨ' ਇੱਥੇ।
ਲਾਈਆਂ 'ਫੀਤੀਆਂ' ਥੋਕ ਦੇ ਭਾਅ ਦੇਖੋ, ਛੱਤੀ ਥਾਪ 'ਤੇ 'ਮੀਤ ਪ੍ਰਧਾਨ' ਇੱਥੇ।
ਲੱਗੇ 'ਪੂਛ' ਤਾਂ ਖੁਸ਼ੀ ਵਿਚ ਉਛਲ ਪੈਂਦੇ, ਮਿਲੇ ਮੁਰਦੇ ਨੂੰ ਜਿਸ ਤਰ੍ਹਾਂ ਜਾਨ ਇੱਥੇ।
ਹੁੰਦੇ ਪਹਿਲੋਂ ਈ ਤਿਆਰ-ਬਰ-ਤਿਆਰ ਬੈਠੇ, ਪੱਤਰਕਾਰ ਵੀ ਛਾਪਣ ਲਈ ਬਿਆਨ ਇੱਥੇ।
ਝੱਟ ਲਿਖਦੇ ਨੇ 'ਖੁਸ਼ੀ ਦੀ ਲਹਿਰ' ਦੌੜੀ, ਮਿਲਿਆ 'ਢਿਮਕੇ' ਨੂੰ ਵੱਡਾ ਸਨਮਾਨ ਇੱਥੇ।
ਲੋਕੀ ਕਹਿਣਗੇ 'ਛੱਤੀ' ਹਨ ਤੁਰੇ ਫਿਰਦੇ, ਹੈਗੇ ਪਹਿਲੋਂ ਵੀ ਬਹੁਤ 'ਸ੍ਰੀ ਮਾਨ' ਇੱਥੇ!

# ਮੋਦੀ ਸਰਕਾਰ ਦੇ ਖਿਲਾਫ ਨਾਰਾਜ਼ਗੀ ਵਧਣ ਲੱਗੀ

***ਭਾਰਤ ਵਿਚ ਮੋਦੀ ਸਰਕਾਰ ਨੂੰ ਬਣਿਆਂ ਸੱਤ ਸਾਲ ਹੋ ਗਏ ਹਨ। ਇਨ੍ਹਾਂ ਸੱਤਾਂ ਸਾਲਾਂ ਦੌਰਾਨ ਇਸ ਸਰਕਾਰ ਨੇ ਆਪਣੇ ਹਿੰਦੂਤਵੀ ਏਜੰਡੇ ਮੁਤਾਬਿਕ ਬੜਾ ਕੁਝ ਕੀਤਾ ਹੈ ਪਰ ਜਦੋਂ ਜਦੋਂ ਲੋਕਾਂ ਦੇ ਮੁੱਦਿਆਂ ਦੀ ਗੱਲ ਆਈ ਹੈ, ਇਹ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਕੋਵਿਡ ਨਾਲ ਨਜਿੱਠਣ ਦੇ ਮਾਮਲੇ ਵਿਚ ਇਸ ਸਰਕਾਰ ਨੇ ਜਿੰਨੀ ਨਾਲਾਇਕੀ ਦਿਖਾਈ ਹੈ, ਉਸ ਦੀ ਚਰਚਾ ਕੌਮਾਂਤਰੀ ਪੱਧਰ ਉਤੇ ਵੀ ਹੋਈ ਹੈ। ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਮੋਦੀ ਸਰਕਾਰ ਦੇ ਇਨ੍ਹਾਂ ਸੱਤਾਂ ਸਾਲਾਂ ਬਾਰੇ ਆਲੋਚਨਾਤਮਿਕ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਇਸ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਸਰਕਾਰ ਖਿਲਾਫ ਆਮ ਲੋਕਾਂ ਅੰਦਰ ਨਾਰਾਜ਼ਗੀ ਕਿਸ ਹੱਦ ਤੱਕ ਵਧੀ ਹੈ।***

**ਅਭੈ ਕੁਮਾਰ ਦੂਬੇ**

ਜੇ 2014 ਦੀਆਂ ਚੋਣਾਂ ਦੇ ਲਿਹਾਜ਼ ਨਾਲ ਦੇਖੀਏ ਤਾਂ ਮਈ ਮਹੀਨੇ ਮੋਦੀ ਸਰਕਾਰ ਦੇ 7 ਸਾਲ ਪੂਰੇ ਹੋ ਗਏ ਹਨ। ਜੇ 2019 ਦੀਆਂ ਚੋਣਾਂ ਦੇ ਲਿਹਾਜ਼ ਨਾਲ ਵਿਚਾਰਿਆ ਜਾਵੇ ਤਾਂ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦੇ ਦੋ ਸਾਲ ਪੂਰੇ ਹੋ ਗਏ ਹਨ। 7 ਸਾਲ ਕਿਸੇ ਵੀ ਦੇਸ਼ ਦੀ ਰਾਜਨੀਤੀ ਵਿਚ ਲੰਮੀ ਮਿਆਦ ਹੁੰਦੀ ਹੈ। ਅੰਗਰੇਜ਼ੀ ਦੇ ਇਕ ਸਮੀਖਿਅਕ ਨੇ ਇਸ ਨੂੰ ਮੋਦੀ ਸਰਕਾਰ ਲਈ 'ਸੈਵਨ ਈਅਰਜ਼ ਈਚ' ਦੀ ਪਰਿਭਾਸ਼ਾ ਦਿੱਤੀ ਹੈ। ਅੰਗਰੇਜ਼ੀ ਦਾ ਇਹ ਮੁਹਾਵਰਾ ਮਰਲਿਨ ਮੁਨਰੋ ਦੀ ਇਸੇ ਸਿਰਲੇਖ ਦੀ ਹਾਲੀਵੁੱਡ ਫਿਲਮ ਤੋਂ ਲਿਆ ਗਿਆ ਹੈ। ਇਸ ਦਾ ਭਾਵ ਇਹ ਹੈ ਕਿ 7 ਸਾਲ ਦੀ ਮਿਆਦ ਵਿਚ ਵਿਆਹੁਤਾ ਜੀਵਨ ਦੇ ਰੋਮਾਂਚਕ ਪੱਖ ਵਿਚ ਏਨੀ ਗਿਰਾਵਟ ਹੋ ਜਾਂਦੀ ਹੈ ਕਿ ਕਈ ਲੋਕ ਦੂਜੇ ਰਿਸ਼ਤੇ ਭਾਲਣ ਲਗਦੇ ਹਨ। ਕੀ ਨਰਿੰਦਰ ਮੋਦੀ ਅਤੇ ਇਸ ਦੇਸ਼ ਦੀ ਜਨਤਾ ਦੇ ਸਬੰਧਾਂ ਵਿਚ ਅਜਿਹੀ ਕੋਈ ਗਿਰਾਵਟ ਆ ਗਈ ਹੈ ਕਿ ਜਨਤਾ ਨੇ ਕਿਸੇ ਹੋਰ ਆਗੂ ਨੂੰ ਭਾਲਣਾ ਸ਼ੁਰੂ ਕਰ ਦਿੱਤਾ ਹੈ? ਇਸ ਸਵਾਲ ਦਾ ਜਵਾਬ ਅਸੀਂ ਇਕ ਹੱਦ ਤੱਕ 29 ਅਤੇ 30 ਮਈ, 2021 ਨੂੰ ਜਾਰੀ ਕੀਤੇ ਦੋ ਸਰਵੇਖਣਾਂ ਦੇ ਅੰਕੜਿਆਂ ਦੀ ਸਮੀਖਿਆ ਕਰ ਕੇ ਹਾਸਲ ਕਰ ਸਕਦੇ ਹਾਂ।

ਏ.ਬੀ.ਪੀ.-ਸੀ-ਵੋਟਰਜ਼ ਵਲੋਂ ਜਾਰੀ ਕੀਤੇ ਸਰਵੇਖਣ (56,685 ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਤੋਂ ਪੁੱਛੇ ਗਏ ਸਵਾਲਾਂ 'ਤੇ ਆਧਾਰਿਤ) ਨੇ ਆਪਣੇ ਦੋ ਦਿਨ ਤੱਕ ਜਾਰੀ ਪ੍ਰਸਾਰਨ ਵਿਚ ਦੱਸਿਆ ਕਿ ਚੁਣੇ ਜਾਣ ਦੇ ਦੋ ਸਾਲ ਬਾਅਦ ਮੋਦੀ ਸਰਕਾਰ ਤੋਂ 31 ਫੀਸਦੀ ਲੋਕ ਪੂਰੀ ਤਰ੍ਹਾਂ ਖੁਸ਼ ਹਨ, 37 ਫੀਸਦੀ ਲੋਕ ਬੇਹੱਦ ਅਸੰਤੁਸ਼ਟ ਹਨ ਅਤੇ 25 ਫੀਸਦੀ ਲੋਕ ਇਕ ਹੱਦ ਤੱਕ ਹੀ ਸੰਤੁਸ਼ਟ ਹਨ। ਧਿਆਨ ਰਹੇ ਕਿ ਭਾਜਪਾ ਨੇ 2014 ਵਿਚ 31 ਫੀਸਦੀ ਅਤੇ 2019 ਵਿਚ 38 ਫੀਸਦੀ ਵੋਟਾਂ ਹਾਸਲ ਕਰ ਕੇ ਚੋਣਾਂ ਜਿੱਤੀਆਂ ਸਨ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ 28 ਅਤੇ 25 ਫੀਸਦੀ ਦਾ ਅੰਸ਼ਿਕ ਰੂਪ ਨਾਲ ਸੰਤੁਸ਼ਟ ਵਾਲਾ ਅੰਕੜਾ ਨਾ ਤਾਂ ਸੰਤੁਸ਼ਟਾਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਨਾ ਹੀ ਅਸੰਤੁਸ਼ਟਾਂ ਨਾਲ। ਵਜ੍ਹਾ ਸਿੱਧੀ ਜਿਹੀ ਹੈ। ਜੋ ਅੰਸ਼ਿਕ ਰੂਪ ਨਾਲ ਸੰਤੁਸ਼ਟ ਹੈ, ਸੁਭਾਵਿਕ ਰੂਪ ਨਾਲ ਉਹ ਅੰਸ਼ਿਕ ਰੂਪ ਨਾਲ ਅਸੰਤੁਸ਼ਟ ਵੀ ਹੋਵੇਗਾ। ਇਹ ਵੱਖ ਸ਼੍ਰੇਣੀ ਹੈ। ਜੇਕਰ ਇਸ ਨੂੰ ਸੰਤੁਸ਼ਟਾਂ ਜਾਂ ਅਸੰਤੁਸ਼ਟਾਂ ਨਾਲ ਜੋੜਿਆ ਗਿਆ ਤਾਂ ਮੋਦੀ ਦੇ ਪੱਖ ਵਿਚ ਸਰਵੇਖਣ ਝੁਕ ਜਾਵੇਗਾ, ਜਾਂ ਵਿਰੋਧੀ ਧਿਰ ਦੇ ਪੱਖ ਵਿਚ। ਅਜਿਹਾ ਕਰਨਾ ਵਿਸ਼ਲੇਸ਼ਣ ਦੀ ਇਮਾਨਦਾਰੀ ਦੇ ਲਿਹਾਜ਼ ਨਾਲ ਠੀਕ ਨਹੀਂ ਹੁੰਦਾ।

ਦਰਅਸਲ, ਅਜਿਹੇ ਅੰਕੜੇ 7 ਸਾਲ ਵਿਚ ਪਹਿਲੀ ਵਾਰ ਸਾਹਮਣੇ ਆਏ ਹਨ। ਇਸ ਤੋਂ ਪਹਿਲਾਂ ਜਦੋਂ ਵੀ ਸਰਵੇਖਣ ਹੁੰਦਾ ਸੀ, ਮੋਦੀ ਦੀ ਸਰਕਾਰ ਅਤੇ ਮੋਦੀ ਦੀ ਲੀਡਰਸ਼ਿਪ ਨੂੰ ਮੋਟੇ ਤੌਰ 'ਤੇ 60 ਫੀਸਦੀ ਦੇ ਲਾਗੇ-ਬੰਨੇ ਜਾਂ ਉਸ ਤੋਂ ਜ਼ਿਆਦਾ ਰੇਟਿੰਗ ਮਿਲਦੀ ਸੀ। ਇਹ ਅੰਕੜੇ ਸਾਫ ਤੌਰ 'ਤੇ ਕਹਿ ਰਹੇ ਹਨ ਕਿ ਸਰਕਾਰ ਤੋਂ ਨਾਰਾਜ਼ ਲੋਕਾਂ ਦੀ ਗਿਣਤੀ ਅਤੇ ਮੋਦੀ ਤੋਂ ਨਾਰਾਜ਼ ਲੋਕਾਂ ਦੀ ਗਿਣਤੀ ਭਾਜਪਾ ਅਤੇ ਉਸ ਦੇ ਰਣਨੀਤੀਕਾਰਾਂ ਨੂੰ ਅਸਹਿਜ ਕਰਨ ਲਈ ਕਾਫੀ ਹੈ।

ਦੂਜਾ ਸਰਵੇਖਣ ਜੋ ਹਿੰਦੀ ਦੇ ਕੌਮੀ ਪੱਧਰੀ ਅਖਬਾਰ ਵਿਚ ਪ੍ਰਕਾਸ਼ਿਤ ਹੋਇਆ ਹੈ, ਦੱਸਦਾ ਹੈ ਕਿ 2019 ਵਿਚ ਮੋਦੀ ਸਰਕਾਰ ਤੋਂ ਸੰਤੁਸ਼ਟ ਲੋਕਾਂ ਦੀ ਗਿਣਤੀ 75 ਫੀਸਦੀ ਸੀ। 2020 ਵਿਚ ਇਹ ਘਟ ਕੇ ਸਿਰਫ 62 ਫੀਸਦੀ ਰਹਿ ਗਈ। ਹੁਣ 2021 ਵਿਚ ਇਹ ਹੋਰ ਹੇਠਾਂ ਚਲੀ ਗਈ ਹੈ, ਭਾਵ ਇਸ ਵਕਤ ਮੋਦੀ ਸਰਕਾਰ ਦੀ ਰੇਟਿੰਗ ਸਿਰਫ 51 ਫੀਸਦੀ ਹੀ ਹੈ। ਇਸ ਦਾ



ਸਿੱਧਾ ਮਤਲਬ ਹੈ ਕਿ ਪਿਛਲੇ ਦੋ ਸਾਲਾਂ ਵਿਚ ਮੋਦੀ ਸਰਕਾਰ ਦੀ ਰੇਟਿੰਗ ਵਿਚ ਜ਼ਬਰਦਸਤ 24 ਫੀਸਦੀ ਗਿਰਾਵਟ ਆਈ ਹੈ।

ਬਹਰਹਾਲ, ਇਸ ਸਰਵੇਖਣ ਦੇ ਮੁਕਾਬਲੇ ਏ.ਬੀ.ਪੀ.-ਸੀ-ਵੋਟਰਜ਼ ਵਲੋਂ ਕੀਤਾ ਸਰਵੇਖਣ ਵਧੇਰੇ ਬਾਰੀਕ ਅਤੇ ਵੱਡਾ ਹੈ। ਉਸ ਦੇ ਕੁਝ ਹੋਰ ਪਹਿਲੂ ਨਿੱਠ ਕੇ ਵਿਚਾਰਨ ਵਾਲੇ ਹਨ। ਮਸਲਨ, ਦੇਸ਼ ਵਿਚ ਮੋਦੀ ਸਰਕਾਰ ਨਾਲ ਨਾਰਾਜ਼ਗੀ ਦਾ ਸਭ ਤੋਂ ਵੱਡਾ ਸਰੋਤ ਜੇਕਰ ਫੀਸਦੀ ਵਿਚ ਕੱਢਿਆ ਜਾਵੇ ਤਾਂ ਕੋਵਿਡ ਮਹਾਮਾਰੀ ਪ੍ਰਬੰਧਨ ਵਿਚ ਮਿਲੀ ਅਸਫਲਤਾ ਹੈ। ਸ਼ਹਿਰ ਦੇ 44 ਅਤੇ ਪਿੰਡ ਦੇ 40 ਫੀਸਦੀ ਲੋਕ ਮੰਨਦੇ ਹਨ ਕਿ ਮੋਦੀ ਸਰਕਾਰ ਨਾਲ ਉਨ੍ਹਾਂ ਦੀ ਨਾਰਾਜ਼ਗੀ ਦੀ ਸਭ ਤੋਂ ਵੱਡੀ ਵਜ੍ਹਾ ਇਹੀ ਹੈ। ਸ਼ਹਿਰ ਦੇ 20 ਅਤੇ ਪਿੰਡ ਦੇ 25 ਫੀਸਦੀ ਲੋਕ ਮੰਨਦੇ ਹਨ ਕਿ ਉਹ ਖੇਤੀ ਕਾਨੂੰਨਾਂ ਕਾਰਨ ਸਰਕਾਰ ਤੋਂ ਤੰਗ ਹਨ। ਸ਼ਹਿਰਾਂ ਦੇ 9 ਅਤੇ ਪਿੰਡਾਂ ਦੇ ਵੀ 9 ਫੀਸਦੀ ਲੋਕ ਨਾਗਰਿਕਤਾ ਕਾਨੂੰਨ (ਸੀ.ਏ.ਏ.) ਨੂੰ ਆਪਣੀ ਨਾਰਾਜ਼ਗੀ ਦੀ ਵਜ੍ਹਾ ਦੱਸਦੇ ਹਨ। ਇਸੇ ਤਰ੍ਹਾਂ ਸ਼ਹਿਰਾਂ ਦੇ 7 ਅਤੇ ਪਿੰਡਾਂ ਦੇ 10 ਫੀਸਦੀ ਲੋਕਾਂ ਨੂੰ ਲਗਦਾ ਹੈ ਕਿ ਚੀਨ ਨਾਲ ਵਿਵਾਦ ਵਿਚ ਸਰਕਾਰ ਦੀ ਨਾਕਾਮੀ ਉਨ੍ਹਾਂ ਦੀ ਨਾਰਾਜ਼ਗੀ ਦਾ ਮੁੱਖ ਕਾਰਨ ਹੈ।

ਇਨ੍ਹਾਂ ਅੰਕੜਿਆਂ ਨਾਲ ਮੋਦੀ ਸਰਕਾਰ ਪ੍ਰਤੀ ਜਨਤਾ ਦੀ ਨਾਰਾਜ਼ਗੀ ਦੀ ਤਰਤੀਬ ਦਾ ਪਤਾ ਲਗਦਾ ਹੈ। ਸਭ ਤੋਂ ਉੱਤੇ ਮਹਾਮਾਰੀ ਹੈ, ਫਿਰ ਕਿਸਾਨ ਅੰਦੋਲਨ ਹੈ, ਫਿਰ ਸੀ.ਏ.ਏ. ਹੈ ਅਤੇ ਫਿਰ ਵਿਦੇਸ਼ ਨੀਤੀ ਹੈ। ਇਸ ਤੋਂ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਕਿੰਨੇ ਧਿਆਨ ਨਾਲ ਦੇਸ਼ ਅਤੇ ਮੋਦੀ ਸਰਕਾਰ ਦੇ ਕੰਮਕਾਰ 'ਤੇ ਨਜ਼ਰ ਰੱਖਦੇ ਹਨ। ਸਰਕਾਰ ਕਿੰਨੀ ਵੀ ਕੋਸ਼ਿਸ਼ ਕਰ ਲਵੇ, ਉਹ ਜਨਤਾ ਤੋਂ ਅਸਲੀਅਤ ਲੁਕਾ ਨਹੀਂ ਸਕਦੀ। ਭਾਜਪਾ ਅਤੇ ਸਰਕਾਰ ਨੂੰ ਬੇਚੈਨ ਕਰਨ ਵਾਲੇ ਕੁਝ ਅੰਕੜੇ ਇਸ ਸਰਵੇਖਣ ਤੋਂ ਨਿਕਲ ਕੇ ਆਉਂਦੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਜੋ ਨਰਿੰਦਰ ਮੋਦੀ ਦੇ ਖਾਸਮ-ਖਾਸ ਅਤੇ ਸਰਕਾਰ ਵਿਚ ਦੂਜੇ ਸਥਾਨ 'ਤੇ ਮੰਨੇ ਜਾਂਦੇ ਹਨ, ਦੇ ਕੰਮਕਾਜ ਤੋਂ ਸਿਰਫ 28 ਫੀਸਦੀ ਲੋਕ ਹੀ ਸੰਤੁਸ਼ਟ ਹਨ। 37 ਫੀਸਦੀ ਲੋਕ ਅਮਿਤ ਸ਼ਾਹ ਦੇ ਕੰਮ ਨੂੰ ਸੰਤੁਸ਼ਟੀਜਨਕ ਨਹੀਂ ਮੰਨਦੇ। ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਨਾਲ ਨਜਿੱਠਣ ਦੀ ਜ਼ਿੰਮੇਵਾਰੀ ਮੋਦੀ ਨੇ ਰਾਜ ਸਰਕਾਰਾਂ ਨੂੰ ਦੇ ਦਿੱਤੀ ਹੈ। ਧਿਆਨ ਰਹੇ ਕਿ ਪਹਿਲੀ ਲਹਿਰ ਸਮੇਂ ਉਨ੍ਹਾਂ ਨੇ ਖੁਦ ਅੱਗੇ ਵਧ ਕੇ ਇਹ ਜ਼ਿੰਮੇਵਾਰੀ ਆਪਣੇ ਹੱਥਾਂ ਵਿਚ ਲੈ ਲਈ ਸੀ। ਰਾਜਾਂ ਦੇ ਪਾਲੇ ਵਿਚ ਗੇਂਦ ਹੋਣ ਦੇ ਬਾਵਜੂਦ ਹਾਲਾਤ ਇਹ ਹੈ ਕਿ ਜਨਤਾ ਮਹਾਮਾਰੀ ਨਾਲ ਨਜਿੱਠਣ ਵਿਚ ਅਸਫਲ ਰਹਿਣ ਦਾ ਦੋਸ਼ ਕੇਂਦਰ ਸਰਕਾਰ 'ਤੇ ਲਗਾ ਰਹੀ ਹੈ। ਉਹ ਇਹ ਵੀ ਮੰਨਦੀ ਹੈ ਕਿ ਮਹਾਮਾਰੀ ਦੀ ਮਾਰ ਨੂੰ ਦੇਖਦਿਆਂ ਚੋਣਾਂ ਮੁਲਤਵੀ ਕਰ ਦੇਣੀਆਂ ਚਾਹੀਦਆਂ ਸਨ ਅਤੇ ਕੁੰਭ ਨੂੰ ਵੀ ਸਿਰਫ ਪ੍ਰਤੀਕਾਤਮਕ ਹੀ ਰੱਖਣ ਦਾ ਫੈਸਲਾ ਕਰਨਾ ਚਾਹੀਦਾ ਸੀ।

ਸਰਕਾਰ ਦੀ ਸਮੱਸਿਆ ਸਿਰਫ ਇਹ ਨਹੀਂ ਹੈ ਕਿ ਲੋਕ ਨਾਖੁਸ਼ ਹਨ ਸਗੋਂ ਉਸ ਤੋਂ ਵੀ ਵੱਡੀ ਸਮੱਸਿਆ ਇਹ ਹੈ ਕਿ ਲੋਕ ਸਰਕਾਰ ਤੋਂ, ਵਿਵਸਥਾ ਤੋਂ, ਤੰਤਰ ਤੋਂ ਹੁਣ ਕੋਈ ਉਮੀਦ ਨਹੀਂ ਰੱਖਦੇ। ਜਦੋਂ ਪੁੱਛਿਆ ਗਿਆ ਕਿ ਲੋਕਾਂ ਕੋਲ ਕਿੰਨੇ ਦਿਨ ਦਾ ਦਾਣਾ ਪਾਣੀ ਹੈ ਤਾਂ ਜੋ ਜਵਾਬ ਮਿਲਿਆ, ਉਹ ਭਵਿੱਖ ਸਬੰਧੀ ਖਦਸ਼ਿਆਂ ਨਾਲ ਭਰਿਆ ਹੋਇਆ ਸੀ। 15.7 ਫੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਕੋਲ ਹਫਤੇ ਭਰ ਤੋਂ ਵੀ ਘੱਟ ਦਾ ਰਾਸ਼ਨ ਹੈ। 53 ਫੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਦਾ ਰਾਸ਼ਨ ਜ਼ਿਆਦਾ ਤੋਂ ਜ਼ਿਆਦਾ ਤਿੰਨ ਹਫਤੇ ਦਾ ਸਮਾਂ ਕੱਢੇਗਾ। 46 ਫੀਸਦੀ ਲੋਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਕੋਲ ਜਿੰਨਾ ਰਾਸ਼ਨ ਹੈ, ਉਹ ਤਿੰਨ ਹਫਤੇ ਤੋਂ ਦੋ ਚਾਰ ਦਿਨ ਵੱਧ ਤੱਕ ਚੱਲੇਗਾ। ਜਦੋਂ ਲੋਕਾਂ ਤੋਂ ਉਨ੍ਹਾਂ ਦੇ ਭਵਿੱਖ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਤਾਂ ਆਪਣਾ ਭਵਿੱਖ ਹਨੇਰ ਭਰਿਆ ਹੀ ਲਗਦਾ ਹੈ। ਕਹਿਣ ਦੀ ਲੋੜ ਨਹੀਂ ਕਿ ਜੋ ਸਰਕਾਰ ਲੋਕਾਂ ਵਿਚ ਉਮੀਦ ਦਾ ਦੀਵਾ ਬੁਝਾ ਦਿੰਦੀ ਹੈ, ਉਸ ਦੀ ਵਾਪਸੀ 'ਤੇ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ।

ਜਿਵੇਂ ਉੱਤੇ ਦੱਸਿਆ ਜਾ ਚੁੱਕਾ ਹੈ ਕਿ ਲੋਕ ਸਿਰਫ ਕੋਵਿਡ ਦੀ ਵਜ੍ਹਾ ਨਾਲ ਹੀ ਸਰਕਾਰ ਨਾਲ ਨਾਰਾਜ਼ ਨਹੀਂ ਹਨ ਸਗੋਂ ਉਨ੍ਹਾਂ ਦੀ ਨਾਰਾਜ਼ਗੀ ਦੇ ਕਾਰਨ ਕਈ ਹੋਰ ਵੀ ਹਨ। ਕੋਵਿਡ ਨੇ ਤਾਂ ਬਾਰੂਦ ਨੂੰ ਤੀਲੀ ਲਾਉਣ ਦਾ ਕੰਮ ਕੀਤਾ ਹੈ। ਨਾਰਾਜ਼ਗੀ ਤਾਂ ਪਹਿਲਾਂ ਹੀ ਧੁਖ ਰਹੀ ਸੀ। ਕਿਸਾਨ ਅੰਦੋਲਨ ਹੋਵੇ, ਬੇਰੁਜ਼ਗਾਰੀ ਹੋਵੇ, ਬਾਜ਼ਾਰ ਵਿਚ ਮੰਗ ਦੀ ਕਮੀ ਹੋਵੇ, ਵਿਦੇਸ਼ ਨੀਤੀ ਵਿਚ ਨਾਕਾਮੀ ਹੋਵੇ, ਅਰਥ ਵਿਵਸਥਾ ਵਿਚ ਆ ਰਹੀ ਗਿਰਾਵਟ ਹੋਵੇ, ਇਹ ਸਮੱਸਿਆਵਾਂ ਪਹਿਲਾਂ ਹੀ ਲੋਕਾਂ ਉਤੇ ਬੁਰੀ ਤਰ੍ਹਾਂ ਮਾਰ ਕਰ ਰਹੀਆਂ ਹਨ।

ਸਰਕਾਰ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਪਿਛਲੇ ਦਿਨੀਂ ਉਹ ਕੀ ਕਰਦੀ ਰਹੀ? ਉਸ ਦੇ ਸਲਾਹਕਾਰ ਕੀ ਕਰਦੇ ਰਹੇ? ਆਰ.ਐਸ.ਐਸ. ਕੀ ਕਰਦੀ ਰਹੀ? ਕੀ ਉਹ ਸਰਕਾਰ ਨੂੰ ਸਹੀ ਸਲਾਹ ਦੇਣ ਵਿਚ ਨਾਕਾਮ ਹੈ? ਜਾਂ ਸਰਕਾਰ ਕੋਲ ਕਿਸੇ ਦੀ ਸਲਾਹ ਸੁਣਨ ਦੀ ਮਾਨਸਿਕਤਾ ਹੀ ਨਹੀਂ ਹੈ?

***ਮੋਦੀ ਸਰਕਾਰ ਨੂੰ ਖੁਦ ਤੋਂ ਪੁੱਛਣਾ ਚਾਹੀਦਾ ਹੈ ਕਿ ਕਰੋਨਾ ਸੰਕਟ ਦੌਰਾਨ ਉਹ ਕੀ ਕਰਦੀ ਰਹੀ? ਉਸ ਦੇ ਸਲਾਹਕਾਰ ਕੀ ਕਰਦੇ ਰਹੇ? ਆਰ.ਐਸ.ਐਸ. ਕੀ ਕਰਦੀ ਰਹੀ? ਕੀ ਉਹ ਸਰਕਾਰ ਨੂੰ ਸਹੀ ਸਲਾਹ ਦੇਣ ਵਿਚ ਨਾਕਾਮ ਹੈ? ਜਾਂ ਸਰਕਾਰ ਕੋਲ ਕਿਸੇ ਦੀ ਸਲਾਹ ਸੁਣਨ ਦੀ ਮਾਨਸਿਕਤਾ ਹੀ ਨਹੀਂ ਹੈ?***

# ਮਹਾਂ ਅੰਦੋਲਨ ਬਣੇ ਕਿਸਾਨ ਸੰਘਰਸ਼ ਦਾ ਜਲੌਅ

ਬੂਟਾ ਸਿੰਘ
ਫੋਨ: +91-94634-74342

26 ਮਈ ਨੂੰ ਦਿੱਲੀ ਦੀਆਂ ਹੱਦਾਂ ਉਪਰ ਡਟੇ ਕਿਸਾਨ ਮੋਰਚੇ ਨੇ ਛੇ ਮਹੀਨੇ ਪੂਰੇ ਕਰ ਲਏ। ਸੰਯੁਕਤ ਕਿਸਾਨ ਮੋਰਚੇ ਵੱਲੋਂ ਇਸ ਦਿਨ ਨੂੰ ਵਿਸ਼ੇਸ਼ ਤੌਰ 'ਤੇ ਮਨਾਉਣ ਦਾ ਸੱਦਾ ਦਿੱਤਾ ਗਿਆ ਸੀ। 26 ਨਵੰਬਰ 2020 ਨੂੰ ਪੰਜਾਬ ਅਤੇ ਹਰਿਆਣੇ ਦੇ ਕਿਸਾਨ ਕਾਫਲਿਆਂ ਨੇ ਮਿਲ ਕੇ ਖੱਟੜ ਸਰਕਾਰ ਵੱਲੋਂ ਲਗਾਈਆਂ ਜੰਗੀ ਪੈਮਾਨੇ ਦੀਆਂ ਰੋਕਾਂ ਨੂੰ ਚਕਨਾਚੂਰ ਕਰਦਿਆਂ ਦਿੱਲੀ ਦੀਆਂ ਬਰੂਹਾਂ ਉਪਰ ਮੋਰਚੇ ਲਾਏ ਸਨ। ਇਸ ਦਿਨ ਦੀ ਗਹਿਗੱਚ ਜ਼ੋਰ ਆਜ਼ਮਾਈ ਭਾਰਤ ਦੇ ਲੋਕ ਸੰਘਰਸ਼ਾਂ ਦੇ ਇਤਿਹਾਸ 'ਚ ਨਿਵੇਕਲੇ ਰੂਪ 'ਚ ਦਰਜ ਹੋ ਗਈ। ਇਹ ਸੱਤ ਸਾਲ ਪਹਿਲਾਂ 2014 'ਚ ਆਰ.ਐਸ.ਐਸ.-ਬੀ.ਜੇ.ਪੀ. ਵੱਲੋਂ ਸੱਤਾਧਾਰੀ ਹੋਣ ਦਾ ਦਿਨ ਵੀ ਸੀ। ਸੱਤਾਧਾਰੀ ਧਿਰ ਦੇ ਵਿਕਾਸ ਅਤੇ ਤਰੱਕੀ ਦੇ ਖੋਖਲੇ ਦਾਅਵਿਆਂ ਨੂੰ ਚੁਣੌਤੀ ਦੇਣ ਲਈ ਮਹਾਂ ਅੰਦੋਲਨ ਦੇ ਆਗਾਜ਼ ਦੇ ਇਤਿਹਾਸ ਸਿਰਜਕ ਮਹੱਤਵ ਨੂੰ ਚੇਤੇ ਕਰਨ ਤੋਂ ਵਧੇਰੇ ਪ੍ਰਸੰਗਕ ਹੋਰ ਸਰਗਰਮੀ ਕਿਹੜੀ ਹੋ ਸਕਦੀ ਸੀ।

ਇਹ ਇਸ ਸਦੀ ਦਾ ਬੇਮਿਸਾਲ ਅੰਦੋਲਨ ਹੈ ਜਿਸ ਵਿਚ ਨਾ ਸਿਰਫ ਸਮਾਜ ਦੇ ਵਿਸ਼ਾਲ ਹਿੱਸੇ ਸ਼ਾਮਲ ਹਨ ਸਗੋਂ ਵੱਖ-ਵੱਖ ਸੂਬਿਆਂ ਦੇ ਕਿਸਾਨਾਂ ਦੀ ਸਰਗਰਮ ਹਿੱਸੇਦਾਰੀ ਨਾਲ ਇਹ ਮੁਲਕ ਪੱਧਰ ਦਾ ਅੰਦੋਲਨ ਬਣ ਗਿਆ ਹੈ। ਇਹ ਐਨਾ ਲੰਮਾ ਸਮਾਂ ਸਥਾਈ ਰੂਪ 'ਚ ਚੱਲਣ ਵਾਲਾ ਪਹਿਲਾ ਮੋਰਚਾ ਹੈ ਜਿਸ ਵੱਲੋਂ ਸਿਰਜੇ ਨਿਵੇਕਲੇ ਇਤਿਹਾਸ ਦੀ ਛਾਪ ਆਉਣ ਵਾਲੇ ਸਮੇਂ 'ਚ ਉਠਣ ਵਾਲੇ ਸੱਤਾ ਵਿਰੁੱਧ ਸੰਘਰਸ਼ਾਂ ਉਪਰ ਅਮਿੱਟ ਰੂਪ 'ਚ ਰਹੇਗੀ। ਪੰਜਾਬ ਤੋਂ ਸ਼ੁਰੂ ਹੋਇਆ ਇਹ ਸੰਘਰਸ਼ ਭਾਰਤ ਤੋਂ ਬਾਹਰ ਦੁਨੀਆ ਦੇ ਹੋਰ ਮੁਲਕਾਂ ਦੇ ਲੋਕਾਂ ਲਈ ਵੀ ਧਾੜਵੀ ਕਾਰਪੋਰੇਟ ਸਰਮਾਏਦਾਰੀ ਵਿਰੁੱਧ ਜੂਝਣ ਦੀ ਪ੍ਰੇਰਨਾ ਬਣ ਗਿਆ ਹੈ ਅਤੇ ਇਸ ਨਾਲ ਇਕਮੁੱਠਤਾ ਪ੍ਰਗਟਾਉਣ ਵਾਲੀਆਂ ਕੌਮਾਂਤਰੀ ਆਵਾਜ਼ਾਂ ਦਾ ਘੇਰਾ ਆਏ ਦਿਨ ਹੋਰ ਫੈਲਦਾ ਜਾਂਦਾ ਹੈ। ਇਸ ਤਹੱਮਲ ਵਾਲੇ ਲੰਮੇ ਸੰਘਰਸ਼ ਨੇ ਜਾਬਰ ਸੱਤਾ ਅੱਗੇ ਬੇਵੱਸ ਮਹਿਸੂਸ ਕਰ ਰਹੇ ਅਵਾਮ 'ਚ ਸੱਤਾ ਦੀਆਂ ਮਨਮਾਨੀਆਂ ਨੂੰ ਸਮੂਹਿਕ ਜਥੇਬੰਦ ਯਤਨਾਂ ਰਾਹੀਂ ਠੱਲ੍ਹ ਪਾਉਣ ਦੀ ਚੇਤਨਾ ਜਗਾ ਕੇ ਬੇਮਿਸਾਲ ਭੂਮਿਕਾ ਨਿਭਾਈ ਹੈ। 26 ਮਈ ਨੂੰ ਦਿੱਲੀ ਦੀਆਂ ਸਰਹੱਦਾਂ ਉਪਰ ਸੰਘਰਸ਼ ਦੇ ਮੋਰਚੇ ਦੇ ਛੇ ਮਹੀਨੇ ਮੁਕੰਮਲ ਹੋਣਾ ਮਹੱਤਵਪੂਰਨ ਇਤਿਹਾਸਕ ਮੌਕਾ ਸੀ ਅਤੇ ਇਸ ਦਿਨ ਸੰਘਰਸ਼ ਨੂੰ ਹੋਰ ਵਿਸ਼ਾਲ ਕਰਨ ਦੇ ਅਹਿਦ ਨੇ ਲੋਕਾਂ ਦੀ ਆਪਣੇ ਹੱਕਾਂ ਦੀ ਰਾਖੀ ਲਈ ਸਮੂਹਿਕ ਯਤਨਾਂ ਦੀ ਚੇਤਨਾ ਨੂੰ ਹੋਰ ਮਜ਼ਬੂਤ ਕੀਤਾ।

ਹਾੜ੍ਹੀ ਦੀ ਫਸਲ ਸਾਂਭੇ ਜਾਣ ਨਾਲ ਕਿਸਾਨਾਂ ਕੋਲ ਝੋਨੇ ਦੀ ਲਵਾਈ ਸ਼ੁਰੂ ਹੋਣ ਤੱਕ ਇਕ ਹੱਦ ਤੱਕ ਵਿਹਲ ਦਾ ਸਮਾਂ ਹੈ। ਅੰਦੋਲਨ ਅੱਗੇ ਲੰਮੇ ਸੰਘਰਸ਼ ਨਾਲ ਆਈ ਵਕਤੀ ਨਿਰਾਸ਼ਤਾ ਅਤੇ ਸਰਗਰਮੀ 'ਚ ਥੋੜ੍ਹੀ ਖੜੋਤ ਨੂੰ ਤੋੜਨ ਦੀ ਚੁਣੌਤੀ ਹੈ। ਠੋਸ ਸਰਗਰਮੀ ਦੇ ਸੱਦਿਆਂ ਨਾਲ ਉਤਸ਼ਾਹ ਮੁੜ-ਸੁਰਜੀਤ ਹੋ ਰਿਹਾ ਹੈ। ਦਿੱਲੀ ਵੱਲ ਜਥੇ ਭੇਜਣ ਦੀ ਮੁਹਿੰਮ ਜ਼ੋਰ ਫੜ ਰਹੀ ਹੈ। ਇਨ੍ਹਾਂ ਹਾਲਾਤ 'ਚ ਸੰਯੁਕਤ ਕਿਸਾਨ ਮੋਰਚੇ ਦਾ ਸੱਦਾ ਜ਼ਬਰਦਸਤ ਮੁਹਿੰਮ ਬਣ ਗਿਆ। ਇਸ ਦਿਨ ਪੂਰੇ ਮੁਲਕ 'ਚ ਕਾਲੇ ਝੰਡੇ ਲਹਿਰਾ ਕੇ ਅਤੇ ਮੋਦੀ ਸਰਕਾਰ ਦੇ ਪੁਤਲੇ ਫੂਕ ਕੇ ਰੋਹ ਭਰਪੂਰ ਵਿਰੋਧ ਪ੍ਰਦਰਸ਼ਨ ਕੀਤੇ ਗਏ। ਦਿੱਲੀ ਦੇ ਪੱਕੇ ਮੋਰਚਿਆਂ ਤੋਂ ਇਲਾਵਾ ਦਰਜਨਾਂ ਸੂਬਿਆਂ ਦੇ ਜ਼ਿਆਦਾਤਰ ਜ਼ਿਲ੍ਹਿਆਂ 'ਚ ਕਾਲੇ ਝੰਡੇ ਲਹਿਰਾ ਕੇ ਵਿਰੋਧ ਪ੍ਰਦਰਸ਼ਨ ਕਰਨ ਦੀਆਂ ਖਬਰਾਂ ਹਨ। ਪੰਜਾਬ ਅਤੇ ਹਰਿਆਣਾ ਵਿਚ ਘਰਾਂ, ਦੁਕਾਨਾਂ ਅਤੇ ਵਾਹਨਾਂ ਉਪਰ ਲਹਿਰਾਉਂਦੇ ਕਿਸਾਨੀ ਝੰਡੇ ਅਤੇ ਕਾਲੇ ਝੰਡੇ ਸੰਘਰਸ਼ ਦੇ ਅਡੋਲ ਜਜ਼ਬੇ ਦਾ ਪ੍ਰਤੀਕ ਸਨ। ਪੰਜਾਬ ਦੇ ਪੱਕੇ ਮੋਰਚਿਆਂ ਉਪਰ ਅਤੇ ਪਿੰਡ ਪਿੰਡ ਸ਼ਹਿਰ ਬੇਸ਼ੁਮਾਰ ਵਿਰੋਧ ਪ੍ਰਦਰਸ਼ਨ ਹੋਏ। ਕਿਰਤੀ ਕਿਸਾਨ ਯੂਨੀਅਨ ਵੱਲੋਂ ਇਸ ਸੱਦੇ ਨੂੰ ਹੋਰ ਵਿਸਤਾਰ ਦਿੰਦਿਆਂ ਟਰੈਕਟਰ ਮਾਰਚਾਂ ਦੀ ਮੁਹਿੰਮ ਵੀ ਚਲਾਈ ਗਈ। ਟਰੈਕਟਰ ਮਾਰਚਾਂ 'ਚ ਕਿਸਾਨਾਂ, ਖਾਸ ਕਰ ਕੇ ਨੌਜਵਾਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ, ਬਹੁਤ ਸਾਰੇ ਮਾਰਚਾਂ 'ਚ 26 ਜਨਵਰੀ ਦੀ ਟਰੈਕਟਰ ਪਰੇਡ ਵਾਲੇ ਜੋਸ਼ੀਲੇ ਮਾਹੌਲ ਦੀ ਝਲਕ ਦੇਖਣ ਨੂੰ ਮਿਲੀ। ਲਿਹਾਜ਼ਾ, ਸੰਘਰਸ਼ ਨੂੰ ਤੋੜਨ ਅਤੇ ਖਿੰਡਾਉਣ ਦੀਆਂ ਸਰਕਾਰੀ ਸਾਜ਼ਿਸ਼ਾਂ ਅਤੇ ਸੰਘਰਸ਼ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਦੀਆਂ ਘਿਣਾਉਣੀਆਂ ਚਾਲਾਂ ਦੇ ਬਾਵਜੂਦ ਸੰਘਰਸ਼ ਦਾ ਵੇਗ ਬਰਕਰਾਰ ਹੈ।

ਨਿਰਸੰਦੇਹ, ਸੰਘਰਸ਼ ਦਾ 26 ਜਨਵਰੀ ਤੋਂ ਬਾਦ ਦਾ ਪੜਾਅ ਪਹਿਲਾਂ ਨਾਲੋਂ ਵੱਖਰੀ ਤਰ੍ਹਾਂ ਦਾ ਪੜਾਅ ਹੈ। ਆਪਮੁਹਾਰੇ ਉਤਸ਼ਾਹ ਅਤੇ ਮੇਲੇ ਵਰਗੇ ਮਾਹੌਲ ਨੇ ਆਖਿਰਕਾਰ ਦੁੱਧ ਦੇ ਉਬਾਲ ਵਾਂਗ ਮੱਠਾ ਪੈਣਾ ਹੀ ਸੀ। ਹੁਣ ਸੰਘਰਸ਼ 'ਚ ਜਥੇਬੰਦੀਆਂ ਦੀ ਅਗਵਾਈ 'ਚ ਬੱਝਵੇਂ ਜੱਥੇ ਅਤੇ ਟਿਕਵੇਂ ਹਿੱਸੇ ਹੀ ਜਾ ਰਹੇ ਹਨ; ਜਾਂ ਫਿਰ ਉਹ ਸੰਸਥਾਵਾਂ ਲਗਾਤਾਰ ਯੋਗਦਾਨ ਪਾ ਰਹੀਆਂ ਹਨ ਜੋ ਲੰਗਰਾਂ ਅਤੇ ਮੈਡੀਕਲ ਸੇਵਾਵਾਂ ਨੂੰ ਸੱਚੀਮੁੱਚੀਂ ਸਮਰਪਿਤ ਹਨ। ਉਨ੍ਹਾਂ ਤਾਕਤਾਂ ਦੀ ਕੋਈ ਪ੍ਰਸੰਗਿਕਤਾ ਨਹੀਂ ਹੈ ਜੋ ਦਾਅਵੇ ਕਰ ਰਹੀਆਂ ਸਨ ਕਿ ਕਿਸਾਨ ਸੰਘਰਸ਼ ਸਿਰਫ ਆਪਮੁਹਾਰੇ, ਨੌਜਵਾਨਾਂ ਦੇ ਜੋਸ਼ ਅਤੇ ਜਜ਼ਬੇ ਕਾਰਨ ਇਸ ਮੁਕਾਮ 'ਤੇ ਪਹੁੰਚਿਆ ਹੈ ਅਤੇ ਕਿਸਾਨ ਆਗੂ ਸੰਘਰਸ਼ ਨੂੰ ਅਗਵਾਈ ਦੇਣ ਦੇ ਨਾਕਾਬਿਲ ਹਨ। ਹਕੀਕਤ ਇਹ ਹੈ ਕਿ ਅੱਜ ਤੱਕ ਉਹ ਸੰਯੁਕਤ ਕਿਸਾਨ ਮੋਰਚੇ ਤੋਂ ਵੱਖਰਾ ਇਕ ਵੀ ਸੱਦਾ ਨਹੀਂ ਦੇ ਸਕੇ। ਮੁੱਢਲੇ ਰੂਪ 'ਚ ਵੀ ਉਹ ਕੋਈ ਬਿਹਤਰ ਬਦਲ ਖੜ੍ਹਾ ਕਰ ਕੇ ਨਹੀਂ ਦਿਖਾ ਸਕੇ ਜਿਸ ਵਿਚੋਂ ਉਨ੍ਹਾਂ ਦੀ ਕਿਸਾਨ ਆਗੂਆਂ ਨਾਲੋਂ ਬਿਹਤਰ ਬੌਧਿਕ ਅਤੇ ਜਥੇਬੰਦਕ ਕਾਬਲੀਅਤ ਦੀ ਝਲਕ ਨਜ਼ਰ ਆਉਂਦੀ ਹੋਵੇ। ਉਨ੍ਹਾਂ ਦਾ ਸਾਰਾ ਜ਼ੋਰ ਕਿਸਾਨ ਜਥੇਬੰਦੀਆਂ ਨੂੰ ਭੰਡਣ ਅਤੇ ਘਚੋਲਾ ਪਾਊ ਮੁੱਦੇ ਉਛਾਲਣ ਉਪਰ ਕੇਂਦਰਤ ਹੈ। ਸੰਘਰਸ਼ 'ਚ ਆਪਣੇ



ਸੌੜੇ ਸਿਆਸੀ ਏਜੰਡੇ ਵਾੜ ਕੇ ਇਸ ਨੂੰ ਹਾਈਜੈਕ ਕਰਨ ਲਈ ਤਰਲੋਮੱਛੀ ਹੋ ਰਹੀਆਂ ਇਹ ਤਾਕਤਾਂ ਇਕ ਸਮੇਂ ਤੱਕ ਘਚੋਲਾ ਅਤੇ ਬੇਵਿਸ਼ਵਾਸੀ ਪੈਦਾ ਕਰਨ 'ਚ ਤਾਂ ਕਾਮਯਾਬ ਹੋ ਗਈਆਂ ਲੇਕਿਨ ਆਮ ਲੋਕ ਉਨ੍ਹਾਂ ਦੇ ਪਿੱਛੇ ਨਹੀਂ ਤੁਰੇ। ਮੌਕਾਪ੍ਰਸਤ ਵੋਟ ਬਟੋਰੂ ਪਾਰਟੀਆਂ ਪੰਜਾਬ ਦੀਆਂ 2022 'ਚ ਹੋਣ ਵਾਲੀਆਂ ਵਿਧਾਨ-ਸਭਾ ਚੋਣਾਂ ਦੇ ਮੱਦੇਨਜ਼ਰ ਆਪੋ ਆਪਣੀਆਂ ਚੋਣ ਸਰਗਰਮੀਆਂ 'ਚ ਮਸਰੂਫ ਹਨ। ਇਨ੍ਹਾਂ 'ਚੋਂ ਕਿਸੇ ਦਾ ਵੀ ਸੰਘਰਸ਼ ਨੂੰ ਮਜ਼ਬੂਤ ਕਰਕੇ ਕਾਨੂੰਨਾਂ ਵਿਰੁੱਧ ਲੜਾਈ ਜਿੱਤਣ ਨਾਲ ਕੋਈ ਸਰੋਕਾਰ ਨਹੀਂ ਹੈ। ਇਨ੍ਹਾਂ ਤਮਾਮ ਸੰਘਰਸ਼ ਵਿਰੋਧੀ ਤਾਕਤਾਂ ਵੱਲੋਂ ਪਾਏ ਜਾ ਰਹੇ ਖਲਲ ਦੇ ਬਾਵਜੂਦ ਜੇ ਪੰਜਾਬ ਦੇ ਕਿਸਾਨ ਅਤੇ ਹੋਰ ਲੋਕ ਇਸ ਸੰਘਰਸ਼ ਨਾਲ ਲਗਾਤਾਰ ਜੁੜੇ ਹੋਏ ਹਨ ਤਾਂ ਇਸ ਵਿਚ ਮੁੱਖ ਭੂਮਿਕਾ ਉਨ੍ਹਾਂ 'ਚ ਪੈਦਾ ਹੋ ਚੁੱਕੀ ਇਸ ਸੂਝ ਦੀ ਹੈ ਕਿ ਇਹ ਕਾਨੂੰਨ ਪੂਰੀ ਤਰ੍ਹਾਂ ਲੋਕ ਵਿਰੋਧੀ ਹਨ ਅਤੇ ਇਹ ਹਰ ਹਾਲਤ 'ਚ ਰੱਦ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਇਹ ਵੀ ਸਮਝ ਆ ਗਿਆ ਹੈ ਕਿ ਵੋਟ ਵਟੋਰੂ ਪਾਰਟੀਆਂ ਦੀ ਕਾਨੂੰਨਾਂ ਨੂੰ ਰੱਦ ਕਰਾਉਣ ਜਾਂ ਕਿਸਾਨਾਂ ਮਜ਼ਦੂਰਾਂ ਦੀ ਕੋਈ ਹੋਰ ਮੰਗ ਮੰਨਵਾਉਣ 'ਚ ਕੋਈ ਦਿਲਚਸਪੀ ਨਹੀਂ ਹੈ, ਲੜਾਈ ਤਾਂ ਕਿਸਾਨ ਮਜ਼ਦੂਰ ਜਥੇਬੰਦੀਆਂ ਦੀ ਅਗਵਾਈ ਹੇਠ ਹੀ ਲੜੀ ਜਾਵੇਗੀ।

ਭਾਵੇਂ ਆਰ.ਐਸ.ਐਸ.-ਬੀ.ਜੇ.ਪੀ. ਸਰਕਾਰ ਵੱਲੋਂ ਥੋਪੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣਾ ਇਸ ਸੰਘਰਸ਼ ਦਾ ਫੌਰੀ ਨਿਸ਼ਾਨਾ ਹੈ, ਆਪਣੇ ਤੱਤ 'ਚ ਇਹ ਸੰਘਰਸ਼ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਵਿਰੁੱਧ ਹੈ। ਆਰਥਿਕਤਾ 'ਚ ਖੁੱਲ੍ਹੀ ਮੰਡੀ ਦੀ ਸਰਦਾਰੀ ਅਜਾਰੇਦਾਰ ਸਰਮਾਏਦਾਰੀ ਦਾ ਨੰਗਾ-ਚਿੱਟਾ ਧਾੜਵੀ ਰੂਪ 'ਚ ਹੈ। ਜਿਸ ਵਿਚ ਰਾਜ ਉਨ੍ਹਾਂ ਲੋਕ-ਭਲਾਈ ਯੋਜਨਾਵਾਂ ਅਤੇ ਸਰਕਾਰੀ ਸੇਵਾਵਾਂ ਦੀ ਸੀਮਤ ਵਿਵਸਥਾ ਦਾ ਪੂਰੀ ਤਰ੍ਹਾਂ ਸਿਲਸਿਲੇਵਾਰ ਤਰੀਕੇ ਨਾਲ ਭੋਗ ਪਾ ਦਿੰਦਾ ਹੈ ਜਿਨ੍ਹਾਂ ਨੂੰ ਇਕ ਸਮੇਂ ਅਪਨਾਉਣ ਅਤੇ ਲਾਗੂ ਕਰਨ ਪਿੱਛੇ ਹਾਕਮ ਜਮਾਤਾਂ ਦਾ ਖਾਸ ਮਨੋਰਥ ਸੀ। ਉਹ ਸੀ ਸਮਾਜਵਾਦੀ ਕੈਂਪ ਦੀ ਹੋਂਦ ਦੇ ਦਬਾਓ ਹੇਠ ਲੋਟੂ ਰਾਜ ਦਾ ਲੋਕ-ਭਲਾਈ ਵਾਲਾ ਅਕਸ ਪੇਸ਼ ਕਰਨਾ ਅਤੇ ਜਮਾਤੀ ਪਾੜੇ 'ਤੇ ਆਧਾਰਿਤ ਸਮਾਜੀ ਪ੍ਰਬੰਧਾਂ ਤੋਂ ਬਦਜ਼ਨ ਹੋਈ ਅਵਾਮ ਨੂੰ ਕਮਿਊਨਿਸਟ ਇਨਕਲਾਬਾਂ ਦੀ ਜ਼ਬਰਦਸਤ ਲਹਿਰ ਦਾ ਹਿੱਸਾ ਬਣਨ ਤੋਂ ਰੋਕਣਾ। ਸਮਾਜਵਾਦੀ ਰਾਜਾਂ ਦੇ ਰਾਜਕੀ ਸਰਮਾਏਦਾਰੀ 'ਚ ਨਿਘਾਰ ਅਤੇ ਆਖਿਰਕਾਰ ਇਨ੍ਹਾਂ ਦੇ ਖਤਮ ਹੋ ਜਾਣ ਤੋਂ ਬਾਦ ਆਲਮੀ ਸਰਮਾਏਦਾਰੀ ਨੂੰ ਇਸ ਮਖੌਟੇ ਦੀ ਜ਼ਰੂਰਤ ਨਹੀਂ ਰਹੀ, ਸੋ ਉਨ੍ਹਾਂ ਨੇ ਸਮਾਜਵਾਦੀ ਮਾਡਲ ਨੂੰ ਗੈਰ-ਵਿਹਾਰਕ ਕਰਾਰ ਦੇ ਦੇ ਭੰਡਣ ਲਈ ਖੁੱਲ੍ਹੀ ਮੰਡੀ ਦੀ ਅੰਤਿਮ ਜਿੱਤ ਦਾ ਵਿਚਾਰਧਾਰਕ ਯੁੱਧ ਵੀ ਤੇਜ਼ ਕਰ ਦਿੱਤਾ ਅਤੇ ਵਿਹਾਰਕ ਨੀਤੀਆਂ 'ਚ ਵੱਡਾ ਫੇਰਬਦਲ ਵੀ ਸ਼ੁਰੂ ਕਰ ਦਿੱਤਾ। ਇਸੇ ਦੇ ਹਿੱਸੇ ਵਜੋਂ, 1990ਵਿਆਂ ਦੇ ਸ਼ੁਰੂ 'ਚ ਭਾਰਤ ਵਿਚ ਕਾਂਗਰਸ ਦੀ ਅਗਵਾਈ 'ਚ ਨਵੀਆਂ ਆਰਥਕ ਨੀਤੀਆਂ ਦੇ ਨਾਂ ਹੇਠ ਆਰਥਿਕਤਾ ਨੂੰ ਪੂਰੀ ਤਰ੍ਹਾਂ ਖੁੱਲ੍ਹੀ ਮੰਡੀ ਦੇ ਹਵਾਲੇ ਕਰਨ ਦਾ ਅਮਲ ਸ਼ੁਰੂ ਹੋਇਆ। ਪਿੱਛੋਂ ਸਮੇਂ ਸਮੇਂ 'ਤੇ ਬਣੀਆਂ ਸਾਰੀਆਂ ਹੀ ਚੋਣਵਾਦੀ ਪਾਰਟੀਆਂ ਦੀਆਂ ਸਰਕਾਰਾਂ, ਪਾਰਲੀਮੈਂਟਰੀ ਖੱਬੀ ਧਿਰ ਸਮੇਤ, ਇਸੇ ਮਾਡਲ ਨੂੰ ਆਪੋ-ਆਪਣੇ ਢੰਗ ਨਾਲ ਲਾਗੂ ਕਰਦੀਆਂ ਆ ਰਹੀਆਂ ਹਨ। ਆਰਥਕ 'ਉਦਾਰੀਕਰਨ' ਦੇ ਬਾਕੀ ਰਹਿੰਦੇ ਕੰਮ ਨੂੰ ਪੂਰਾ ਕਰਨ ਲਈ 2013 'ਚ ਵਿਦੇਸ਼ੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਵੱਲੋਂ ਕਾਂਗਰਸ ਦੀ ਥਾਂ ਆਰ.ਐਸ.ਐਸ.-ਬੀ.ਜੇ.ਪੀ. ਨੂੰ ਮੁੜ ਸੱਤਾ ਵਿਚ ਲਿਆਉਣ ਦੀ ਮੁਹਿੰਮ ਵਿੱਢ ਦਿੱਤੀ ਗਈ ਅਤੇ 2014 'ਚ ਇਹ ਫਾਸ਼ੀਵਾਦੀ ਤਾਕਤ ਸੱਤਾ ਵਿਚ ਆ ਗਈ। ਉਨ੍ਹਾਂ ਕਾਰਪੋਰੇਟ ਮੁਖੀਆਂ ਨੇ ਵੀ ਹਿੰਦੂਤਵ ਫਾਸ਼ੀਵਾਦ ਦੇ ਏਜੰਡੇ ਨਾਲ ਸਮਝੌਤਾ ਕਰ ਲਿਆ ਜੋ ਇਸ ਦੀ ਆਲੋਚਨਾ ਕਰਦੇ ਸਨ।

ਹਿੰਦੂ ਰਾਸ਼ਟਰ ਦੀ ਦਿਸ਼ਾ 'ਚ ਸਿਲਸਿਲੇਵਾਰ ਕੰਮ ਕਰਨ ਦੇ ਨਾਲ-ਨਾਲ ਆਰ.ਐਸ.ਐਸ.-ਬੀ.ਜੇ.ਪੀ. ਸਮੁੱਚੀ ਆਰਥਿਕਤਾ ਨੂੰ ਪੂਰੀ ਤਰ੍ਹਾਂ ਖੁੱਲ੍ਹੀ ਮੰਡੀ ਦੇ ਹਵਾਲੇ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ। ਤਿੰਨ ਖੇਤੀ ਕਾਨੂੰਨ ਥੋਪਣਾ ਅਤੇ ਲੇਬਰ ਕੋਡ ਬਣਾ ਕੇ ਕਿਰਤ ਕਾਨੂੰਨਾਂ ਦਾ ਖਾਤਮਾ ਇਸੇ ਅਮਲ ਦਾ ਅਟੁੱਟ ਹਿੱਸਾ ਹੈ। ਜੇ ਲੋਕਾਂ ਦੀ ਤਾਕਤ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ 'ਚ ਕਾਮਯਾਬ ਹੋ ਜਾਂਦੀ ਹੈ ਤਾਂ ਇਹ ਕਾਰਪੋਰੇਟ ਸਰਮਾਏਦਾਰੀ ਦੀ ਧਾੜਵੀ ਲੁੱਟਮਾਰ ਦੇ ਬੇਰੋਕ-ਟੋਕ ਪਸਾਰੇ ਉਪਰ ਇਕ ਬੱਜਰ ਸੱਟ ਸਾਬਤ ਹੋਵੇਗੀ। ਨਾਲ ਹੀ, ਇਸ ਦੀ ਆਰ.ਐਸ.ਐਸ.-ਬੀ.ਜੇ.ਪੀ. ਦੀ ਧੌਂਸਬਾਜ਼ੀ ਅਤੇ ਹੰਕਾਰ ਨੂੰ ਤੋੜਨ 'ਚ ਵੀ ਮਹੱਤਵਪੂਰਨ ਭੂਮਿਕਾ ਹੋਵੇਗੀ। ਲੋਕ ਰਾਇ ਪ੍ਰਤੀ ਘੋਰ ਨਫਰਤ ਤ੍ਰਿਸਕਾਰ ਫਾਸ਼ੀਵਾਦ ਦੀ ਮੂਲ ਖਾਸੀਅਤ ਹੈ ਅਤੇ ਇਸ ਦੇ ਮੋਦੀ ਵਰਗੇ ਮੁੱਖ ਚਿਹਰੇ ਆਪਣੇ ਬਜ਼ਿੱਦ ਅਤੇ ਬੇਕਿਰਕ ਕਿਰਦਾਰ ਨੂੰ ਮਜ਼ਬੂਤ ਤਾਕਤਵਰ ਆਗੂ ਵਜੋਂ ਪੇਸ਼ ਕਰਦੇ ਹਨ। ਮਸ਼ਹੂਰ ਬਰਤਾਨਵੀ ਅਖਬਾਰ 'ਡੇਲੀ ਮੇਲ' ਨੇ ਮੋਦੀ ਲਈ 'ਬੇਹਯਾ ਉਸਟੰਡਬਾਜ਼' ਸ਼ਬਦ ਵਰਤਿਆ ਹੈ। ਐਸੇ ਸ਼ਖਸ ਲਈ ਆਪਣੇ ਕਿਸੇ ਮਨਮਾਨੇ ਫੈਸਲੇ ਤੋਂ ਪਿੱਛੇ ਹਟਣਾ ਉਸ ਦੀ ਸੁਪਰੀਮ ਤਾਨਾਸ਼ਾਹ ਵਾਲੀ ਹਉਮੈਂ ਲਈ ਵੱਡੀ ਸੱਟ ਹੈ, ਚਾਹੇ ਫੈਸਲਾ ਪੂਰੀ ਤਰ੍ਹਾਂ ਗਲਤ ਕਿਉਂ ਨਾ ਹੋਵੇ। ਵੱਖ-ਵੱਖ ਉਚ ਅਦਾਲਤਾਂ ਵੱਲੋਂ ਸਰਕਾਰ ਦੀ ਝਾੜ ਝੰਭ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਬੀਜੇਪੀ-ਆਰ.ਐਸ.ਐਸ. ਸਰਕਾਰ ਦਾ ਸਾਰਾ ਜ਼ੋਰ ਹਕੀਕਤ ਨੂੰ ਲੁਕੋਣ ਅਤੇ ਆਪਣਾ ਅਕਸ ਸੁਧਾਰਨ ਦੀ ਕਵਾਇਦ ਉਪਰ ਲੱਗਿਆ ਹੋਇਆ ਹੈ। ਹਾਲਾਂਕਿ ਕਰੋਨਾ ਦੀ ਨਵੀਂ ਲਹਿਰ ਦੇ ਜਾਨਲੇਵਾ ਫੈਲਾਅ ਲਈ ਮੌਜੂਦਾ ਸਰਕਾਰ ਦੀ ਮੁਜਰਮਾਨਾ ਭੂਮਿਕਾ ਜੱਗ ਜ਼ਾਹਿਰ ਹੈ ਫਿਰ ਵੀ ਇਸ ਸਰਕਾਰ ਵੱਲੋਂ ਆਪਣੀ ਪ੍ਰਸ਼ਾਸਨਿਕ ਅਸਫਲਤਾ ਉਪਰ ਪਰਦਾ ਪਾਉਣ ਲਈ ਕਰੋਨਾ ਫੈਲਾਉਣ ਦਾ ਦੋਸ਼ ਉਲਟਾ ਸੰਘਰਸ਼ਸ਼ੀਲ ਕਿਸਾਨਾਂ ਉਪਰ ਲਗਾ ਕੇ ਸੰਘਰਸ਼ ਨੂੰ ਖਤਮ ਕਰਾਉਣ ਦੀ ਚਾਲ ਖੇਡੀ ਗਈ ਜੋ ਪੂਰੀ ਤਰ੍ਹਾਂ ਅਸਫਲ ਰਹੀ।

ਇਸ ਨਾਜ਼ੁਕ ਦੌਰ 'ਚ ਕਰੋਨਾ ਮਹਾਮਾਰੀ ਤੋਂ ਬਚਣ ਲਈ ਹਰ ਸੰਭਵ ਉਪਾਅ ਕਰਦੇ ਹੋਏ ਆਪਣੇ ਹੱਕਾਂ ਦੀ ਰਾਖੀ ਲਈ ਸਮੂਹਿਕ ਸੰਘਰਸ਼ਾਂ ਨੂੰ ਜਾਰੀ ਰੱਖਣਾ ਅਤੇ ਭਾਈਚਾਰਕ ਸਾਂਝ ਅਤੇ ਸਮੂਹਿਕ ਯਤਨਾਂ ਨੂੰ ਹੋਰ ਮਜ਼ਬੂਤ ਕਰਨਾ ਹੋਰ ਵੀ ਜ਼ਰੂਰੀ ਹੈ। ਸੰਘਰਸ਼ਸ਼ੀਲ ਜਥੇਬੰਦੀਆਂ ਵਧਾਈ ਦੀਆਂ ਹੱਕਦਾਰ ਹਨ ਜੋ ਦੇਸ਼ ਦੇ ਲੋਕਾਂ ਨੂੰ ਮਹਾਮਾਰੀ ਅਤੇ ਸਰਕਾਰ ਦੀਆਂ ਵਿਨਾਸ਼ਕਾਰੀ ਨੀਤੀਆਂ ਵਿਰੁੱਧ ਲਾਮਬੰਦ ਕਰਕੇ ਨਾ ਸਿਰਫ ਇਹ ਭੂਮਿਕਾ ਬਾਖੂਬੀ ਨਿਭਾ ਰਹੀਆਂ ਹਨ ਸਗੋਂ ਰਾਜਨੀਤਕ ਢਾਂਚੇ ਦੀ ਮੁਕੰਮਲ ਅਸਫਲਤਾ ਦੇ ਹਾਲਾਤ 'ਚ ਮਹਾਮਾਰੀ ਨਾਲ ਲੜਨ ਲਈ ਲੋਕਾਂ ਦਾ ਮਨੋਬਲ ਵੀ ਬਰਕਰਾਰ ਰੱਖ ਰਹੀਆਂ ਹਨ। ਮਹਾਂ ਅੰਦੋਲਨ ਦਾ ਲੰਮਾ ਸਮਾਂ ਚੱਲਣਾ ਤੈਅ ਹੈ ਅਤੇ ਸੱਚੀ ਤਬਦੀਲੀ ਲਈ ਜੂਝ ਰਹੀਆਂ ਤਾਕਤਾਂ ਨੂੰ ਇਸ ਉਪਰ ਕੇਂਦਰਤ ਕਰਨਾ ਚਾਹੀਦਾ ਹੈ ਕਿ ਸੰਘਰਸ਼ ਨੂੰ ਮਜ਼ਬੂਤ ਕਰਦੇ ਹੋਏ ਇਸ ਦੌਰਾਨ ਅਵਾਮ 'ਚ ਬੁਨਿਆਦੀ ਬਦਲਾਓ ਦਾ ਰਾਜਸੀ ਬਦਲ ਸਥਾਪਤ ਕਿਵੇਂ ਕਰਨਾ ਹੈ।

# ਮੂਲ ਨਿਵਾਸੀਆਂ ਦਾ ਕਤਲੇਆਮ

ਗੁਰਮੀਤ ਕੜਿਆਲਵੀ

'ਕੈਮਲੂਪਸ' ਸ਼ਬਦ ਨਾਲ ਪਹਿਲਾ ਵਾਹ ਸਾਡੇ ਵੱਡੇ ਨਾਟਕਕਾਰ ਡਾ. ਆਤਮਜੀਤ ਦੇ ਨਾਟਕ 'ਕੈਮਲੂਪਸ ਦੀਆਂ ਮੱਛੀਆਂ' ਨਾਲ ਪਿਆ ਸੀ। ਉਦੋਂ ਹੈਰਾਨ ਹੋ ਕੇ ਪੁੱਛੀਦਾ ਸੀ, "ਇਹ ਭਲਾ ਕੀ ਨਾਂ ਹੋਇਆ ?" ਹੁਣ ਇਸ ਸ਼ਹਿਰ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ।

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਕੈਮਲੂਪਸ ਸ਼ਹਿਰ ਵਿਚ ਬੰਦ ਪਏ ਕੈਂਪਲੂਪਸ ਇੰਡੀਅਨ ਰੈਜੀਡੈਂਸ਼ਲ ਸਕੂਲ ਵਿਚੋਂ 215 ਬੱਚਿਆਂ ਦੇ ਪਿੰਜਰ ਮਿਲਣ ਦੀਆਂ ਖਬਰਾਂ ਨੇ ਦੁਨੀਆ ਨੂੰ ਹਿਲਾਇਆ ਹੈ। ਇਸ ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਨੁਸਾਰ ਇਸ ਘਟਨਾ ਨੇ ਦੇਸ਼ ਨੂੰ ਸ਼ਰਮਸਾਰ ਕਰ ਦਿੱਤਾ ਹੈ। ਉਸ ਨੇ ਇਸ ਨੂੰ 'ਸ਼ਰਮਨਾਕ ਅਧਿਆਏ' ਆਖਿਆ ਹੈ। ਕੀ ਪ੍ਰਧਾਨ ਮੰਤਰੀ ਦੇ ਇੰਨਾ ਆਖ ਦੇਣ ਨਾਲ ਦੁਨੀਆ ਦੇ ਸੱਭਿਅਕ ਕਹਾਉਂਦੇ ਰਾਸ਼ਟਰ ਦੇ ਮੱਥੇ ਤੋਂ ਕਤਲੇਆਮ ਦਾ ਕਲੰਕ ਲਹਿ ਜਾਵੇਗਾ?

ਕਿਹਾ ਜਾਂਦਾ ਹੈ ਕਿ ਉਨੀਵੀਂ ਸਦੀ ਦੇ ਅੱਧ ਤੋਂ ਲੈ ਕੇ ਵੀਹਵੀਂ ਸਦੀ ਦੇ ਅਖੀਰਲੇ ਵਰ੍ਹੇ ਤੱਕ ਡੇਢ ਲੱਖ ਤੋਂ ਵੀ ਵੱਧ ਰੈੱਡ ਇੰਡੀਅਨ ਬੱਚੇ ਉਹਨਾਂ ਦੇ ਪਰਿਵਾਰਾਂ ਤੋਂ ਜ਼ਬਰਦਸਤੀ ਖੋਹ ਕੇ ਰੈਜੀਡੈਂਸ਼ਲ ਸਕੂਲਾਂ ਵਿਚ ਰੱਖੇ ਗਏ। ਇਹ ਸਭ 'ਸਭਿਆਚਾਰਕ ਕਤਲੇਆਮ' ਦੀ ਨੀਤੀ ਤਹਿਤ ਕੀਤਾ ਗਿਆ। ਇਹਨਾਂ ਸਕੂਲਾਂ ਵਿਚ ਬੱਚਿਆਂ ਨੂੰ ਉਹਨਾਂ ਦੀ ਆਪਣੀ ਮਾਂ ਬੋਲੀ ਬੋਲਣ ਦੀ ਮਨਾਹੀ ਸੀ। ਉਹਨਾਂ ਨੂੰ ਆਪਣਾ ਸਭਿਆਚਾਰ, ਰਸਮੋ-ਰਿਵਾਜ, ਰਹੁ-ਰੀਤਾਂ ਕਰਨ ਤੋਂ ਰੋਕ ਦਿੱਤਾ ਜਾਂਦਾ। ਉਹਨਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਤੇ ਗਾਲਾਂ ਕੱਢੀਆਂ ਜਾਂਦੀਆਂ। ਪਸ਼ੂਆਂ ਜਿਹਾ ਵਿਹਾਰ ਹੁੰਦਾ ਸੀ।

ਹੁਣ ਜਿਹੜਾ ਸਕੂਲ ਚਰਚਾ ਵਿਚ ਆਇਆ ਹੈ, ਉਹ 1890 ਵਿਚ 'ਸ਼ਾਂਤੀ ਦੇ ਪੁਜਾਰੀ' ਰੋਮਨ ਕੈਥੋਲਿਕਾਂ ਨੇ ਆਪਣੇ ਪ੍ਰਬੰਧਾਂ ਅਧੀਨ ਸ਼ੁਰੂ ਕੀਤਾ ਸੀ। 1969 ਵਿਚ ਸਰਕਾਰ ਨੇ ਆਪਣੇ ਹੱਥਾਂ ਵਿਚ ਲੈ ਲਿਆ ਅਤੇ 1978 ਵਿਚ ਬੰਦ ਕਰ ਦਿੱਤਾ ਸੀ।

ਜੂਨ 2019 ਵਿਚ ਮੈਂ ਕੈਨੇਡਾ ਗਿਆ ਤਾਂ ਬੜੇ ਸੰਖੇਪ ਜਿਹੇ ਸਮੇਂ ਲਈ ਕਹਾਣੀਕਾਰ ਗੁਰਮੀਤ ਪਨਾਗ ਕੋਲ ਬਰੈਂਟਫੋਰਡ ਜਾਣ ਦਾ ਸਬਬ ਬਣਿਆ। ਗੁਰਮੀਤ ਨੇ ਕਾਹਲੀ-ਕਾਹਲੀ ਟੈਲੀਫੋਨ ਦੇ ਖੋਜਕਰਤਾ ਗ੍ਰਾਹਮ ਬੈੱਲ ਦਾ ਘਰ ਦਿਖਾਇਆ। ਬੈੱਲ ਦੇ ਘਰੋਂ ਚੱਲ ਕੇ ਅਸੀਂ ਵਾਪਸ ਗੁਰਮੀਤ ਦੇ ਘਰ ਆ ਰਹੇ ਸਾਂ ਤਾਂ ਉਸ ਨੇ ਜੈਂਗ ਭਾਅ ਨੂੰ ਕਹਿ ਕੇ ਗੱਡੀ ਕੈਨੇਡੀਅਨ ਮੂਲ ਨਿਵਾਸੀਆਂ, ਜਿਨ੍ਹਾਂ ਨੂੰ ਫਸਟ ਨੇਸ਼ਨ ਅਤੇ ਆਪਣੇ ਵਾਲੇ 'ਤਾਏ ਕੇ' ਆਖਦੇ ਹਨ, ਦੇ ਏਰੀਏ ਵੱਲ ਕਰ ਲਈ। ਇਹ ਫਸਟ ਨੇਸ਼ਨ ਵਾਲਿਆਂ ਲਈ ਰਿਜ਼ਰਵ ਏਰੀਆ ਹੈ। ਆਮ ਲੋਕ ਇਹਨਾਂ ਨਾਲ ਮਿਲਣਾ ਜੁਲਣਾ ਜਾਂ ਗੱਲ ਕਰਨਾ ਤਾਂ ਇਕ ਪਾਸੇ, ਇਸ ਪਾਸੇ ਜਾਣੋਂ ਵੀ ਤ੍ਰਹਿੰਦੇ ਹਨ।




ਗੁਰਮੀਤ ਨੇ ਹਿੰਮਤ ਤੇ ਹੌਂਸਲਾ ਕਰ ਕੇ ਗੱਡੀ ਫਸਟ ਨੇਸ਼ਨ ਦੇ ਘਰ ਅੱਗੇ ਰੁਕਵਾ ਲਈ। ਮੈਂ ਘਰਾਂ ਵੱਲ ਨਿਗ੍ਹਾ ਮਾਰੀ- ਛੋਟੇ-ਛੋਟੇ ਡੱਬਿਆਂ ਜਿਹੇ। ਭੱਦੇ ਅਤੇ ਸਾਫ ਸਫਾਈ ਤੇ ਸਹੂਲਤਾਂ ਤੋਂ ਸੱਖਣੇ। ਪਿੰਡਾਂ ਦੇ ਗਰੀਬਾਂ ਦੇ ਕੱਚੇ-ਪੱਕੇ ਖਸਤਾ ਹਾਲ ਘਰਾਂ ਵਰਗੇ ਜਿਨ੍ਹਾਂ ਵਿਚ ਭੇਡ ਬੱਕਰੀਆਂ, ਕੁੱਕੜ ਕੁਕੜੀਆਂ ਤੇ ਸਾਰਾ ਪਰਿਵਾਰ ਇਕ ਛੱਤ ਥੱਲੇ ਹੀ ਰਹਿੰਦਾ ਹੈ।

ਸਾਰਿਆਂ ਦੇ ਦਿਲ ਧੜਕ ਰਹੇ ਸਨ। ਸੁਣਨ ਵਿਚ ਆਇਆ ਕਿ ਇਹ 'ਅਸੱਭਿਅਕ ਲੋਕ' ਅਹਿੰਸਕ ਵੀ ਹੋ ਜਾਂਦੇ ਹਨ- ਪਤਾ ਨਹੀਂ ਸੱਚ ਸੀ ਜਾਂ ਝੂਠ। ਆਪਣੇ ਦੇਸ਼ ਦਾ ਗਰੀਬ ਗੁਰਬਾ ਵੀ ਤਾਂ ਸੱਭਿਅਕ ਨਹੀਂ ਹੈ ਨਾ! ਵੱਡੇ ਲੋਕ ਇਹਨਾਂ ਨੂੰ ਕਿਹੜਾ ਮੂੰਹ ਲਾਉਂਦੇ ਹਨ?

ਜਕਦਿਆਂ ਜਕਾਉਂਦਿਆਂ ਗੁਰਮੀਤ ਪਨਾਗ ਨੇ ਉਹਨਾਂ ਔਰਤਾਂ ਨਾਲ ਗੱਲ ਕਰ ਲਈ।

"ਇਹ ਲੇਖਕ ਹੈ। ਸਾਡੀ ਭਾਸ਼ਾ ਦਾ ਕਾਫੀ ਵੱਡਾ ਲੇਖਕ। ਸਾਡੇ ਦੇਸ਼ ਵਿਚ ਵੀ ਮੂਲ ਨਿਵਾਸੀਆਂ ਨਾਲ ਜ਼ੁਲਮ ਤੇ ਧੱਕੇ ਹੋਏ ਅਤੇ ਹੋ ਰਹੇ ਹਨ। ਇਹ ਮੂਲ ਨਿਵਾਸੀਆਂ ਨਾਲ ਹੁੰਦੇ ਜ਼ੁਲਮਾਂ ਤੇ ਵਧੀਕੀਆਂ ਨੂੰ ਲਿਖਣ ਵਾਲਾ ਲੇਖਕ ਹੈ। ਵੱਡੀ ਗੱਲ ਇਹ ਖੁਦ 'ਫਸਟ ਨੇਸ਼ਨ' ਹੈ ਜਿਨ੍ਹਾਂ ਨਾਲ ਜ਼ੁਲਮ ਹੋਇਆ ਹੈ। ਕੀ ਸਾਡੇ ਨਾਲ ਕੁਝ ਗੱਲਾਂ ਕਰ ਸਕਦੇ ਓਂ?" ਗੁਰਮੀਤ ਨੇ ਮੇਰੇ ਬਾਰੇ ਦੱਸਿਆ ਤਾਂ ਉਹ ਔਰਤਾਂ ਅੰਦਰ ਫਰੋਲਣ ਲੱਗੀਆਂ ਸਨ।

"ਦੁਨੀਆ ਦੇ ਹਰ ਹਿੱਸੇ ਵਿਚ ਹੀ ਮੂਲ ਨਿਵਾਸੀਆਂ ਨਾਲ ਜ਼ੁਲਮ ਹੋਏ ਨੇ।" ਮੁਟਿਆਰ ਪੜ੍ਹੀ-ਲਿਖੀ ਜਾਪਦੀ ਸੀ। ਉਸ ਨੂੰ ਦੁਨੀਆ ਹੋਰ ਹਿੱਸਿਆਂ ਦੇ ਮੂਲ ਨਿਵਾਸੀਆਂ ਨਾਲ ਹੁੰਦੇ ਜ਼ੁਲਮਾਂ ਬਾਰੇ ਪਤਾ ਸੀ।

"ਅਹੁ ਸਾਹਮਣੇ ਜਗ੍ਹਾ 'ਤੇ ਮੇਰੇ ਦਾਦਾ ਜੀ ਨੂੰ ਮਾਰਿਆ ਗਿਆ ਸੀ। ਸਾਨੂੰ ਜ਼ਬਰਦਸਤੀ ਸਕੂਲਾਂ ਵਿਚ ਤਾੜਿਆ ਜਾਂਦਾ। ਉਹ ਕਿਹੜਾ ਜ਼ੁਲਮ ਹੈ ਜੋ ਅਸੀਂ ਨਹੀਂ ਝੱਲਿਆ?" ਦੂਜੀ ਔਰਤ ਬਿਨਾਂ ਜ਼ਿਆਦਾ ਕੁਝ ਕਿਹਾਂ ਵੀ ਬਹੁਤ ਕੁਝ ਕਹਿ ਗਈ ਸੀ।

"ਸਰਕਾਰ ਕੁਝ ਨਹੀਂ ਕਰਦੀ? ਉਹ ਤੁਹਾਨੂੰ ਪੁੱਛਦੀ ਨਹੀਂ ਕਿ ਕੀ ਚਾਹੀਦਾ?" ਗੁਰਮੀਤ ਉਹਨਾਂ ਨਾਲ ਖੁੱਲ੍ਹ ਗਈ ਸੀ।

ਉਹ ਹੱਸ ਪਈਆਂ ਸਨ, ਬੜੀ ਮਾਰਮਿਕ ਜਿਹੀ ਹਾਸੀ। ਉਹਨਾਂ ਦੇ ਹਾਸੇ ਪਿੱਛੇ ਕਹਿਰਾਂ ਦਾ ਦਰਦ ਸੀ।

"ਸਰਕਾਰ ਨੂੰ ਅਸੀਂ ਕਿਉਂ ਦੱਸੀਏ? ਸਰਕਾਰ ਨੂੰ ਨਹੀਂ ਪਤਾ, ਉਸ ਨੇ ਕੀ ਕਰਨਾ? ਉਹ ਨਹੀਂ ਜਾਣਦੇ ਸਾਨੂੰ ਕੀ ਚਾਹੀਦਾ? ਸਭ ਬੇਵਕੂਫ ਬਣਾਉਂਦੇ ਨੇ ਸਾਨੂੰ। ਅਸੀਂ ਕਿਵੇਂ ਭੁੱਲ ਸਕਦੇ ਹਾਂ? ਕੀ-ਕੀ ਹੰਢਾਇਆ ਹੈ?"

ਮੈਂ ਚੁੱਪ ਸਾਂ। ਕੁਝ ਭਾਸ਼ਾ ਕਰ ਕੇ- ਕੁਝ ਮਾਨਸਿਕ ਹਾਲਾਤ ਕਰ ਕੇ। ਮੈਂ ਤਾਂ ਵੇਦਾਂ ਪੁਰਾਣਾਂ ਦੀ ਧਰਤੀ 'ਤੇ ਮੂਲ ਨਿਵਾਸੀਆਂ ਦੇ ਹੁੰਦੇ ਕਤਲੇਆਮ ਬਾਰੇ ਸੋਚਣ ਲੱਗਾ ਸਾਂ। ਮੂਲ ਨਿਵਾਸੀਆਂ ਦੇ ਅੱਡ ਮੁਹੱਲੇ, ਅੱਡ ਧਾਰਮਿਕ ਸਥਾਨ, ਵੱਖਰੇ ਸਕੂਲ- ਤੇ ਇਥੋਂ ਤੱਕ ਕੇ ਵੱਖਰੇ ਸ਼ਮਸ਼ਾਨਘਾਟ, ਸਾਰਾ ਕੁਝ ਮੇਰੀਆਂ ਅੱਖਾਂ ਅੱਗੋਂ ਲੰਘ ਰਿਹਾ ਸੀ।

ਉਦੋਂ ਕੈਮਲੂਪਸ ਦਾ ਸੱਚ ਅਜੇ ਸਾਹਮਣੇ ਨਹੀਂ ਸੀ ਆਇਆ। ਉਦੋਂ ਕੈਮਲੂਪਸ ਨੂੰ ਮੈਂ ਸਿਰਫ ਮੱਛੀਆਂ ਕਰ ਕੇ ਜਾਣਦਾ ਸਾਂ। ਇਹ ਤਾਂ ਹੁਣ ਪਤਾ ਲੱਗਾ ਕਿ ਕੈਮਲੂਪਸ ਬਸਤੀਵਾਦੀ ਨੀਤੀ ਦਾ ਘਿਨਾਉਣਾ ਚਿਹਰਾ ਹੈ।

ਕੈਮਲੂਪਸ ਦੁਨੀਆ ਦੇ ਹਰ ਹਿੱਸੇ ਵਿਚ ਮੌਜੂਦ ਹਨ।

# ਵਿਵਾਦ ਵਾਲੀ ਅਰਦਾਸ ਮਾਮਲੇ ਪਿੱਛੇ ਸਿਆਸੀ ਸਾਜ਼ਿਸ਼ ਦਾ ਖਦਸ਼ਾ

## ਜਾਂਚ ਟੀਮ ਨੇ ਰਿਪੋਰਟ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪੀ

**ਅੰਮ੍ਰਿਤਸਰ:** ਬਠਿੰਡਾ ਦੇ ਪਿੰਡ ਬੀੜ ਤਲਾਬ ਦੇ ਗੁਰਦੁਆਰੇ ਵਿਚ ਗ੍ਰੰਥੀ ਗੁਰਮੇਲ ਸਿੰਘ ਵੱਲੋਂ ਡੇਰਾ ਮੁਖੀ ਦੀ ਰਿਹਾਈ ਵਾਸਤੇ ਕੀਤੀ ਅਰਦਾਸ ਦੇ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਦੀ ਜਾਂਚ ਟੀਮ ਨੇ ਆਪਣੀ ਰਿਪੋਰਟ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪ ਦਿੱਤੀ ਹੈ। ਇਹ ਤਿੰਨ ਮੈਂਬਰੀ ਜਾਂਚ ਟੀਮ ਬਠਿੰਡਾ ਦੇ ਗੁਰਦੁਆਰਾ ਹਾਜੀ ਰਤਨ ਦੇ ਮੈਨੇਜਰ ਦੀ ਅਗਵਾਈ ਹੇਠ ਬਣਾਈ ਗਈ ਸੀ। ਜਥੇਦਾਰ ਨੇ ਇਸ ਮਾਮਲੇ ਪਿੱਛੇ ਕੋਈ ਸਿਆਸੀ ਸਾਜ਼ਿਸ਼ ਹੋਣ ਦਾ ਖਦਸ਼ਾ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮੰਤਵ ਸੂਬੇ ਦੀ ਭਾਈਚਾਰਕ ਸਾਂਝ ਨੂੰ ਢਾਹ ਲਾਉਣਾ ਹੋ ਸਕਦਾ ਹੈ। ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਉਨ੍ਹਾਂ ਖੁਲਾਸਾ ਕੀਤਾ ਕਿ ਗੁਰਦੁਆਰਾ ਬੀੜ ਤਲਾਬ ਅਰਦਾਸ ਮਾਮਲੇ ਦੀ ਜਾਂਚ ਰਿਪੋਰਟ ਉਨ੍ਹਾਂ ਕੋਲ ਪੁੱਜ ਗਈ ਹੈ ਅਤੇ ਇਸ ਨੂੰ ਘੋਖਣ ਮਗਰੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਅਰਦਾਸ ਤੋਂ ਪਹਿਲਾਂ ਉਥੋਂ ਦਾ ਇਕ ਭਾਜਪਾ ਕਾਰਕੁਨ ਗ੍ਰੰਥੀ ਗੁਰਮੇਲ ਸਿੰਘ ਨੂੰ ਮਿਲਿਆ ਸੀ ਤੇ ਕਿਸੇ ਖਾਸ ਮੰਤਵ ਹੇਠ ਹੀ ਇਸ ਅਰਦਾਸ ਦੀ ਵੀਡੀਓ ਵੀ ਬਣਵਾਈ ਗਈ ਹੈ। ਇਕ ਵੀਡੀਓ ਮੋਦੀ ਸਰਕਾਰ ਦੀ ਸ਼ਲਾਘਾ ਨਾਲ ਸਬੰਧਤ ਹੈ ਤੇ ਦੂਜੀ ਡੇਰਾ ਸਿਰਸਾ ਦੇ ਮੁਖੀ ਦੀ ਰਿਹਾਈ ਲਈ ਕੀਤੀ ਅਰਦਾਸ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਸ ਮਾਮਲੇ ਵਿਚ ਕਾਰਵਾਈ ਲਈ ਕਾਨੂੰਨੀ ਪੱਖ ਬਾਰੇ ਵਿਚਾਰ ਕਰੇ। ਉਨ੍ਹਾਂ ਨੇ ਡੇਰਾਵਾਦ ਨੂੰ ਸਿਆਸੀ ਪਾਰਟੀਆਂ ਦੀ ਪੈਦਾਇਸ਼ ਆਖਿਆ ਹੈ।



### ਭਾਜਪਾ ਦੇ ਖਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ:** ਗੁਰਦੁਆਰਾ ਬੀੜ ਤਲਾਬ ਵਿਚ ਡੇਰਾ ਮੁਖੀ ਦੀ ਰਿਹਾਈ ਵਾਸਤੇ ਕੀਤੀ ਗਈ ਅਰਦਾਸ ਦੇ ਮਾਮਲੇ ਵਿਚ ਸਿੱਖ ਯੂਥ ਪਾਵਰ ਆਫ ਪੰਜਾਬ ਦੇ ਕਾਰਕੁਨਾਂ ਵੱਲੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਸੌਂਪਿਆ ਗਿਆ ਹੈ ਅਤੇ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿਚ ਭਾਜਪਾ ਖਿਲਾਫ ਸਖਤ ਫੈਸਲਾ ਲਿਆ ਜਾਵੇ। ਇਹ ਪੱਤਰ ਜਥੇਬੰਦੀ ਦੇ ਆਗੂ ਪਰਮਜੀਤ ਸਿੰਘ ਅਕਾਲੀ, ਪਰਦੀਪ ਸਿੰਘ ਇਯਾਲੀ, ਪ੍ਰਿਤਪਾਲ ਸਿੰਘ ਬਰਗਾੜੀ, ਪਲਵਿੰਦਰ ਸਿੰਘ ਅਤੇ ਤੇਗਦੀਪ ਸਿੰਘ ਦੀ ਅਗਵਾਈ ਹੇਠ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਦਿੱਤਾ ਗਿਆ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ 'ਚ ਸਿੱਖਾਂ ਦੀ ਸੁਰੱਖਿਆ ਬਾਰੇ ਫਿਕਰਮੰਦੀ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਪਾਕਿਸਤਾਨ ਅੰਦਰ ਸਿੱਖਾਂ ਨੂੰ ਧਮਕੀਆਂ ਮਿਲਣ ਦੀਆਂ ਖਬਰਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪਾਕਿਸਤਾਨ ਸਰਕਾਰ ਦੇਸ਼ ਅੰਦਰ ਘੱਟਗਿਣਤੀ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਏ। ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਇਹ ਖਬਰ ਸਾਹਮਣੇ ਆ ਰਹੀ ਹੈ ਕਿ ਪਾਕਿਸਤਾਨ ਅੰਦਰ ਸਿੱਖਾਂ ਨੂੰ ਤਾਲਿਬਾਨ ਵੱਲੋਂ ਧਮਕੀਆਂ ਮਿਲ ਰਹੀਆਂ ਹਨ। ਇਹ ਬੇਹੱਦ ਚਿੰਤਾ ਵਾਲੀ ਗੱਲ ਹੈ, ਜਿਸ 'ਤੇ ਪਾਕਿਸਤਾਨ ਸਰਕਾਰ ਨੂੰ ਸੰਜੀਦਾ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ 'ਚ ਵਸਦੇ ਸਿੱਖ ਭਾਈਚਾਰੇ ਦੀ ਸੁਰੱਖਿਆ ਉਥੋਂ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਧਮਕੀਆਂ ਦੇ ਮਾਮਲੇ ਵਿਚ ਸਖਤ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਸਰਕਾਰ ਸਿੱਖਾਂ ਨੂੰ ਇਹ ਵਿਸ਼ਵਾਸ ਦਿਵਾਏ ਕਿ ਉਹ ਪਾਕਿਸਤਾਨ ਅੰਦਰ ਸੁਰੱਖਿਅਤ ਹਨ।

# ਕੋਟਕਪੂਰਾ ਗੋਲੀ ਕਾਂਡ: ਨਵੀਂ ਜਾਂਚ ਟੀਮ ਨੇ ਫੜੀ ਸਰਗਰਮੀ



**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਸਾਹਮਣੇ ਉਚ ਪੁਲਿਸ ਅਧਿਕਾਰੀ ਹਾਜਰ ਹੋਏ ਅਤੇ ਉਨ੍ਹਾਂ 14 ਅਕਤੂਬਰ, 2015 ਨੂੰ ਵਾਪਰੇ ਗੋਲੀ ਕਾਂਡ ਬਾਰੇ ਜਾਣਕਾਰੀ ਦਿੱਤੀ। ਜਾਣਕਾਰੀ ਅਨੁਸਾਰ ਗੋਲੀ ਕਾਂਡ ਦੌਰਾਨ ਜਖਮੀ ਹੋਏ ਆਈ.ਜੀ. ਜਤਿੰਦਰ ਜੈਨ, ਆਈ.ਪੀ.ਐਸ. ਅਧਿਕਾਰੀ ਸੁਖਮਿੰਦਰ ਸਿੰਘ ਮਾਨ ਜੋ ਘਟਨਾ ਸਮੇਂ ਫਰੀਦਕੋਟ ਦੇ ਐਸ.ਐਸ.ਪੀ. ਸਨ, ਐਸ.ਪੀ. ਬਲਜੀਤ ਸਿੰਘ, ਲੁਧਿਆਣਾ ਦੇ ਡੀ.ਐਸ.ਪੀ. ਮਨਿੰਦਰ ਸਿੰਘ ਬੇਦੀ ਅਤੇ ਪੰਥਕ ਆਗੂ ਗੁਰਦੀਪ ਸਿੰਘ ਬਠਿੰਡਾ ਜਾਂਚ ਟੀਮ ਸਾਹਮਣੇ ਪੇਸ਼ ਹੋਏ। ਜਾਂਚ ਟੀਮ ਨੇ ਕੁੱਲ 42 ਵਿਅਕਤੀਆਂ ਨੂੰ ਪੁੱਛਗਿੱਛ ਲਈ ਸੱਦਿਆ ਸੀ। ਜਾਂਚ ਟੀਮ ਨੇ ਨਿੱਜੀ ਅਤੇ ਸਰਕਾਰੀ ਹਸਪਤਾਲਾਂ ਦੇ ਕੁਝ ਡਾਕਟਰਾਂ ਨੂੰ ਵੀ ਪੜਤਾਲ ਵਿਚ ਸ਼ਾਮਲ ਹੋਣ ਲਈ ਬੁਲਾਇਆ ਹੈ ਅਤੇ ਅਗਲੇ ਕੁਝ ਦਿਨਾਂ ਵਿਚ ਉਨ੍ਹਾਂ ਤੋਂ ਵੀ ਪੁੱਛ ਪੜਤਾਲ ਹੋ ਸਕਦੀ ਹੈ। ਇਸੇ ਦਰਮਿਆਨ ਵਿਸ਼ੇਸ਼ ਜਾਂਚ ਟੀਮ ਨੇ ਆਮ ਲੋਕਾਂ ਨੂੰ ਹੈਲਪ ਲਾਈਨ ਨੰਬਰ 98759-83237 ਜਾਰੀ ਕਰਕੇ ਅਪੀਲ ਕੀਤੀ ਹੈ ਕਿ ਕੋਟਕਪੂਰਾ ਗੋਲੀ ਕਾਂਡ ਬਾਰੇ ਕੋਈ ਵੀ ਸੂਚਨਾ ਇਸ ਨੰਬਰ 'ਤੇ ਵੱਟਸਐਪ ਰਾਹੀਂ ਭੇਜ ਸਕਦੇ ਹਨ। ਸੂਤਰਾਂ ਅਨੁਸਾਰ ਵਿਸ਼ੇਸ਼ ਜਾਂਚ ਟੀਮ ਪੜਤਾਲ ਦੌਰਾਨ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਸਮੇਤ ਇਕ ਦਰਜਨ ਪੁਲਿਸ ਅਧਿਕਾਰੀਆਂ ਨੂੰ ਪੁੱਛਗਿੱਛ ਲਈ ਕਿਸੇ ਵੀ ਸਮੇਂ ਬੁਲਾ ਸਕਦੀ ਹੈ।

# ਨਹਾਉਣ ਗਏ ਨਾਬਾਲਗ ਦਰਿਆ 'ਚ ਡੁੱਬੇ

**ਬਲਾਚੌਰ:** ਸਤਲੁਜ ਦਰਿਆ ਵਿਚ ਨਹਾਉਣ ਗਏ ਬਲਾਚੌਰ ਸ਼ਹਿਰ ਦੇ ਚਾਰ ਨਾਬਾਲਗ ਲੜਕੇ ਤੇਜ਼ ਵਹਾਅ ਵਾਲੇ ਡੂੰਘੇ ਪਾਣੀ ਵਿਚ ਡੁੱਬ ਗਏ। ਪੁਲਿਸ ਨੇ ਗੋਤਾਖੋਰਾਂ ਦੀ ਮਦਦ ਨਾਲ ਉਨ੍ਹਾਂ ਦੀਆਂ ਲਾਸ਼ਾਂ ਨੂੰ ਲੱਭਿਆ। ਜਾਣਕਾਰੀ ਅਨੁਸਾਰ, ਵਾਰਡ ਨੰਬਰ 5 ਬਲਾਚੌਰ ਦੇ ਤਿੰਨ ਲੜਕੇ ਸੰਦੀਪ ਕੁਮਾਰ (16) ਪੁੱਤਰ ਸੁਭਾਸ਼ ਚੰਦਰ, ਨੋਨੀ (17) ਪੁੱਤਰ ਬਿੱਟੂ, ਰੈਪੀ (17) ਪੁੱਤਰ ਅਮਰਜੀਤ ਸਿੰਘ ਅਤੇ ਵਾਰਡ ਨੰਬਰ 7 ਦਾ ਨਿਤਿਨ ਕੁਮਾਰ (15) ਪੁੱਤਰ ਸੁਖਦੇਵ ਸ਼ਾਮ ਲਗਭਗ ਸਾਢੇ ਚਾਰ ਵਜੇ ਸਤਲੁਜ ਦਰਿਆ ਵਿਚ ਨਹਾਉਣ ਗਏ ਸਨ। ਪੁਲਿਸ ਨੂੰ ਪਹਿਲਾਂ ਤਿੰਨ ਲੜਕਿਆਂ ਦੇ ਡੁੱਬਣ ਬਾਰੇ ਜਾਣਕਾਰੀ ਮਿਲੀ ਸੀ। ਬਾਅਦ ਵਿਚ ਉਨ੍ਹਾਂ ਦੇ ਦੋਸਤਾਂ ਨੇ ਪੁਲਿਸ ਨੂੰ ਦੱਸਿਆ ਕਿ ਵਾਰਡ ਨੰਬਰ 7 ਦਾ ਨਿਤਿਨ ਕੁਮਾਰ ਵੀ ਡੁੱਬ ਗਿਆ ਹੈ। ਪੁਲਿਸ ਨੇ ਔਲੀਆਪੁਰ ਬੰਨ੍ਹ ਨੇੜੇ ਸਤਲੁਜ ਦਰਿਆ ਵਿਚੋਂ ਚਾਰਾਂ ਲੜਕਿਆਂ ਦੀਆਂ ਲਾਸ਼ਾਂ ਲੱਭ ਲਈਆਂ ਹਨ।

# ਬੀੜੀਆਂ ਦੇ ਬੰਡਲ 'ਤੇ ਗੁਰੂ ਦੀ ਤਸਵੀਰ ਲਾਉਣ ਦਾ ਵਿਰੋਧ

**ਅੰਮ੍ਰਿਤਸਰ:** ਤਾਮਿਲਨਾਡੂ ਦੇ ਵੈਲੋਰ ਦੀ ਇਕ ਬੀੜੀ ਫੈਕਟਰੀ ਵੱਲੋਂ ਬੀੜੀਆਂ ਦੇ ਬੰਡਲ ਉਤੇ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਲਗਾਉਣ ਦਾ ਸ਼੍ਰੋਮਣੀ ਕਮੇਟੀ ਨੇ ਸਖਤ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਤੁਰਤ ਕਾਰਵਾਈ ਕਰਦਿਆਂ ਸਬੰਧਤ ਫੈਕਟਰੀ ਨੂੰ ਪੱਤਰ ਲਿਖ ਕੇ ਤਸਵੀਰ ਹਟਾਉਣ ਅਤੇ ਮੁਆਫੀ ਮੰਗਣ ਲਈ ਕਿਹਾ ਹੈ।

ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਇਕ ਵੀਡੀਓ ਵਿਚ ਗੁਰੂਤਾਜ ਨਾਂ ਦੇ ਬੀੜੀਆਂ ਦੇ ਬੰਡਲ 'ਤੇ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਲਗਾਈ ਗਈ ਹੈ। ਇਹ ਫੈਕਟਰੀ ਤਾਮਿਲਨਾਡੂ ਦੇ ਵੈਲੋਰ ਨਾਲ ਸਬੰਧਤ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਬੀੜੀ ਫੈਕਟਰੀ ਵੱਲੋਂ ਕੀਤੀ ਗਈ ਇਸ ਹਰਕਤ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਸਿੱਖ ਭਾਵਨਾਵਾਂ ਵਿਰੁੱਧ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਹ ਬੇਹੱਦ ਦੁਖਦਾਈ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਨੂੰ ਵਰਜਿਤ ਤੰਬਾਕੂ (ਬੀੜੀ) ਦੇ ਪੈਕਟ 'ਤੇ ਵਰਤਿਆ ਗਿਆ ਹੈ ਅਤੇ ਇਹ ਕਿਸੇ ਸ਼ਰਾਰਤੀ ਦਿਮਾਗ ਦੀ ਸੋਚੀ-ਸਮਝੀ ਚਾਲ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਅਜਿਹੀਆਂ ਕਾਰਵਾਈਆਂ ਕਰਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਜਾਣ-ਬੁੱਝ ਕੇ ਠੇਸ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੀੜੀ ਦੇ ਬੰਡਲ 'ਤੇ ਤਸਵੀਰ ਲਗਾਉਣ ਵਾਲਿਆਂ ਤੋਂ ਸਖਤੀ ਨਾਲ ਪੁੱਛਗਿੱਛ ਹੋਣੀ ਚਾਹੀਦੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿਚ ਸਖਤੀ ਨਾਲ ਕਾਰਵਾਈ ਕਰੇਗੀ ਅਤੇ ਜੇਕਰ ਫੈਕਟਰੀ ਮਾਲਕਾਂ ਨੇ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਨੂੰ ਹਟਾ ਕੇ ਮੁਆਫੀ ਨਾ ਮੰਗੀ ਤਾਂ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

### ਸਰਹਿੰਦ ਨਹਿਰ ਕੰਢਿਓਂ ਪਵਿੱਤਰ ਦਸਤਾਵੇਜ਼ ਮਿਲੇ

**ਬਠਿੰਡਾ:** ਇਥੇ ਨੈਸ਼ਨਲ ਕਲੋਨੀ ਨੇੜੇ ਸਰਹਿੰਦ ਨਹਿਰ ਦੇ ਕੰਢੇ ਕੂੜੇ ਦੇ ਢੇਰ ਵਿਚੋਂ ਗੁਟਕਾ ਸਾਹਿਬ, ਗੁਰੂ ਸਾਹਿਬਾਨ ਦੀ ਤਸਵੀਰ ਅਤੇ ਹਨੂੰਮਾਨ ਚਾਲੀਸਾ ਮਿਲੇ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਨੈਸ਼ਨਲ ਕਲੋਨੀ ਵਾਸੀ ਮਹਿੰਦਰ ਸਿੰਘ ਖਾਲਸਾ ਨਹਿਰ ਕਿਨਾਰੇ ਸੁਵਖਤੇ ਸੈਰ ਕਰਨ ਨਿਕਲੇ ਸਨ। ਇਸ ਦੌਰਾਨ ਉਨ੍ਹਾਂ ਦੀ ਨਜ਼ਰ ਕੂੜੇ ਦੇ ਢੇਰ ਵਿਚ ਪਏ ਇਨ੍ਹਾਂ ਪਵਿੱਤਰ ਗ੍ਰੰਥਾਂ 'ਤੇ ਪਈ। ਇਥੋਂ ਹੀ ਇਕ ਨੌਜਵਾਨ ਦੀ ਤਸਵੀਰ ਵੀ ਮਿਲੀ ਦੱਸੀ ਗਈ ਹੈ। ਐਸ.ਐਸ.ਪੀ. ਬਠਿੰਡਾ ਭੁਪਿੰਦਰਜੀਤ ਸਿੰਘ ਵਿਰਕ ਪਤਾ ਲੱਗਦਿਆਂ ਹੀ ਇਥੇ ਪਹੁੰਚੇ ਅਤੇ ਉਨ੍ਹਾਂ ਨੇ ਪੜਤਾਲ ਸ਼ੁਰੂ ਕਰ ਦਿੱਤੀ। ਇਨ੍ਹਾਂ ਸਾਰੇ ਪਵਿੱਤਰ ਦਸਤਾਵੇਜ਼ਾਂ ਨੂੰ ਮਹਿੰਦਰ ਸਿੰਘ ਖਾਲਸਾ ਨੇ ਨੈਸ਼ਨਲ ਕਲੋਨੀ ਸਥਿਤ ਗੁਰੂ ਘਰ ਵਿਚ ਪਹੁੰਚਾਇਆ। ਥਾਣਾ ਥਰਮਲ ਦੇ ਐਸ.ਐਚ.ਓ. ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਪੁਲਿਸ ਨੇ ਅਣਪਛਾਤੇ ਖਿਲਾਫ ਕੇਸ ਦਰਜ ਕਰ ਲਿਆ ਹੈ।

# ਸੁਖਬੀਰ ਦੀ ਜਥੇਦਾਰ ਨਾਲ ਮੀਟਿੰਗ ਨੇ ਛੇੜੀ ਚਰਚਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਾਲੇ ਇਥੇ ਬੰਦ ਕਮਰਾ ਮੀਟਿੰਗ ਹੋਈ ਹੈ। ਇਸ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸੂਬਾ ਸਰਕਾਰ ਸਾਰੇ ਧਰਮ ਅਸਥਾਨਾਂ ਦੇ ਅਹਾਤਿਆਂ ਵਿਚ ਵੀ ਕਰੋਨਾ ਟੀਕਾਕਰਨ ਦਾ ਪ੍ਰਬੰਧ ਕਰੇ।

ਦੋਵਾਂ ਆਗੂਆਂ ਵਿਚਾਲੇ ਹੋਈ ਗੱਲਬਾਤ ਦੇ ਵੇਰਵੇ ਭਾਵੇਂ ਸਾਹਮਣੇ ਨਹੀਂ ਆਏ ਪਰ ਸਮਝਿਆ ਜਾ ਰਿਹਾ ਹੈ ਕਿ ਮੁੜ ਸੱਤਾ ਪ੍ਰਾਪਤੀ ਲਈ ਯਤਨਸ਼ੀਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਮੌਜੂਦਾ ਹਾਲਾਤ ਬਾਰੇ ਹੀ ਚਰਚਾ ਕੀਤੀ ਗਈ ਹੈ। ਸ੍ਰੀ ਬਾਦਲ ਲਗਭਗ ਇਕ ਘੰਟਾ ਇਥੇ ਜਥੇਦਾਰ ਨਾਲ ਬੈਠੇ ਰਹੇ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਗੈਰ-ਰਸਮੀ ਮੁਲਾਕਾਤ ਸੀ। ਉਹ ਇਥੇ ਪਰਿਵਾਰ ਵੱਲੋਂ ਰਖਵਾਏ ਅਖੰਡ ਪਾਠ ਦੇ ਭੋਗ ਵਿਚ ਸ਼ਾਮਲ ਹੋਣ ਲਈ ਆਏ ਸਨ। ਇਸ ਦੌਰਾਨ ਸ੍ਰੀ ਬਾਦਲ ਨੂੰ ਜਦੋਂ ਉਨ੍ਹਾਂ ਦੇ ਇਥੇ ਹੋਣ ਬਾਰੇ ਪਤਾ ਲਗਾ ਤਾਂ ਉਹ ਮਿਲਣ ਲਈ ਆ ਗਏ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਪਹਿਲਾਂ ਵੀ ਕਈ ਵਾਰ ਤਖਤ ਦਮਦਮਾ ਸਾਹਿਬ 'ਤੇ ਮੱਥਾ ਟੇਕਣ ਸਮੇਂ ਮਿਲ ਚੁੱਕੇ ਹਨ। ਇਸ ਦੌਰਾਨ ਜਥੇਦਾਰ ਦੇ ਇਥੇ ਹੋਣ ਦੇ ਬਾਵਜੂਦ ਟੀਕਾਕਰਨ ਕੈਂਪ ਸਮੇਂ ਉਨ੍ਹਾਂ ਦੀ ਗੈਰਹਾਜ਼ਰੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਿੱਖ ਸੰਗਤ ਵੱਲੋਂ ਸਰਕਾਰ ਖਿਲਾਫ ਸ਼ਿਕਾਇਤ ਕੀਤੀ ਜਾ ਰਹੀ ਹੈ ਕਿ ਸਰਕਾਰ ਨੇ ਮੁਫਤ ਟੀਕਾਕਰਨ ਕੈਂਪ ਡੇਰਾ ਬਿਆਸ ਦੇ ਵਿਹੜੇ ਵਿਚ ਲਾਇਆ ਹੈ ਪਰ ਉਹ ਬਤੌਰ ਸਿੱਖ ਡੇਰੇ ਵਿਚ ਨਹੀਂ ਜਾ ਸਕਦੇ। ਇਸ ਲਈ ਸਰਕਾਰ ਇਸ ਤਰ੍ਹਾਂ ਦੇ ਮੁਫਤ ਟੀਕਾਕਰਨ ਕੈਂਪ ਬਾਕੀ ਧਰਮ ਅਸਥਾਨਾਂ ਦੇ ਅਹਾਤੇ ਵਿਚ ਵੀ ਲਾਉਣ ਦਾ ਪ੍ਰਬੰਧ ਕਰੇ।

ਉਨ੍ਹਾਂ ਕਿਹਾ ਕਿ ਸਮੂਹ ਸਿੱਖ ਸੰਗਤ ਜੂਨ 1984 ਸਾਕਾ ਨੀਲਾ ਤਾਰਾ ਦੀ ਬਰਸੀ ਸ਼ਾਂਤਮਈ ਢੰਗ ਨਾਲ ਮਨਾਵੇ। ਕਰੋਨਾ ਰੋਕਾਂ ਕਾਰਨ ਸੰਗਤ ਘਰਾਂ 'ਚ ਰਹਿ ਕੇ ਸ਼ਹੀਦਾਂ ਦੀ ਯਾਦ 'ਚ ਅਰਦਾਸ ਕਰੇ। ਇਸ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਸਾਂਝੇ ਬਿਆਨ ਰਾਹੀਂ ਯੂਪੀ ਦੇ ਲਖੀਮਪੁਰ ਖੀਰੀ 'ਚ ਬਜ਼ੁਰਗ ਸਿੱਖ ਦੀ ਕੁੱਟਮਾਰ ਦੀ ਘਟਨਾ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਰਾਜਸਥਾਨ ਵਿਚ ਸਿੱਖ ਨੌਜਵਾਨ ਦੀ ਕੁੱਟਮਾਰ ਕੀਤੀ ਗਈ ਸੀ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਘਟਨਾਵਾਂ ਦੀ ਜਾਂਚ ਕਰਵਾਉਣ ਦਾ ਹੁਕਮ ਦਿੱਤਾ।

# ਜਗਰਾਉਂ ਗੋਲੀ ਕਾਂਡ: ਗੈਂਗਸਟਰ ਜੈਪਾਲ ਦੇ ਦੋ ਸਾਥੀ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਖੁਲਾਸਾ ਕੀਤਾ ਹੈ ਕਿ ਪੰਜਾਬ ਪੁਲਿਸ ਨੇ 15 ਮਈ ਨੂੰ ਜਗਰਾਉਂ ਦੀ ਅਨਾਜ ਮੰਡੀ ਵਿਚ ਸੀ.ਆਈ.ਏ. ਦੇ ਸਹਾਇਕ ਸਬ ਇੰਸਪੈਕਟਰਾਂ ਭਗਵਾਨ ਸਿੰਘ ਅਤੇ ਦਲਵਿੰਦਰਜੀਤ ਸਿੰਘ ਦੀਆਂ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿਚ ਦੋ ਮੁੱਖ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਸ਼ੱਕੀ ਵਿਅਕਤੀਆਂ ਬਲਜਿੰਦਰ ਸਿੰਘ ਉਰਫ ਬੱਬੀ ਜੋ ਕਿ ਪਿੰਡ ਮਾਹਲਾ ਖੁਰਦ, ਮੋਗਾ ਦਾ ਵਸਨੀਕ ਹੈ ਅਤੇ ਦਰਸ਼ਨ ਸਿੰਘ ਜੋ ਕਿ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਹੌਲੀ ਦਾ ਵਸਨੀਕ ਹੈ, ਦੇ ਸਿਰ 'ਤੇ ਦੋ-ਦੋ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਇਹ ਦੋਵੇਂ ਗੈਂਗਸਟਰ ਅਤੇ ਨਸ਼ਾ ਤਸਕਰ ਜੈਪਾਲ ਭੁੱਲਰ ਦੇ ਸਾਥੀ ਹਨ। ਇਨ੍ਹਾਂ ਮੁਲਜ਼ਮਾਂ ਨੂੰ ਗਵਾਲੀਅਰ (ਮੱਧ ਪ੍ਰਦੇਸ਼) ਦੇ ਡਾਬਰਾ ਤੋਂ ਕਾਬੂ ਕੀਤਾ ਗਿਆ। ਉਨ੍ਹਾਂ ਦਾ ਇਕ ਹੋਰ ਸਾਥੀ ਹਰਚਰਨ ਸਿੰਘ ਜਿਸ ਨੇ ਉਨ੍ਹਾਂ ਨੂੰ ਕਥਿਤ ਤੌਰ 'ਤੇ ਪਨਾਹ ਦਿੱਤੀ ਸੀ, ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ।

ਡੀ.ਜੀ.ਪੀ. ਨੇ ਦੱਸਿਆ ਕਿ ਪੜਤਾਲ ਦੌਰਾਨ ਖੁਫੀਆ ਜਾਣਕਾਰੀ ਮਿਲੀ ਸੀ ਕਿ ਸ਼ੱਕੀ ਵਿਅਕਤੀ ਮੱਧ ਪ੍ਰਦੇਸ ਦੇ ਗਵਾਲੀਅਰ ਅਤੇ ਆਸ-ਪਾਸ ਦੇ ਇਲਾਕੇ ਵਿਚ ਛੁਪੇ ਹੋ ਸਕਦੇ ਹਨ। ਇੰਸਪੈਕਟਰ ਪੁਸਪਿੰਦਰ ਸਿੰਘ ਦੀ ਅਗਵਾਈ ਹੇਠ ਬਣਾਈ ਗਈ ਅਪਰਾਧ ਰੋਕੂ ਇਕਾਈ (ਓ.ਸੀ.ਸੀ.ਯੂ.) ਦੀ ਇਕ ਟੀਮ ਨੂੰ ਅਗਲੇਰੀ ਜਾਂਚ ਲਈ ਤੁਰਤ ਮੱਧ ਪ੍ਰਦੇਸ਼ ਭੇਜਿਆ ਗਿਆ।

ਕੁਝ ਦਿਨਾਂ ਦੀ ਮੁਸ਼ੱਕਤ ਤੋਂ ਬਾਅਦ ਓ.ਸੀ.ਸੀ.ਯੂ. ਦੀ ਟੀਮ ਸ਼ੱਕੀ ਵਿਅਕਤੀਆਂ ਦਾ ਪਤਾ ਲਗਾਉਣ ਵਿਚ ਸਫਲ ਰਹੀ ਅਤੇ ਉਨ੍ਹਾਂ ਨੂੰ ਗਵਾਲੀਅਰ ਨੇੜੇ ਡਾਬਰਾ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਤੋਂ ਗ੍ਰਿਫਤਾਰ ਕਰ ਲਿਆ ਗਿਆ।

# ਪੰਜਾਬ ਦਾ ਪਿੜ ਅਤੇ ਚੋਣਾਂ

ਜਗਰੂਪ ਸਿੰਘ ਸੇਖੋਂ
ਫੋਨ: +91-94170-75563

ਪੰਜਾਬ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾਂ ਹੁਣ ਤੱਕ ਹੋਈਆਂ ਚੋਣਾਂ ਦੇ ਮੁਕਾਬਲੇ ਕੁਝ ਜ਼ਿਆਦਾ ਹੀ ਦਿਲਚਸਪ ਲੱਗ ਰਹੀਆਂ ਹਨ। ਇਸ ਦੇ ਕਈ ਕਾਰਨ ਹਨ। ਜਿਵੇਂ ਆਉਣ ਵਾਲੀਆਂ ਚੋਣਾਂ ਵਿਚ ਪੰਜਾਬ ਦੀਆਂ ਸਾਰੀਆਂ ਵੱਡੀਆਂ ਸਿਆਸੀ ਧਿਰਾਂ ਭਾਵ ਕਾਂਗਰਸ, ਅਕਾਲੀ, ਆਪ, ਬੀ.ਜੇ.ਪੀ. ਤੇ ਹੋਰਾਂ ਵੱਲੋਂ ਮੌਜੂਦਾ ਕਿਸਾਨੀ ਸੰਘਰਸ਼ ਅਤੇ ਕਰੋਨਾ (ਕੋਵਿਡ-19) ਦੀ ਮਹਾਮਾਰੀ ਵਿਚ ਉਨ੍ਹਾਂ ਦੁਆਰਾ ਪਾਏ ਯੋਗਦਾਨ ਦੀ ਪਰਖ ਦੀ ਘੜੀ ਹੈ। ਪੰਜਾਬ ਦੀਆਂ ਇਹ ਸਾਰੀਆਂ ਧਿਰਾਂ ਤੇ ਕੁਝ ਹੋਰ ਨਵੇਂ ਉਭਰਦੇ ਦਲ ਇਕ ਦੂਜੇ ਉੱਤੇ ਚਿੱਕੜ ਸੁੱਟ ਕੇ ਇਨ੍ਹਾਂ ਚੋਣਾਂ ਵਿਚ ਰਾਜਸੀ ਲਾਹਾ ਲੈਣ ਦੀ ਪੂਰੀ ਕੋਸ਼ਿਸ਼ ਤੇ ਜੋੜ-ਤੋੜ ਵੀ ਕਰਨਗੀਆਂ ਪਰ ਹੁਣੇ ਹੋਈਆਂ ਚਾਰ ਰਾਜਾਂ ਤੇ ਇਕ ਕੇਂਦਰੀ ਸ਼ਾਸਿਤ ਪ੍ਰਦੇਸ਼ ਦੀਆਂ ਚੋਣਾਂ ਨੇ ਸਿੱਧ ਕੀਤਾ ਹੈ ਕਿ ਵਿਰੋਧੀਆਂ ਤੇ ਚਿੱਕੜ ਸੁੱਟਣਾ, ਲੋਕ ਲੁਭਾਊ ਤੇ ਝੂਠੇ ਲਾਰੇ ਲਾਉਣਾ, ਪਾਰਟੀ ਦਾ ਕਮਜ਼ੋਰ ਜਥੇਬੰਦਕ ਢਾਂਚਾ, ਤਾਕਤ ਨਾਲ ਸੱਤਾ ਹਾਸਿਲ ਕਰਨ ਦੇ ਯਤਨ ਆਦਿ ਦੇ ਦਿਨ ਚਲੇ ਗਏ ਹਨ। ਆਮ ਲੋਕਾਂ ਦਾ ਲਗਾਤਾਰ ਸੰਕਟ ਦਾ ਸਾਹਮਣਾ ਕਰਨ ਅਤੇ ਮੌਜੂਦਾ ਹਾਕਮਾਂ ਦੇ ਲੋਕਾਂ ਦੀਆਂ ਸਮੱਸਿਆ ਪ੍ਰਤੀ ਅਸੰਵੇਦਨਸ਼ੀਲ ਰਵੱਈਏ ਤੇ ਕਿਰਦਾਰ ਨੇ ਲੋਕਾਂ ਦੇ ਮਨਾਂ ਵਿਚ ਸਿਆਸੀ ਜਮਾਤਾਂ ਲਈ ਬਹੁਤ ਨਫਰਤ ਭਰ ਦਿੱਤੀ ਹੈ। ਦੂਜੇ ਪਾਸੇ ਇਹ ਤਰਾਸਦੀ ਆਮ ਲੋਕਾਂ ਲਈ ਬਹੁਤ ਵੱਡਾ ਸਿਆਸੀ ਸਮਾਜੀਕਰਨ ਦਾ ਸਾਧਨ ਵੀ ਬਣ ਗਿਆ ਹੈ। ਇਸ ਕੰਮ ਵਿਚ ਬਹੁਤ ਵੱਡਾ ਯੋਗਦਾਨ ਚੱਲ ਰਹੇ ਕਿਸਾਨੀ ਅੰਦੋਲਨ, ਸਰਕਾਰਾਂ ਦੇ ਜ਼ੁਲਮ ਖਿਲਾਫ ਉੱਠ ਰਹੀਆਂ ਆਵਾਜ਼ਾਂ ਤੇ ਕਰੋਨਾ ਦੀ ਮਹਾਮਾਰੀ ਵਿਚ ਸਰਕਾਰਾਂ ਦਾ ਜ਼ਰਾਇਮ ਪੇਸ਼ਾ ਵਰਤਾਰਾ ਲੋਕਾਂ ਵਿਚ ਨਵੀਂ ਚੇਤਨਾ ਪੈਦਾ ਕਰਨ ਲਈ ਸਹਾਈ ਹੋ ਰਹੇ ਹਨ।

ਪਿਛਲੇ ਸਾਲ ਇਕ ਲੇਖ 'ਚ ਮੈਂ ਪੰਜਾਬ ਦੀ ਕਾਂਗਰਸ ਸਰਕਾਰ ਦੇ ਅਗਲੇ ਪੈਂਡੇ ਔਖੇ ਹੋਣ ਦੀ ਗੱਲ ਕਹੀ ਸੀ, ਉਸ ਸਮੇਂ ਕੁਝ ਸਿਆਸਤਦਾਨਾਂ ਦੁਆਰਾ ਉਠਾਏ ਮੁੱਦਿਆਂ ਦੀ ਗੱਲ ਕੀਤੀ ਸੀ। ਸਾਲ ਬਾਅਦ ਸਰਕਾਰ ਦੀ ਹਾਲਤ ਪਤਲੀ ਹੋਈ ਹੈ ਤੇ ਪਿਛਲੇ ਸਾਲ ਉਠੇ ਮੁੱਦਿਆਂ ਨੇ ਕਾਫੀ ਗੰਭੀਰ ਸਿਆਸੀ ਸਮੱਸਿਆ ਪੈਦਾ ਕਰ ਦਿੱਤੀ ਹੈ। ਮੌਜੂਦਾ ਸਰਕਾਰ ਦੇ ਚਾਰ ਸਾਲ ਦੇ ਸਮੇਂ ਵਿਚ ਭਾਵੇਂ ਪਹਿਲਾਂ ਰਹੀ ਅਕਾਲੀ-ਬੀ.ਜੇ.ਪੀ. (2007 ਤੋਂ 2017) ਸਰਕਾਰ ਨਾਲੋਂ ਕਈ ਪੱਖਾਂ ਵਿਚ ਚੰਗੀ ਕਾਰਗੁਜ਼ਾਰੀ ਦਾ ਵਿਖਾਵਾ ਕੀਤਾ ਹੈ ਜਿਸ ਵਿਚ ਖਾਸ ਕਰ ਕੇ ਵਿੱਤੀ ਨਿਜ਼ਾਮ ਦੇ ਬੰਦੋਬਸਤ ਵਿਚ ਸੁਧਾਰ ਹੋਣ ਦੀ ਪਹਿਲ ਹੋਈ ਹੈ ਪਰ ਇਸ ਦੇ ਨਾਲ ਹੀ ਪਿੰਡ, ਤਹਿਸੀਲ, ਪੁਲਿਸ ਸਟੇਸ਼ਨ ਤੇ ਜ਼ਿਲ੍ਹੇ ਪੱਧਰ ਤੇ ਲੋਕਾਂ ਦਾ ਵਾਹ ਪੈਣ ਵਾਲੀਆਂ ਸੰਸਥਾਵਾਂ ਦੇ ਕੰਮਕਾਜ ਵਿਚ ਕੋਈ ਫਰਕ ਨਹੀਂ ਪਿਆ, ਭਾਵ ਭ੍ਰਿਸ਼ਟਾਚਾਰ ਤੇ ਧੱਕੇਸ਼ਾਹੀ ਉਸੇ ਤਰ੍ਹਾਂ ਹੀ ਹੈ। ਅਜੇ ਤੱਕ ਵੀ ਸ਼ਰਾਬ, ਨਸ਼ਾ, ਰੇਤ ਤੇ ਖਣਨ ਮਾਫੀਆ ਸਰਕਾਰੀ ਤੰਤਰ ਦੀ ਸਹਿਮਤੀ ਤੇ ਚਲ ਰਹੇ ਹਨ, ਭਾਵੇਂ ਕਾਗਜ਼ਾਂ ਵਿਚ ਇਸ ਬਾਰੇ ਕੁਝ ਚੰਗੇ ਤੱਥ ਮਿਲਦੇ ਹਨ। ਪਿਛਲੇ ਸਮੇਂ ਵਿਚ ਨਕਲੀ ਸ਼ਰਾਬ ਨਾਲ ਹੋਈਆਂ ਵੱਡੀ ਗਿਣਤੀ ਵਿਚ ਮੌਤਾਂ ਇਸ ਗੱਲ ਦਾ ਸਬੂਤ ਹਨ।

ਫਰਵਰੀ 2022 ਵਿਚ ਹੋਣ ਵਾਲੀਆਂ ਚੋਣਾਂ ਵਿਚ ਮੌਜੂਦਾ ਕੈਪਟਨ ਸਰਕਾਰ ਨੂੰ ਕਾਂਗਰਸ ਦੀਆਂ ਹੁਣੇ ਹੋਈਆਂ ਚਾਰ ਰਾਜਾਂ ਤੇ ਇਕ ਕੇਂਦਰੀ ਪ੍ਰਦੇਸ਼ ਵਿਚ ਹਾਰ, ਬੇਹੱਦ ਕਮਜ਼ੋਰ ਕੇਂਦਰੀ ਲੀਡਰਸ਼ਿਪ, ਪੰਜਾਬ ਦੀ ਕਾਂਗਰਸ ਪਾਰਟੀ ਤੇ ਸਰਕਾਰ ਵਿਚ ਅੱਤ ਦਰਜੇ ਦੀ ਧੜੇਬੰਦੀ, ਮੁੱਖ ਮੰਤਰੀ ਦੀ ਕਾਰਜਸ਼ੈਲੀ, ਤਾਕਤ ਦਾ ਕੇਂਦਰੀਕਰਨ, ਸਰਕਾਰ ਦੁਆਰਾ ਕੀਤੇ ਹੋਏ ਕੁਝ ਚੰਗੇ ਕੰਮਾਂ ਦਾ ਲੋਕਾਂ ਵਿਚ ਹੇਠਲੇ ਪੱਧਰ ਤੇ ਪਹੁੰਚਾਉਣ ਵਿਚ ਅਸਮਰਥਾ, ਪਿਛਲੀਆਂ ਚੋਣਾਂ ਵਿਚ ਧਾਰਮਿਕ ਮੁੱਦਿਆਂ ਨੂੰ ਚੁੱਕ ਕੇ ਤੇ ਧਾਰਮਿਕ ਗ੍ਰੰਥਾਂ ਦੀ ਸਹੁੰ ਖਾ ਕੇ ਕੀਤੇ ਵਾਅਦੇ ਤੇ ਬਾਅਦ ਵਿਚ ਉਸ ਤੇ ਪੂਰੇ ਨਾ ਉੱਤਰਨ ਲਈ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਸਮੇਂ ਭਾਵੇਂ ਕਾਂਗਰਸ ਦੇ ਸਾਹਮਣੇ ਕੋਈ ਵੱਡੀ ਸਿਆਸੀ ਚੁਣੌਤੀ ਦੀ ਅਣਹੋਂਦ ਦਿਸਦੀ ਹੈ ਕਿਉਂਕਿ ਵੱਡੀਆਂ ਧਿਰਾਂ ਖਾਸ ਕਰ ਕੇ ਅਕਾਲੀ ਦਲ ਪਹਿਲਾਂ ਨਾਲੋਂ ਵੀ ਵੱਡੇ ਸੰਕਟ ਵਿਚ ਗੁਜ਼ਰ ਰਿਹਾ ਹੈ। ਇਸ ਦੀ ਹਾਲਤ ਪਹਿਲਾਂ ਨਾਲੋਂ ਵੀ ਮਾੜੀ ਹੋ ਗਈ ਹੈ। ਪਹਿਲਾਂ ਕਿਸਾਨੀ ਬਿੱਲਾਂ ਦੀ ਖੁੱਲ੍ਹ ਕੇ ਹਮਾਇਤ ਕਰਨੀ, ਲੰਮਾ ਸਮਾਂ ਸੱਤਾ ਦਾ ਸੁੱਖ ਭੋਗਣਾ ਤੇ ਫਿਰ ਲੋਕਾਂ ਦੇ ਭਾਰੀ ਦਬਾਅ ਥੱਲੇ ਆ ਕੇ ਬੀ.ਜੇ.ਪੀ. ਨਾਲੋਂ ਵੱਖਰਾ ਹੋਣਾ ਤੇ ਇਸ ਤੋਂ ਬਾਅਦ ਹੁਣ ਤੱਕ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੀ ਅਸਮੱਰਥਾ ਇਸ ਦੀ ਵੱਡੀ ਕਮਜ਼ੋਰੀ ਹੈ। ਆਮ ਆਦਮੀ ਪਾਰਟੀ ਭਾਵੇਂ ਇਸ ਸਮੇਂ ਲੋਕਾਂ ਦੀ ਸੋਚ ਵਿਚ ਜਗ੍ਹਾ ਪਸਾਰ ਰਹੀ ਹੈ ਪਰ ਇਸ ਦੀ ਸਭ ਤੋਂ ਵੱਡੀ ਚੁਣੌਤੀ ਤੇ ਕਮਜ਼ੋਰੀ ਇਸ ਦੇ ਜਥੇਬੰਦਕ ਢਾਂਚੇ ਦੀ ਅਣਹੋਂਦ ਅਤੇ ਲੋਕਤੰਤਰੀ ਪਰੰਪਰਾ ਦੀ ਘਾਟ ਹੈ। ਇਹ ਪਾਰਟੀ ਅਜੇ ਵੀ ਦਿੱਲੀ ਦਰਬਾਰ ਦੀ ਕਠਪੁਤਲੀ ਹੈ ਤੇ ਇਸ ਵਿਚ ਸੂਝਵਾਨ ਤੇ ਲੋਕਾਂ ਨਾਲ ਖੜ੍ਹੇ ਹੋਣ ਵਾਲੇ ਵੱਡੇ ਕੱਦ ਦੇ ਆਗੂਆਂ ਦੀ ਬਹੁਤ ਘਾਟ ਹੈ। ਇਹ ਵੀ ਵੱਡੀ ਪੱਧਰ ਤੇ ਧੜੇਬੰਦੀ ਦਾ ਸ਼ਿਕਾਰ ਹੈ। ਇਸ ਦੇ ਨਾਲ ਹੀ ਦੂਸਰੀ ਵੱਡੀ ਪਾਰਟੀ ਬੀ.ਜੇ.ਪੀ. ਦੀ ਹਾਲਤ ਕਿਸਾਨੀ ਸੰਘਰਸ਼ ਨੇ ਬਹੁਤ ਨਿਰਾਸ਼ਾਜਨਕ ਕਰ ਦਿੱਤੀ ਹੈ ਜਿਸ ਦਾ ਅੰਦਾਜ਼ਾ ਪੰਜਾਬ ਵਿਚ ਹੁਣੇ ਹੋਈਆਂ ਸ਼ਹਿਰੀ ਖੇਤਰਾਂ ਦੀਆਂ ਚੋਣਾਂ ਤੇ ਇਸ ਪਾਰਟੀ ਦੇ ਲੀਡਰਾਂ ਦਾ ਲੋਕਾਂ ਵੱਲੋਂ ਲਗਾਤਾਰ ਵਿਰੋਧ ਤੋਂ ਲਗਾਇਆ ਜਾ ਸਕਦਾ ਹੈ। ਹੋਰ



ਸਿਆਸੀ ਧਿਰਾਂ ਜਿਨ੍ਹਾਂ ਵਿਚ ਨਵੇਂ ਬਣੇ ਅਕਾਲੀ ਦਲ ਸ਼ਾਮਿਲ ਹਨ, ਇਨ੍ਹਾਂ ਚੋਣਾਂ ਵਿਚ ਵੱਡੀਆਂ ਪਾਰਟੀਆਂ ਦਾ ਥੋੜ੍ਹਾ ਬਹੁਤ ਕੁਝ ਵਿਗਾੜ ਤਾਂ ਸਕਦੇ ਹਨ ਪਰ ਇਨ੍ਹਾਂ ਵਿਚੋਂ ਅਜੇ ਕਿਸੇ ਕੋਲ ਵੱਡੇ ਪਸਾਰਾਂ ਵਾਲੀ ਸਮਰੱਥਾ ਨਹੀਂ ਹੈ।

ਪੰਜਾਬ ਦੇ ਵਾਸੀ ਜਾਣਦੇ ਹਨ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਸਫਲਤਾ ਦਾ ਮੁੱਖ ਕਾਰਨ ਅਕਾਲੀ-ਬੀ.ਜੇ.ਪੀ. ਦੀ ਦਸ ਸਾਲ ਦੀ ਅਰਾਜਕਤਾ ਸੀ ਜਿਸ ਤੋਂ ਲੋਕ ਬੁਰੀ ਤਰ੍ਹਾਂ ਅੱਕ ਚੁੱਕੇ ਸਨ। ਲੋਕਾਂ ਸਾਹਮਣੇ ਉਸ ਸਮੇਂ ਦੋ ਹੀ ਧਿਰਾਂ ਸਨ ਜਿਨ੍ਹਾਂ ਨੂੰ ਉਹ ਚੁਣ ਸਕਦੇ ਸਨ, ਇਕ ਕਾਂਗਰਸ ਤੇ ਦੂਜੀ ਆਮ ਆਦਮੀ ਪਾਰਟੀ। ਲੋਕਾਂ ਨੇ ਕਾਂਗਰਸ ਤੇ ਆਪਣਾ ਭਰੋਸਾ ਪ੍ਰਗਟ ਕੀਤਾ। ਆਮ ਆਦਮੀ ਪਾਰਟੀ ਚੋਣਾਂ ਤੋਂ ਪਹਿਲਾਂ ਲੋੜ ਤੋਂ ਜ਼ਿਆਦਾ ਹੀ ਆਸਵੰਦ ਦਿਖਾਈ ਦਿੱਤੀ, ਕਿਉਂਕਿ 2014 ਦੀਆਂ ਪਾਰਲੀਮੈਂਟ ਚੋਣਾਂ ਵਿਚ ਪਾਰਟੀ ਬਿਨਾਂ ਕਿਸੇ ਖਾਸ ਯਤਨ ਦੇ ਪੰਜਾਬ ਤੋਂ ਹੀ ਚਾਰ ਸੀਟਾਂ ਜਿੱਤ ਗਈ ਸੀ। ਮਗਰੋਂ ਵਾਪਰੇ ਘਟਨਾਕ੍ਰਮ ਰਾਹੀਂ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਵਿਚੋਂ ਚੁਣੇ ਹੋਏ ਕੁਝ ਹਰਮਨਪਿਆਰੇ ਨੁਮਾਇੰਦਿਆਂ ਨੂੰ ਗੁੱਠੇ ਲਾ ਕੇ 2017 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਲੀਡਰਸ਼ਿਪ ਦਿੱਲੀ ਤੇ ਯੂਪੀ ਤੋਂ ਆਏ ਹੋਏ ਲੀਡਰਾਂ ਨੂੰ ਦੇ ਦਿੱਤੀ। ਇਨ੍ਹਾਂ ਲੀਡਰਾਂ ਦੇ ਉਸ ਸਮੇਂ ਵਿਚ ਨਿਭਾਏ ਕਿਰਦਾਰ ਅਤੇ ਟਿਕਟਾਂ ਦੀ ਵੰਡ ਤੇ ਆਪਹੁਦਰੇਪਣ ਨੇ ਪਾਰਟੀ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਸ਼ੱਕ ਦੇ ਘੇਰੇ ਵਿਚ ਲੈ ਆਂਦਾ। ਇਸ ਕਰ ਕੇ ਕਾਂਗਰਸ ਦੀ ਪਿਛਲੀ ਜਿੱਤ ਵਿਚ ਅਕਾਲੀ ਤੇ ਆਮ ਆਦਮੀ ਪਾਰਟੀ ਵੀ ਕਾਫੀ ਹੱਦ ਤੱਕ ਜ਼ਿੰਮੇਵਾਰ ਹਨ। ਕਾਫੀ ਗਿਣਤੀ ਦੇ ਵੋਟਰ ਵੋਟ ਪਾਉਣ ਵੇਲੇ ਅਖੀਰਲੇ ਸਮੇਂ ਤੱਕ ਪਾਰਟੀ, ਲੀਡਰ, ਪਾਰਟੀ ਦੀਆਂ ਨੀਤੀਆਂ ਆਦਿ ਨੂੰ ਆਪਣੇ ਧਿਆਨ ਵਿਚ ਰੱਖਦੇ ਹਨ।

2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਬਹੁਤ ਥੋੜ੍ਹੇ ਫਰਕ ਨਾਲ ਹਾਰੀ ਸੀ। ਇਸ ਦਾ ਮੁੱਖ ਕਾਰਨ ਕਾਂਗਰਸ ਦੀ ਇਹ ਸੋਚ ਸੀ ਕਿ ਇਸ ਵਾਰੀ ਲੋਕਾਂ ਨੇ ਇਸ ਨੂੰ ਹੀ ਸੱਤਾ ਦੇਣੀ ਹੈ। ਪੰਜਾਬ ਕਾਂਗਰਸ ਦੀ ਅਗਵਾਈ ਕਰ ਰਹੇ ਅਮਰਿੰਦਰ ਸਿੰਘ ਦਾ ਲੋੜ ਤੋਂ ਜ਼ਿਆਦਾ ਆਤਮਵਿਸ਼ਵਾਸ, ਸਥਾਨਕ ਨੇਤਾਵਾਂ ਦਾ ਆਪਹੁਦਰਾਪਣ, ਵੱਡੀ ਗਿਣਤੀ ਵਿਚ ਬਾਗੀ ਉਮੀਦਵਾਰਾਂ ਦਾ ਖੜ੍ਹਾ ਹੋਣਾ ਇਨ੍ਹਾਂ ਚੋਣਾਂ ਵਿਚ ਪਾਰਟੀ ਨੂੰ ਬਹੁਤ ਮਹਿੰਗਾ ਪਿਆ ਸੀ ਜਿਸ ਦਾ ਖਮਿਆਜ਼ਾ ਨਾ ਸਿਰਫ ਕਾਂਗਰਸ ਬਲਕਿ ਪੰਜਾਬ ਦੇ ਲੋਕਾਂ ਨੂੰ ਵੀ ਭੁਗਤਣਾ ਪਿਆ।

ਹੁਣ ਅਸੀਂ 2017 ਦੀਆਂ ਚੋਣਾਂ ਦੀ ਗੱਲ ਕਰਦੇ ਹਾਂ। ਇਨ੍ਹਾਂ ਚੋਣਾਂ ਤੋਂ ਪਹਿਲੋਂ ਸਾਰੀਆਂ ਵੱਡੀਆਂ ਰਾਜਸੀ ਪਾਰਟੀਆਂ ਨੇ ਧਾਰਮਿਕ ਮੁੱਦਿਆਂ ਨੂੰ ਬਹੁਤ ਜ਼ੋਰ ਸ਼ੋਰ ਨਾਲ ਉਠਾਇਆ ਸੀ ਤੇ ਅਮਰਿੰਦਰ ਸਿੰਘ ਨੇ ਵੀ ਉਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦਾ ਵਾਅਦਾ ਕੀਤਾ ਸੀ। ਚੋਣਾਂ ਤੋਂ ਬਾਅਦ ਕੀਤੇ ਸਰਵੇ ਦੇ ਅੰਕੜੇ ਦੱਸਦੇ ਹਨ ਕਿ ਧਾਰਮਿਕ ਮੁੱਦੇ ਕਦੇ ਵੀ ਲੋਕਾਂ ਦੇ ਵੋਟ ਪਾਉਣ ਦੇ ਫੈਸਲੇ ਤੇ ਜ਼ਿਆਦਾ ਅਸਰ ਨਹੀਂ ਪਾਉਂਦੇ। ਕੁਲ ਸਰਵੇ ਕੀਤੇ (3032) ਵੋਟਰਾਂ ਵਿਚੋਂ ਕੇਵਲ 2% ਲੋਕਾਂ ਨੇ ਹੀ ਇਹ ਦੱਸਿਆ ਕਿ ਉਨ੍ਹਾਂ ਨੇ ਧਾਰਮਿਕ ਬੇਅਦਬੀ ਦੇ ਵਾਕਿਆ ਨੂੰ ਸਾਹਮਣੇ ਰੱਖ ਕੇ ਵੋਟ ਪਾਈ ਹੈ। ਵੱਡੀ ਗਿਣਤੀ ਵਿਚ ਲੋਕਾਂ ਨੇ ਆਰਥਿਕ, ਸਮਾਜਿਕ ਆਦਿ ਮੁੱਦਿਆਂ ਨੂੰ ਧਿਆਨ ਵਿਚ ਰੱਖ ਕੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਥੇ ਇਹ ਦੱਸਣਾ ਬਣਦਾ ਹੈ ਕਿ ਜਦੋਂ ਲੋਕਾਂ ਨੂੰ ਇਹ ਪੁੱਛਿਆ ਗਿਆ ਕਿ ਵੋਟ ਪਾਉਣ ਵੇਲੇ ਕਿਹੜਾ ਮੁੱਦਾ ਤੁਹਾਡੇ ਮਨ ਤੇ ਸਭ ਤੋਂ ਵੱਧ ਭਾਰੂ ਸੀ ਤਾਂ ਉਨ੍ਹਾਂ ਦੇ ਜਵਾਬ ਮੁਤਾਬਕ ਤਰੱਕੀ (20%), ਬੇਰੁਜ਼ਗਾਰੀ (20%), ਨਸ਼ਾ (13%), ਮਹਿੰਗਾਈ (6%), ਰਿਸ਼ਵਤਖੋਰੀ (6%) ਆਦਿ ਮੁੱਖ ਸਨ। ਧਾਰਮਿਕ ਮੁੱਦਿਆਂ ਨੂੰ ਸਾਹਮਣੇ ਰੱਖ ਕੇ ਵੋਟ ਪਾਉਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਸੀ।

ਜ਼ਾਹਿਰ ਹੈ, ਚੋਣਾਂ 'ਚ ਲੋਕ ਜੀਵਨ ਨਿਰਬਾਹ ਨਾਲ ਸਬੰਧਤ ਮਸਲਿਆਂ ਨੂੰ ਤਰਜੀਹ ਦੇਣਗੇ। ਇਸ ਤੋਂ ਇਲਾਵਾ ਲੱਗਦਾ ਹੈ, ਕਾਂਗਰਸ ਦੀ ਅੰਦਰੂਨੀ ਫੁੱਟ, ਖਾਸ ਕਰ ਕੇ ਕੁਝ ਨੇਤਾਵਾਂ ਵੱਲੋਂ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਵਿਰੁੱਧ ਖੁੱਲ੍ਹੀ ਬਗਾਵਤ ਤੇ ਕੈਪਟਨ ਵੱਲੋਂ ਲੋਕਾਂ ਨਾਲ ਪਿਛਲੀਆਂ ਚੋਣਾਂ ਸਮੇਂ ਕੀਤੇ ਜਜ਼ਬਾਤੀ ਵਾਅਦੇ, ਖਾਸ ਕਰ ਕੇ ਧਾਰਮਿਕ ਬੇਅਦਬੀਆਂ ਦੇ ਮਾਮਲੇ ਵਿਚ ਦੋਸ਼ੀ ਸਿਆਸਤਦਾਨ ਤੇ ਪੁਲਿਸ ਵਾਲਿਆ ਨੂੰ ਢੁਕਵੀਂ ਸਜ਼ਾ ਦਿਵਾਉਣ ਦੀ ਸਹੁੰ ਆਦਿ ਆਉਣ ਵਾਲੇ ਸਮੇਂ ਵਿਚ ਕਾਂਗਰਸ ਪਾਰਟੀ ਲਈ ਵੱਡਾ ਨੈਤਿਕ ਤੇ ਸਿਆਸੀ ਸੰਕਟ ਬਣ ਸਕਦਾ ਹੈ।

ਪੰਜਾਬ 'ਚ ਰਾਜ ਕਰਦੀ ਕਾਂਗਰਸ ਨੂੰ ਵੱਡੀ ਸਿਆਸੀ ਚੁਣੌਤੀ ਕਿਸੇ ਹੋਰ ਪਾਰਟੀ ਨਾਲੋਂ ਜ਼ਿਆਦਾ ਅੰਦਰੂਨੀ ਧੜੇਬੰਦੀ ਤੇ ਖਾਨਾਜੰਗੀ ਤੋਂ ਹੈ। ਜਦੋਂ ਇਕ ਸਾਲ ਪਹਿਲਾਂ ਕੇਵਲ ਪ੍ਰਗਟ ਸਿੰਘ ਨੇ ਚਾਰ ਸਫਿਆਂ ਦੀ ਚਿੱਠੀ ਲਿਖ ਕੇ ਅਮਰਿੰਦਰ ਸਿੰਘ ਨੂੰ 2017 ਤੋਂ ਪਹਿਲਾਂ ਕੀਤੇ ਵਾਅਦੇ, ਸਰਕਾਰੀ ਤੰਤਰ ਵਿਚ ਆਈਆਂ ਖਾਮੀਆਂ ਆਦਿ ਦੀ ਯਾਦ ਦਿਵਾਈ ਸੀ ਤਾਂ ਬਹੁਤ ਘੱਟ ਲੋਕਾਂ ਨੇ ਉਸ ਦੁਆਰਾ ਉਠਾਏ ਮੁੱਦਿਆ ਦਾ ਨੋਟਿਸ ਲਿਆ ਸੀ ਪਰ ਹੁਣ ਤਾਂ ਵੱਡੀ ਗਿਣਤੀ ਵਿਚ ਮੰਤਰੀ, ਵਿਧਾਇਕ, ਪਾਰਲੀਮੈਂਟ ਮੈਂਬਰ ਤੇ ਹੋਰ ਬਹੁਤ ਸਾਰੇ ਪਾਰਟੀ ਅਹੁਦੇਦਾਰ ਕੁਝ ਉੱਚੀ ਆਵਾਜ਼ ਵਿਚ ਤੇ ਕੁਝ ਘੁਸਰ-ਮੁਸਰ ਕਰ ਕੇ ਸਰਕਾਰ ਦੀ ਕਾਰਗੁਜ਼ਾਰੀ ਤੇ ਸਵਾਲ ਉਠਾ ਰਹੇ ਹਨ। ਇਸ ਖਾਨਾਜੰਗੀ ਦਾ ਅਸਰ ਆਉਣ ਵਾਲੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਤੇ ਜ਼ਰੂਰ ਦਿਖਾਈ ਦੇਵੇਗਾ।

ਹੁਣ ਇਹ ਧਾਰਨਾ ਬਣ ਰਹੀ ਹੈ ਕਿ ਪੰਜਾਬ ਵਿਚ ਰਾਜ ਕਰਨ ਵਾਲੀਆਂ ਧਿਰਾਂ ਦੇ ਵੱਡੇ ਲੀਡਰ ਇਕ ਦੂਜੇ ਨੂੰ ਬੜੀ ਚਲਾਕੀ ਨਾਲ ਬਚਾਉਂਦੇ ਰਹੇ ਹਨ ਅਤੇ ਬਚਾਅ ਰਹੇ ਹਨ। ਕਾਂਗਰਸ ਤੇ ਅਕਾਲੀਆਂ ਦੇ ਰਾਜ ਵਿਚ ਬੱਸ ਇੰਨੀ ਕੁ ਤਬਦੀਲੀ ਹੈ ਕਿ ਰੇਤ, ਸ਼ਰਾਬ, ਰਿਸ਼ਵਤਖੋਰੀ ਜਿਹੇ ਮਸਲਿਆਂ ਵਿਚ ਲੋਕਾਂ ਪ੍ਰਤੀ ਉੱਤਰਦਾਈ ਨਾ ਹੋਣ ਦੀ ਜਗ੍ਹਾ ਅਕਾਲੀਆਂ ਵਾਲੀ ਥਾਂ ਕਾਂਗਰਸੀਆਂ ਨੇ ਲੈ ਲਈ ਹੈ। ਧਾਰਮਿਕ ਗ੍ਰੰਥ ਹੱਥ ਵਿਚ ਲੈ ਕੇ ਨਾ ਪੂਰੇ ਹੋਣ ਵਾਲੇ ਵਾਅਦੇ ਕਰਨ ਕਰ ਕੇ ਕਾਂਗਰਸੀਆਂ ਲਈ ਵੀ ਅਕਾਲੀਆਂ ਵਾਂਗ ਆਉਂਦੀਆਂ ਚੋਣਾਂ ਵਿਚ ਵੋਟਰਾਂ ਨੂੰ ਮੂੰਹ ਦਿਖਾਉਣਾ ਮੁਸ਼ਕਿਲ ਹੁੰਦਾ ਪ੍ਰਤੀਤ ਹੋ ਰਿਹਾ ਹੈ। ਇਸ ਤੋਂ ਇਲਾਵਾ ਜਿਸ ਤਰੀਕੇ ਨਾਲ ਕਿਸਾਨ ਜਥੇਬੰਦੀਆਂ ਨੇ ਆਪਣੇ ਸੰਘਰਸ਼ ਰਾਹੀਂ ਲੋਕਾਂ ਨੂੰ ਕਾਂਗਰਸ ਸਰਕਾਰ ਦੀਆਂ ਨੀਤੀਆਂ ਤੇ ਲੋਕ ਵਿਰੋਧੀ ਕੰਮਾਂ ਪ੍ਰਤੀ ਜਾਗਰੂਕ ਕੀਤਾ ਹੈ, ਇਹ ਵੀ ਕਾਂਗਰਸ ਲੀਡਰਾਂ ਲਈ ਆਉਣ ਵਾਲੇ ਸਮੇਂ ਵਿਚ ਮੁਸ਼ਕਿਲਾਂ ਪੈਦਾ ਕਰੇਗਾ। ਕੁਲ ਮਿਲਾ ਕੇ ਇਉਂ ਲੱਗਦਾ ਹੈ ਕਿ ਪੰਜਾਬ ਦੀ ਮੌਜੂਦਾ ਲੀਡਰਸ਼ਿਪ ਹੌਲੀ ਹੌਲੀ ਪੰਜਾਬ ਤੇ ਭਾਰ ਬਣ ਰਹੀ ਹੈ। ਕੇਂਦਰੀ ਲੀਡਰਸ਼ਿਪ ਦੀ ਇਸ ਨਾਜ਼ੁਕ ਸਮੇਂ ਤੇ ਮਸਲੇ ਨੂੰ ਨਜਿੱਠਣ ਦੀ ਅਸਮਰੱਥਾ ਵੀ ਲੋਕਾਂ ਦੇ ਮਨਾਂ ਵਿਚ ਕਈ ਤੌਖਲੇ ਪੈਦਾ ਕਰ ਰਹੀ ਹੈ।

# ਕੋਵਿਡ ਰਾਹਤ: ਪੰਜਾਬ ਨਾਲ ਵਿਤਕਰਾ

ਡਾ. ਪਿਆਰਾ ਲਾਲ ਗਰਗ

ਭਾਰਤ ਸਰਕਾਰ ਨੇ ਕੋਵਿਡ ਟੀਕਾਕਰਨ ਵਿਚ ਖੁਰਾਕਾਂ ਦੀ ਗਿਣਤੀ ਤੇ ਬਾਕੀ ਹੋਰ ਪ੍ਰਬੰਧਾਂ ਵਾਸਤੇ ਅਨੁਮਾਨ ਲਗਾਉਣ ਲਈ ਅਤੇ ਸ੍ਰੋਤਾਂ ਦੀ ਵੰਡ ਲਈ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਸਾਲ 2020 ਦੇ ਮੱਧ ਦੀ ਆਬਾਦੀ ਨੂੰ ਲਿਆ ਹੈ। ਇਹ ਸਹੀ ਪੈਮਾਨਾ ਹੈ। ਅਕਤੂਬਰ 2020 ਨੂੰ ਭਾਰਤ ਦੀ ਅਨੁਮਾਨਤ ਆਬਾਦੀ ਕਰੀਬ 136 ਕਰੋੜ (1,35,69,78,000) ਹੈ। ਪੰਜਾਬ (3,02,39,000), ਹਰਿਆਣਾ (2,93,14,000), ਜੰਮੂ ਕਸ਼ਮੀਰ (1,33,65,000), ਹਿਮਾਚਲ ਪ੍ਰਦੇਸ਼ (73,74,000) ਤੇ ਉੱਤਰਾਖੰਡ (1,13,46,000) ਹੈ। ਸਰਕਾਰ ਨੇ 3 ਮਈ, 2021 ਸਵੇਰੇ 8 ਵਜੇ ਤੱਕ ਦੇਸ਼ ਦੇ 37 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਕੋਵਿਡ ਵੈਕਸੀਨ ਦੀਆਂ ਕਰੀਬ ਸਾਢੇ ਸੋਲਾਂ ਕਰੋੜ (16,54,93,410) ਖੁਰਾਕਾਂ ਵੰਡੀਆਂ ਸਨ। ਪੰਜਾਬ ਨੂੰ (36,86,770), ਹਰਿਆਣਾ (45,02,220), ਹਿਮਾਚਲ (20,31,690) ਤੇ ਉੱਤਰਾਖੰਡ ਨੂੰ (21,19,010) ਖੁਰਾਕਾਂ ਮਿਲੀਆਂ ਹਨ।

ਪ੍ਰਤੀ ਕਰੋੜ ਆਬਾਦੀ ਇਹ ਖੁਰਾਕਾਂ ਪੰਜਾਬ ਨੂੰ ਸਭ ਤੋਂ ਘੱਟ 12 ਲੱਖ 19 ਹਜ਼ਾਰ, ਲੱਦਾਖ ਨੂੰ ਸਭ ਤੋਂ ਵੱਧ 76 ਲੱਖ 36 ਹਜ਼ਾਰ, ਜਦਕਿ ਬਾਕੀ ਸੂਬਿਆਂ ਨੂੰ ਪੰਜਾਬ ਤੋਂ ਕਿਤੇ ਵੱਧ ਦਿੱਤੀਆਂ ਗਈਆਂ ਜਿਵੇਂ ਹਰਿਆਣਾ ਨੂੰ 15 ਲੱਖ 36 ਹਜ਼ਾਰ, ਜੰਮੂ ਕਸ਼ਮੀਰ ਨੂੰ 18 ਲੱਖ 56 ਹਜ਼ਾਰ, ਹਿਮਾਚਲ ਪ੍ਰਦੇਸ਼ ਨੂੰ 27 ਲੱਖ 53 ਹਜ਼ਾਰ ਅਤੇ ਉੱਤਰਾਖੰਡ ਨੂੰ 18 ਲੱਖ 67 ਹਜ਼ਾਰ ਖੁਰਾਕਾਂ ਦਿੱਤੀਆਂ ਹਨ। ਇਨ੍ਹਾਂ ਖੁਰਾਕਾਂ ਦੀ ਵਰਤੋਂ ਹੋ ਕੇ ਬਾਕੀ ਬਚੀਆਂ ਖੁਰਾਕਾਂ ਸਭ ਤੋਂ ਘੱਟ ਪੰਜਾਬ ਵਿਚ 5253 ਹਨ ਜਦ ਕਿ ਲੱਦਾਖ ਵਿਚ 1,12,024, ਹਰਿਆਣਾ ਵਿਚ 4,90,714 ਤੇ ਉੱਤਰਾਖੰਡ ਵਿਚ 5294 ਖੁਰਾਕਾਂ ਬਾਕੀ ਬਚੀਆਂ ਹਨ।

ਪੰਜਾਬ ਨੂੰ ਸਭ ਤੋਂ ਘੱਟ ਖੁਰਾਕਾਂ ਮਿਲਣ ਦੇ ਬਾਵਜੂਦ ਅਤੇ ਸਭ ਤੋਂ ਘੱਟ ਬਾਕੀ ਹੋਣ ਦੇ ਬਾਵਜੂਦ ਪੰਜਾਬ ਨੂੰ ਕੇਵਲ ਪੌਣੇ ਤਿੰਨ ਲੱਖ ਤੇ ਇਸ ਤੋਂ ਅੱਧੀ ਤੋਂ ਵੀ ਘੱਟ ਆਬਾਦੀ ਵਾਲੇ ਉੱਤਰਾਖੰਡ ਨੂੰ ਸਵਾ ਤਿੰਨ ਲੱਖ ਖੁਰਾਕਾਂ ਹੋਰ ਭੇਜ ਦਿੱਤੀਆਂ ਗਈਆਂ। ਪੰਜਾਬ ਉੱਪਰ ਦੋਸ਼ ਲਾਇਆ ਜਾ ਰਿਹਾ ਹੈ ਕਿ ਇਸ ਨੇ ਕੋਵਿਡ ਵੈਕਸੀਨ ਜ਼ਾਇਆ ਬਹੁਤ ਜ਼ਿਆਦਾ ਕਰ ਦਿੱਤਾ ਹੈ। ਤੱਥ ਦਰਸਾਉਂਦੇ ਹਨ ਕਿ ਪੰਜਾਬ ਵਿਚ ਜ਼ਾਇਆ ਵੈਕਸੀਨ ਦੀ ਦਰ 4.98 ਫ਼ੀਸਦੀ ਹੈ ਜੋ ਗੁਆਂਢੀ ਰਾਜ ਹਰਿਆਣਾ ਦੀ 5.72 ਫ਼ੀਸਦੀ ਨਾਲੋਂ ਕਿਤੇ ਘੱਟ ਹੈ। ਇਸੇ ਤਰ੍ਹਾਂ ਗੁਜਰਾਤ ਦੀ ਕਰੀਬ 7 ਕਰੋੜ (6,94,02,000) ਪੰਜਾਬ ਨਾਲੋਂ ਸਵਾ ਦੋ ਗੁਣਾ ਆਬਾਦੀ ਨੂੰ ਕੋਵਿਡ ਖੁਰਾਕਾਂ ਪੰਜਾਬ ਦੇ ਮੁਕਾਬਲੇ ਕਿਤੇ ਵੱਧ ਸਵਾ ਕਰੋੜ ਤੋਂ ਉੱਪਰ (1,32,71,790) ਭਾਵ ਸਾਢੇ ਤਿੰਨ ਗੁਣਾ ਦਿੱਤੀਆਂ ਗਈਆਂ ਅਤੇ ਇਹ ਪ੍ਰਤੀ ਕਰੋੜ 19 ਲੱਖ 12 ਹਜ਼ਾਰ ਭਾਵ ਪੰਜਾਬ ਨਾਲੋਂ ਡੇਢ ਗੁਣਾ ਤੋਂ ਵੀ ਵੱਧ ਦਿੱਤੀਆਂ ਗਈਆਂ। ਹੁਣ ਵੀ ਗੁਜਰਾਤ ਕੋਲ 74,636 ਖੁਰਾਕਾਂ ਬਚੀਆਂ ਪਈਆਂ ਹਨ ਅਤੇ 4 ਲੱਖ ਹੋਰ ਭੇਜ ਦਿੱਤੀਆਂ। ਇਸ ਤਰ੍ਹਾਂ ਪੰਜਾਬ ਨਾਲ ਕੋਵਿਡ ਖੁਰਾਕਾਂ ਦੀ ਵੰਡ ਵਿਚ ਗੁਆਂਢੀ ਭਾਜਪਾ ਸਰਕਾਰਾਂ ਵਾਲੇ ਰਾਜਾਂ ਦੇ ਮੁਕਾਬਲੇ ਅਤੇ ਗੁਜਰਾਤ ਦੇ ਮੁਕਾਬਲੇ ਘੋਰ ਵਿਤਕਰਾ ਕੀਤਾ ਗਿਆ।

ਟੀਕਾਕਰਨ ਵਾਸਤੇ ਟੀਕੇ ਸਦਾ ਹੀ ਭਾਰਤ ਸਰਕਾਰ ਵਲੋਂ ਭੇਜੇ ਜਾਂਦੇ ਰਹੇ ਹਨ ਪਰ ਕੋਵਿਡ ਵਿਚ ਕੇਂਦਰ ਨੇ ਇਹ ਜ਼ਿੰਮੇਵਾਰੀ ਆਪਣੇ ਗਲੋਂ ਲਾਹ ਕੇ ਸੂਬਿਆਂ ਦੇ ਗਲ ਪਾ ਦਿੱਤੀ ਅਤੇ ਕੀਮਤ ਵੀ ਸੂਬਿਆਂ ਲਈ ਦੁੱਗਣੀ ਕਰ ਕੇ ਪ੍ਰਾਈਵੇਟ ਕੰਪਨੀ ਨੂੰ ਹਜ਼ਾਰਾਂ ਕਰੋੜਾਂ ਦੀ ਲੁੱਟ ਕਰਨ ਦੀ ਖੁਲ੍ਹ ਦੇ ਦਿੱਤੀ। ਅਸਚਰਜ ਇਹ ਹੈ ਕਿ ਅਜੇ ਵੀ ਕਿੰਨੀਆਂ ਖੁਰਾਕਾਂ ਕਿਸ ਸੂਬੇ ਨੂੰ ਮਿਲਣਗੀਆਂ ਤੇ ਉਸ ਨੇ ਕਿੰਨੀਆਂ ਖੁਰਾਕਾਂ ਕਿਸ ਮਕਸਦ ਵਾਸਤੇ ਉਮਰ ਗੁੱਟ ਵਾਸਤੇ ਵਰਤਣੀਆਂ ਹਨ, ਉਹ ਕੇਂਦਰ ਤੈਅ ਕਰਦਾ ਹੈ।

ਧਨ ਦੀ ਵੰਡ ਉਪਰ ਵੀ ਨਜ਼ਰ ਮਾਰਨੀ ਬਣਦੀ ਹੈ ਤਾਂ ਕਿ ਸਾਡੇ ਸੰਘੀ ਢਾਂਚੇ ਦੇ ਹਸ਼ਰ ਦੀ ਤਸਵੀਰ ਸਾਡੇ ਸਾਹਮਣੇ ਆ ਜਾਵੇ। ਕੇਂਦਰ ਸਰਕਾਰ ਨੇ ਸੂਬਾ ਆਫ਼ਤ ਰਾਹਤ ਪ੍ਰਬੰਧ ਕੋਸ਼ ਅਤੇ ਰਾਸ਼ਟਰੀ ਆਫ਼ਤ ਰਾਹਤ ਕੋਸ਼ ਵਿਚੋਂ 28 ਸੂਬਿਆਂ ਨੂੰ ਕੁੱਲ 31500 ਕਰੋੜ ਰੁਪਏ ਦੀ ਰਾਸ਼ੀ ਵੰਡੀ। ਇਸ ਵਿਚੋਂ 23,210 ਕਰੋੜ ਦੀ ਰਾਸ਼ੀ 10 ਸੂਬਿਆਂ ਨੂੰ ਵੰਡੀ ਜਿਨ੍ਹਾਂ ਵਿਚ ਸ਼ਾਮਿਲ ਹਨ ਮੱਧ ਪ੍ਰਦੇਸ਼ 3712 ਕਰੋੜ, ਮਹਾਰਾਸ਼ਟਰ 3642 ਕਰੋੜ, ਪੱਛਮੀ ਬੰਗਾਲ 3261, ਬਿਹਾਰ 2671, ਉੜੀਸਾ 2104, ਉੱਤਰ ਪ੍ਰਦੇਸ਼ 1933, ਆਂਧਰਾ 1776, ਕਰਨਾਟਕ 1480, ਗੁਜਰਾਤ 1324, ਤੇ ਤਾਮਿਲਨਾਡੂ 1307 ਕਰੋੜ। ਸੂਬਾ ਰਾਹਤ ਕੋਸ਼ ਦਾ ਮਿਲਿਆ ਪੈਸਾ ਕਿਵੇਂ ਵਰਤਣਾ ਹੈ, ਇਹ ਵੀ ਕੇਂਦਰ ਸਰਕਾਰ ਨੇ ਤੈਅ ਕੀਤਾ ਹੈ।

ਐਮਰਜੈਂਸੀ ਪ੍ਰਤੀਕਿਰਿਆ ਅਤੇ ਸਿਹਤ ਪ੍ਰਣਾਲੀਆਂ ਦੀ ਕੋਵਿਡ ਵਿਰੁੱਧ ਲੜਾਈ ਦੀ ਸਕੀਮ ਤਹਿਤ ਤਿਆਰੀ ਵਾਸਤੇ ਕੇਂਦਰ ਵਲੋਂ ਦੋ ਪੜਾਵਾਂ ਵਿਚ 5982.78 ਕਰੋੜ ਰੁਪਏ 31 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ 2020-21 ਵਿਚ ਮਨਜ਼ੂਰ ਕੀਤੇ ਸਨ ਤੇ ਪਹਿਲੀ ਕਿਸ਼ਤ ਪੂਰੀ ਜਾਰੀ ਕਰ ਦਿੱਤੀ ਹੈ ਅਤੇ ਦੂਜੀ ਅਜੇ ਅੱਧੀ ਜਾਰੀ ਕੀਤੀ ਗਈ ਹੈ। ਇਸ ਵੰਡ ਵਿਚ ਵੀ ਪੰਜਾਬ ਨਾਲ ਹਰਿਆਣੇ ਦੇ ਮੁਕਾਬਲੇ ਵਿਤਕਰਾ ਕੀਤਾ ਗਿਆ ਹੈ ਜਦ ਕਿ ਪੰਜਾਬ ਵਿਚ ਹਰਿਆਣੇ ਨਾਲੋਂ ਗੰਭੀਰ ਕੇਸ ਵੀ ਜ਼ਿਆਦਾ ਹਨ ਤੇ ਮੌਤਾਂ ਵੀ ਵੱਧ ਹਨ ਪਰ ਹਰਿਆਣੇ ਨੂੰ ਪਹਿਲੀ ਤੇ ਦੂਜੀ ਕਿਸ਼ਤ ਦੇ ਕੁੱਲ 138 ਕਰੋੜ ਮਨਜ਼ੂਰ ਕੀਤੇ ਗਏ ਜਦਕਿ ਪੰਜਾਬ ਨੂੰ ਉਸ ਤੋਂ ਕਰੀਬ 7 ਕਰੋੜ ਘੱਟ ਦੀ ਰਾਸ਼ੀ 131.13 ਕਰੋੜ ਮਨਜ਼ੂਰ ਹੋਏ। ਪੰਜਾਬ ਦੀ ਆਬਾਦੀ 3.02 ਕਰੋੜ ਹੈ ਜਦਕਿ ਹਰਿਆਣੇ ਦੀ 2.93 ਕਰੋੜ ਹੈ। ਜੇ ਦੇਸ਼ ਭਰ ਦਾ ਹਿਸਾਬ ਵੇਖੀਏ ਤਾਂ ਕੁੱਲ 5982.78 ਕਰੋੜ ਵਿਚੋਂ ਪੰਜਾਬ ਨੂੰ 2.19 ਫ਼ੀਸਦੀ ਰਾਸ਼ੀ ਅਲਾਟ ਕੀਤੀ ਹੈ ਜਦ ਕਿ ਅਕਤੂਬਰ 2020 ਦੀ ਅਨੁਮਾਨਤ ਆਬਾਦੀ ਮੁਤਾਬਿਕ ਪੰਜਾਬ ਦੀ ਆਬਾਦੀ ਦੇਸ਼ ਦਾ 2.23 ਫ਼ੀਸਦੀ ਹੈ। ਦੇਸ਼ ਵਿਚ ਕੁਲ ਕੋਰੋਨਾ ਕੇਸ 2,29,91651 ਵਿਚੋਂ 4,50,674 (1.96 ਫ਼ੀਸਦੀ) ਹਨ ਅਤੇ ਕੁਲ 2,50,025 ਮੌਤਾਂ ਵਿਚੋਂ 10704 ( 4.28 ਫ਼ੀਸਦੀ) ਪੰਜਾਬ ਵਿਚ ਹਨ ਪਰ ਪੰਜਾਬ ਨੂੰ ਫੰਡਾਂ ਦਾ ਪ੍ਰਤੀਸ਼ਤ ਘੱਟ ਹੈ।

27 ਅਪਰੈਲ ਨੂੰ ਕੁੱਲ ਕੋਰੋਨਾ ਕੇਸ 1,79,88637 ਸਨ ਅਤੇ 11 ਮਈ ਨੂੰ ਇਹ ਗਿਣਤੀ 2,29,91,651 ਸੀ। ਇਸ ਤਰ੍ਹਾਂ 14 ਦਿਨਾਂ ਵਿਚ 50,03,014 ਨਵੇਂ ਕੇਸ ਆਏ ਤੇ ਇਸ ਸਮੇਂ ਦੌਰਾਨ 50,025 ਮੌਤਾਂ ਹੋਈਆਂ ਭਾਵ 49,52,989 ਮਾਮਲੇ ਸਰਗਰਮ ਹਨ, ਕਿਉਂਕਿ 14 ਦਿਨ ਬਾਅਦ ਹੀ ਕਿਸੇ ਕੋਰੋਨਾ ਕੇਸ ਨੂੰ ਨੈਗੇਟਿਵ ਕਹਿਣਾ ਹੁੰਦਾ ਹੈ। ਹਸਪਤਾਲ ਵਿਚ ਲੱਛਣ ਸ਼ੁਰੂ ਹੋਣ ਤੋਂ 10 ਦਿਨ ਬਾਅਦ ਛੁੱਟੀ ਕਰਨੀ ਹੁੰਦੀ ਹੈ। ਜੇ ਆਖਰੀ ਤਿੰਨ ਦਿਨ ਬੁਖਾਰ ਨਾ ਹੋਵੇ ਪਰ ਮਰੀਜ਼ ਨੇ ਘਰ ਜਾ ਕੇ 7 ਦਿਨ ਇਕਾਂਤਵਾਸ ਰਹਿਣਾ ਹੁੰਦਾ ਹੈ। ਪਰ ਸਰਕਾਰ ਅਨੁਸਾਰ ਸਰਗਰਮ ਕੇਸਾਂ ਦਾ ਅੰਕੜਾ 37,15,188 ਹੈ ਅਤੇ ਅਤਿ ਗੰਭੀਰ ਕੇਸਾਂ ਦਾ ਅੰਕੜਾ ਬਹੁਤ ਦੇਰ ਤੋਂ ਹੀ ਕੇਵਲ 8944 ਹੈ। ਇਸ ਤੋਂ ਵੀ ਸ਼ੰਕੇ ਪੈਦਾ ਹੁੰਦੇ ਹਨ। ਹਰਿਆਣਾ ਤੇ ਮੱਧ ਪ੍ਰਦੇਸ਼ ਵਿਚ ਕਈ ਜਗ੍ਹਾ ਤੇ ਕਰੋਨਾ ਲਾਸ਼ਾਂ ਦੇ ਦਾਹ ਸੰਸਕਾਰ ਦੀ ਗਿਣਤੀ ਦੇ ਮੁਕਾਬਲੇ ਰਿਪੋਰਟ ਵਿਚ ਮੌਤਾਂ ਦੀ ਗਿਣਤੀ ਅੱਧੇ ਤੋਂ ਵੀ ਘੱਟ ਵਿਖਾਈ ਗਈ ਹੈ। ਉੱਤਰ ਪ੍ਰਦੇਸ਼ ਵਿਚ ਮ੍ਰਿਤਕ ਦੇਹਾਂ ਨੂੰ ਗੰਗਾ ਵਿਚ ਵਹਾਇਆ ਜਾ ਰਿਹਾ ਹੈ। ਟੈਸਟ ਦਰ ਘਟਾ ਕੇ ਕਰੋਨਾ ਦੇ ਅੰਕੜੇ ਘਟਾਏ ਜਾ ਰਹੇ ਹਨ। ਹੁਣ ਕੁੰਭ ਤੋਂ ਬਾਅਦ ਹਰਦੁਆਰ ਵਿਚ ਟੈਸਟਾਂ ਦੀ ਗਿਣਤੀ ਘਟਾ ਕੇ 3000 ਕਰ ਦਿੱਤੀ ਗਈ ਹੈ। ਸਾਜ਼ੋ-ਸਾਮਾਨ ਦੇ ਘਟੀਆ ਹੋਣ ਦੇ, ਕੇਂਦਰ ਵੱਲੋਂ ਆਪਣੇ ਪੱਧਰ 'ਤੇ ਸਾਮਾਨ ਖਰੀਦ ਕੇ ਭੇਜਣ ਦੇ ਕਾਰਨ ਅਤੇ ਵੈਂਟੀਲੇਟਰਾਂ ਦੇ ਨੁਕਸਦਾਰ ਹੋਣ ਅਤੇ ਟੈਸਟ ਕਿੱਟਾਂ ਘਟੀਆ ਹੋਣ ਦੇ ਦੋਸ਼ ਭ੍ਰਿਸ਼ਟਾਚਾਰ ਵੱਲ ਸੰਕੇਤ ਕਰਦੇ ਹਨ। ਸਪੱਸ਼ਟ ਹੈ ਕਿ ਕੋਵਿਡ ਨੂੰ ਕੇਂਦਰ ਸਰਕਾਰ ਨੇ ਅੰਕੜਿਆਂ ਦੀ, ਭ੍ਰਿਸ਼ਟਾਚਾਰ ਦੀ ਅਤੇ ਵਿਤਕਰੇਬਾਜ਼ੀ ਦੀ, ਸਿਆਸਤ ਅਤੇ ਖੇਡ ਬਣਾ ਲਿਆ ਹੈ।

# ਸਾਕਾ ਨੀਲਾ ਤਾਰਾ: ਕੀ ਸਿੱਖ ਅੰਤਰ-ਝਾਤ ਮਾਰਨਗੇ?

***ਸਾਕਾ ਨੀਲਾ ਤਾਰਾ ਬਾਰੇ ਹੁਣ ਤੱਕ ਬੜਾ ਕੁਝ ਕਿਹਾ ਸੁਣਿਆ ਜਾ ਚੁੱਕਾ ਹੈ। ਵੱਖ ਵੱਖ ਧਿਰਾਂ ਨੇ ਇਸ ਸਾਕੇ ਬਾਰੇ ਆਪੋ-ਆਪਣੇ ਵਿਚਾਰ ਪ੍ਰਗਟ ਕੀਤੇ ਹਨ ਪਰ ਇਸ ਸਾਕੇ ਦੇ ਕਈ ਪੱਖਾਂ ਬਾਰੇ ਨਿੱਠ ਕੇ ਚਰਚਾ ਅਜੇ ਤੱਕ ਨਹੀਂ ਹੋ ਸਕੀ ਹੈ। ਹਰਚਰਨ ਸਿੰਘ ਪਰਹਾਰ ਨੇ ਇਸ ਲੇਖ ਵਿਚ ਸਾਕੇ ਦੇ ਵੱਖ-ਵੱਖ ਪੱਖਾਂ 'ਤੇ ਰੌਸ਼ਨੀ ਪਾਉਂਦਿਆਂ ਸਿੱਖ ਆਗੂਆਂ ਅਤੇ ਵਿਦਵਾਨਾਂ ਲਈ ਬੜੇ ਅਹਿਮ ਸਵਾਲ ਛੱਡੇ ਹਨ।***

ਜੂਨ, 1984 ਵਿਚ ਵਾਪਰੇ ਇਤਿਹਾਸਕ ਦੁਖਾਂਤ ਬਾਰੇ ਪਿਛਲੇ 37 ਸਾਲਾਂ ਵਿਚ ਸਿੱਖਾਂ ਅਤੇ ਗੈਰ ਸਿੱਖਾਂ ਨੇ ਬਹੁਤ ਕੁਝ ਕਿਹਾ ਅਤੇ ਲਿਖਿਆ ਹੈ। ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪੋ-ਆਪਣੇ ਪੱਖ ਤੋਂ ਵ੍ਹਾਈਟ ਪੇਪਰ ਵੀ ਜਾਰੀ ਕੀਤੇ ਪਰ ਇਸ ਲਿਖਤ ਵਿਚ ਅਸੀਂ ਨਾਮਵਰ ਸਿੱਖ ਵਿਦਵਾਨਾਂ ਦੀਆਂ ਕਿਤਾਬਾਂ ਵਿਚੋਂ ਕੁਝ ਹਵਾਲਿਆਂ ਰਾਹੀਂ ਸਮਝਣ ਦਾ ਯਤਨ ਕਰਾਂਗੇ ਕਿ ਸਿੱਖਾਂ ਦੇ ਲੀਡਰਾਂ ਜਾਂ ਵਿਦਵਾਨਾਂ ਨੇ ਇਸ ਵੱਡੇ ਕੌਮੀ ਦੁਖਾਂਤ ਨੂੰ ਸਹੀ ਪ੍ਰਸੰਗ ਵਿਚ ਸਮਝ ਕੇ ਕੁਝ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਨਾਲ ਕੌਮ ਅੱਗੇ ਵਧ ਸਕੇ? ਕੀ ਉਨ੍ਹਾਂ ਇਸ ਕਹੇ ਜਾਂਦੇ ਤੀਜੇ ਘੱਲੂਘਾਰੇ ਤੋਂ ਕੋਈ ਸਬਕ ਸਿੱਖਿਆ ਹੈ? ਬੁੱਧੀਜੀਵੀਆਂ ਅਤੇ ਲੀਡਰਾਂ ਦਾ ਕੰਮ ਇਹੀ ਨਹੀਂ ਹੁੰਦਾ ਕਿ ਉਹ ਅਜਿਹੇ




**ਹਰਚਰਨ ਸਿੰਘ ਪਰਹਾਰ**

**ਮੁੱਖ ਸੰਪਾਦਕ 'ਸਿੱਖ ਵਿਰਸਾ'**
**ਫੋਨ: 403-681-8689**
**ਈਮੇਲ:** hp8689@gmail.com


ਘੱਲੂਘਾਰਿਆ ਤੋਂ ਬਾਅਦ ਹਮੇਸ਼ਾਂ ਲਈ ਪੀੜਤ ਧਿਰ ਬਣ ਕੇ ਆਪਣੀ ਸਿਆਸਤ ਕਰਨ ਸਗੋਂ ਉਨ੍ਹਾਂ ਦਾ ਕੰਮ ਹੁੰਦਾ ਹੈ ਕਿ ਅਜਿਹੇ ਘੱਲੂਘਾਰਿਆਂ ਤੋਂ ਸਬਕ ਲੈ ਕੇ ਅੱਗੇ ਵਧਣ, ਅਜਿਹੇ ਯਤਨ ਕਰਨ ਕਿ ਮੁੜ ਅਜਿਹਾ ਕੁਝ ਨਾ ਵਾਪਰੇ। ਇਸ ਲਿਖਤ ਵਿਚ ਸਿੱਖਾਂ ਦੇ ਕੁਝ ਅਜਿਹੇ ਵੱਡੇ-ਵੱਡੇ ਸਤਿਕਾਰਤ ਵਿਦਵਾਨਾਂ ਦੀਆਂ ਲਿਖਤਾਂ ਵਿਚੋਂ ਉਨ੍ਹਾਂ ਦੀ ਮਾਨਿਸਕਤਾ ਅਤੇ ਦੂਰ-ਅੰਦੇਸ਼ੀ ਨੂੰ ਸਮਝਣ ਦਾ ਯਤਨ ਕਰਾਂਗੇ। ਪਾਠਕਾਂ ਨੂੰ ਵੀ ਕਹਾਂਗਾ ਕਿ ਉਹ ਆਪੋ-ਆਪਣੇ ਪਲੈਟਫਾਰਮ ਅਤੇ ਨਜ਼ਰੀਏ ਤੋਂ ਆਪੋ-ਆਪਣੇ ਢੰਗ ਨਾਲ ਸੋਚਣ, ਸਮਝਣ ਤੇ ਕੁਝ ਕਰਨ ਦਾ ਯਤਨ ਕਰਨ?

ਇਸ ਪ੍ਰਸੰਗ ਵਿਚ ਆਪਣੀ ਗੱਲ ਡਾ. ਗੁਰਭਗਤ ਸਿੰਘ ਦੇ ਲੇਖਾਂ 'ਤੇ ਆਧਾਰਿਤ ਅਜਮੇਰ ਸਿੰਘ ਦੀ ਸੰਪਾਦਤ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਨਾਲ ਸ਼ੁਰੂ ਕਰਾਂਗੇ ਜਿਨ੍ਹਾਂ ਬਾਰੇ ਅਜਮੇਰ ਸਿੰਘ ਲਿਖਦੇ ਹਨ ਕਿ ਡਾ. ਗੁਰਭਗਤ ਸਿੰਘ ਪ੍ਰਬੁੱਧ ਅਤੇ ਮੌਲਿਕ ਵਿਦਵਾਨ ਸਨ ਜਿਸ ਵਿਚ ਹਰ ਮੁੱਦੇ ਦੀ ਗਹਿਰਾਈ ਵੀ ਹੈ ਤੇ ਮੁੱਦੇ ਦੇ ਹਰ ਨੁਕਤੇ ਤੱਕ ਰਸਾਈ ਵੀ ਹੈ। ਇਸ ਕਿਤਾਬ ਵਿਚ ਡਾ. ਗੁਰਭਗਤ ਸਿੰਘ ਜੂਨ 84 ਦੇ ਘੱਲੂਘਾਰੇ ਬਾਰੇ ਆਪਣੇ ਲੇਖ 'ਜ਼ਖਮ ਨੂੰ ਸੂਰਜ ਬਣਨ ਦਿਉ' (ਪੰਨਾ 89) ਵਿਚ ਲਿਖਦੇ ਹਨ: 'ਜੂਨ 84 ਦਾ ਬਲੂ ਸਟਾਰ ਉਪਰੇਸ਼ਨ ਵੱਡਾ ਘੱਲੂਘਾਰਾ ਸੀ। ਇਹ ਅਜਿਹਾ ਜ਼ਖਮ ਹੈ ਜੋ ਸਿੱਖ ਕੌਮ ਦੀ ਸਿਮਰਤੀ ਵਿਚੋਂ ਨਹੀਂ ਜਾ ਸਕਦਾ। ਇਹ ਪੀੜ ਹੈ, ਕਸਕ ਹੈ ਜੋ ਕਦੇ ਪੂਰੀ ਤਰ੍ਹਾਂ ਹਟ ਨਹੀਂ ਸਕਦੀ ਪਰ ਜਿਨ੍ਹਾਂ ਕੌਮਾਂ ਦੀ ਸਿਰਜਣਾ ਪਰਮ ਨੈਤਿਕਤਾ ਉਤੇ ਹੋਈ ਹੋਵੇ, ... ਉਨ੍ਹਾਂ ਨੂੰ ਵੱਡੇ ਘਾਉ ਸਹਿਣੇ ਪੈਂਦੇ ਹਨ।' ਇਸੇ ਕਿਤਾਬ ਵਿਚ ਇੱਕ ਹੋਰ ਲੇਖ 'ਜ਼ਖਮ ਨੂੰ ਚੇਤੰਨਤਾ ਬਣਾਉਣ ਦੀ ਲੋੜ' (ਪੰਨਾ 93) ਵਿਚ ਲਿਖਦੇ ਹਨ: 'ਸਾਡੇ ਸਮਕਾਲੀ ਇਤਿਹਾਸ ਵਿਚ ਸਭ ਤੋਂ ਵੱਡਾ ਕੌਮੀ ਜ਼ਖਮ ਹਿਟਲਰ ਵਲੋਂ ਯਹੂਦੀਆਂ ਦਾ ਯੋਜਨਾਬੱਧ ਢੰਗ ਨਾਲ ਕੀਤਾ ਮਹਾਂਨਾਸ਼ ਸੀ ਜਿਸ ਨੂੰ ਉਹ 'ਹੋਲੋਕੌਸਟ' ਕਹਿੰਦੇ ਹਨ ... ਵੀਹਵੀਂ ਸਦੀ ਦੇ ਪਹਿਲੇ ਵੱਡੇ 'ਮਹਾਂਨਾਸ' ਪਿੱਛੋਂ ਦੂਜਾ ਵੱਡਾ 'ਮਹਾਂਨਾਸ' ਵੱਡਾ ਕੌਮੀ ਜ਼ਖਮ 'ਬਲੂ ਸਟਾਰ' ਸੀ। ਇਤਿਹਾਸ ਵਿਚ ਕੋਈ ਵੱਡੀ ਘਟਨਾ ਬਿਨਾਂ ਤਰਕ ਨਹੀਂ ਵਾਪਰਦੀ, ਜੂਨ 84 ਦਾ ਘੱਲੂਘਾਰਾ ਵੀ ਬਿਨਾਂ ਤਰਕ ਤੋਂ ਵਾਪਰਿਆ 'ਮਹਾਂਨਾਸ' ਨਹੀਂ।' ਇਸੇ ਤਰ੍ਹਾਂ ਡਾ. ਗੁਰਭਗਤ ਸਿੰਘ ਆਪਣੇ ਇੱਕ ਹੋਰ ਲੇਖ 'ਬਲੂ ਸਟਾਰ ਉਪਰੇਸ਼ਨ ਸਿਰਜਨਾਤਮਿਕ ਸ਼ੋਅਲਾ ਬਣਾਉਣ ਦੀ ਲੋੜ' (ਪੰਨਾ 96) ਵਿਚ ਲਿਖਦੇ ਹਨ: 'ਬਲੂ ਸਟਾਰ ਉਪਰੇਸ਼ਨ ਨਿਸ਼ੇਧਾਤਮਿਕ ਸਾਕਾ ਸੀ ਜੋ ਵਾਪਰਨਾ ਨਹੀਂ ਚਾਹੀਦਾ ਸੀ ਪਰ ਵਾਪਰ ਗਿਆ। ਇਸ ਨਾਲ ਲੋਕਾਂ ਦਾ ਬਹੁਤ ਨੁਕਸਾਨ ਹੋਇਆ। ਇਤਿਹਾਸ ਵਿਚ ਇਸ ਦੀ ਤੁਲਨਾ 'ਮਹਾਂਨਾਸਾਂ' ਜਾਂ 'ਹੋਲੋਕੌਸਟ' ਨਾਲ ਹੀ ਕੀਤੀ ਜਾ ਸਕਦੀ ਹੈ।'

ਡਾ. ਗੁਰਭਗਤ ਸਿੰਘ ਵੱਡੇ ਵਿਦਵਾਨ ਸਨ ਤੇ ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ ਤੇ ਉਨ੍ਹਾਂ ਨਾਲ ਬਿਲਕੁਲ ਸਹਿਮਤ ਹਾਂ ਕਿ ਬਲੂ ਸਟਾਰ ਉਪਰੇਸ਼ਨ ਨਹੀਂ ਵਾਪਰਨਾ ਚਾਹੀਦਾ ਸੀ ਪਰ ਸੁਆਲ ਤਾਂ ਇਹ ਹੈ ਕਿ ਵਾਪਰਿਆ ਕਿਉਂ? ਉਹ ਆਪ ਹੀ ਕਹਿੰਦੇ ਹਨ ਕਿ ਕੋਈ ਵੀ 'ਮਹਾਂਨਾਸ' ਤਰਕ ਤੋਂ ਬਿਨਾਂ ਨਹੀਂ ਵਾਪਰਦਾ ਜਦਕਿ ਬਲੂ ਸਟਾਰ ਬਾਰੇ ਅਗਲੇ ਸਫਿਆਂ 'ਤੇ ਕਹਿੰਦੇ ਹਨ ਕਿ ਇੰਦਰਾ (ਗਾਂਧੀ) ਨੇ ਬਿਨਾਂ ਕਿਸੇ ਕਾਰਨ (ਤਰਕ) ਫੌਜਾਂ ਹਰਿਮੰਦਰ 'ਤੇ ਚਾੜ੍ਹ ਦਿੱਤੀਆਂ। ਉਹ ਇਸ ਦੁਖਾਂਤ ਦੀ ਤੁਲਨਾ ਹਿਟਲਰ ਦੇ ਯਹੂਦੀਆਂ ਦੇ ਕੀਤੇ ਮਹਾਂਨਾਸ ਨਾਲ ਕਰਦੇ ਹਨ ਪਰ ਕੀ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਨਾ ਸਿਰਫ ਹਿਟਲਰ ਨੇ ਸਿਰਫ 2-3 ਸਾਲਾਂ ਵਿਚ ਬਿਨਾਂ ਕਿਸੇ ਭੜਕਾਹਟ ਦੇ 60 ਲੱਖ ਯਹੂਦੀ ਮਾਰੇ ਸਨ ਸਗੋਂ ਯਹੂਦੀਆਂ ਦਾ 'ਕਤਲੇਆਮ' ਤਾਂ 2 ਹਜ਼ਾਰ ਸਾਲ ਤੋਂ ਹੋ ਰਿਹਾ ਸੀ ਤੇ ਉਨ੍ਹਾਂ ਨੂੰ ਸਾਰੀ ਦੁਨੀਆ ਵਿਚ ਕਿਤੇ ਢੋਈ ਨਹੀਂ ਸੀ। ਕੀ ਸਾਕਾ ਨੀਲਾ ਤਾਰਾ ਦੀ ਕਿਸੇ ਵੀ ਢੰਗ ਨਾਲ ਯਹੂਦੀਆਂ ਦੇ ਹੋਲੋਕੌਸਟ ਨਾਲ ਤੁਲਨਾ ਕਰਨੀ ਜਾਇਜ਼ ਹੈ?


ਅਜਮੇਰ ਸਿੰਘ


ਡਾ. ਗੁਰਭਗਤ ਸਿੰਘ


ਡਾ. ਸੰਗਤ ਸਿੰਘ


ਗੁਰਤੇਜ ਸਿੰਘ

ਅਜਮੇਰ ਸਿੰਘ ਨੇ ਆਪਣੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' (ਪੰਨਾ 432) ਵਿਚ ਇਸ ਘਟਨਾ ਬਾਰੇ 'ਸਿਟੀਜ਼ਨਸ ਫਾਰ ਡੈਮੋਕਰੇਸੀ' ਵਲੋਂ ਜਾਰੀ ਜੂਨ 84 ਬਾਰੇ 'ਰਿਪੋਰਟ ਟੂ ਨੇਸ਼ਨ: ਉਪਰੇਸ਼ਨ ਇੰਨ ਪੰਜਾਬ' ਕਿਤਾਬਚੇ ਦੇ ਹਵਾਲੇ ਨਾਲ ਇਵੇਂ ਲਿਖਿਆ ਹੈ: 'ਬਿਨਾਂ ਕਿਸੇ ਭੜਕਾਹਟ ਦੇ ਉਨ੍ਹਾਂ ਨਾਲ ਅਜਿਹਾ ਵਾਪਰਿਆ, ਇਹ ਆਜ਼ਾਦ ਭਾਰਤ ਦਾ ਜੱਲਿਆਂਵਾਲਾ ਬਾਗ ਸੀ ਜੋ ਮੌਤਾਂ ਦੀ ਗਿਣਤੀ ਤੇ ਮਾਰਨ ਦੇ ਢੰਗ ਤਰੀਕਿਆਂ ਪੱਖੋਂ ਅੰਗਰੇਜ਼ਾਂ ਵੇਲੇ ਹੋਏ ਜੱਲਿਆਂਵਾਲਾ ਕਾਂਡ ਨੂੰ ਕਿਤੇ ਪਿਛੇ ਛੱਡ ਗਿਆ।' ਇਸੇ ਤਰ੍ਹਾਂ ਆਪਣੀ ਇੱਕ ਹੋਰ ਕਿਤਾਬ '1984: ਅਣਚਿਤਵਿਆ ਕਹਿਰ; ਨਾ ਮੰਨਣਯੋਗ, ਨਾ ਭੁੱਲਣਯੋਗ ਤੇ ਨਾ ਬਖਸ਼ਣਯੋਗ' (ਮੁਢਲੇ ਸ਼ਬਦ, ਪੰਨਾ XII) ਵਿਚ ਅਜਮੇਰ ਸਿੰਘ ਲਿਖਦੇ ਹਨ: '1984 ਸਿੱਖਾਂ ਦੇ ਹਿਰਦਿਆਂ ਅੰਦਰ ਖੰਜਰ ਬਣ ਕੇ ਖੁਭਿਆ ਹੋਇਆ ਹੈ। ਸਿੱਖਾਂ ਦਾ ਅਤੀਤ, ਵਰਤਨਮਾਨ ਤੇ ਭਵਿੱਖ, ਸਾਰੇ '1984' ਵਿਚ ਸਿਮਟ ਗਏ ਹਨ। ਇਸ ਦੇ ਹਵਾਲੇ ਤੋਂ ਬਿਨਾਂ ਨਾ ਅਤੀਤ ਦੀ ਗੱਲ ਕਰਨੀ ਸੰਭਵ ਰਹੀ ਹੈ, ਨਾ ਵਰਤਮਾਨ ਨੂੰ ਜਾਣਿਆ ਜਾ ਸਕਦਾ ਹੈ, ਅਤੇ ਨਾ ਹੀ ਭਵਿੱਖ ਕਲਪਿਆ ਜਾ ਸਕਦਾ ਹੈ।' ਸ. ਅਜਮੇਰ ਸਿੰਘ ਸਾਡੇ ਨਾਲੋਂ ਬਹੁਤ ਸੀਨੀਅਰ ਹਨ, ਉਨ੍ਹਾਂ ਕੋਲ ਸਿਰਫ ਸਿੱਖ ਲਹਿਰ ਦਾ ਹੀ ਨਹੀਂ, ਭਾਰਤ ਦੀ ਆਜ਼ਾਦੀ ਲਹਿਰ, ਮਾਰਕਸਵਾਦ ਤੇ ਨਕਸਲਵਾੜੀ ਲਹਿਰ ਦਾ ਵੀ ਗੂੜ੍ਹ ਗਿਆਨ ਹੈ। ਸਮਝ ਨਹੀਂ ਲੱਗੀ ਕਿ ਉਹ ਕਿਸ ਆਧਾਰ 'ਤੇ ਜੂਨ 84 ਦੇ ਦੁਖਾਂਤ ਨੂੰ ਜੱਲ੍ਹਿਆਂਵਾਲਾ ਕਾਂਡ ਨਾਲ ਜੋੜ ਸਕਦੇ ਹਨ? ਜੱਲ੍ਹਿਆਂਵਾਲਾ ਬਾਗ ਵਿਚ ਤਾਂ ਸ਼ਾਂਤਮਈ ਢੰਗ ਨਾਲ ਨਿਹੱਥੇ ਬੈਠੇ ਲੋਕ ਰੋਸ ਪ੍ਰਦਰਸ਼ਨ ਕਰ ਰਹੇ ਸਨ ਜਦਕਿ ਦਰਬਾਰ ਸਾਹਿਬ ਅੰਦਰ ਭਾਰਤੀ ਫੌਜ ਦੇ ਜਨਰਲ ਸ਼ੁਬੇਗ ਸਿੰਘ ਦੀ ਕਮਾਂਡ ਅਤੇ 20ਵੀਂ ਸਦੀ ਮਹਾਂਨਾਇਕ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ (ਅਜਮੇਰ ਸਿੰਘ ਅਨੁਸਾਰ) ਦੀ ਅਗਵਾਈ ਵਿਚ ਵੱਡੇ-ਵੱਡੇ ਹਥਿਆਰਾਂ ਨਾਲ ਲੈਸ ਮਰਜੀਵੜੇ ਭਾਰਤੀ ਫੌਜ ਨਾਲ ਲੜਨ ਲਈ ਕਈ ਮਹੀਨਿਆਂ ਤੋਂ ਮੋਰਚਾਬੰਦੀ ਕਰੀ ਬੈਠੇ ਸਨ। ਉਹ ਮਰਜੀਵੜੇ ਜਿਨ੍ਹਾਂ ਨੇ ਪੰਜਾਬ ਪੁਲਿਸ ਦੇ ਡੀ.ਆਈ.ਜੀ. ਅਵਤਾਰ ਸਿੰਘ ਅਟਵਾਲ ਦਾ ਸ਼ਰੇਆਮ ਦਰਬਾਰ ਸਾਹਿਬ ਅੰਦਰ 25 ਅਪਰੈਲ, 1983 ਨੂੰ ਕਤਲ ਕਰ ਦਿੱਤਾ ਸੀ ਅਤੇ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਦੀ ਆਪਣੇ ਇੱਕ ਡੀਆਈਜੀ ਦੀ ਲਾਸ਼ ਤਿੰਨ ਘੰਟੇ ਚੁੱਕਣ ਦੀ ਹਿੰਮਤ ਨਹੀਂ ਪਈ ਸੀ। ਜਿਥੇ ਅਕਾਲੀ ਲੀਡਰ ਮਲਿਕ ਸਿੰਘ ਭਾਟੀਆ ਦਾ ਦਰਬਾਰ ਸਾਹਿਬ ਦੇ ਅੰਦਰ ਖਾੜਕੂਆਂ ਨੇ 16 ਅਪਰੈਲ, 1984 ਨੂੰ ਕਤਲ ਕਰ ਦਿੱਤਾ ਸੀ। 'ਇੰਡੀਆ ਟੁਡੇ' ਦੀ 14 ਜਨਵਰੀ, 1984 ਦੀ ਗੋਬਿੰਦ ਠੁਕਰਾਲ ਦੀ ਰਿਪੋਰਟ 'ਬੱਬਰ ਖਾਲਸਾ ਲੀਡਰ ਨੇ 35 ਨਿਰੰਕਾਰੀਆਂ ਨੂੰ ਮਾਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ' ਅਨੁਸਾਰ ਖਾੜਕੂ ਜਥੇਬੰਦੀ ਬੱਬਰ ਖਾਲਸਾ ਦੇ ਮੁਖੀ ਸੁਖਦੇਵ ਸਿੰਘ ਬੱਬਰ ਅਤੇ ਅਨੋਖ ਸਿੰਘ ਬੱਬਰ ਨੇ ਦਾਅਵਾ ਕੀਤਾ ਸੀ ਕਿ ਪਿਛਲੇ ਕੁਝ ਮਹੀਨਿਆਂ ਵਿਚ 35 ਨਿਰੰਕਾਰੀਆਂ ਨੂੰ ਮਾਰਨ ਦਾ ਸਿਹਰਾ ਸਾਡੀ ਜਥੇਬੰਦੀ ਨੂੰ ਜਾਂਦਾ ਹੈ ਅਤੇ ਭਿੰਡਰਾਂਵਾਲਾ ਦਰਬਾਰ ਸਾਹਿਬ ਬੈਠਾ ਐਵੇਂ ਹੀਰੋ ਬਣ ਰਿਹਾ ਹੈ। ਅਜਮੇਰ ਸਿੰਘ ਹੋਰਾਂ ਦੀ ਅਗਲੀ ਗੱਲ ਨਾਲ ਵੀ ਅਸੀਂ ਸਹਿਮਤ ਹਾਂ ਕਿ ਜੂਨ 84 ਦਾ ਘੱਲੂਘਾਰਾ ਬਹੁਤ ਵੱਡੀ ਦੁਖਾਂਤਕ ਇਤਿਹਾਸਕ ਘਟਨਾ ਸੀ ਪਰ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਸਾਡੇ ਇਹ ਮਹਾਂ ਵਿਦਵਾਨ ਇਸ ਦੇ ਕਾਰਨਾਂ ਨੂੰ ਕਿਉਂ ਨਹੀਂ ਵਿਚਾਰਦੇ? ਉਹ ਲੋਕਾਂ ਨੂੰ ਸਿਰਫ ਇੱਕਪਾਸੜ ਸੱਚ ਹੀ ਕਿਉਂ ਦੱਸਦੇ ਹਨ? ਕੀ ਕਦੇ ਇਤਿਹਾਸ ਦੀ ਕਿਸੇ ਮਹਾਨ ਦੁਰਘਟਨਾ ਦਾ ਸਿਰਫ ਇੱਕ ਪਹਿਲੂ ਹੋ ਸਕਦਾ ਹੈ? ਉਹ ਕਿਸ ਆਧਾਰ 'ਤੇ ਕਹਿੰਦੇ ਹਨ ਕਿ ਬਿਨਾਂ ਭੜਕਾਹਟ ਦੇ ਲੋਕਾਂ ਦਾ ਕਤਲੇਆਮ ਹੋਇਆ?

ਇਸ ਸਬੰਧੀ ਇੱਕ ਹੋਰ ਸਿੱਖ ਵਿਦਵਾਨ ਡਾ. ਸੰਗਤ ਸਿੰਘ ਆਪਣੀ ਕਿਤਾਬ 'ਇਤਿਹਾਸ ਵਿਚ ਸਿੱਖ' (ਪੰਨਾ 432) ਵਿਚ ਲਿਖਦੇ ਹਨ: ਹੁਣ ਤੱਕ ਸਥਿਤੀ ਤੀਜੀ ਏਜੰਸੀ ਦੇ ਪੂਰੇ ਕੰਟਰੋਲ ਵਿਚ ਆ ਚੁੱਕੀ ਸੀ। ਉਹ ਅਜਿਹੀ ਸਥਿਤੀ ਪੈਦਾ ਕਰ ਰਹੀ ਸੀ ਜਿਸ ਵਿਚ ਬਾਹਰੀ ਕੇਂਦਰੀ ਕਾਰਵਾਈਆਂ ਨਿਆਂ-ਪੂਰਵਕ ਲੱਗਣ। ਉਹ ਟਕਰਾਅ ਪੈਦਾ ਕਰਨ ਲਈ ਕਾਰਸੇਵਾ ਦੇ ਟਰੱਕਾਂ ਰਾਹੀਂ ਲਿਆਂਦੇ ਹਥਿਆਰ ਹਰਿਮੰਦਰ ਸਾਹਿਬ ਵਿਚ ਜਮ੍ਹਾਂ ਕਰ ਰਹੀ ਸੀ (ਉਘੇ ਸਿੱਖ ਵਿਦਵਾਨ ਗੁਰਤੇਜ ਸਿੰਘ ਵੀ ਮੰਨਦੇ ਹਨ ਕਿ ਜਨਰਲ ਜਸਵੰਤ ਸਿੰਘ ਭੁੱਲਰ ਤੇ ਇੱਕ ਹੋਰ ਅਫਸਰ ਉਨ੍ਹਾਂ ਕੋਲ ਆਏ ਸਨ ਕਿ ਸਾਡੇ ਕੋਲ ਹਥਿਆਰਾਂ ਦਾ ਭਰਿਆ ਟਰੱਕ ਹੈ ਤੇ ਸੰਤ ਭਿੰਡਰਾਂਵਾਲੇ ਕੌਮ ਦੀ ਲੜਾਈ ਲੜ ਰਹੇ ਹਨ, ਤੁਸੀਂ ਉਨ੍ਹਾਂ ਦੇ ਖਾਸ ਸਲਾਹਕਾਰ ਹੋ, ਉਹ ਹਥਿਆਰ, ਉਨ੍ਹਾਂ ਤੱਕ ਦਰਬਾਰ ਸਾਹਿਬ ਪਹੁੰਚਾਉ ਤਾਂ ਕਿ ਉਹ ਆਪਣੀ ਲੜਾਈ ਕਾਰਗਰ ਢੰਗ ਨਾਲ ਲੜ ਸਕਣ ਪਰ ਗੁਰਤੇਜ ਸਿੰਘ ਅਨੁਸਾਰ, ਮੈਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਪਰ ਬਾਅਦ ਵਿਚ ਲੰਗਰ ਵਾਲੇ ਟਰੱਕਾਂ ਰਾਹੀਂ ਉਹ ਹਥਿਆਰ ਦਰਬਾਰ ਸਾਹਿਬ ਪਹੁੰਚੇ ਸਨ (ਦੇਖੋ ਗੁਰਤੇਜ ਸਿੰਘ ਦੀ ਕਿਤਾਬ: ਵੈਬ ਆਫ ਇੰਡੀਅਨ ਸੈਕੂਲਰਿਜ਼ਿਮ-ਚੱਕਰਵਿਊ, ਪੰਨਾ 49-50)। 15 ਅਪਰੈਲ, 1984 ਨੂੰ ਵਿਉਂਤੇ ਢੰਗ ਨਾਲ 38 ਰੇਲਵੇ ਸਟੇਸ਼ਨਾਂ ਦਾ ਸਾੜਿਆ ਜਾਣਾ ਇਸੇ ਏਜੰਸੀ ਦਾ ਕੰਮ ਸੀ। ਇਸੇ ਤਰ੍ਹਾਂ ਬਹੁਤ ਪ੍ਰਚਾਰੇ ਗਏ ਕਤਲਾਂ ਵਿਚੋਂ ਵੀ ਬਹੁਤ ਸਾਰੇ ਇਸੇ ਸੰਸਥਾ ਦੇ ਕੰਮ ਸਨ। ਵੱਖੋ-ਵੱਖਰੀਆਂ ਜਥੇਬੰਦੀਆਂ ਵਿਚਕਾਰ ਪਰਸਪਰ ਵਿਨਾਸ਼ਕਾਰੀ ਲੜਾਈ, ਭਿੰਡਰਾਂਵਾਲ਼ੇ ਦੇ ਨਜ਼ਦੀਕੀ ਤੇ ਵਿਸ਼ਵਾਸੀ ਸੁਰਿੰਦਰ ਸਿੰਘ ਸੋਢੀ ਦੀ ਜਾਨ ਵੀ ਇਸੇ ਏਜੰਸੀ ਦੀ ਸਾਜ਼ਿਸ਼ ਦਾ ਸਿੱਟਾ ਸੀ।

ਡਾ. ਸੰਗਤ ਸਿੰਘ ਬੜੇ ਉਚ ਕੋਟੀ ਦੇ ਸਿੱਖ ਵਿਦਵਾਨ ਅਤੇ ਭਾਰਤ ਸਰਕਾਰ ਦੀ ਫੌਰਨ ਸਰਵਿਸ ਵਿਚ ਸਾਰੀ ਉਮਰ ਨਹਿਰੂ ਤੋਂ ਇੰਦਰਾ ਤੱਕ ਉਚ ਅਹੁਦਿਆਂ ਤੇ ਰਹੇ। ਉਨ੍ਹਾਂ ਦੀ ਇਸ ਕਿਤਾਬ ਦਾ ਨਿਚੋੜ ਇਹ ਬਣਦਾ ਹੈ ਕਿ ਭਿੰਡਰਾਂਵਾਲਾ, ਦਲ ਖਾਲਸਾ, ਬੱਬਰ ਖਾਲਸਾ ਆਦਿ ਸਭ ਖਾੜਕੂ ਜਥੇਬੰਦੀਆਂ ਅਤੇ ਅਕਾਲੀ ਲੀਡਰ 'ਥਰਡ ਏਜੰਸੀ' ਦੇ ਮੋਹਰੇ ਸਨ। ਜੇ ਡਾ. ਸੰਗਤ ਸਿੰਘ ਦੀ ਗੱਲ ਠੀਕ ਮੰਨ ਲਈ ਜਾਵੇ ਤਾਂ ਫਿਰ ਅਜਮੇਰ ਸਿੰਘ, ਗੁਰਤੇਜ ਸਿੰਘ, ਪੱਤਰਕਾਰ ਕਰਮਜੀਤ ਸਿੰਘ ਆਦਿ ਵਰਗੇ ਸਿੱਖ ਵਿਦਵਾਨ ਕਿਸ ਆਧਾਰ 'ਤੇ ਖਾੜਕੂਆਂ ਨੂੰ ਸਿੱਖਾਂ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੇ ਮਹਾਨ ਯੋਧੇ ਮੰਨਦੇ ਹਨ? ਡਾ. ਸੰਗਤ ਸਿੰਘ ਵਲੋਂ ਆਪਣੀ ਇਸ ਕਿਤਾਬ ਵਿਚ ਉਠਾਏ ਸਵਾਲ ਕਿ ਦਰਬਾਰ ਸਾਹਿਬ ਵਿਚ ਹਥਿਆਰ ਸਰਕਾਰ ਦੀ ਥਰਡ ਏਜੰਸੀ ਵਲੋਂ ਸਾਜ਼ਿਸ਼ ਤਹਿਤ ਲੰਗਰ ਦੇ ਟਰੱਕਾਂ ਰਾਹੀਂ ਪਹੁੰਚਾਏ ਗਏ ਤਾਂ ਕਿ ਸਿੱਖਾਂ ਨੂੰ ਜੂਨ 84 ਦੇ ਹਮਲੇ ਰਾਹੀਂ ਸਬਕ ਸਿਖਾਇਆ ਜਾ ਸਕੇ, ? ਜੇ ਉਨ੍ਹਾਂ ਵਰਗੇ ਖੋਜੀ ਇਤਿਹਾਸਕਾਰ ਦੀ ਗੱਲ ਠੀਕ ਮੰਨੀਏ ਤਾਂ ਕੀ ਜਨਰਲ ਸ਼ੁਬੇਗ ਸਿੰਘ ਜਾਂ ਸੰਤ ਭਿੰਡਰਾਂਵਾਲੇ ਸਰਕਾਰ ਦੀ ਇਸ 'ਥਰਡ ਏਜੰਸੀ' ਦੀ ਸਾਜ਼ਿਸ਼ ਵਿਚ ਸ਼ਾਮਿਲ ਸਨ? ਜਦੋਂ ਅਜਮੇਰ ਸਿੰਘ, ਡਾ. ਅਮਰਜੀਤ ਸਿੰਘ ਵਰਗੇ ਉਚ ਕੋਟੀ ਦੇ ਸਿੱਖ ਵਿਦਵਾਨ ਸੰਤ ਜਰਨੈਲ ਸਿੰਘ ਨੂੰ ਸਿੱਖ ਕੌਮ ਦਾ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਭ ਤੋਂ ਵੱਡਾ ਮਹਾਂ-ਮਾਨਵ ਮੰਨਦੇ ਹਨ ਜਿਸ ਨੂੰ ਸਿੱਖ ਕੌਮ ਅਜੇ ਤੱਕ ਪਛਾਣ ਨਹੀਂ ਸਕੀ। ਅਜਮੇਰ ਸਿੰਘ ਆਪਣੀ ਇੱਕ ਤਕਰੀਰ ਵਿਚ ਇਥੇ ਤੱਕ ਕਹਿੰਦੇ ਹਨ ਕਿ ਸੰਤ ਜਰਨੈਲ ਸਿੰਘ ਵਰਗੀਆਂ ਇਲਾਹੀ ਰੂਹਾਂ ਨੂੰ ਸਮਝਣ ਲਈ ਕਈ ਸਦੀਆਂ ਲੱਗ ਜਾਂਦੀਆਂ ਹਨ। ਅਜਿਹੀਆਂ ਲਿਖਤਾਂ ਬਾਰੇ ਸਪਸ਼ਟੀਕਰਨ ਤੋਂ ਬਿਨਾਂ ਅਜਮੇਰ ਸਿੰਘ ਵਰਗੇ ਸਿੱਖ ਵਿਦਵਾਨਾਂ ਦਾ ਇੱਕਪਾਸੜ ਦਾਅਵਾ ਕਿ ਸੰਤ ਭਿੰਡਰਾਂਵਾਲਾ, ਬਾਬਾ ਬਹਾਦਰ ਸਿੰਘ ਤੋਂ ਵੀ ਵੱਡਾ ਮਹਾਂਨਾਇਕ ਸੀ, ਕਿਤਨਾ ਕੁ ਜ਼ਾਇਜ ਹੈ? ਫਿਰ ਜੇ ਡਾ. ਸੰਗਤ ਸਿੰਘ ਨੇ ਗਲਤ ਬਿਆਨੀ ਕੀਤੀ ਸੀ ਤਾਂ ਸਿੱਖ ਵਿਦਵਾਨਾਂ ਨੇ ਉਸ ਨੂੰ ਕਿਤਾਬ ਛਪਣ ਤੋਂ ਬਾਅਦ ਸਵਾਲ ਕਿਉਂ ਨਹੀਂ ਕੀਤੇ? ਉਹ ਕਿਤਾਬ ਛਪਣ ਤੋਂ ਬਾਅਦ ਕਈ ਸਾਲ ਜਿਊਂਦਾ ਰਿਹਾ ਅਤੇ ਕਿਤਾਬ ਅਜੇ ਵੀ ਛਪ ਰਹੀ ਹੈ। ਜੇ ਸਰਕਾਰ ਹਮਲੇ ਨੂੰ ਅੰਜਾਮ ਦੇਣ ਲਈ ਹਥਿਆਰ ਭੇਜਦੀ ਸੀ ਤਾਂ ਕੀ ਇਹ ਵਿਦਵਾਨ ਸੰਤਾਂ ਦਾ ਕੋਈ ਅਜਿਹਾ ਬਿਆਨ ਦਿਖਾ ਸਕਦੇ ਹਨ ਜਿਥੇ ਉਨ੍ਹਾਂ ਕਿਹਾ ਹੋਵੇ ਕਿ ਸਾਡੀ ਮਰਜ਼ੀ ਤੋਂ ਬਿਨਾਂ ਸਰਕਾਰ ਅਕਾਲ ਤਖਤ 'ਤੇ ਹਥਿਆਰ ਪਹੁੰਚਾ ਕੇ ਮੋਰਚਾਬੰਦੀ ਕਰ ਰਹੀ ਹੈ, ਸਰਕਾਰ ਹਮਲਾ ਕਰਨ ਲਈ ਸਾਡੇ ਖਿਲਾਫ ਸਾਜ਼ਿਸ਼ ਕਰ ਰਹੀ ਹੈ, ਅਸੀਂ ਨਹੀਂ ਚਾਹੁੰਦੇ ਕਿ ਸਾਡੇ ਕਰ ਕੇ ਹਰਿਮੰਦਰ ਸਾਹਿਬ ਵਿਚ ਖੂਨ-ਖਰਾਬਾ ਹੋਵੇ, ਅਸੀਂ ਦਰਬਾਰ ਵਿਚੋਂ ਬਾਹਰ ਜਾ ਰਹੇ ਹਾਂ।

ਹੁਣ ਸਿੱਖ ਸੰਗਤ ਡਾ. ਸੰਗਤ ਸਿੰਘ ਅਤੇ ਗੁਰਤੇਜ ਸਿੰਘ ਦੀਆਂ ਲਿਖਤਾਂ ਨੂੰ ਸਹੀ ਮੰਨੇ ਜਾਂ ਸੰਤ ਭਿੰਡਰਾਂਵਾਲੇ ਦੀ ਸੋਚ ਦੇ ਵਾਰਿਸਾਂ ਦੀਆਂ ਲਿਖਤਾਂ ਨੂੰ? ਕੀ ਅਸੀਂ ਸੰਗਤ ਸਿੰਘ ਜਾਂ ਗੁਰਤੇਜ ਦੀ ਮੰਨੀਏ ਜਾਂ ਭਾਰਤੀ ਖੁਫੀਆ ਏਜੰਸੀ ਆਈ.ਬੀ. ਅਤੇ 'ਰਾਅ' ਦੇ ਦੇਸ਼-ਵਿਦੇਸ਼ ਵਿਚ ਰਹੇ ਚੋਟੀ ਦੇ ਅਫਸਰ ਤੇ ਸਿੱਖ ਹਿਤੈਸ਼ੀ ਜੀ.ਬੀ.ਐਸ. ਸਿੱਧੂ ਦੀ ਮੰਨੀਏ ਜੋ ਕੁਝ ਮਹੀਨੇ ਪਹਿਲਾਂ ਪ੍ਰਕਾਸ਼ਤ ਆਪਣੀ ਨਵੀਂ ਕਿਤਾਬ 'ਦਿ ਖਾਲਿਸਤਾਨ ਕਾਂਸਪੀਰੇਸੀ' ਵਿਚ ਆਪਣੀ ਨੌਕਰੀ ਦੌਰਾਨ ਅੰਦਰੂਨੀ ਜਾਣਕਾਰੀ ਦੇ ਦਾਅਵਿਆਂ ਦੇ ਆਧਾਰ 'ਤੇ ਸੰਤ ਭਿੰਡਰਾਂਵਾਲੇ ਨੂੰ 1 ਸਫਦਰਜੰਗ ਰੋਡ ਦਿੱਲੀ (ਪ੍ਰਧਾਨ ਮੰਤਰੀ ਨਿਵਾਸ) ਵਿਚ ਬੈਠੀ ਅਰੁਨ ਨਹਿਰੂ ਜੁੰਡਲੀ ਦੀ ਪੈਦਾਇਸ਼ ਮੰਨਦਾ ਹੈ। ਹੁਣ ਲੋਕ ਅਜਮੇਰ ਸਿੰਘ, ਹਰਿੰਦਰ ਸਿੰਘ ਮਹਿਬੂਬ ਆਦਿ ਦੀ ਮੰਨਣ ਜੋ ਕਹਿ ਰਹੇ ਹਨ ਕਿ ਸਾਕਾ ਨੀਲਾ ਤਾਰਾ ਬ੍ਰਾਹਮਣਾਂ ਦੀ ਸਿੱਖਾਂ ਨਾਲ 5 ਸਦੀਆਂ ਦੇ ਵੈਰ ਦਾ ਨਤੀਜਾ ਸੀ ਜਿਸ ਨੂੰ ਉਨ੍ਹਾਂ ਸੰਤ ਭਿੰਡਰਾਂਵਾਲਿਆਂ ਰਾਹੀਂ ਅੰਜਾਮ ਦਿੱਤਾ ਜਾਂ ਉਨ੍ਹਾਂ ਧਿਰਾਂ ਦਾ ਵੀ ਕੋਈ ਕਸੂਰ ਹੈ ਜਿਨ੍ਹਾਂ ਨੇ ਇਹ ਸਾਜ਼ਿਸ਼ ਸਿਰੇ ਚੜ੍ਹਨ ਦਿੱਤੀ?

ਪੰਜਾਬ ਦੇ ਨਾਮਵਰ ਲੇਖਕ ਜਸਵੰਤ ਸਿੰਘ ਕੰਵਲ ਦੀ ਸਵਾਲਾਂ-ਜਵਾਬਾਂ 'ਤੇ ਆਧਾਰਿਤ ਕਿਤਾਬ 'ਪੰਜਾਬ ਦਾ ਹੱਕ ਸੱਚ' (ਪੰਨਾ 199-201) ਦਾ ਇਥੇ ਜ਼ਿਕਰ ਕਰਨਾ ਵਾਜਿਬ ਬਣਦਾ ਹੈ। ਉਹ ਲੋਕਾਂ ਦੇ ਸਵਾਲ ਕਿ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ ਆਦਿ ਜੂਨ 84 ਤੋਂ ਪਹਿਲਾਂ ਅਕਾਲ ਤਖਤ ਨੂੰ ਬਚਾਉਣ ਲਈ ਅੱਗੇ ਕਿਉਂ ਨਾ ਆਏ ਤਾਂ ਕੰਵਲ ਜਵਾਬ ਦਿੰਦੇ ਹਨ: 'ਸੰਤ ਭਿੰਡਰਾਂਵਾਲਿਆਂ ਦੀ ਚੜ੍ਹਤ ਨੇ ਇਨ੍ਹਾਂ ਜਥੇਦਾਰਾਂ ਦੀ ਅਣਖ ਤੇ ਹੋਸ਼ ਨੂੰ ਸਹਿਮ ਦੀ ਬਿਮਾਰੀ ਲਗਾ ਦਿੱਤੀ ਸੀ।' ਇੱਕ ਹੋਰ ਸਵਾਲ ਕਿ ਜੇ ਭਿੰਡਰਾਂਵਾਲਾ ਗਲਤ ਸੀ ਤਾਂ ਅਕਾਲ ਤਖਤ ਦੇ ਜਥੇਦਾਰ ਨੇ ਉਸ ਖਿਲਾਫ ਹੁਕਮਨਾਮਾ ਕਿਉਂ ਨਾ ਜਾਰੀ ਕੀਤਾ, ਦੇ ਜਵਾਬ ਵਿਚ ਉਹ ਲਿਖਦੇ ਹਨ: 'ਅਕਾਲ ਤਖਤ ਦੇ ਜਥੇਦਾਰ ਵਿਚ ਭਿੰਡਰਾਂਵਾਲੇ ਅੱਗੇ ਖੜ੍ਹਨ ਦੀ ਜੁਰਅਤ ਨਹੀਂ ਸੀ। ਉਸ ਅੱਗੇ ਸਾਰੀਆਂ ਧਿਰਾਂ ਨਿਸਲੀਆਂ ਹੋ ਚੁੱਕੀਆਂ ਸਨ।' ਸਾਡੇ ਵਿਚ ਇਤਨੀ ਜੁਰਅਤ ਨਹੀਂ ਕਿ ਅਸੀਂ ਕੰਵਲ ਵਰਗੇ ਮਹਾਨ ਲੇਖਕ ਨੂੰ ਕੁਝ ਕਹਿ ਸਕੀਏ, ਗੁਸਤਾਖੀ ਮੁਆਫ, ਕੁਝ ਸਵਾਲ ਤਾਂ ਉਨ੍ਹਾਂ ਨੂੰ ਪੁੱਛਣੇ ਬਣਦੇ ਹਨ: ਕੀ ਕੰਵਲ ਨੂੰ ਪਤਾ ਨਹੀਂ ਸੀ ਕਿ ਜਦੋਂ ਅਕਾਲ ਤਖਤ ਦੇ ਇੱਕ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਨੇ ਭਿੰਡਰਾਂਵਾਲਿਆਂ ਦੇ ਅਕਾਲ ਤਖਤ 'ਤੇ ਕਾਬਜ਼ ਹੋਣ ਅਤੇ ਹਥਿਆਰ ਜਮ੍ਹਾਂ ਕਰਨ ਦਾ ਜਥੇਦਾਰ ਟੌਹੜਾ ਕੋਲੋਂ ਇਤਰਾਜ਼ ਜਤਾਇਆ ਸੀ ਤਾਂ ਕੁਝ ਦਿਨਾਂ ਬਾਅਦ ਹੀ ਉਸ ਦੀ 10 ਮਈ 1984 ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਫਿਰ ਤਾਂ ਕੋਈ ਰੂਹਾਨੀ ਸ਼ਕਤੀ ਦਾ ਮਾਲਕ ਹੀ ਸੰਤ ਜੀ ਨੂੰ ਸਵਾਲ ਕਰਦਾ?

ਜਿਥੇ ਅਜਮੇਰ ਸਿੰਘ, ਪੱਤਰਕਾਰ ਕਰਮਜੀਤ ਸਿੰਘ, ਹਰਿੰਦਰ ਸਿੰਘ ਮਹਿਬੂਬ ਵਰਗੇ ਮਹਾਨ ਸਿੱਖ ਚਿੰਤਕ ਸੰਤ ਭਿੰਡਰਾਂਵਾਲਿਆਂ ਨੂੰ ਸਰਬ ਕਲਾ ਸੰਪੂਰਨ ਮਹਾਂ ਨਾਇਕ ਮੰਨਦੇ ਹਨ, ਉਥੇ ਜਸਵੰਤ ਸਿੰਘ ਕੰਵਲ ਆਪਣੀ ਇਸ ਕਿਤਾਬ ਵਿਚ ਲਿਖਦੇ ਹਨ: 'ਸੰਤ ਸਿੱਖਾਂ ਦੇ ਹਰ ਪੱਖੋਂ ਧਰਮੱਘ (ਵੱਡੇ ਧਰਮੀ) ਸਨ ਪਰ ਰਾਜਸੀ ਸੂਝ ਪੱਖੋਂ ਉਹ ਕੋਰੇ ਸਨ ਜਿਸ ਕਾਰਨ ਸਿੱਖਾਂ ਨੂੰ ਦੋਹਰਾ ਸੰਤਾਪ ਝੱਲਣਾ ਪਿਆ।' ਪਾਠਕ ਆਪ ਹੀ ਸਿਆਣੇ ਹਨ, ਹੁਣ ਇਨ੍ਹਾਂ ਖੋਜੀ ਵਿਦਵਾਨਾਂ ਨੂੰ ਕੀ-ਕੀ ਸਵਾਲ ਕਰੀਏ?

ਪਿਛਲੇ 37 ਸਾਲਾਂ ਵਿਚ ਦੇਸ਼-ਵਿਦੇਸ਼ ਅੰਦਰ ਅਜਿਹਾ ਪ੍ਰਚਾਰ ਤਾਂ ਖੂਬ ਕੀਤਾ ਗਿਆ ਹੈ ਕਿ ਜੂਨ 84 ਦੀਆਂ ਘਟਨਾਵਾਂ ਕਿਵੇਂ ਵਾਪਰੀਆਂ। ਉਨ੍ਹਾਂ ਵਿਚ ਇਨ੍ਹਾਂ ਅਨੁਸਾਰ ਸਿੱਖਾਂ ਦਾ ਕਿਤਨਾ ਨੁਕਸਾਨ ਹੋਇਆ। ਦਰਬਾਰ ਸਾਹਿਬ ਵਿਚ ਬੈਠੇ ਖਾੜਕੂਆਂ ਨੇ ਕਿਵੇਂ ਬਹਾਦਰੀ ਨਾਲ ਲੜਦਿਆਂ ਭਾਰਤੀ ਫੌਜ ਦੇ ਆਹੂ ਲਾਹ ਦਿੱਤੇ। ਕਿਵੇਂ ਫੌਜ ਦੇ ਟੈਂਕ ਪਰਿਕਰਮਾ ਵਿਚ ਹੀ ਨਕਾਰਾ ਕਰ ਦਿੱਤੇ

***(ਬਾਕੀ ਅਗਲੇ ਸਫੇ 'ਤੇ)***

# ਸੋਸ਼ਲ ਮੀਡੀਏ ਨਾਲ ਪੇਚੇ ਦੀ ਥਾਂ ਦੇਸ਼ ਦੇ ਹਾਲਾਤ ਸੁਧਾਰੇ ਜਾਣ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਸਰਕਾਰ ਇਸ ਵਕਤ ਕੁਝ ਸੰਸਾਰ ਪੱਧਰ ਦੀਆਂ ਸੋਸ਼ਲ ਮੀਡੀਆ ਕੰਪਨੀਆਂ ਨਾਲ ਕਾਨੂੰਨੀ ਖਿੱਚੋਤਾਣ ਵਿਚ ਉਲਝੀ ਹੋਈ ਹੈ। ਇਸ ਖਿੱਚੋਤਾਣ ਦੇ ਕੁਝ ਪੱਖ ਠੀਕ ਮੰਨੇ ਜਾ ਸਕਦੇ ਹਨ ਤੇ ਕੁਝ ਸਿਰਫ ਇਸ ਲਈ ਬਣਾਏ ਗਏ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਾਟੜਿਆਂ ਨੂੰ ਲੱਗਦਾ ਹੈ ਕਿ ਜੇ ਇਨ੍ਹਾਂ ਕੰਪਨੀਆਂ ਨੂੰ ਲਗਾਮ ਨਾ ਦਿੱਤੀ ਗਈ ਤਾਂ ਸਾਡੇ ਨੇਤਾ ਦੇ ਅਕਸ ਨੂੰ ਢਾਹ ਲੱਗਦੀ ਰਹੇਗੀ। ਗੱਲ ਇਥੋਂ ਵਿਗੜੀ ਸੀ ਕਿ ਭਾਰਤ ਵਿਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਬੜਬੋਲੇ ਆਗੂ ਸੰਬਿਤ ਪਾਤਰਾ ਨੇ ਕਾਂਗਰਸ ਪਾਰਟੀ ਦੇ ਖਿਲਾਫ ਇੱਕ ਟਵੀਟ ਕਰ ਦਿੱਤਾ ਤੇ ਕਾਂਗਰਸ ਨੇ ਉਸ ਟਵੀਟ ਦੇ ਖਿਲਾਫ ਟਵਿੱਟਰ ਕੰਪਨੀ ਨੂੰ ਸ਼ਿਕਾਇਤ ਕਰ ਦਿੱਤੀ। ਟਵਿੱਟਰ ਕੰਪਨੀ ਨੇ ਸੰਬਿਤ ਦੇ ਟਵੀਟ ਦੀ ਜਾਂਚ ਕਰ ਕੇ ਉਸ ਨਾਲ ਬਿੱਲਾ ਟੰਗ ਦਿੱਤਾ ਕਿ ਇਹ ਟਵੀਟ ਛੇੜ-ਛਾੜ ਕੀਤੇ ਗਏ ਤੱਥਾਂ ਵਾਲਾ ਹੈ। ਏਨੀ ਗੱਲ ਤੋਂ ਭਾਰਤ ਸਰਕਾਰ ਤੇ ਉਸ ਦੀ ਅਗਵਾਨੂੰ ਪਾਰਟੀ ਆਪਣੇ ਬੰਦੇ ਦਾ ਬਚਾਅ ਕਰਨ ਲਈ ਟਵਿੱਟਰ ਕੰਪਨੀ ਨੂੰ ਸਬਕ ਸਿਖਾਉਣ ਤੇ ਬਾਕੀ ਸੋਸ਼ਲ ਮੀਡੀਆ ਕੰਪਨੀਆਂ ਨੂੰ ਅਕਲ ਵੰਡਣ ਤੁਰ ਪਈ ਕਿ ਭਾਰਤ ਵਿਚ ਕੰਮ ਕਰਨਾ ਹੈ ਤਾਂ ਭਾਰਤ ਸਰਕਾਰ ਚਲਾਉਣ ਵਾਲੀ ਸਿਆਸੀ ਧਿਰ ਦੀ ਟੀਮ ਜੋ ਮਰਜ਼ੀ ਕਰੇ, ਉਸ ਦਾ ਰਸਤਾ ਕੱਟਣ ਦੀ ਅੱਗੇ ਤੋਂ ਜੁਰਅੱਤ ਨਾ ਕਰਿਓ।

ਭਾਜਪਾ ਨੂੰ ਆਪਣੇ ਆਗੂਆਂ ਦੇ ਆਗੂ ਪ੍ਰਧਾਨ ਮੰਤਰੀ ਦੇ ਅਕਸ ਦਾ ਬੜਾ ਫਿਕਰ ਹੈ ਅਤੇ ਉਸ ਦੇ ਜੀ-ਹਜ਼ੂਰੀਆਂ ਦਾ ਫਿਕਰ ਵੀ ਬਹੁਤ ਹੈ, ਇਸੇ ਲਈ ਸੰਬਿਤ ਪਾਤਰਾ ਦੇ ਮੁੱਦੇ ਨੂੰ ਦੇਸ਼ ਦਾ ਮੁੱਦਾ ਬਣਾ ਦਿੱਤਾ ਗਿਆ ਹੈ। ਆਗੂ ਦਾ ਅਕਸ ਠੀਕ ਹੋਣਾ ਚਾਹੀਦਾ ਹੈ, ਇਹ ਗੱਲ ਹਰ ਕੋਈ ਮੰਨਦਾ ਹੈ, ਪਰ ਜਦੋਂ ਕੋਈ ਆਗੂ ਆਪਣੇ ਦੇਸ਼ ਦੇ ਉਨ੍ਹਾਂ ਲੋਕਾਂ ਨੂੰ ਭੁਲਾ ਕੇ ਅਸਮਾਨੀ ਉਡਾਰੀਆਂ ਲਾਉਂਦਾ ਫਿਰਦਾ ਹੋਵੇ, ਜਿਨ੍ਹਾਂ ਨੇ ਉਸ ਨੂੰ ਰਾਜ ਬਖਸ਼ਿਆ ਹੈ ਤਾਂ ਜਿਹੜੇ ਮਰਜ਼ੀ ਲੁਕਮਾਨੀ ਨੁਸਖੇ ਵਰਤੇ ਜਾਣ, ਆਗੂ ਦੇ ਅਕਸ ਨੂੰ ਢਾਹ ਲੱਗਦੀ ਨਹੀਂ ਰੋਕੀ ਜਾ ਸਕਣੀ। ਨਰਿੰਦਰ ਮੋਦੀ ਦੇ ਅਕਸ ਨੂੰ ਇਸ ਵਕਤ ਉਸ ਦੇ ਅਮਲਾਂ ਨਾਲ ਢਾਹ ਲੱਗ ਰਹੀ ਹੈ। ਸੱਚਾਈ ਮੰਨਣ ਦੀ ਥਾਂ ਉਸ ਦੇ ਚਹੇਤਿਆਂ ਦੀ ਟੀਮ ਸੰਸਾਰ ਦੇ ਲੋਕਾਂ ਤੱਕ ਹਕੀਕੀ ਸੂਚਨਾਵਾਂ ਪਹੁੰਚਣ ਤੋਂ ਰੋਕਣ ਦੇ ਪ੍ਰਬੰਧ ਕਰਨ ਤੁਰ ਪਈ ਹੈ। ਇਸ ਨਾਲ ਅਕਸ ਹੋਰ ਵਿਗੜੇਗਾ। ਕੁਝ ਕਰਨਾ ਚਾਹੁੰਦੀ ਹੈ ਤਾਂ ਸਰਕਾਰ ਨੂੰ ਉਹ ਰਿਕਾਰਡ ਵੇਖਣਾ ਚਾਹੀਦਾ ਹੈ, ਜਿਹੜਾ ਵੱਡੇ ਆਗੂ ਦੇ ਅਕਸ ਨੂੰ ਢਾਹ ਲਾਉਂਦਾ ਹੈ।

ਰਿਕਾਰਡ ਵੇਖਣਾ ਹੋਵੇ ਤਾਂ ਬਹੁਤੀਆਂ ਫਾਈਲਾਂ ਫੋਲਣ ਦੀ ਲੋੜ ਨਹੀਂ, ਸਿਰਫ ਤਿੰਨ ਗੱਲਾਂ ਤੋਂ ਨਿਬੇੜਾ ਹੋ ਸਕਦਾ ਹੈ। ਇਨ੍ਹਾਂ ਵਿਚੋਂ ਦੋ ਮੁੱਦੇ ਇਸ ਵੱਡੇ ਆਗੂ ਦੇ ਆਪਣੇ ਮੂੰਹੋਂ ਕੀਤੇ ਵਾਅਦਿਆਂ ਉੱਤੇ ਅਮਲ ਦੀ ਅਣਹੋਂਦ ਦਾ ਨਮੂਨਾ ਪੇਸ਼ ਕਰਦੇ ਹਨ, ਤੀਸਰਾ ਮੁੱਦਾ ਕਰੋਨਾ ਦੇ ਕਹਿਰ ਮੌਕੇ ਉਸ ਦੀ ਕਾਰਗੁਜ਼ਾਰੀ ਦਾ ਹੈ। ਸਰਕਾਰ ਤਿੰਨਾਂ ਦੇ ਪੱਖ ਤੋਂ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੀ ਹੈ। ਭਾਜਪਾ ਨੂੰ ਇਸ ਅਸਫਲਤਾ ਦੀ ਨਹੀਂ, ਆਗੂ ਦੇ ਅਕਸ ਦੀ ਚਿੰਤਾ ਹੈ।

ਪਹਿਲਾ ਮੁੱਦਾ ਇਹ ਹੈ ਕਿ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਸ ਦੇ ਰਾਜ ਵਿਚ ਬੈਂਕਾਂ ਵਿਚ ਫਰਾਡ ਹੋਣ ਤੋਂ ਰੋਕੇ ਜਾਣਗੇ ਤੇ ਵਿਦੇਸ਼ ਜਾਂਦੀ ਕਾਲੀ ਕਮਾਈ ਰੋਕ ਕੇ ਚੋਰਾਂ ਨੂੰ ਏਦਾਂ ਦੀ ਨੱਥ ਪਾਈ ਜਾਵੇਗੀ ਕਿ ਦੇਸ਼ ਦੇ ਨਾਗਰਿਕਾਂ ਦਾ ਪੈਸਾ ਲੁੱਟਣ ਬਾਰੇ ਕੋਈ ਸੋਚ ਤੱਕ ਨਹੀਂ ਸਕੇਗਾ। ਇਸ ਵਾਅਦੇ ਦਾ ਸੱਚ ਇਸ ਹਫਤੇ ਸਾਹਮਣੇ ਆ ਗਿਆ ਹੈ। ਭਾਰਤ ਦੇ ਰਿਜ਼ਰਵ ਬੈਂਕ ਨੇ ਮੰਨ ਲਿਆ ਹੈ ਕਿ ਬੈਂਕਾਂ ਨਾਲ ਫਰਾਡ ਦੇ ਕੇਸ ਪਿਛਲੇ ਸਾਲਾਂ ਵਿਚ ਵਧ ਗਏ ਹਨ। ਇਸ ਹਫਤੇ ਰਿਜ਼ਰਵ ਬੈਂਕ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਇਹ ਕਹਿੰਦੀ ਹੈ ਕਿ ਸਾਲ 2017-18 ਵਿਚ ਭਾਰਤੀ ਬੈਂਕਾਂ ਵਿਚੋਂ ਇਕਤਾਲੀ ਹਜ਼ਾਰ ਕਰੋੜ ਰੁਪਏ ਘਪਲੇ ਕਰਨ ਵਾਲਿਆਂ ਨੇ ਕੱਢ ਲਏ ਤੇ ਭਾਰਤ ਸਰਕਾਰ ਕੁਝ ਨਹੀਂ ਕਰ ਸਕੀ। ਅਗਲੇ ਸਾਲ 2018-19 ਵਿਚ ਘਪਲੇਬਾਜ਼ਾਂ ਨੇ ਬੈਂਕਾਂ ਵਿਚੋਂ ਲੁੱਟ ਹੋਰ ਵਧਾਈ ਤੇ ਸਾਢੇ ਇਕੱਤਰ ਹਜ਼ਾਰ ਕਰੋੜ ਤੋਂ ਟੱਪ ਗਏ। ਅਗਲੇਰੇ ਸਾਲ ਦੇ ਮੁੱਢ ਵਿਚ ਕਰੋਨਾ ਦੀ ਮਾਰ ਪੈਣ ਲੱਗ ਪਈ ਅਤੇ ਬਹੁਤਾ ਸਮਾਂ ਕਰਫਿਊ ਜਾਂ ਲਾਕਡਾਊਨ ਲੱਗਣ ਨਾਲ ਕੰਮ ਬੰਦ ਹੋਏ ਰਹੇ, ਪਰ ਬੈਂਕਾਂ ਲੁੱਟਣ ਦਾ ਕੰਮ ਇਸ ਦੌਰ ਵਿਚ ਵੀ ਪੂਰੇ ਜ਼ੋਰ ਨਾਲ ਹੁੰਦਾ ਰਿਹਾ। ਸਾਲ 2020 ਵਿਚ 22 ਮਾਰਚ ਨੂੰ ਪਹਿਲਾ ਜਨਤਾ ਕਰਫਿਊ ਲੱਗਾ ਸੀ, ਉਸ ਤੋਂ ਨੌਂ ਦਿਨ ਬਾਅਦ ਇੱਕ ਅਪਰੈਲ ਨੂੰ ਨਵਾਂ ਵਿੱਤੀ ਸਾਲ ਸ਼ੁਰੂ ਹੋਇਆ ਤੇ ਇਸ ਸਾਲ ਮਾਰਚ 2021 ਨੂੰ ਉਸ ਸਾਲ ਦੇ ਖਤਮ ਹੋਣ ਤੱਕ ਦੇ ਬਾਰਾਂ ਮਹੀਨਿਆਂ ਵਿਚ ਬੈਂਕਾਂ ਵਿਚੋਂ ਇੱਕ ਲੱਖ ਪਚਾਸੀ ਹਜ਼ਾਰ ਕਰੋੜ ਰੁਪਏ ਚੋਰਾਂ ਨੇ ਕੱਢ ਲਏ, ਪਰ ਦੇਸ਼ ਦਾ ਪ੍ਰਧਾਨ ਮੰਤਰੀ ਜਾਂ ਖਜਾਨਾ ਮੰਤਰੀ ਆਪਣੇ ਅਕਸ ਦੀ ਚਿੰਤਾ ਕਰਦੇ ਰਹੇ, ਦੇਸ਼ ਦੀ ਦੌਲਤ ਚੋਰੀ ਹੁੰਦੀ ਨਹੀਂ ਰੋਕੀ। ਏਦਾਂ ਦਾ ਮਾਹੌਲ ਹੋਵੇ ਤੇ ਪ੍ਰਧਾਨ ਮੰਤਰੀ ਤੋਂ ਖਜਾਨਾ ਮੰਤਰੀ ਤੱਕ ਕੋਈ ਵੀ ਜ਼ਿੰਮੇਵਾਰੀ ਨਾ ਵਿਖਾਉਣ ਤਾਂ ਅਕਸ ਕਿਵੇਂ ਬਚ ਸਕੇਗਾ?

ਦੂਸਰੀ ਗੱਲ ਇਹ ਕਿ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਵੇਲੇ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਵਿਚ ਇੱਕ ਸੌ ਤਿਰਾਸੀ ਮੈਂਬਰ ਉਹ ਹਨ, ਜਿਨ੍ਹਾਂ ਉੱਤੇ ਚੋਰੀ, ਡਾਕਾ, ਬਲਾਤਕਾਰ, ਕਤਲ ਆਦਿ ਦੇ ਕੇਸ ਦਰਜ ਹਨ। ਉਸ ਨੇ ਕਿਹਾ ਸੀ ਕਿ ਇਸ ਤੋਂ ਸ਼ਰਮ ਆਉਂਦੀ ਹੈ, ਮੈਂ ਵਿਸ਼ੇਸ਼ ਅਦਾਲਤਾਂ ਬਣਾ ਕੇ ਇੱਕ ਸਾਲ ਦੇ ਅੰਦਰ ਇਨ੍ਹਾਂ ਦੇ ਕੇਸਾਂ ਦਾ ਨਿਪਟਾਰਾ ਕਰਾਂਗਾ, ਦੋਸ਼ੀ ਸਾਬਤ ਹੋਣ ਵਾਲੇ ਜੇਲ੍ਹ ਵਿਚ ਜਾਣਗੇ, ਜਿਨ੍ਹਾਂ ਉੱਤੇ ਝੂਠੇ ਕੇਸ ਬਣੇ ਹੋਏ ਹਨ, ਉਨ੍ਹਾਂ ਨੂੰ ਅਦਾਲਤਾਂ ਕਲੀਨ ਚਿੱਟ ਦੇ ਦੇਣਗੀਆਂ। ਉਸ ਤੋਂ ਪਿੱਛੋਂ ਸੱਤ ਸਾਲ ਲੰਘ ਗਏ, ਇੱਕ ਸਾਲ ਵਿਚ ਇਨ੍ਹਾਂ ਸਾਰੇ ਕੇਸਾਂ ਦਾ ਨਿਪਟਾਰਾ ਵਿਸ਼ੇਸ਼ ਅਦਾਲਤਾਂ ਤੋਂ ਕੀ ਕਰਵਾਉਣਾ ਸੀ, ਅੱਜ ਤੱਕ ਵਿਸ਼ੇਸ਼ ਅਦਾਲਤਾਂ ਹੀ ਨਹੀਂ ਬਣਾਈਆਂ ਗਈਆਂ।

ਇਸ ਹਫਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਹਨ ਕਿ ਇੱਕ ਹਫਤੇ ਅੰਦਰ ਹਰ ਜਿਲੇ ਵਿਚ ਇੱਕ ਵਿਸ਼ੇਸ਼ ਅਦਾਲਤ ਬਣਾਈ ਜਾਵੇ, ਜੋ ਪਾਰਲੀਮੈਂਟ ਮੈਂਬਰਾਂ ਤੇ ਸਾਬਕਾ ਮੈਂਬਰਾਂ ਅਤੇ ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਵਿਰੁੱਧ ਚੱਲਦੇ ਕੇਸਾਂ ਦੀ ਸੁਣਵਾਈ ਕਰੇ। ਇਹ ਹੁਕਮ ਹਾਈ ਕੋਰਟ ਨੇ ਇਸ ਕਰ ਕੇ ਦਿੱਤਾ ਹੈ ਕਿ ਇਸ ਬਾਰੇ ਸੁਪਰੀਮ ਕੋਰਟ ਨੇ ਸਭਨਾਂ ਰਾਜਾਂ ਦੀਆਂ ਹਾਈ ਕੋਰਟਾਂ ਨੂੰ ਕਿਹਾ ਸੀ, ਪ੍ਰਧਾਨ ਮੰਤਰੀ ਜਾਂ ਉਸ ਦੀ ਸਰਕਾਰ ਨੇ ਅੱਜ ਤੱਕ ਕੁਝ ਨਹੀਂ ਕੀਤਾ। ਲੋਕ ਕਹਿੰਦੇ ਹਨ ਕਿ ਮੋਦੀ ਸਰਕਾਰ ਨੇ ਇਸ ਕਰ ਕੇ ਕੁਝ ਨਹੀਂ ਸੀ ਕੀਤਾ ਕਿ ਜੇ ਕਰਨ ਲੱਗਦੇ ਤਾਂ ਆਪਣੇ ਬਹੁਤ ਸਾਰੇ ਬੰਦੇ ਇਸ ਵਿਚ ਫਸ ਜਾਣੇ ਸਨ।

ਤੀਸਰਾ ਮੁੱਦਾ ਇਸ ਵਕਤ ਚੱਲ ਰਹੀ ਕਰੋਨਾ ਵਾਇਰਸ ਦੀ ਮਾਰ ਪੈਣ ਦਾ ਹੈ। ਥਾਲੀਆਂ ਖੜਕਾਉਣ ਤੇ ਤਾੜੀਆਂ ਵਜਵਾਉਣ ਤੋਂ ਲੈ ਕੇ ਘਰਾਂ ਉੱਤੇ ਮੋਮਬੱਤੀਆਂ ਜਗਾਉਣ ਤੱਕ ਦੇ ਸੱਦੇ ਦੇਣ ਵਾਲੇ ਇਸ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਅਸਲ ਵਿਚ ਲੋਕਾਂ ਦੀ ਏਨੀ ਕੁ ਚਿੰਤਾ ਹੈ ਕਿ ਲੋਕ ਬਿਮਾਰੀ ਨਾਲ ਮਰਦੇ ਪਏ ਸਨ ਤੇ ਪ੍ਰਧਾਨ ਮੰਤਰੀ ਪੰਜ ਰਾਜਾਂ ਦੀਆਂ ਚੋਣਾਂ ਦੇ ਪ੍ਰਚਾਰ ਵੇਲੇ ਰੈਲੀਆਂ ਵਿਚ ਜੁੜੀ ਹੋਈ ਭੀੜ ਨੂੰ ਚੁਟਕੁਲੇ ਸੁਣਾਉਂਦਾ ਫਿਰਦਾ ਸੀ। ਨਤੀਜਾ ਇਸ ਦਾ ਇਹ ਨਿਕਲਿਆ ਕਿ ਉਸ ਦੇ ਚੋਣ ਪ੍ਰਚਾਰ ਸ਼ੁਰੂ ਕਰਨ ਵੇਲੇ ਭਾਰਤ ਦੇ ਲੋਕਾਂ ਦੀਆਂ ਮੌਤਾਂ ਦੀ ਜਿਹੜੀ ਗਿਣਤੀ ਡੇਢ ਲੱਖ ਤੋਂ ਥੋੜ੍ਹੀ ਜਿਹੀ ਉੱਤੇ ਸੀ, ਉਹ ਏਨੀ ਤੇਜ਼ੀ ਨਾਲ ਵਧੀ ਕਿ ਸ਼ਮਸ਼ਾਨਘਾਟਾਂ ਵਿਚ ਮੁਰਦਿਆਂ ਦੇ ਸਸਕਾਰ ਅਤੇ ਕਬਰਿਸਤਾਨਾਂ ਵਿਚ ਦਫਨਾਉਣ ਲਈ ਦੋ-ਦੋ ਦਿਨ ਉਡੀਕ ਕਰਨ ਦੀ ਨੌਬਤ ਆ ਗਈ। ਨਾ ਤਾਂ ਇਸ ਸਮੇਂ ਦੌਰਾਨ ਮਰਨ ਵਾਲੇ ਸਾਰੇ ਲੋਕ ਗਿਣੇ ਜਾਣ ਦਾ ਕਿਸੇ ਨੂੰ ਯਕੀਨ ਸੀ, ਨਾ ਕੇਸਾਂ ਦੀ ਪੂਰੀ ਗਿਣਤੀ ਦੱਸੀ ਹੀ ਭਰੋਸੇ ਵਾਲੀ ਜਾਪਦੀ ਸੀ। ਫਿਰ ਵੀ ਜਿੰਨੇ ਅੰਕੜੇ ਮਿਲੇ, ਉਹ ਭਾਰਤ ਸਰਕਾਰ ਦੇ ਸਾਰੇ ਪ੍ਰਬੰਧਾਂ ਅਤੇ ਦਾਅਵਿਆਂ ਦਾ ਨੱਕ ਵੱਢਣ ਵਾਲੇ ਹਨ। ਇਸ ਮਾਰਚ ਦੇ ਅੰਤਲੇ ਦਿਨ ਭਾਰਤ ਵਿਚ ਕਰੋਨਾ ਦੇ ਕੇਸਾਂ ਦੀ ਗਿਣਤੀ ਇੱਕ ਕਰੋੜ ਬਤਾਲੀ ਲੱਖ ਤੋਂ ਕੁਝ ਉੱਪਰ ਸੀ, ਮਈ ਮੁੱਕਣ ਤੋਂ ਦੋ ਦਿਨ ਪਹਿਲਾਂ ਦੋ ਕਰੋੜ ਅੱਸੀ ਲੱਖ ਟੱਪ ਗਈ ਹੈ। ਕਿੱਥੇ ਚੌਦਾਂ ਮਹੀਨਿਆਂ ਵਿਚ ਇਸ ਦੇਸ਼ ਵਿਚ ਕਰੋਨਾ ਦੇ ਕੇਸ ਡੇਢ ਕਰੋੜ ਤੱਕ ਨਾ ਪਹੁੰਚੇ ਤੇ ਕਿੱਥੇ ਸਿਰਫ ਦੋ ਮਹੀਨਿਆਂ ਵਿਚ ਏਨੇ ਹੋਰ ਕੇਸ ਜੁੜ ਗਏ। ਮਾਰਚ ਦੇ ਅੰਤਲੇ ਦਿਨ ਤੱਕ ਭਾਰਤ ਵਿਚ ਕਰੋਨਾ ਵਾਇਰਸ ਨਾਲ ਹੋਈਆਂ ਮੌਤਾਂ ਦੀ ਗਿਣਤੀ ਇੱਕ ਲੱਖ ਬਾਹਠ ਹਜ਼ਾਰ ਦੱਸੀਦੀ ਸੀ, ਮਸਾਂ ਦੋ ਮਹੀਨੇ ਲੰਘਣ ਦੇ ਬਾਅਦ ਮਈ ਮੁੱਕਣ ਤੋਂ ਦੋ ਦਿਨ ਪਹਿਲਾਂ ਇਹ ਤਿੰਨ ਲੱਖ ਚੌਵੀ ਹਜ਼ਾਰ ਨੂੰ ਜਾ ਪੁੱਜੀ। ਸਾਫ ਹੈ ਕਿ ਮੌਤਾਂ ਹੋਣ ਦਾ ਅੰਕੜਾ ਵੀ ਦੋਂਹ ਮਹੀਨਿਆਂ ਵਿਚ ਹੀ ਦੁੱਗਣਾ ਹੋ ਗਿਆ ਹੈ। ਇਹ ਅੰਕੜੇ ਸਾਰਾ ਸੰਸਾਰ ਦੇਖਦਾ ਹੈ। ਜਿਹੜੇ ਅੰਕੜਿਆਂ ਨੂੰ ਸਾਰਾ ਸੰਸਾਰ ਦੇਖਦਾ ਅਤੇ ਸਮਝਦਾ ਹੈ, ਉਨ੍ਹਾਂ ਦੇ ਹੁੰਦਿਆਂ ਇਸ ਦੇਸ਼ ਦੇ ਆਗੂ ਦਾ ਅਕਸ ਪ੍ਰਭਾਵਿਤ ਕਿਵੇਂ ਨਹੀਂ ਹੋਵੇਗਾ?

ਦਿਨ ਭਾਵੇਂ ਚੰਗੇ ਹੋਣ ਤੇ ਭਾਵੇਂ ਮਾੜੇ, ਉਨ੍ਹਾਂ ਨਾਲ ਪੈਣ ਵਾਲਾ ਅਸਰ ਰੋਕਿਆ ਨਹੀਂ ਜਾ ਸਕਦਾ। ਜਿਹੜੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਆਪਣੇ ਲੋਕਾਂ ਦੇ ਮਰਨ ਦਾ ਫਿਕਰ ਘੱਟ ਤੇ ਆਪਣੇ ਅਕਸ ਦੀ ਚਿੰਤਾ ਵੱਧ ਹੈ, ਉਸ ਬਾਰੇ ਸੰਸਾਰ ਭਰ ਦੇ ਲੋਕਾਂ ਦੀ ਰਾਏ ਸੋਸ਼ਲ ਮੀਡੀਆ ਨਾਲ ਹੀ ਨਹੀਂ, ਦੇਸ਼ ਵਿਚ ਮਰਦੇ ਲੋਕਾਂ ਦੇ ਵਾਰਸਾਂ ਦੀਆਂ ਚੀਕਾਂ ਤੇ ਮੱਚਦੇ ਸਿਵਿਆਂ ਦੀਆਂ ਤਸਵੀਰਾਂ ਨਾਲ ਵੀ ਪ੍ਰਭਾਵਿਤ ਹੁੰਦੀ ਹੈ।

ਸੰਸਾਰ ਦੇ ਲੋਕਾਂ ਤੱਕ ਇਹ ਸਭ ਕੁਝ ਸੋਸ਼ਲ ਮੀਡੀਆ ਰਾਹੀਂ ਨਹੀਂ ਪੁੱਜਦਾ ਹੁੰਦਾ, ਉਨ੍ਹਾਂ ਅਖਬਾਰਾਂ ਤੇ ਰੇਡੀਓ ਜਾਂ ਟੀ. ਵੀ. ਪ੍ਰੋਗਰਾਮਾਂ ਰਾਹੀਂ ਵੀ ਪੁੱਜਦਾ ਹੈ, ਜਿਹੜੇ ਅਜੋਕਾ ਸੋਸ਼ਲ ਮੀਡੀਆ ਉੱਭਰਨ ਤੋਂ ਬਹੁਤ ਪਹਿਲਾਂ ਤੋਂ ਲੋਕਾਂ ਨੂੰ ਦੱਸਦੇ ਆਏ ਹਨ ਅਤੇ ਅੱਜ ਤੱਕ ਸੋਸ਼ਲ ਮੀਡੀਆ ਤੋਂ ਵੱਧ ਭਰੋਸੇ ਵਾਲੇ ਮੰਨੇ ਜਾਂਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਕਸ ਲਈ ਫਿਕਰਮੰਦ ਉਸ ਦੀ ਟੀਮ ਕਿਸੇ ਵਾਸ਼ਿੰਗਟਨ ਪੋਸਟ ਜਾਂ ਵਲੈਤ ਤੋਂ ਛਪਦੇ 'ਦ ਗਾਰਡੀਅਨ' ਅਤੇ ਏਦਾਂ ਦੇ ਹੋਰ ਅਖਬਾਰਾਂ ਨੂੰ ਛਪਣ ਤੋਂ ਨਹੀਂ ਰੋਕ ਸਕੇਗੀ। ਇਸ ਲਈ ਬਿਹਤਰ ਹੈ ਕਿ ਸਥਿਤੀ ਦਾ ਖੁਲਾਸਾ ਹੋਣ ਤੋਂ ਰੋਕਣ ਲਈ ਸੋਸ਼ਲ ਮੀਡੀਆ ਨਾਲ ਪੇਚਾ ਪਾਉਣ ਦੀ ਥਾਂ ਦੇਸ਼ ਦੇ ਉਨ੍ਹਾਂ ਹਾਲਾਤ ਨੂੰ ਸੁਧਾਰਿਆ ਜਾਵੇ, ਜਿਹੜੇ ਕਿਸੇ ਵੀ ਤਰ੍ਹਾਂ ਲੁਕਾਏ ਨਹੀਂ ਜਾ ਸਕਦੇ ਅਤੇ ਲੁਕਾਏ ਵੀ ਕਦੇ ਨਹੀਂ ਜਾ ਸਕਣੇ।

# ਸਾਕਾ ਨੀਲਾ ਤਾਰਾ: ਕੀ ਸਿੱਖ ਅੰਤਰ-ਝਾਤ ਮਾਰਨਗੇ?

*(ਪਿਛਲੇ ਸਫੇ ਦੀ ਬਾਕੀ)*

ਗਏ। ਪਰ ਉਹ ਇਹ ਕਦੇ ਨਹੀਂ ਦੱਸਦੇ ਕਿ ਉਸ ਸਮੇਂ ਦੀ ਸਰਕਾਰ ਨੇ ਇਤਨਾ ਵੱਡਾ ਕਦਮ ਕਿਉਂ ਚੁੱਕਿਆ? ਜਦਕਿ ਸਰਕਾਰ ਨੂੰ ਪਤਾ ਸੀ ਕਿ ਫੌਜ ਤੇ ਹੋਰ ਫੋਰਸਾਂ ਵਿਚ ਸਿੱਖਾਂ ਦੀ ਭਾਰੀ ਗਿਣਤੀ ਹੈ? ਸਾਰਾ ਭਾਰਤ ਸਿੱਖਾਂ ਦੀਆਂ ਦੇਸ਼ ਨੂੰ ਆਜ਼ਾਦ ਕਰਾਉਣ ਦੀਆਂ ਕੁਰਬਾਨੀਆਂ ਦਾ ਹੀ ਕਾਇਲ ਨਹੀਂ ਸੀ ਸਗੋਂ ਉਨ੍ਹਾਂ ਦੇ ਮਨਾਂ ਵਿਚ 1965 ਅਤੇ 1971 ਦੀਆਂ ਲੜਾਈਆਂ ਵਿਚ ਸਿੱਖਾਂ ਦੀ ਬਹਾਦਰੀ ਦੀ ਵੀ ਵੱਡੀ ਛਾਪ ਸੀ। ਉਸ ਸਮੇਂ ਦੀ ਸਰਕਾਰ ਵਿਚ ਰਾਸ਼ਟਰਪਤੀ, ਗ੍ਰਹਿ ਮੰਤਰੀ, ਪੰਜਾਬ ਦਾ ਮੁੱਖ ਮੰਤਰੀ, ਫੌਜਾਂ ਦੇ ਜਨਰਲ, ਸੂਬਿਆਂ ਦੇ ਗਵਰਨਰ, ਪੰਜਾਬ ਪੁਲਿਸ ਦੇ ਵੱਡੇ ਅਧਿਕਾਰੀ ਸਿੱਖ ਸਨ ਤਾਂ ਸਰਕਾਰ ਦੀ ਅਜਿਹੀ ਕੀ ਮਜਬੂਰੀ ਬਣ ਗਈ ਸੀ ਕਿ ਉਸ ਨੂੰ ਇੱਕ ਛੋਟੀ ਜਿਹੀ ਘੱਟ-ਗਿਣਤੀ ਖਿਲਾਫ ਇਤਨਾ ਮਨਹੂਸ ਫੈਸਲਾ ਲੈਣ ਲਈ ਮਜਬੂਰ ਹੋਣਾ ਪਿਆ? ਇਥੇ ਮੁਸਲਮਾਨਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਸਥਾਨ ਮੱਕਾ 'ਤੇ 20 ਨਵੰਬਰ, 1979 ਤੋਂ 4 ਦਸੰਬਰ, 1979 ਤੱਕ ਮੁਸਲਮਾਨਾਂ ਦੇ ਕੱਟੜ ਧਾਰਮਿਕ ਗਰੁੱਪ 'ਅਲ-ਕਤਾਬੀ ਮੂਵਮੈਂਟ' ਦੇ ਲੀਡਰ ਮੁਹੰਮਦ ਅਬਦੁੱਲਾ ਅਲ-ਖਤਾਨੀ ਵਲੋਂ ਆਪਣੇ 500 ਦੇ ਕਰੀਬ ਹਥਿਆਰਬੰਦ ਸਾਥੀਆਂ ਨਾਲ ਕਬਜ਼ਾ ਕਰਨ ਅਤੇ 50 ਹਜ਼ਾਰ ਦੇ ਕਰੀਬ ਸ਼ਰਧਾਲੂਆਂ ਨੂੰ ਬੰਦੀ ਬਣਾ ਲੈਣ ਦੀ ਘਟਨਾ ਦਾ ਜ਼ਿਕਰ ਕਰਨਾ ਵਾਜਿਬ ਰਹੇਗਾ। ਯਾਦ ਰਹੇ, ਮੁਸਲਮਾਨਾਂ ਦੀ ਧਾਰਮਿਕ ਰਵਾਇਤ ਮੁਤਬਿਕ ਮੱਕੇ ਦੀ ਇਮਾਰਤ ਅੰਦਰ 'ਖੂਨ ਦਾ ਤੁਬਕਾ ਵੀ ਡਿਗਣਾ' ਅਤੇ ਕਿਸੇ ਗੈਰ ਮੁਸਲਮਾਨ ਦਾ ਮਸਜਿਦ ਅੰਦਰ ਆਉਣਾ ਕੁਫਰ ਮੰਨਿਆ ਜਾਂਦਾ ਹੈ ਪਰ ਮੱਕੇ ਦਾ ਕਬਜ਼ਾ ਅਤੇ ਬੰਦੀ ਲੋਕਾਂ ਨੂੰ ਛੁਡਾਉਣ ਲਈ ਸਾਊਦੀ ਅਰਬ ਦੀ ਮੁਸਲਿਮ ਸਰਕਾਰ ਨੇ ਦੋਹਾਂ ਪਰੰਪਰਾਵਾਂ ਦੀ ਉਲੰਘਣਾ ਕਰ ਕੇ ਨਾ ਸਿਰਫ ਫਰਾਂਸ ਦੇ ਗੋਰੇ ਕਮਾਂਡੋਆਂ ਰਾਹੀਂ ਮੱਕੇ ਦਾ ਕਬਜ਼ਾ ਛੁਡਾਇਆ ਸਗੋਂ ਮੱਕੇ ਅੰਦਰ ਸੈਂਕੜੇ ਸ਼ਰਧਾਲੂਆਂ ਦਾ ਖੂਨ ਵੀ ਡੁੱਲ੍ਹਾ। ਹੁਣ ਉਥੇ ਤਾਂ ਸਾਰੇ ਮਰਨ-ਮਾਰਨ ਵਾਲੇ ਅਤੇ ਸਾਊਦੀ ਸਰਕਾਰ ਵੀ ਮੁਸਲਮਾਨਾਂ ਦੀ ਸੀ, ਫਿਰ ਵੀ ਸਰਕਾਰ ਨੂੰ ਅਜਿਹਾ ਕਦਮ ਚੁੱਕਣਾ ਪਿਆ। ਕੀ ਸਾਡੇ ਵਿਦਵਾਨ ਕਦੇ 84 ਦੀਆਂ ਘਟਨਾਵਾਂ ਨੂੰ ਅਜਿਹੇ ਪੱਖ ਤੋਂ ਵੀ ਕਦੇ ਵਿਚਾਰਨਗੇ?

ਜਦੋਂ ਲੋਕ ਸਿੱਖ ਲੀਡਰਾਂ ਅਤੇ ਵਿਦਵਾਨਾਂ ਨੂੰ ਸਵਾਲ ਕਰਦੇ ਹਨ ਕਿ ਸਰਕਾਰ ਨੇ ਦਰਬਾਰ 'ਤੇ ਹਮਲਾ ਕਿਉਂ ਕੀਤਾ, ਉਸ ਦੇ ਕੁਝ ਤਾਂ ਕਾਰਨ ਹੋਣਗੇ, ਤਾਂ ਕਿਸੇ ਅਜਿਹੇ ਸਵਾਲਾਂ ਦੇ ਜਵਾਬ ਵਿਚ ਅਜਮੇਰ ਸਿੰਘ ਨੇ ਇੱਕ ਲਾਈਨ ਵਿਚ ਗੱਲ ਮੁਕਾ ਦਿੱਤੀ ਕਿ 'ਹਿੰਦੂ ਸਰਕਾਰ ਨੇ ਸਿੱਖਾਂ ਨਾਲ 5 ਸਦੀਆਂ ਦਾ ਵੈਰ ਕਮਾਇਆ ਹੈ।' ਇਸੇ ਤਰ੍ਹਾਂ ਸਿੱਖ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਦੇ ਮਹਾਂ-ਕਾਵਿ 'ਝਨਾਂ ਦੀ ਰਾਤ' ਵਿਚ ਵੀ ਇਸੇ ਸੋਚ ਦੀ ਤਰਜਮਾਨੀ ਕਰਦੀ ਕਵਿਤਾ ਦੀਆਂ ਚਾਰ ਲਾਈਨਾਂ ਦਰਜ ਹਨ: ਅੱਜ ਤਪਦੀ ਭੱਠੀ ਬਣ ਗਿਆ, ਮੇਰਾ ਸਗਲੇ ਵਾਲਾ ਪੈਰ। ਅੱਜ ਵੈਰੀਆਂ ਕੱਢ ਵਖਾਲਿਆ, ਹਾਇ! ਪੰਜ ਸਦੀਆਂ ਦਾ ਵੈਰ। ਜੇ ਇੰਦਰਾ ਗਾਂਧੀ ਸਰਕਾਰ ਨੇ ਇਹ ਸਭ ਸਿੱਖਾਂ ਨੂੰ ਸਬਕ ਸਿਖਾਉਣ ਲਈ ਕੀਤਾ ਸੀ ਤਾਂ ਕਿ ਸਿੱਖ ਸਦੀਆਂ ਤੱਕ ਇਸ ਮਾਰ ਨੂੰ ਯਾਦ ਰੱਖਣ ਤਾਂ ਫਿਰ ਇੰਦਰਾ ਨੂੰ ਕੀ ਮਜਬੂਰੀ ਸੀ ਕਿ ਉਸ ਨੇ ਇਸ ਹਮਲੇ ਵਿਚ ਅਕਾਲ ਤਖਤ ਅਤੇ ਹੋਰ ਨੁਕਸਾਨੀਆਂ ਇਮਾਰਤਾਂ ਨੂੰ ਕੁਝ ਦਿਨਾਂ ਵਿਚ ਨਵਾਂ ਬਣਾ ਦਿੱਤਾ ਸੀ ਤਾਂ ਕਿ ਸਿੱਖ, ਉਸ ਫੌਜੀ ਹਮਲੇ ਵਿਚ ਹੋਏ ਨੁਕਸਾਨ ਨੂੰ ਦੇਖ ਨਾ ਸਕਣ? ਫਿਰ ਤਾਂ ਉਸ ਨੂੰ ਢੱਠੇ ਹੋਏ ਅਕਾਲ ਤਖਤ ਜਾਂ ਹੋਰ ਗੁਰਦੁਆਰਿਆਂ ਨੂੰ ਸ਼ੀਸ਼ਿਆਂ ਵਿਚ ਮੜ੍ਹਾ ਕੇ ਰੱਖਣਾ ਚਾਹੀਦਾ ਸੀ ਤਾਂ ਕਿ ਸਿੱਖ ਯਾਦ ਰੱਖਣ ਕਿ ਜੇ ਉਨ੍ਹਾਂ ਮੁੜ ਅਜਿਹਾ ਕਾਰਾ ਕੀਤਾ ਤਾਂ ਉਨ੍ਹਾਂ ਦਾ ਕੀ ਹਾਲ ਹੋਵੇਗਾ? ਕੀ ਸਾਡੇ ਇਹ ਮਹਾਂ ਵਿਦਵਾਨ ਕੁਝ ਕਹਿਣ ਤੋਂ ਪਹਿਲਾਂ ਸੋਚਦੇ ਨਹੀਂ ਕਿ ਤੁਹਾਡੀਆਂ ਕਿਤਾਬਾਂ ਪੜ੍ਹ ਕੇ ਲੋਕ ਤੁਹਾਨੂੰ ਸਵਾਲ ਕਰਨਗੇ? ਤੁਹਾਡੇ ਕੋਲ ਉਸ ਦਾ ਕੀ ਜਵਾਬ ਹੋਵੇਗਾ? ਜੇ ਹਿੰਦੂਆਂ ਦਾ ਸਿੱਖਾਂ ਨਾਲ ਇਤਨਾ ਹੀ ਵੈਰ ਹੁੰਦਾ ਤਾਂ ਹਿੰਦੂਆਂ ਦੇ ਦੇਸ਼ (ਇਨ੍ਹਾਂ ਅਨੁਸਾਰ) ਵਿਚ ਸਿੱਖ ਹੋਰ ਸਾਰੇ ਫਿਰਕਿਆਂ ਨਾਲੋਂ ਵੱਧ ਤਰੱਕੀ ਕਿਵੇਂ ਕਰਦੇ?

ਕੀ ਸਾਡੇ ਵਿਦਵਾਨਾਂ ਨੂੰ ਨਿਰਪੱਖ ਹੋ ਕੇ ਇਸ ਵੱਡੇ ਦੁਖਦਾਈ ਘੱਲੂਘਾਰੇ ਬਾਰੇ ਲੋਕਾਂ ਨੂੰ ਸਾਰੇ ਪੱਖਾਂ ਤੋਂ ਨਹੀਂ ਦੱਸਣਾ ਚਾਹੀਦਾ ਤਾਂ ਕਿ ਭਵਿੱਖ ਵਿਚ ਸਾਨੂੰ ਅਜਿਹੇ ਘੱਲੂਘਾਰਿਆਂ ਦਾ ਦੁਬਾਰਾ ਸਾਹਮਣਾ ਨਾ ਕਰਨਾ ਪਵੇ? ਕੀ ਅਸੀਂ ਕਦੇ ਇਹ ਵਿਚਾਰ ਕਰਾਂਗੇ ਕਿ ਉਸ ਵਕਤ ਅਸੀਂ ਵੀ ਕਿਤੇ ਗਲਤ ਸੀ ਜਾਂ ਸਾਰਾ ਦੋਸ਼ ਵਿਰੋਧੀਆਂ ਤੇ ਸੁੱਟ ਕੇ ਸੁਰਖੁਰੂ ਹੋ ਜਾਵਾਂਗੇ? ਜੂਨ 84 ਤੋਂ ਕੁਝ ਮਹੀਨੇ ਪਹਿਲਾਂ ਬੱਸਾਂ, ਟਰੇਨਾਂ ਵਿਚੋਂ ਲਾਹ ਕੇ ਬੇਗੁਨਾਹ ਲੋਕ ਮਾਰੇ ਜਾ ਰਹੇ ਸਨ, ਪੱਤਰਕਾਰ ਸੁਮੀਤ ਸਿੰਘ ਪ੍ਰੀਤਲੜੀ ਨੂੰ 22 ਫਰਵਰੀ 1984, ਐਮ.ਪੀ. ਵਿਸ਼ਵਨਾਥ ਤਿਵਾੜੀ ਨੂੰ 3 ਮਾਰਚ 1984, ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਨੂੰ 28 ਮਾਰਚ 1984, ਐਮ.ਐਲ.ਏ. ਹਰਬੰਸ ਲਾਲ ਖੰਨਾ ਨੂੰ 2 ਅਪਰੈਲ 1984, ਪੱਤਰਕਾਰ ਰਮੇਸ਼ ਚੰਦਰ ਨੂੰ 12 ਮਈ 1984, ਆਦਿ ਅਨੇਕਾਂ ਮੁੱਖ ਵਿਅਕਤੀ ਕਤਲ ਹੋ ਰਹੇ ਸਨ। ਇਹ ਸਾਰੇ ਕਤਲ ਉਦੋਂ ਸ਼ੁਰੂ ਹੋਏ ਸਨ, ਜਦੋਂ ਸਰਕਾਰ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਬੈਨ ਕਰ ਦਿੱਤਾ ਸੀ ਤਾਂ ਕੈਨੇਡਾ ਦੀ ਅਖਬਾਰ 'ਗਲੋਬ ਐਂਡ ਮੇਲ' ਦੀ 5 ਅਪਰੈਲ 1984 ਦੀ ਰਿਪੋਰਟ 'ਸਿੱਖ ਅੱਤਵਾਦ ਦੇ ਚੱਲਦਿਆਂ ਰਾਜਨੀਤਕ ਲੀਡਰਾਂ ਨੂੰ ਚਿਤਾਵਨੀ' ਅਨੁਸਾਰ ਫੈਡਰੇਸ਼ਨ ਦੇ ਲੀਡਰਾਂ ਹਰਮਿੰਦਰ ਸੰਧੂ, ਵਿਰਸਾ ਵਲਟੋਹਾ ਆਦਿ ਨੇ ਧਮਕੀ ਦਿੱਤੀ ਹੈ ਕਿ ਜਦੋਂ ਤੱਕ ਸਰਕਾਰ ਫੈਡਰੇਸ਼ਨ 'ਤੇ ਪਾਬੰਦੀ ਨਹੀਂ ਹਟਾਉਂਦੀ, ਉਹ ਰੋਜ਼ਾਨਾ ਇੱਕ ਨਾਮਵਰ ਲੀਡਰ ਮਾਰਨਗੇ। ਉਸ ਸਮੇਂ ਸਭ ਨੂੰ ਸਭ ਕੁਝ ਸਪਸ਼ਟ ਸੀ। ਇਹ ਵਿਦਵਾਨ ਪਤਾ ਨਹੀਂ ਕਿਸ ਆਧਾਰ 'ਤੇ ਕਹਿ ਰਹੇ ਹਨ ਕਿ ਸਰਕਾਰੀ ਏਜੰਸੀਆਂ ਸਭ ਕੁਝ ਕਰਾ ਰਹੀਆਂ ਸਨ?

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਵਰਗੇ ਅਣ-ਵਿਕਸਤ ਦੇਸ਼ ਵਿਚ ਸਿੱਖਾਂ ਸਮੇਤ ਸਭ ਦੀਆਂ ਅਨੇਕਾਂ ਸਮੱਸਿਆਵਾਂ ਹਨ। ਉਨ੍ਹਾਂ ਦੇ ਹੱਲ ਲਈ ਸੰਘਰਸ਼ ਕਰਨਾ ਵੀ ਸਭ ਦਾ ਲੋਕਤੰਤਰੀ ਹੱਕ ਹੈ ਪਰ ਕਿਸੇ ਸਪਸ਼ਟ ਯੁੱਧਨੀਤੀ ਨੂੰ ਧਿਆਨ ਵਿਚ ਰੱਖ ਕੇ ਅਤੇ ਉਸ ਦੇ ਨਿਕਲਣ ਵਾਲੇ ਦੂਰ-ਰਸ ਸਿੱਟਿਆਂ ਦੇ ਲੜਾਈ ਲੜਨੀ ਜਾਂ ਅਕਾਲ ਤਖਤ ਦੀ ਮੋਰਚਾਬੰਦੀ ਕਰਨੀ ਜਾਂ ਆਮ ਲੋਕਾਂ ਦੇ ਅੰਨ੍ਹੇਵਾਹ ਕਤਲ ਕਰ ਕੇ ਭੜਕਾਹਟ ਪੈਦਾ ਕਰਨੀ ਕਿਤਨੀ ਕੁ ਜ਼ਾਇਜ ਸੀ? ਫਿਰ ਜਦੋਂ ਸਰਕਾਰਾਂ ਸੰਘਰਸ਼ਕਾਰੀਆਂ ਦੀ ਹਿੰਸਾ ਨੂੰ ਅੱਤਵਾਦ ਦਾ ਨਾਮ ਦੇ ਕੇ ਜਬਰ ਕਰਦੀਆਂ ਹਨ ਤਾਂ ਸਾਡਾ ਰੌਲਾ ਪਾਉਣਾ ਕਿਤਨਾ ਕੁ ਉਚਿਤ ਰਹਿ ਜਾਂਦਾ ਹੈ? ਜਦੋਂ ਸਿੱਖ ਲੀਡਰਾਂ ਨੇ 1947 ਵਿਚ ਭਾਰਤ ਨਾਲ ਕਿਸਮਤ ਜੋੜਨ ਦਾ ਫੈਸਲਾ ਕਰ ਹੀ ਲਿਆ ਸੀ ਤਾਂ ਕੀ ਉਨ੍ਹਾਂ ਨੂੰ ਜੋ ਕੁਝ ਉਹ ਬਾਅਦ ਵਿਚ ਕਰ ਰਹੇ ਸਨ, ਉਸ ਬਾਰੇ ਪਹਿਲਾਂ ਨਹੀਂ ਸੋਚਣਾ ਚਾਹੀਦਾ ਸੀ? ਸਿੱਖ ਲੀਡਰਾਂ ਦੀ ਮਾਨਸਿਕਤਾ ਬਾਰੇ ਇਥੇ ਇੱਕ ਉਦਾਹਰਨ ਦੇਣੀ ਵਾਜਿਬ ਰਹੇਗੀ। ਇਸ ਬਾਰੇ ਡਾ. ਗੋਪਾਲ ਸਿੰਘ ਦੀ ਕਿਤਾਬ 'ਏ ਹਿਸਟਰੀ ਆਫ ਸਿੱਖ ਪੀਪਲ' ਵਿਚੋਂ ਹਵਾਲਾ ਦੇਣਾ ਚਾਹੁੰਦਾ ਹਾਂ ਕਿ ਲੇਖਕ ਨੂੰ ਸਿੱਖ ਲੀਡਰ ਮਾਸਟਰ ਤਾਰਾ ਸਿੰਘ ਨੇ 1947 ਤੋਂ ਕੁਝ ਸਾਲ ਬਾਅਦ ਆਪਣੀ ਰਾਜਨੀਤਕ ਸੋਚ ਦਾ ਇੰਕਸ਼ਾਫ ਇਵੇਂ ਕੀਤਾ ਸੀ: ਜਿੰਨੀ ਦੇਰ ਤੱਕ ਮੈਂ ਆਪਣੇ ਖਾੜਕੂ (ਗਰਮ ਖਿਆਲੀ) ਪੈਰੋਕਾਰਾਂ ਨੂੰ ਕਿਸੇ ਨਾ ਕਿਸੇ ਅੰਦੋਲਨ ਵਿਚ ਨਾ ਉਲਝਾਈ ਰੱਖਾਂ, ਓਨੀ ਦੇਰ ਤੱਕ ਉਹ ਜਾਂ ਤਾਂ ਖਿੰਡ-ਪੁੰਡ ਕੇ ਆਪਸ ਵਿਚ ਲੜਨ ਲੱਗ ਜਾਣਗੇ ਅਤੇ ਜਾਂ ਫਿਰ ਲੀਡਰਸ਼ਿਪ ਦੀ ਕੁਰਸੀ ਖਿੱਚਣ ਲੱਗਣਗੇ। ਸਿੱਖਾਂ ਨੂੰ ਆਪਣੇ ਕੰਟਰੋਲ ਵਿਚ ਰੱਖਣ ਲਈ 'ਅਫਗਾਨਿਸਤਾਨ ਦੇ ਤਖਤ ਉਤੇ ਬੈਠਣ ਜਿਤਨਾ ਖਤਰਾ ਮੁੱਲ ਲੈਣਾ ਪੈਂਦਾ ਹੈ।

ਜੇ ਮਾਸਟਰ ਤਾਰਾ ਸਿੰਘ ਦੀ ਇਮਾਨਦਾਰੀ 'ਤੇ ਸ਼ੱਕ ਨਾ ਵੀ ਕਰੀਏ ਤਾਂ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਅਨੁਸਾਰ ਉਹ ਬਾਹਰੋਂ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬੇ ਦੇ ਨਾਮ 'ਤੇ ਮੋਰਚਾ ਲਗਾ ਕੇ ਅੰਦਰੋਂ (ਦਿਲੋਂ) ਸਿੱਖ ਸੂਬਾ ਬਣਾਉਣਾ ਚਾਹੁੰਦੇ ਸਨ ਤਾਂ ਕਿ ਗਰਮ ਖਿਆਲੀ ਸਿੱਖਾਂ ਨੂੰ ਸ਼ਾਂਤ ਕੀਤਾ ਜਾ ਸਕੇ ਪਰ ਉਹ ਕਦੇ ਵੀ ਸਿੱਖ ਸੂਬੇ ਦੇ ਹੱਕ ਵਿਚ ਸਪਸ਼ਟ ਸਟੈਂਡ ਨਹੀਂ ਲੈ ਸਕੇ ਜਿਸ ਕਾਰਨ ਨਾ ਢੰਗ ਦਾ ਪੰਜਾਬੀ ਭਾਸ਼ਾ ਸੂਬਾ ਬਣ ਸਕਿਆ, ਸਿੱਖ ਸੂਬਾ ਤਾਂ ਕੀ ਬਣਨਾ ਸੀ। ਹੁਣ ਦੇ ਲੀਡਰਾਂ ਅਤੇ ਵਿਦਵਾਨਾਂ ਦੀ ਵੀ ਇਹੀ ਸਮੱਸਿਆ ਹੈ ਕਿ ਉਹ ਕਿਸੇ ਵੀ ਪੱਖ ਤੋਂ ਸਪਸ਼ਟ ਨਹੀਂ ਹਨ। ਜਦੋਂ ਦਰਿਆਈ ਪਾਣੀਆਂ ਦੇ ਮਸਲਿਆਂ ਦੇ ਮਾਹਰ ਸ. ਪ੍ਰੀਤਮ ਸਿੰਘ ਕੁਮੇਦਾਨ ਵਰਗੇ ਉਘੇ ਚਿੰਤਕ ਆਪਣੀਆਂ ਲਿਖਤਾਂ ਵਿਚ ਸਵਾਲ ਕਰਦੇ ਹਨ ਕਿ ਸਾਨੂੰ ਦੱਸ ਤਾਂ ਦਿਉ ਤੁਹਾਡਾ ਖਾਲਿਸਤਾਨ ਕਿਥੇ, ਕਿਹੋ ਜਿਹਾ ਹੋਵੇਗਾ ਤਾਂ ਕੋਈ ਜਵਾਬ ਨਹੀਂ ਦਿੰਦਾ। ਸ. ਕੁਮੇਦਾਨ ਅਨੁਸਾਰ ਕੀ ਵੱਖਰੇ ਸਿੱਖ ਰਾਜ ਦੀ ਮੰਗ ਕਰਨ ਵਾਲਿਆਂ ਨੇ ਸੋਚਿਆ ਹੈ ਕਿ ਜੇ ਵਸੋਂ ਦਾ ਤਬਾਦਲਾ ਹੋਇਆ ਤਾਂ ਮੌਜੂਦਾ ਪੰਜਾਬ ਦੇ ਪੱਲੇ ਕੀ ਰਹੇਗਾ? ਸਾਡੇ ਤਾਂ ਤਿੰਨੇ ਦਰਿਆ ਵੀ ਉਨ੍ਹਾਂ ਇਲਾਕਿਆਂ ਵਿਚੋਂ ਹੀ ਲੰਘਦੇ ਹਨ ਜੋ ਭਾਰੀ ਹਿੰਦੂ ਵਸੋਂ ਵਾਲੇ ਹਨ। ਪਰ ਸਾਡੇ ਲੀਡਰ ਅਤੇ ਵਿਦਵਾਨ ਸਿਰਫ ਨਾਅਰੇਬਾਜ਼ੀ ਤੇ ਮਾਅਰਕੇਬਾਜ਼ੀ ਦੀ ਜਜ਼ਬਾਤੀ ਸਿਆਸਤ ਹੀ ਕਰਦੇ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਜੂਨ 1984 ਦੀ ਫੌਜੀ ਕਾਰਵਾਈ ਸਰਕਾਰ ਦੀ ਬੱਜਰ ਗਲਤੀ ਸੀ, ਉਸ ਕੋਲ ਹੋਰ ਵੀ ਰਾਹ ਸਨ, ਫੌਜ ਭੇਜਣ ਵਰਗੀ ਗਲਤੀ ਨਹੀਂ ਕਰਨੀ ਚਾਹੀਦੀ ਸੀ ਪਰ ਕੀ ਉਸ ਸਿੱਖ ਮਨਾਂ ਨੂੰ ਭਾਰੀ ਠੇਸ ਪਹੁੰਚਾਉਣ ਵਾਲੀ ਇਸ ਗਲਤੀ ਲਈ ਸਿਰਫ ਸਰਕਾਰ ਹੀ ਜ਼ਿੰਮੇਵਾਰ ਸੀ? ਹੁਣ ਜਦੋਂ ਅਸੀਂ ਜੂਨ 84 ਦੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਾਨੂੰ ਇਹ ਦੇਖਣ ਦੀ ਥਾਂ ਕਿ ਇਹ ਕਿਵੇਂ ਵਾਪਰੀਆਂ, ਇਹ ਦੇਖਣ ਦੀ ਵੱਧ ਲੋੜ ਹੈ ਕਿ ਕਿਉਂ ਵਾਪਰੀਆਂ ਤਾਂ ਕਿ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕੀਆਂ ਜਾ ਸਕਣ? ਕੀ ਸਿੱਖ ਕੌਮ ਦੇ ਇਹ ਸਿਰਮੌਰ ਵਿਦਵਾਨ ਕਦੇ ਕੌਮ ਨੂੰ ਜਵਾਬਦੇਹ ਹੋਣਗੇ?

ਤੂ ਇਧਰ ਉਧਰ ਕੀ ਬਾਤ ਨਾ ਕਰ
ਯੇ ਬਤਾ ਕਿ ਕਾਫਿਲਾ ਕਿਉਂ ਲੁਟਾ,
ਮੁਝੇ ਰਾਹਜਨੋਂ ਸੇ ਗਿਲਾ ਨਹੀਂ
ਤੇਰੀ ਰਹਿਬਰੀ ਕਾ ਸਵਾਲ ਹੈ।

# ਸਮੁੰਦਰੀ ਆਫਤਾਂ

ਡਾ. ਗੁਰਿੰਦਰ ਕੌਰ

ਅਰਬ ਸਾਗਰ ਤੋਂ ਉਠਿਆ ਤਾਉਤੇ ਚੱਕਰਵਾਤ ਭਾਰਤ ਦੇ ਪੱਛਮੀ ਤੱਟ ਉਤੇ ਵੱਸੇ ਸਾਰੇ ਰਾਜਾਂ ਵਿਚ ਭਿਆਨਕ ਤਬਾਹੀ ਮਚਾਉਂਦਾ ਹੋਇਆ 17 ਮਈ ਨੂੰ ਰਾਤ ਦੇ 8.45 ਵਜੇ ਗੁਜਰਾਤ ਦੇ ਸ਼ੁਰਾਸ਼ਟਰ ਦੇ ਤੱਟਵਰਤੀ ਖੇਤਰ ਵਿਚ ਦਿਊ ਅਤੇ ਊਨਾ ਦੇ ਵਿਚਕਾਰਲੇ ਖੇਤਰ ਵਿਚ 165-170 ਕਿਲੋਮੀਟਰ ਪ੍ਰਤੀ ਘੰਟਾ ਹਵਾਵਾਂ ਦੀ ਰਫਤਾਰ ਨਾਲ ਟਕਰਾ ਗਿਆ। ਤਾਉਤੇ ਚੱਕਰਵਾਤ ਇੰਨੀ ਜ਼ਿਆਦਾ ਊਰਜਾ ਨਾਲ ਤੱਟ ਨਾਲ ਟਕਰਾਇਆ ਕਿ ਸਮੁੰਦਰ ਦੇ ਪਾਣੀ ਵਿਚ 3 ਮੀਟਰ ਤੋਂ ਉਚੀਆਂ ਲਹਿਰਾਂ ਉਠ ਗਈਆਂ। ਸਮੁੰਦਰੀ ਲਹਿਰਾਂ ਦਾ ਪਾਣੀ ਇਨ੍ਹਾਂ ਖੇਤਰਾਂ ਵਿਚ ਵੱਸੇ ਹਜ਼ਾਰਾਂ ਪਿੰਡਾਂ ਵਿਚ ਵੜ ਗਿਆ, ਜਿਸ ਨਾਲ ਉਥੋਂ ਦੀਆਂ ਬਹੁਤ ਸਾਰੀਆਂ ਇਮਾਰਤਾਂ ਅਤੇ ਘਰ ਨੁਕਸਾਨੇ ਗਏ। ਤੇਜ਼ ਹਵਾਵਾਂ ਨੇ ਦਰਖਤਾਂ ਅਤੇ ਬਿਜਲੀ ਦੇ ਖੰਭੇ ਉਖਾੜ ਦਿੱਤੇ, ਜਿਸ ਨਾਲ ਸੜਕਾਂ ਉਤੇ ਆਵਾਜਾਈ ਠੱਪ ਹੋ ਗਈ ਅਤੇ ਬਿਜਲੀ ਵੀ ਗੁੱਲ ਹੋ ਗਈ।

ਚੱਕਰਵਾਤ ਕੇਰਲ ਦੇ ਦੱਖਣ ਵੱਲ ਅਰਬ ਸਾਗਰ ਤੋਂ ਚੱਲਿਆ ਸੀ। ਚੱਕਰਵਾਤ ਨੇ ਪੱਛਮੀ ਤੱਟ ਉਤੇ ਵੱਸੇ 5 ਰਾਜਾਂ-ਕੇਰਲ, ਕਰਨਾਟਕ, ਗੋਆ, ਮਹਾਂਰਾਸ਼ਟਰ ਤੇ ਗੁਜਰਾਤ ਅਤੇ ਕੇਂਦਰੀ ਸ਼ਾਸਤ ਰਾਜ ਦਮਨ ਤੇ ਦਿਊ ਵਿਚ ਭਾਰੀ ਨੁਕਸਾਨ ਪਹੁੰਚਾਇਆ ਹੈ। ਕੋਚੀ, ਗੋਆ, ਮੁੰਬਈ, ਅਹਿਮਦਾਬਾਦ, ਰਾਜਕੋਟ, ਵਡੋਦਰਾ ਅਤੇ ਕੰਡਲਾ ਹਵਾਈ ਅੱਡੇ ਜਿਵੇਂ ਜਿਵੇਂ ਤਾਉਤੇ ਦੇ ਰਾਹ ਵਿਚ ਆਉਂਦੇ ਗਏ, ਉਨ੍ਹਾਂ ਨੂੰ ਸੁਰੱਖਿਆ ਦੇ ਹਿਸਾਬ ਨਾਲ ਬੰਦ ਕਰ ਦਿੱਤਾ ਗਿਆ। 17 ਮਈ ਨੂੰ ਵਡੋਦਰਾ ਹਵਾਈ ਅੱਡਾ ਸਾਰਾ ਦਿਨ ਬੰਦ ਰਿਹਾ ਅਤੇ ਅਹਿਮਦਾਬਾਦ ਦੇ ਹਵਾਈ ਅੱਡੇ ਤੋਂ ਲਗਭਗ 18 ਉਡਾਣਾਂ ਰੱਦ ਕੀਤੀਆਂ ਗਈਆਂ। ਇਸੇ ਤਰ੍ਹਾਂ ਬਾਕੀ ਹਵਾਈ ਅੱਡੇ ਵੀ ਚੱਕਰਵਾਤ ਦੇ ਲੰਘਣ ਸਮੇਂ ਬੰਦ ਕੀਤੇ ਗਏ। ਰਸਤੇ ਵਿਚ ਪੈਂਦੀਆਂ ਬੰਦਰਗਾਹਾਂ ਤੋਂ ਵੀ ਜਹਾਜ਼ ਸਮੁੰਦਰ ਵਿਚ ਵਾਪਸ ਭੇਜ ਦਿੱਤੇ ਗਏ ਤਾਂਕਿ ਉਹ ਤੇਜ਼ ਹਵਾਵਾਂ ਕਾਰਨ ਆਪਸ ਵਿਚ ਟਕਰਾ ਨਾ ਜਾਣ। ਭਾਰਤ ਦੇ ਪੱਛਮੀ ਤੱਟ ਦੀਆਂ ਬੰਦਰਗਾਹਾਂ ਉਤੇ ਅਜਿਹਾ ਖਤਰਾ ਪਹਿਲੀ ਵਾਰ ਮਹਿਸੂਸ ਕੀਤਾ ਗਿਆ ਹੈ। ਭਾਰਤੀ ਮੌਸਮ ਵਿਭਾਗ ਦੀ ਅਗਾਊਂ ਚਿਤਾਵਨੀ ਕਾਰਨ ਵੱਖ ਵੱਖ ਰਾਜਾਂ ਦੇ ਤੱਟਵਰਤੀ ਇਲਾਕਿਆਂ ਵਿਚ ਵੱਸੇ 2 ਲੱਖ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਂਵਾਂ ਉਤੇ ਪਹੁੰਚਾ ਦਿੱਤਾ ਗਿਆ।

ਚੱਕਰਵਾਤ ਦੇ ਲੰਘਣ ਦੇ ਰਸਤੇ ਅਤੇ ਉਸ ਦੀ ਰਫਤਾਰ ਦੀ ਅਗਾਊਂ ਚਿਤਾਵਨੀ ਕਾਰਨ ਲੱਖਾਂ ਲੋਕਾਂ ਦੀਆਂ ਜਾਨਾਂ ਬਚ ਗਈਆਂ ਹਨ, ਜੋ ਸਾਡੇ ਦੇਸ ਦਾ ਇਸ ਆਫਤ ਤੋਂ ਬਚਾਉ ਲਈ ਇਕ ਪ੍ਰਸ਼ੰਸਾਯੋਗ ਉਪਰਾਲਾ ਹੈ। ਇਸ ਸਭ ਦੇ ਬਾਵਜੂਦ ਲਗਭਗ ਦੋ ਦਰਜਨ ਵਿਅਕਤੀ ਇਸ ਚੱਕਰਵਾਤ ਦੀ ਲਪੇਟ ਵਿਚ ਆ ਕੇ ਆਪਣੀ ਜਾਨ ਤੋਂ ਹੱਥ ਧੋ ਬੈਠੇ ਹਨ। ਤੇਲ ਸੋਧਕ ਕਾਰਖਾਨਿਆਂ ਵਿਚ ਕੰਮ ਕਰਦੇ ਕਾਮਿਆਂ ਨਾਲ ਭਰੀਆਂ ਤਿੰਨ ਵੱਡੀਆਂ ਕਿਸ਼ਤੀਆਂ, ਜਿਨ੍ਹਾਂ ਵਿਚ 700 ਦੇ ਕਰੀਬ ਵਿਅਕਤੀ ਸਨ, ਵਿਚੋਂ 640 ਵਿਅਕਤੀਆਂ ਨੂੰ ਬਚਾ ਲਿਆ ਗਿਆ ਹੈ ਅਤੇ ਬਾਕੀਆਂ ਦੀ ਭਾਲ ਹਾਲੇ ਜਾਰੀ ਹੈ।

ਤਾਉਤੇ ਅਰਬ ਸਾਗਰ ਵਿਚ 2021 ਵਿਚ ਅਤੇ ਖਾਸ ਕਰਕੇ ਮਈ ਦੇ ਮਹੀਨੇ ਵਿਚ (ਮੌਨਸੂਨ ਤੋਂ ਪਹਿਲਾਂ) ਆਉਣ ਵਾਲਾ ਪਹਿਲਾ ਚੱਕਰਵਾਤੀ ਤੂਫਾਨ ਹੈ। ਭਾਰਤ ਦੇ ਮੌਸਮ ਵਿਭਾਗ ਅਨੁਸਾਰ 1891-2017 ਤੱਕ ਹਿੰਦ ਮਹਾਸਾਗਰ ਵਿਚ ਹਰ ਸਾਲ ਔਸਤਨ 5 ਚੱਕਰਵਾਤੀ ਤੂਫਾਨ ਆਉਂਦੇ ਸਨ, ਜਿਨ੍ਹਾਂ ਵਿਚੋਂ ਚਾਰ ਬੰਗਾਲ ਦੀ ਖਾੜੀ ਅਤੇ ਸਿਰਫ ਇਕ ਅਰਬ ਸਾਗਰ ਵਿਚ ਆਉਂਦਾ ਸੀ। ਇਸ ਦਾ ਮਤਲਬ ਇਕ ਤਾਂ ਬੰਗਾਲ ਦੀ ਖਾੜੀ ਵਿਚ ਵੱਧ ਅਤੇ ਅਰਬ ਸਾਗਰ ਵਿਚ ਘੱਟ ਚੱਕਰਵਾਤ ਤੂਫਾਨ ਆਉਂਦੇ ਸਨ। ਦੂਜਾ ਅਰਬ ਸਾਗਰ ਵਿਚ ਆਉਣ ਵਾਲੇ ਚੱਕਰਵਾਤੀ ਤੂਫਾਨ 1891-2017 ਤੱਕ ਦੇ ਅਰਸੇ ਵਿਚ ਬੰਗਾਲ ਦੀ ਖਾੜੀ ਦੇ ਚੱਕਰਵਾਤੀ ਤੂਫਾਨਾਂ ਨਾਲੋਂ ਘੱਟ ਤੀਬਰਤਾ ਵਾਲੇ ਵੀ ਹੁੰਦੇ ਸਨ। ਪਿਛਲੇ ਕੁਝ ਸਾਲਾਂ ਤੋਂ ਅਰਬ ਸਾਗਰ ਵਿਚ ਆਉਣ ਵਾਲੇ ਚੱਕਰਵਾਤੀ ਤੂਫਾਨਾਂ ਦੀ ਗਿਣਤੀ ਵਿਚ ਵਾਧਾ ਹੋਣ ਦੇ ਨਾਲ ਨਾਲ ਇਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

2018 ਵਿਚ ਹਿੰਦ ਮਹਾਸਾਗਰ ਵਿਚ ਕੁੱਲ 7 ਚੱਕਰਵਾਤੀ ਤੂਫਾਨ ਆਏ, ਜਿਨ੍ਹਾਂ ਵਿਚੋਂ 3 ਅਰਬ ਸਾਗਰ ਵਿਚ ਅਤੇ 4 ਬੰਗਾਲ ਦੀ ਖਾੜੀ ਵਿਚ ਆਏ ਸਨ। 2019 ਵਿਚ 8 ਚੱਕਰਵਾਤੀ ਤੂਫਾਨ ਆਏ, ਜਿਨ੍ਹਾਂ ਵਿਚੋਂ 5 ਅਰਬ ਸਾਗਰ ਅਤੇ 3 ਬੰਗਾਲ ਦੀ ਖਾੜੀ ਵਿਚ ਆਏ। 2020 ਵਿਚ ਕੁੱਲ 5 ਚੱਕਰਵਾਤੀ ਤੂਫਾਨ ਆਏ, ਜਿਨ੍ਹਾਂ ਵਿਚ 2 ਅਰਬ ਸਾਗਰ ਵਿਚ ਅਤੇ 3 ਬੰਗਾਲ ਦੀ ਖਾੜੀ ਵਿਚ ਆਏ ਸਨ। 2017 ਤੱਕ ਅਰਬ ਸਾਗਰ ਵਿਚ ਹਰ ਸਾਲ ਆਉਣ ਵਾਲੇ ਚੱਕਰਵਾਤੀ ਤੂਫਾਨਾਂ ਦੀ ਗਿਣਤੀ ਔਸਤ ਇਕ ਹੀ ਰਹੀ ਸੀ, ਪਰ ਉਸ ਤੋਂ ਬਾਅਦ ਪਿਛਲੇ ਸਾਲਾਂ ਵਿਚ ਇਨ੍ਹਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਇੰਡੀਅਨ ਇੰਸਟੀਚਿਊਟ ਆਫ ਟਰੋਪੀਕਲ ਮੈਟਰੋਲੋਜ਼ੀਕਲ (ਆਈ. ਆਈ. ਟੀ. ਐਮ.) ਦੀ ਇਕ ਖੋਜ ਅਨੁਸਾਰ ਅਰਬ ਸਾਗਰ ਵਿਚ ਵੀ ਬੰਗਾਲ ਦੀ ਖਾੜੀ ਦੀ ਤਰ੍ਹਾਂ ਚੱਕਰਵਾਤੀ ਤੂਫਾਨ ਤੇਜ਼ੀ ਨਾਲ ਬਣਨ ਲੱਗ ਪਏ ਹਨ, ਕਿਉਂਕਿ ਅਰਬ ਸਾਗਰ ਦੀ ਸਮੁੰਦਰੀ ਸਤਹਾ ਦੇ ਤਾਪਮਾਨ ਵਿਚ ਵੀ ਪਿਛਲੇ 40 ਸਾਲਾਂ ਵਿਚ 1.2 ਤੋਂ 1.4 ਡਿਗਰੀ ਸੈਲਸੀਅਸ ਦਾ ਵਾਧਾ ਹੋ ਗਿਆ ਹੈ। ਬੰਗਾਲ ਦੀ ਖਾੜੀ ਵਿਚ ਜਿੱਥੇ ਸਮੁੰਦਰ ਦੀ ਸਤਹਾ ਦਾ ਤਾਪਮਾਨ 28 ਡਿਗਰੀ ਸੈਲਸੀਅਸ ਤੋਂ ਉਤੇ ਰਹਿੰਦਾ ਹੈ, ਉਥੇ ਚੱਕਰਵਾਤੀ ਤੂਫਾਨ ਜ਼ਿਆਦਾ ਬਣਦੇ ਹਨ। ਭਾਰਤੀ ਮੌਸਮ ਵਿਭਾਗ ਅਨੁਸਾਰ ਇਸ ਸਾਲ ਜਦੋਂ ਤਾਉਤੇ ਚੱਕਰਵਾਤ ਗੋਆ ਕੋਲੋਂ ਲੰਘਿਆ ਤਾਂ ਉਥੋਂ ਦੀ ਸਮੁੰਦਰ ਦੀ ਸਤਹਾ ਦਾ ਤਾਪਮਾਨ 30-31 ਡਿਗਰੀ ਸੈਲਸੀਅਸ ਸੀ, ਜਿਸ ਨਾਲ ਇਸ ਵਿਚਲੀਆਂ ਹਵਾਵਾਂ ਦੀ ਗਤੀ ਵਿਚ ਵਾਧਾ ਹੋ ਗਿਆ ਸੀ, ਜਿਸ ਦੇ ਨਤੀਜੇ ਵਜੋਂ ਇਸ ਚੱਕਰਵਾਤੀ ਤੂਫਾਨ ਨੇ ਵੱਧ ਤਬਾਹੀ ਕੀਤੀ ਹੈ। ਤਾਉਤੇ ਚੱਕਰਵਾਤੀ ਤੂਫਾਨ ਲਗਾਤਾਰ ਚੌਥੇ ਸਾਲ ਅਰਬ ਦੀ ਖਾੜੀ ਤੋਂ ਉਠਿਆ ਅਤੇ ਮੌਨਸੂਨ ਦੇ ਸਮੇਂ ਤੋਂ ਪਹਿਲਾਂ ਆਇਆ ਤੂਫਾਨ ਹੈ। ਇਹ ਆਪਣੇ ਤੋਂ ਪਹਿਲਾ ਦੇ ਚੱਕਰਵਾਤੀ ਤੂਫਾਨਾਂ ਦੇ ਮੁਕਾਬਲੇ, 14 ਮਈ ਤੋਂ 16 ਮਈ ਦੇ ਸਮੇਂ ਦੌਰਾਨ ਹੀ ਤੇਜ਼ੀ ਨਾਲ ਤੀਬਰ ਗਤੀ ਦੇ ਚੱਕਰਵਾਤੀ ਤੂਫਾਨ ਵਿਚ ਬਦਲ ਗਿਆ ਹੈ। ਅਰਬ ਸਾਗਰ ਵਿਚ ਵਧ ਰਹੇ ਤੇਜ਼ ਗਤੀ ਵਾਲੇ ਚੱਕਰਵਾਤੀ ਤੂਫਾਨਾਂ ਦੀ ਆਮਦ ਦਾ ਵਧਣਾ ਭਾਰਤ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਨ੍ਹਾਂ ਦਾ ਸਬੰਧ ਵਧਦੇ ਹੋਏ ਤਾਪਮਾਨ ਨਾਲ ਜੁੜਿਆ ਹੈ, ਜਿਸ ਨਾਲ ਕੁਦਰਤੀ ਆਫਤਾਂ ਦੀ ਆਮਦ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਓਰੇਗਾਨ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ ਹਿੰਦ ਮਹਾਂਸਾਗਰ ਦਾ ਪਾਣੀ ਦੂਜੇ ਸਮੁੰਦਰਾਂ ਦੇ ਮੁਕਾਬਲੇ ਤੇਜ਼ੀ ਨਾਲ ਗਰਮ ਹੋ ਰਿਹਾ ਹੈ। ਸਮੁੰਦਰ ਦੇ ਪਾਣੀ ਦੇ ਤਾਪਮਾਨ ਦੇ ਵਧਣ ਨਾਲ ਸਮੁੰਦਰੀ ਤੂਫਾਨਾਂ/ਚੱਕਰਵਾਤਾਂ ਦੀ ਮਾਰ ਦੀ ਗਹਿਰਾਈ ਵਿਚ ਕਈ ਗੁਣਾ ਵਾਧਾ ਹੋ ਜਾਂਦਾ ਹੈ। ਡੇਨੀਅਲ ਲੈਵਿਟ ਅਤੇ ਨਿਕੋ ਕੈਮਨੈਡਾ ਦੀ ਇਕ ਖੋਜ ਅਨੁਸਾਰ ਜੇ ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਇਕ ਡਿਗਰੀ ਸੈਲਸੀਅਸ ਦਾ ਵਾਧਾ ਹੁੰਦਾ ਹੈ ਤਾਂ ਸਮੁੰਦਰੀ ਤੂਫਾਨ/ਚੱਕਰਵਾਤ ਵਿਚਲੀ ਹਵਾ ਦੀ ਗਤੀ ਵਿਚ 5 ਫੀਸਦ ਦਾ ਵਾਧਾ ਹੋ ਜਾਂਦਾ ਹੈ। ਵੱਧ ਗਤੀ ਵਾਲੀ ਹਵਾ ਵਾਲਾ ਚੱਕਰਵਾਤੀ ਤੂਫਾਨ ਵਧੇਰੇ ਤਬਾਹੀ ਮਚਾਉਂਦਾ ਹੈ। ਤਾਉਤੇ ਚੱਕਰਵਾਤੀ ਤੂਫਾਨ ਨੇ ਕੇਰਲ ਤੋਂ ਲੈ ਕੇ ਗੁਜਰਾਤ ਤੱਕ ਦੇ ਸਾਰੇ ਰਾਜਾਂ ਦੇ 1200 ਕਿਲੋਮੀਟਰ ਦੇ ਖੇਤਰ ਵਿਚ ਭਾਰੀ ਤਬਾਹੀ ਮਚਾਈ ਹੈ।

ਕੇਰਲ ਵਿਚ ਚੱਕਰਵਾਤ ਤੋਂ ਪਹਿਲਾਂ ਆਏ ਭਾਰੀ ਮੀਂਹ ਨਾਲ ਇੱਥੋਂ ਦੇ ਜਿਲਿਆਂ ਵਿਚ ਜ਼ਿਆਦਾ ਪਾਣੀ ਭਰਨ ਨਾਲ ਫਸਲਾਂ ਅਤੇ ਇਮਾਰਤਾਂ ਦਾ ਕਾਫੀ ਜ਼ਿਆਦਾ ਨੁਕਸਾਨ ਹੋਇਆ ਅਤੇ ਦੋ ਵਿਅਕਤੀਆਂ, ਜਦੋਂਕਿ ਕਰਨਾਟਕ ਵਿਚ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਹੈ। ਕਰਨਾਟਕ ਦੇ ਛੇ ਜਿਲਿਆਂ ਦੇ 73 ਪਿੰਡ ਤੇਜ਼ ਹਵਾਵਾਂ ਅਤੇ ਭਾਰੀ ਮੀਂਹ ਨਾਲ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਗੋਆ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ, 200 ਘਰ ਢਹਿ ਗਏ ਅਤੇ ਕਰੀਬ 500 ਦਰਖਤ ਜੜ੍ਹੋਂ ਪੁੱਟੇ ਗਏ ਹਨ। ਗੋਆ ਦਾ ਹਵਾਈ ਅੱਡਾ ਵੀ ਇਕ ਦਿਨ ਬੰਦ ਰਿਹਾ। ਮਹਾਰਾਸ਼ਟਰ ਦਾ ਪ੍ਰਸਿੱਧ ਸ਼ਹਿਰ ਮੁੰਬਈ, ਜੋ ਤਾਉਤੇ ਚੱਕਰਵਾਤੀ ਤੂਫਾਨ ਦੇ ਰਸਤੇ ਤੋਂ 120-130 ਕਿਲੋਮੀਟਰ ਦੀ ਦੂਰੀ ਉਤੇ ਸੀ, ਵੀ ਇਸ ਦੀਆਂ ਤੇਜ਼ ਹਵਾਵਾਂ ਅਤੇ ਭਾਰੀ ਮੀਂਹ ਦੇ ਪ੍ਰਭਾਵ ਥੱਲੇ ਬੁਰੀ ਤਰ੍ਹਾਂ ਆਇਆ ਰਿਹਾ। ਇੱਥੋਂ ਹਵਾਈ ਉਡਾਣਾਂ ਅਤੇ ਸਥਾਨਕ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਕਈ ਘੰਟਿਆਂ ਲਈ ਬੰਦ ਕਰਨਾ ਪਿਆ ਅਤੇ ਤੇਜ਼ ਹਵਾਵਾਂ ਚੱਲਣ ਕਾਰਨ ਬਿਜਲੀ ਦੇ ਖੰਭੇ ਟੁੱਟਣ ਨਾਲ ਦਫਤਰੀ ਕੰਮ ਵੀ ਠੱਪ ਹੋ ਗਏ ਸਨ।

ਇਸ ਚੱਕਰਵਾਤ ਦੀਆਂ ਤੇਜ਼ ਅਤੇ ਨਮੀ ਵਾਲੀਆਂ ਹਵਾਵਾਂ ਦਾ ਅਸਰ ਰਾਜਸਥਾਨ ਤੋਂ ਹੁੰਦਾ ਹੋਇਆ ਦਿੱਲੀ, ਪੰਜਾਬ, ਹਰਿਆਣਾ ਆਦਿ ਰਾਜਾਂ ਉਤੇ ਵੀ ਮੀਂਹ ਦੇ ਰੂਪ ਵਿਚ ਪੈ ਰਿਹਾ ਹੈ। ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਨਾਲ ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵਾਧੇ ਦੇ ਨਾਲ ਨਾਲ ਸਮੁੰਦਰ ਦਾ ਜਲ ਪੱਧਰ ਵੀ ਉਚਾ ਹੋ ਜਾਂਦਾ ਹੈ। ਨੌਆ ਦੀ ਇਕ ਰਿਪੋਰਟ ਅਨੁਸਾਰ ਸਮੁੰਦਰ ਦੇ ਜਲ ਪੱਧਰ ਦੇ ਉਚਾ ਹੋਣ ਨਾਲ ਚੱਕਰਵਾਤਾਂ ਅਤੇ ਸੁਨਾਮੀ ਵਰਗੀਆਂ ਕੁਦਰਤੀ ਆਫਤਾਂ ਦੀ ਆਮਦ ਦੀ ਗਿਣਤੀ ਵਿਚ ਵੀ ਤੇਜ਼ੀ ਨਾਲ ਵਾਧਾ ਹੁੰਦਾ ਹੈ। ਇੰਡੀਅਨ ਨੈਸ਼ਨਲ ਸੈਂਟਰ ਫਾਰ ਓਸ਼ਨ ਇਨਫਰਮੇਸ਼ਨ ਸਰਵਿਸ ਆਫ ਹੈਦਰਾਬਾਦ ਅਨੁਸਾਰ ਭਾਰਤ ਦੇ ਤੱਟਵਰਤੀ ਖੇਤਰਾਂ ਨਾਲ ਲੱਗਦੇ ਖੇਤਰਾਂ ਵਿਚ ਸਮੁੰਦਰ ਦਾ ਜਲ ਪੱਧਰ ਔਸਤਨ 1.6-1.7 ਮਿਲੀਮੀਟਰ ਦੀ ਦਰ ਨਾਲ ਹਰ ਸਾਲ ਵਧ ਰਿਹਾ ਹੈ। ਭਾਰਤ ਦੇ ਸਾਰੇ ਤੱਟਵਰਤੀ ਖੇਤਰਾਂ ਵਿਚ ਸਮੁੰਦਰ ਦੇ ਜਲ ਪੱਧਰ ਵਧਣ ਦੀ ਦਰ ਇਕੋ ਜਿਹੀ ਨਹੀਂ ਹੈ। ਬੰਗਾਲ ਦੀ ਖਾੜੀ ਵਿਚ ਕਲਕੱਤਾ ਕੋਲ ਇਹ ਦਰ 5.4 ਮਿਲੀਮੀਟਰ, ਜਦੋਂਕਿ ਅਰਬ ਸਾਗਰ ਵਿਚ ਮੁੰਬਈ ਕੋਲ ਇਹ ਦਰ 1.2 ਮਿਲੀਮੀਟਰ ਪ੍ਰਤੀ ਸਾਲ ਹੈ। ਉਚਾ ਹੁੰਦਾ ਹੋਇਆ ਸਮੁੰਦਰੀ ਜਲ ਪੱਧਰ ਇਕੱਲਾ ਸਮੁੰਦਰ ਨਾਲ ਸਬੰਧਤ ਕੁਦਰਤੀ ਆਫਤਾਂ ਨੂੰ ਹੀ ਸੱਦਾ ਨਹੀਂ ਦਿੰਦਾ, ਸਗੋਂ ਇਸ ਦੇ ਉਚਾ ਹੋਣ ਨਾਲ ਸਮੁੰਦਰ ਦੇ ਤੱਟਵਰਤੀ ਇਲਾਕਿਆਂ ਵਿਚ ਵੱਸੇ ਲੋਕ ਵੀ ਪ੍ਰਭਾਵਿਤ ਹੁੰਦੇ ਹਨ।

ਭਾਰਤ ਦੀ 40 ਫੀਸਦ ਆਬਾਦੀ ਸਮੁੰਦਰ ਦੇ ਤੱਟਵਰਤੀ ਖੇਤਰਾਂ ਵਿਚ ਰਹਿੰਦੀ ਹੈ। ਸਾਡੇ ਦੇਸ ਦੇ ਦੱਖਣ ਵੱਲ ਤਿੰਨ ਪਾਸੇ ਸਮੁੰਦਰ ਹੈ ਅਤੇ ਇੱਥੋਂ ਦੇ 10 ਰਾਜ ਅਤੇ 4 ਕੇਂਦਰੀ ਸ਼ਾਸਤ ਰਾਜ ਸਮੁੰਦਰ ਦੇ ਤੱਟਵਰਤੀ ਖੇਤਰਾਂ ਵਿਚ ਸਥਿਤ ਹਨ। ਚੱਕਰਵਾਤ ਅਤੇ ਸੁਨਾਮੀ ਵਰਗੀਆਂ ਸਮੁੰਦਰੀ ਆਫਤਾਂ ਦੀ ਮਾਰ ਦੇ ਨਾਲ ਇਨ੍ਹਾਂ ਰਾਜਾਂ ਅਤੇ ਕੇਂਦਰੀ ਸ਼ਾਸਤ ਰਾਜਾਂ ਵਿਚ ਵੱਸੇ ਲੋਕਾਂ ਨੂੰ ਸਮੁੰਦਰ ਦੇ ਵਧਦੇ ਜਲ ਪੱਧਰ ਦੀ ਮਾਰ ਵੀ ਝੱਲਣੀ ਪੈ ਰਹੀ ਹੈ। ਭਾਰਤੀ ਮੌਸਮ ਵਿਭਾਗ ਦੀ ਇਕ ਰਿਪੋਰਟ ਅਨੁਸਾਰ ਚੱਕਰਵਾਤਾਂ ਕਾਰਨ 1980 ਤੋਂ 2000 ਦੇ ਅਰਸੇ ਦੌਰਾਨ ਹਰ ਸਾਲ ਦੇਸ ਦੇ 320 ਮਿਲੀਅਨ ਲੋਕ ਪ੍ਰਭਾਵਿਤ ਹੋਏ ਸਨ। ਸੰਯੁਕਤ ਰਾਸ਼ਟਰ ਦੀ ਸਾਲ 2014 ਦੀ ਇਕ ਰਿਪੋਰਟ ਅਨੁਸਾਰ 2013 ਵਿਚ ਭਾਰਤ ਦੇ 21 ਲੱਖ 40 ਹਜ਼ਾਰ ਲੋਕ ਕੁਦਰਤੀ ਕਰੋਪੀਆਂ ਕਾਰਨ ਆਪਣੇ ਘਰਾਂ ਤੋਂ ਉਜੜ ਗਏ ਸਨ, ਜੋ ਸਾਰੀ ਦੁਨੀਆਂ ਦੇ ਕੁਦਰਤੀ ਕਰੋਪੀਆਂ ਕਾਰਨ ਉਜੜੇ ਲੋਕਾਂ ਦਾ 9.72 ਫੀਸਦ ਸਨ।

ਨੇਚਰ ਕਮਿਊਨੀਕੇਸ਼ਨ ਨਾਂ ਦੇ ਜਨਰਲ ਵਿਚ ਛਪੀ ਇਕ ਖੋਜ ਅਨੁਸਾਰ ਸਮੁੰਦਰ ਦਾ ਜਲ ਪੱਧਰ ਉਚਾ ਹੋਣ ਨਾਲ ਭਾਰਤ ਦੀ 36 ਮਿਲੀਅਨ ਆਬਾਦੀ 2050 ਤੱਕ ਸਮੁੰਦਰੀ ਹੜ੍ਹਾਂ ਦੀ ਲਪੇਟ ਵਿਚ ਆ ਜਾਵੇਗੀ ਅਤੇ ਸਦੀ ਦੇ ਅੰਤ ਤੱਕ ਇਹ ਗਿਣਤੀ 44 ਮਿਲੀਅਨ ਹੋ ਸਕਦੀ ਹੈ। ਕੌਂਸਲ ਔਨ ਅਨਰਜੀ, ਇਨਵਾਇਰਮੈਂਟ ਅਤੇ ਵਾਟਰ ਵੱਲੋਂ ਦਸੰਬਰ 2020 ਨੂੰ ਜਾਰੀ ਕੀਤੇ ਇਕ ਅਧਿਐਨ ਅਨੁਸਾਰ ਵੀ ਭਾਰਤ ਦੇ 75 ਫੀਸਦ ਜਿਲੇ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਫਤਾਂ ਦੀ ਲਪੇਟ ਵਿਚ ਆ ਚੁਕੇ ਹਨ। ਇਸ ਅਧਿਐਨ ਅਨੁਸਾਰ ਪਿਛਲੇ ਇਕ ਦਹਾਕੇ ਵਿਚ ਦੇਸ਼ ਦੇ 258 ਜਿਲੇ ਚੱਕਰਵਾਤਾਂ ਦੀ ਆਮਦ ਨਾਲ ਪ੍ਰਭਾਵਿਤ ਹੋਏ ਸਨ। 2005 ਤੋਂ ਬਾਅਦ ਚੱਕਰਵਾਤਾਂ ਦੀ ਮਾਰ ਥੱਲੇ ਆਉਣ ਵਾਲੇ ਜਿਲਿਆਂ ਦੀ ਗਿਣਤੀ 1970 ਨਾਲੋਂ 3 ਗੁਣਾ ਅਤੇ ਉਨ੍ਹਾਂ ਨਾਲ ਹੋਣ ਵਾਲੀ ਤਬਾਹੀ ਵਿਚ ਦੋ ਗੁਣਾ ਵਾਧਾ ਹੋ ਗਿਆ ਹੈ। ਇਸ ਤਰ੍ਹਾਂ ਕੁਦਰਤ ਮਨੁੱਖ ਨੂੰ ਵਾਰ-ਵਾਰ ਚਿਤਾਵਨੀ ਦੇ ਰਹੀ ਹੈ ਕਿ ਕੁਦਰਤ ਨਾਲ ਜ਼ਿਆਦਾ ਛੇੜਛਾੜ ਮਨੁੱਖ ਦੇ ਆਪਣੇ ਹੀ ਵਿਨਾਸ਼ ਦਾ ਕਾਰਨ ਬਣਦੀ ਜਾ ਰਹੀ ਹੈ।

ਕਰੋਨਾ-ਮਹਾਮਾਰੀ ਵੀ ਕੁਦਰਤ ਵੱਲੋਂ ਆਈ ਹੋਈ ਇਕ ਚਿਤਾਵਨੀ ਹੈ, ਜਿਸ ਅੱਗੇ ਇਕ ਸਮੇਂ ਤਾਂ ਵਿਕਸਿਤ ਦੇਸਾਂ ਵੀ ਨੂੰ ਕੋਈ ਰਾਹਤ ਨਹੀਂ ਮਿਲ ਸਕੀ। ਹੁਣ ਭਾਵੇਂ ਵੈਕਸੀਨ ਆਉਣ ਨਾਲ ਇਸ ਤੋਂ ਵਿਕਸਿਤ ਦੇਸਾਂ ਨੂੰ ਕੁਝ ਰਾਹਤ ਮਿਲੀ, ਪਰ ਹਾਲੇ ਵੀ ਵਿਕਸਿਤ ਦੇਸ ਮਹਾਮਾਰੀ ਤੋਂ ਪੂਰੀ ਤਰ੍ਹਾਂ ਨਿਜਾਤ ਨਹੀਂ ਪਾ ਸਕੇ ਹਨ। ਹੋਰ ਤਾਂ ਹੋਰ, ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਇਹ ਬਿਮਾਰੀ ਕਿਵੇਂ ਪੈਦਾ ਹੋਈ ਅਤੇ ਇਸ ਦੇ ਪੈਦਾ ਹੋਣ ਦਾ ਮੁਖ ਕਾਰਨ ਕੀ ਹੈ?

ਭਾਰਤ ਵਿਚ ਭਾਵੇਂ ਲੋਕਾਂ ਨੂੰ ਚੱਕਰਵਾਤਾਂ ਦੀ ਆਮਦ ਬਾਰੇ ਅਗਾਊਂ ਸੂਚਨਾ ਵੀ ਦੇ ਦਿੱਤੀ ਜਾਂਦੀ ਹੈ ਅਤੇ ਸਰਕਾਰ ਸਮੇਂ ਸਿਰ ਖਤਰੇ ਵਾਲੀਆਂ ਥਾਂਵਾਂ ਤੋਂ ਸੁਰੱਖਿਅਤ ਪਹੁੰਚਾ ਕੇ ਉਨ੍ਹਾਂ ਨੂੰ ਬਚਾ ਵੀ ਲੈਂਦੀ ਹੈ। ਤਾਉਤੇ ਚੱਕਰਵਾਤ ਦੇ ਮਾਮਲੇ ਵਿਚ ਮੌਸਮ ਵਿਭਾਗ ਦੀਆਂ ਵਾਰ ਵਾਰ ਚਿਤਾਵਨੀਆਂ ਤੋਂ ਬਾਅਦ ਤੇਲ ਕੰਪਨੀਆਂ ਵੱਲੋਂ ਭੇਜੀਆਂ ਗਈਆਂ ਤਿੰਨ ਕਿਸ਼ਤੀਆਂ, ਜਿਨ੍ਹਾਂ ਵਿਚ 700 ਵਿਅਕਤੀ ਸਨ, ਦੀਆਂ ਜ਼ਿੰਦਗੀਆਂ ਨੂੰ ਖਤਰੇ ਵਿਚ ਪਾਉਣਾ ਇਕ ਬਹੁਤ ਸ਼ਰਮਨਾਕ ਵਰਤਾਰਾ ਸੀ।

ਤਾਪਮਾਨ ਦੇ ਵਾਧੇ ਨਾਲ ਕੁਦਰਤੀ ਆਫਤਾਂ ਦੀ ਵਧਦੀ ਹੋਈ ਗਿਣਤੀ ਨੂੰ ਦੇਖਦਿਆਂ ਕੇਂਦਰ ਸਰਕਾਰ ਅਤੇ ਸਾਰੇ ਰਾਜਾਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਹਰ ਤਰ੍ਹਾਂ ਦੀਆਂ ਕੁਦਰਤੀ ਆਫਤਾਂ ਤੋਂ ਬਚਣ ਲਈ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਕਰਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਚੱਕਰਵਾਤਾਂ ਦੇ ਨਾਲ ਨਾਲ ਸੁਨਾਮੀ ਆਉਣ ਦੀ ਅਗਾਊਂ ਚੇਤਾਵਨੀ ਦੇਣ ਵਾਲੇ ਯੰਤਰਾਂ ਨੂੰ ਚੁਸਤ-ਦਰੁਸਤ ਰੱਖਣ। ਇਸ ਤੋਂ ਇਲਾਵਾ ਤੱਟਵਰਤੀ ਰਾਜਾਂ ਨੂੰ ਚਾਹੀਦਾ ਹੈ ਕਿ ਆਪਣੇ ਰਾਜ ਦੇ ਹਰ ਜਿਲੇ ਦੇ ਸੰਵੇਦਨਸ਼ੀਲ ਖੇਤਰਾਂ ਦਾ ਜਾਇਜ਼ਾ ਲੈ ਕੇ ਉਸ ਖੇਤਰ ਵਿਚ ਆਉਣ ਵਾਲੀ ਕੁਦਰਤੀ ਆਫਤ ਨਾਲ ਸਿੱਝਣ ਲਈ ਯੋਜਨਾ ਬਣਾ ਕੇ ਉਸ ਤੋਂ ਬਚਾਅ ਦੇ ਉਪਰਾਲੇ ਕਰੇ ਅਤੇ ਇਹ ਦੇ ਨਾਲ ਉਥੋਂ ਦੇ ਲੋਕਾਂ ਨੂੰ ਉਸ ਆਫਤ ਦੇ ਖਤਰੇ ਬਾਰੇ ਅਤੇ ਉਸ ਨਾਲ ਨਜਿੱਠਣ ਦੇ ਸਾਧਨਾਂ ਬਾਰੇ ਜਾਗਰੂਕ ਕਰੇ।

ਸਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਤੱਟਵਰਤੀ ਸੰਵੇਦਨਸ਼ੀਲ ਖੇਤਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਕਰਨ ਅਤੇ ਵਿਕਾਸ ਕਾਰਜਾਂ ਉਤੇ ਪੂਰਨ ਤੌਰ ਉਤੇ ਪਾਬੰਦੀ ਲਾਉਣ। ਸਰਕਾਰ ਨੂੰ ਚਾਹੀਦਾ ਹੈ ਕਿ ਤੱਟਵਰਤੀ ਖੇਤਰਾਂ ਵਿਚ ਕੁਦਰਤੀ ਜਲਗਾਹਾਂ ਅਤੇ ਬਨਸਪਤੀ ਦੀ ਹੋਂਦ ਨੂੰ ਬਰਕਰਾਰ ਰੱਖੇ, ਕਿਉਂਕਿ ਸਮੁੰਦਰ ਦੇ ਤੱਟਵਰਤੀ ਇਲਾਕਿਆਂ ਵਾਲੀ ਬਨਸਪਤੀ ਅਤੇ ਜਲਗਾਹਾਂ ਸਮੁੰਦਰੀ ਆਫਤਾਂ ਨੂੰ ਰੋਕਣ ਲਈ ਅਤੇ ਉਨ੍ਹਾਂ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਵਿਚ ਸਹਾਈ ਹੁੰਦੇ ਹਨ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਤੱਟਵਰਤੀ ਖੇਤਰਾਂ ਵਿਚ ਉਸਾਰੀ ਦੇ ਨਿਯਮਾਂ ਵਿਚ ਢਿੱਲ੍ਹ ਨਾ ਦੇਵੇ, ਜਿਵੇਂ ਉਸ ਨੇ 2018 ਵਿਚ 2011 ਦੇ ਕੋਸਟਲ ਰੈਗੂਲੇਸ਼ਨ ਜੋਨ ਦੇ ਨਿਯਮਾਂ ਵਿਚ ਢਿੱਲ੍ਹ ਦੇ ਕੇ ਕੀਤਾ ਹੈ, ਇਸ ਨਾਲ ਪਹਿਲਾਂ ਤੋਂ ਹੀ ਸੰਵੇਦਨਸ਼ੀਲ ਤੱਟਵਰਤੀ ਖੇਤਰ ਹੋਰ ਵੱਧ ਕੁਦਰਤੀ ਆਫਤਾਂ ਦੇ ਸਨਮੁੱਖ ਹੋ ਜਾਣਗੇ।

# ਵੋਟਰਾਂ ਨਾਲ ਸਿਆਸਤ



ਡਾ. ਅਮਨਪ੍ਰੀਤ ਸਿੰਘ ਬਰਾੜ
ਫੋਨ: 91-96537-90000

ਅੱਜ ਜਦੋਂ ਪੰਜਾਬ ਦੀ ਕਰੀਬ ਬਹੁਤੀ ਆਬਾਦੀ ਜਿਸ ਵਿਚ ਕਿਸਾਨ, ਮਜ਼ਦੂਰ ਅਤੇ ਵਪਾਰੀ ਵਰਗ ਆਉਂਦੇ ਹਨ, ਉਹ ਵੱਖ ਵੱਖ ਥਾਂਈਂ ਖੇਤੀ ਕਾਨੂੰਨਾਂ ਨਾਲ ਸਬੰਧਤ ਸੰਘਰਸ਼ ਕਰ ਰਹੇ ਹਨ ਤੇ ਧਰਨਿਆ 'ਤੇ ਬੈਠੇ ਹਨ; ਪਰ ਸਿਆਸੀ ਪਾਰਟੀਆਂ ਇਸ ਬਾਰੇ ਲੋਕਾਂ ਨਾਲ ਖੜ੍ਹ ਕੇ ਮਦਦ ਕਰਨ ਦੀ ਥਾਂ 2022 ਦਾ ਚੋਣ ਬਿਗਲ ਵਜਾਉਣ ਲੱਗੀਆਂ ਹਨ। ਇਸ ਲਈ ਕੋਈ ਨਾ ਕੋਈ ਮੁੱਦਾ ਬਣਾ ਕੇ ਦਿਖਾਵਾ ਕਰ ਰਹੇ ਹਨ ਕਿ ਅਸੀਂ ਕਿਸਾਨਾਂ ਦੀ ਮਦਦ ਲਈ ਰੈਲੀ ਕਰ ਰਹੇ ਹਾਂ, ਪਰ ਅਸਲ ਵਿਚ ਆਪਣਾ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਆਪਣੇ ਵੋਟਰਾਂ (ਕਿਸਾਨਾਂ) ਦੀ ਮਦਦ ਕਰਨ ਦੀ ਥਾਂ ਸਾਰੀਆਂ ਪਾਰਟੀਆਂ ਇਕ-ਦੂਜੇ 'ਤੇ ਦੂਸ਼ਣਬਾਜ਼ੀ ਕਰ ਰਹੀਆਂ ਹਨ, ਜਦੋਂ ਕਿ ਵੋਟਰ ਮਰ ਰਿਹਾ ਹੈ। ਜਿਥੇ ਚੋਣਾਂ ਹੋ ਰਹੀਆਂ ਹਨ, ਉਥੇ ਈ. ਵੀ. ਐਮ. ਦੇ ਘਪਲਿਆਂ ਦੀਆਂ ਖਬਰਾਂ ਆ ਰਹੀਆਂ ਹਨ, ਪਰ ਇਹ ਲੋਕ ਬਜਾਏ ਇਸ ਦੇ ਕਿ ਚੋਣ ਪ੍ਰਕ੍ਰਿਆ ਲਈ ਈ. ਵੀ. ਐਮ. ਦਾ ਬਦਲ ਲੱਭਿਆ ਜਾਵੇ, ਇਹ ਇਕ-ਦੂਜੇ ਵਿਚ ਨੁਕਸ ਲੱਭੀ ਜਾਂਦੇ ਹਨ, ਜਦੋਂ ਕਿ ਸਾਰਿਆਂ ਦਾ ਨਿਸ਼ਾਨਾ ਇਕੋ ਹੀ ਹੈ ਕਿ ਵੋਟਰਾਂ ਨੂੰ ਭਰਮਾ ਕੇ ਵੋਟਾਂ ਲੈਣੀਆਂ। ਚੋਣਾਂ ਵਿਚ ਅਜੇ ਇੱਕ ਸਾਲ ਰਹਿੰਦਾ ਹੈ। ਇਸ ਵਕਤ ਸਾਰਿਆਂ ਨੂੰ ਇਹ ਹੈ ਕਿ ਅਸੀਂ ਸੱਤਾ ਸੰਭਾਲ ਲਈਏ, ਵੋਟਰ ਭਾਵੇਂ ਜਿਥੇ ਮਰਜੀ ਜਾਣ। ਕੋਈ ਵੀ ਸਿਆਸੀ ਪਾਰਟੀ ਸਿੱਧੇ ਤੌਰ 'ਤੇ ਬਾਹਰ ਨਿਕਲ ਕੇ ਕਾਲੇ ਕਾਨੂੰਨਾਂ ਖਿਲਾਫ ਲੋਕਾਂ ਦਾ ਸਾਥ ਨਹੀਂ ਦੇ ਰਹੀ। ਸਗੋਂ ਹੋਣਾ ਇਹ ਚਾਹੀਦਾ ਸੀ ਕਿ ਅੱਜ ਸਾਰੀਆਂ ਪਾਰਟੀਆਂ ਇਕੱਠੀਆਂ ਹੋ ਕੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਦੀਆਂ ਤੇ ਇਨ੍ਹਾਂ ਨੂੰ ਰੱਦ ਕਰਵਾਉਣ ਦੀ ਗੱਲ ਕਰਦੀਆਂ; ਸਿਆਸਤ ਕਰਨ ਨੂੰ ਬਹੁਤ ਸਮਾਂ ਪਿਆ ਹੈ।

ਇਸ ਵੇਲੇ ਸਮੁੱਚੀ ਖੇਤੀ ਉਪਜ ਦੀ ਕੀਮਤ ਕਰੀਬ ਇਕ ਲੱਖ ਕਰੋੜ ਹੈ। ਜੋ ਐਮ. ਐਸ. ਪੀ. ਬੰਦ ਹੋਣ ਨਾਲ ਅਤੇ ਖੇਤੀ ਕਾਨੂੰਨਾਂ ਦੇ ਪ੍ਰਭਾਵ ਨਾਲ ਇਹ ਵੱਟਤ ਘੱਟ ਕੇ 80,000 ਕਰੋੜ ਰਹਿ ਜਾਂਦੀ ਹੈ ਤਾਂ 20,000 ਕਰੋੜ ਘਟਣ ਦਾ ਅਸਰ ਹਰ ਪੰਜਾਬੀ 'ਤੇ ਹੋਵੇਗਾ। ਇਕ ਭਿਖਾਰੀ ਤੋਂ ਲੈ ਕੇ ਸਮੁੱਚੀ ਸਰਕਾਰ ਤੱਕ, ਕਿਉਂਕਿ ਜੋ ਆਮਦਨ ਕਿਸਾਨਾਂ ਨੂੰ ਹੁੰਦੀ ਹੈ, ਉਹ ਬਜ਼ਾਰ ਵਿਚ ਖਰਚਦਾ ਹੈ, ਤਾਂ ਦੁਕਾਨਦਾਰ ਦਾ ਸਮਾਨ ਵਿਕਦਾ ਹੈ। ਸਰਕਾਰ ਨੂੰ ਟੈਕਸ ਮਿਲਦਾ ਹੈ, ਜਿਹੜੇ ਲੋਕ ਚੁੱਪ ਹਨ ਜਾਂ ਸਰਕਾਰ ਦੇ ਹੱਕ ਵਿਚ ਬੋਲਦੇ ਹਨ, ਉਹ ਬਿਨਾ ਸੋਚੇ-ਸਮਝੇ ਆਪਣ ਪੈਰ ਕੁਹਾੜਾ ਮਾਰ ਰਹੇ ਹਨ। ਕਿਸਾਨ ਦੀ 20,000 ਕਰੋੜ ਆਮਦਨ ਘਟਣ ਦਾ ਇਹ ਮਤਲਬ ਨਹੀਂ ਕਿ ਖਾਣ ਵਾਲੀਆਂ ਚੀਜ਼ਾਂ ਸਸਤੀਆਂ ਹੋ ਜਾਣਗੀਆਂ। ਇਸ ਦੇ ਉਲਟ ਜਮ੍ਹਾਂਖੋਰੀ ਨੂੰ ਖੁੱਲ੍ਹੀ ਛੁੱਟੀ ਦੇਣ ਨਾਲ ਵੱਡੇ ਵਪਾਰੀਆਂ ਵਲੋਂ ਵਸਤੂਆਂ ਖਰੀਦੀਆਂ ਸਸਤੀਆਂ ਜਾਣਗੀਆਂ, ਪਰ ਵੇਚੀਆ ਮਹਿੰਗੀਆਂ ਜਾਣਗੀਆਂ।

ਸਿਆਸੀ ਪਾਰਟੀਆਂ ਜੋ ਕਰ ਰਹੀਆਂ ਹਨ, ਸਭ ਨੂੰ ਦਿੱਖ ਰਿਹਾ ਹੈ, ਪਰ ਹੁਣ ਵੋਟਰਾਂ ਨੂੰ ਇਨ੍ਹਾਂ ਦੀਆਂ ਗੱਲਾਂ ਡੂੰਘਾਈ ਵਿਚ ਸੋਚਣ ਦੀ ਲੋੜ ਹੈ। ਜੋ ਸਬਜਬਾਗ ਇਹ ਦਿਖਾਉਂਦੇ ਹਨ, ਕੀ ਉਹ ਪੂਰੇ ਹੋਣ ਯੋਗ ਹਨ? ਇਨ੍ਹਾਂ ਨੂੰ ਅਮਲੀ ਰੂਪ ਵਿਚ ਲਿਆਉਣ ਲਈ ਕੀ ਸੂਬੇ ਕੋਲ ਸਰੋਤ ਵੀ ਹਨ? ਜੋ ਚੀਜ਼ਾਂ ਇਹ ਗਿਣਾਉਂਦੇ ਹਨ, ਕੀ ਉਨ੍ਹਾਂ ਨਾਲ ਸੂਬੇ ਜਾਂ ਸੂਬੇ ਵਿਚ ਰਹਿਣ ਵਾਲੇ ਲੋਕਾਂ ਦੀ ਆਤਮ ਨਿਰਭਰਤਾ ਵਧੇਗੀ ਜਾਂ ਨਹੀਂ?

ਪਿਛਲੇ ਦਿਨੀਂ ਵਿਧਾਨ ਸਭਾ ਦੇ ਬਜਟ 2021 ਦੇ ਇਜਲਾਸ ਦੌਰਾਨ ਸੂਬੇ ਦੇ ਵਿੱਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਸਰਕਾਰ ਬਣਾਉਣ ਤੋਂ ਪਹਿਲਾਂ ਦੇ ਸੂਬੇ ਦੇ ਮਾਲੀ ਹਾਲਾਤ ਖਰਾਬ ਹਨ, ਪਰ ਇਹ ਨਹੀਂ ਸੀ ਪਤਾ ਕਿ ਏਨੇ ਖਰਾਬ ਹਨ। ਸਵਾਲ ਹੈ ਕਿ ਜੇ ਵਿਰੋਧੀ ਧਿਰ ਵਿਚ ਬੈਠੇ ਉਸ ਵੇਲੇ ਦੇ ਨੁਮਾਇੰਦਿਆਂ ਦੀ ਤਾਂ ਹਰ ਦਸਤਾਵੇਜ਼ ਤੱਕ ਪਹੁੰਚ ਹੈ ਤੇ ਜੇ ਕਿਸੇ ਦਸਤਾਵੇਜ਼ ਤੱਕ ਨਹੀਂ ਵੀ ਸੀ ਤਾਂ ਉਸ ਨੂੰ ਆਰ. ਟੀ. ਆਈ. ਕਾਨੂੰਨ 2005 ਤਹਿਤ ਲਿਆ ਜਾ ਸਕਦਾ ਸੀ, ਪਰ ਚਾਰ ਸਾਲ ਬਾਅਦ ਇਹ ਬਿਆਨ ਬੜਾ ਹੀ ਅਜੀਬ ਹੈ। ਵਿੱਤੀ ਸਾਧਨਾਂ ਨੂੰ ਪਾਸੇ ਰੱਖ ਕੇ ਵੀ ਸੂਬੇ ਵਿਚ ਸੁਧਾਰ ਕੀਤਾ ਜਾ ਸਕਦਾ ਹੈ। ਖਾਸ ਕਰਕੇ ਕੁਝ ਚੀਜ਼ਾਂ ਜਿਵੇਂ ਸ਼ਰਾਬ ਦਾ ਧੰਦਾ, ਰੇਤਾ-ਬੱਜਰੀ, ਨਸ਼ਾ, ਟਰਾਂਸਪੋਰਟ ਅਤੇ ਰਿਸ਼ਵਤਖੋਰੀ; ਇਨ੍ਹਾਂ ਵਿਚ ਸੁਧਾਰ ਲਿਆਉਣ ਲਈ ਪੈਸਾ ਖਰਚ ਨਹੀ ਹੁੰਦਾ। ਉਹ ਦਿਨੋ-ਦਿਨ ਵਧੀ ਜਾਂਦੇ ਹਨ।

ਅੱਜ ਲੋੜ ਹੈ ਵੋਟਰਾਂ ਨੂੰ ਇਕੱਠੇ ਹੋ ਕੇ ਇਹੋ ਜਿਹੇ ਲੀਡਰ ਚੁਣਨ ਦੀ, ਜੋ ਸੁਆਰਥੀ ਅਤੇ ਵਿਕਾਊ ਨਾ ਹੋਣ ਅਤੇ ਪੰਜਾਬ ਤੇ ਪੰਜਾਬੀਆਂ ਦੀ ਭਲਾਈ ਬਾਰੇ ਸੋਚਣ। ਪੰਜਾਬ, ਜੋ ਕਿਸੇ ਵੇਲੇ ਨੰਬਰ ਇਕ ਸੂਬਾ ਸੀ, ਪ੍ਰਤੀ ਜੀਅ ਆਮਦਨ ਵਿਚ ਅੱਜ ਕਰਜੇ ਦੇ ਬੋਝ ਹੇਠ ਦੱਬਿਆ ਗਿਆ ਹੈ। ਇਸ ਲਈ ਜ਼ਿੰਮੇਵਾਰ ਉਹ ਸਭ ਪਾਰਟੀਆਂ ਹਨ, ਜਿਨ੍ਹਾਂ ਨੇ ਪਿਛਲੇ 70 ਸਾਲ ਰਾਜ ਕੀਤਾ ਅਤੇ ਅੱਗੋਂ ਸੱਤਾ ਸੰਭਾਲਣ ਲਈ ਹਰ ਤਰ੍ਹਾਂ ਦੇ ਨੀਤੀ ਘਾੜੇ ਲਿਆਂਦੇ ਜਾ ਰਹੇ ਹਨ।

ਪੰਜਾਬ ਸਰਕਾਰ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਜਿਸ ਤਰ੍ਹਾਂ ਲੌਕਡਾਊਨ ਦੌਰਾਨ ਤੇ ਕਿਸਾਨੀ ਸੰਘਰਸ਼ ਦੌਰਾਨ ਲੰਗਰਾਂ ਤੇ ਹੋਰ ਮਨੁੱਖੀ ਸਹੂਲਤਾਂ ਤੇ ਮਸ਼ੀਨਰੀ ਦੀ ਪ੍ਰਦਰਸ਼ਨੀ ਹੋਈ ਹੈ, ਇਹ ਵੇਖ ਕੇ ਕੇਂਦਰ ਵੱਲੋਂ ਪੰਜਾਬ ਨੂੰ ਕੋਈ ਸਹੂਲਤ ਨਹੀਂ ਦਿੱਤੀ ਜਾਵੇਗੀ। ਪੇਂਡੂ ਵਿਕਾਸ ਫੰਡ ਵਿਚ ਕਟੌਤੀ ਉਸੇ ਦਾ ਨਤੀਜਾ ਹੈ। ਜੋ ਸਾਧਨ ਪੰਜਾਬ ਸਰਕਾਰ ਕੋਲ ਹਨ, ਉਨ੍ਹਾਂ ਦੀ ਸੁਚੱਜੀ ਵਰਤੋਂ ਕਰਕੇ ਲੋਕ ਭਲਾਈ ਦੇ ਕੰਮ ਕੀਤੇ ਜਾਣ ਦੀ ਸਖਤ ਲੋੜ ਹੈ।

# ਲਾਹੌਰ ਤੇ ਅੰਮ੍ਰਿਤਸਰ ਦਾ ਰਿਸ਼ਤਾ

***ਲਹਿੰਦੇ ਪੰਜਾਬ ਦੇ ਸ਼ਹਿਰ ਲਾਹੌਰ ਵਿਚ ਵੱਸਦਾ ਹਾਰੂਨ ਖਾਲਿਦ ਬੁਨਿਆਦੀ ਤੌਰ 'ਤੇ ਮਾਨਵ ਵਿਗਿਆਨੀ (Anthropologist) ਹੈ। ਇਸ ਲੇਖ ਵਿਚ ਉਹਨੇ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਜੜ੍ਹਾਂ ਦੀ ਗੱਲ ਕਰਦਿਆਂ ਇਨ੍ਹਾਂ ਸ਼ਹਿਰਾਂ ਦੇ ਪਿਛੋਕੜ ਅਤੇ ਅੱਜ ਦੇ ਹਾਲਾਤ ਬਾਰੇ ਟਿੱਪਣੀ ਕੀਤੀ ਹੈ; ਨਾਲ ਹੀ ਵਿਸਥਾਰ ਸਹਿਤ ਚਰਚਾ ਕੀਤੀ ਹੈ ਕਿ ਇਹ ਸ਼ਹਿਰ ਸਿੱਖ ਧਰਮ ਅੰਦਰ ਕੀ ਹੈਸੀਅਤ ਰੱਖਦੇ ਹਨ। ਉਸ ਨੇ ਲਾਹੌਰ ਨੂੰ ਮੀਰੀ ਅਤੇ ਅੰਮ੍ਰਿਤਸਰ ਪੀਰੀ ਨਾਲ ਜੁੜੇ ਸ਼ਹਿਰ ਆਖਿਆ ਹੈ। ਉਸ ਨੇ ਇਹ ਦਰਦ ਵੀ ਬਿਆਨ ਕੀਤਾ ਹੈ ਕਿ ਗੁਰੂ ਪਰਿਵਾਰ ਨਾਲ ਜੁੜਿਆ ਭਾਈ ਗੁਲਾਮ ਮੁਹੰਮਦ ਅੰਮ੍ਰਿਤਧਾਰੀ ਨਾ ਹੋਣ ਕਾਰਨ 2008 ਵਿਚ ਅੰਮ੍ਰਿਤਸਰ ਵਿਚ ਕੀਰਤਨ ਨਹੀਂ ਸੀ ਕਰ ਸਕਿਆ।***



ਹਾਰੂਨ ਖਾਲਿਦ

ਅੰਮ੍ਰਿਤਸਰ ਦਾ ਜਨਮ ਲਾਹੌਰ ਵਿਚ ਹੋਇਆ, ਭਾਵ ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮ ਦਾਸ ਜੀ 1534 ਈਸਵੀ ਨੂੰ ਅੰਦਰੂਨ ਲਾਹੌਰ (ਪੁਰਾਣਾ ਲਾਹੌਰ ਸ਼ਹਿਰ ਜਿਸ ਨੂੰ ਅੰਗਰੇਜ਼ੀ ਵਾਲੇ 'ਵਾਲਡ ਸਿਟੀ' ਭਾਵ ਲਾਹੌਰ ਦਾ ਵਿਸ਼ਾਲ ਦੀਵਾਰਾਂ ਤੇ ਦਰਵਾਜ਼ਿਆਂ ਵਾਲਾ ਹਿੱਸਾ ਕਹਿੰਦੇ ਹਨ, ਤੇ ਲਾਹੌਰ ਵਾਸੀ ਇਸ ਨੂੰ ਅੰਦਰੂਨ ਲਾਹੌਰ ਆਖਦੇ ਹਨ) ਵਿਚ ਜਨਮੇ ਸਨ। ਇਸ ਸ਼ਹਿਰ ਦੀਆਂ ਵਿੰਗ-ਵਲੇਵੇਂ ਖਾਂਦੀਆਂ ਗਲੀਆਂ ਦੇ ਇਕ ਘਰ ਵਿਚ ਉਨ੍ਹਾਂ ਦਾ ਜਨਮ ਹੋਇਆ। ਮਹੀਨਾ ਅੱਸੂ ਦਾ ਸੀ ਜਿਹੜਾ ਗ੍ਰੈਗੋਰੀਅਨ ਕੈਲੰਡਰ ਵਿਚ ਸਤੰਬਰ-ਅਕਤੂਬਰ ਦੇ ਮਹੀਨਿਆਂ ਵਿਚ ਹੁੰਦਾ ਹੈ। ਮੌਨਸੂਨ ਦੇ ਮੀਂਹ ਪੂਰੇ ਜ਼ੋਰ ਨਾਲ ਵਰ੍ਹ ਹਟੇ ਸਨ, ਲੂੰਹਦੀ ਗਰਮੀ ਨੂੰ ਮਾਤ ਦਿੱਤੀ ਜਾ ਚੁੱਕੀ ਸੀ, ਸਰਦੀਆਂ ਹਾਲੇ ਆਉਣੀਆਂ ਸਨ। ਦਿਨ ਤੇ ਰਾਤ, ਗਰਮੀ ਤੇ ਸਰਦੀ 'ਚ ਪੂਰਾ ਸਮਤੋਲ ਸੀ।

ਉਨ੍ਹਾਂ ਦਾ ਜਨਮ ਸੋਢੀ ਖੱਤਰੀ ਪਰਿਵਾਰ ਵਿਚ ਹੋਇਆ, ਇਕ ਅਜਿਹਾ ਪਰਿਵਾਰ ਜਿਸ ਨੇ ਨਾ ਸਿਰਫ ਇਸ ਸੰਸਾਰ ਉਤੇ ਸਗੋਂ ਮੀਰੀ ਤੇ ਪੀਰੀ ਦੀ ਉਚੇਰੀ ਦੁਨੀਆ ਉਤੇ ਵੀ ਰਾਜ ਕਰਨਾ ਸੀ, ਜਿਵੇਂ ਛੇਵੇਂ ਸਿੱਖ ਗੁਰੂ ਹਰਿਗੋਬਿੰਦ ਜੀ ਨੇ ਜ਼ਾਹਰ ਕੀਤਾ। ਚੌਥੇ ਗੁਰੂ ਰਾਮ ਦਾਸ ਜੀ ਸੱਤ ਸਾਲਾਂ ਦੀ ਉਮਰ ਤੱਕ ਲਾਹੌਰ ਵਿਚ ਰਹੇ ਅਤੇ ਫਿਰ ਉਨ੍ਹਾਂ ਦੇ ਮਾਪੇ- ਪਿਤਾ ਹਰੀ ਦਾਸ ਜੀ ਤੇ ਮਾਤਾ ਦਇਆ ਜੀ, ਚਲਾਣਾ ਕਰ ਗਏ। ਗੁਰੂ ਸਾਹਿਬ ਦਾ ਬਚਪਨ ਦਾ ਨਾਂ ਜੇਠਾ ਸੀ ਜਿਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦੀ ਦਾਦੀ ਨੇ ਇਕ ਛੋਟੇ ਜਿਹੇ ਪਿੰਡ ਵਿਚ ਕੀਤਾ। ਉਥੇ ਉਨ੍ਹਾਂ ਦਾ ਮੇਲ ਸਿੱਖਾਂ ਦੇ ਤੀਜੇ ਗੁਰੂ ਅਮਰਦਾਸ ਜੀ ਨਾਲ ਹੋਇਆ ਤੇ ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਅਖੀਰ ਭਾਈ ਜੇਠਾ ਜੀ ਉਦੋਂ ਗੁਰੂ ਪਰਿਵਾਰ ਦਾ ਹਿੱਸਾ ਬਣ ਗਏ, ਜਦੋਂ ਗੁਰੂ ਜੀ ਦੀ ਧੀ ਬੀਬੀ ਭਾਨੀ ਨਾਲ ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ। ਉਨ੍ਹਾਂ ਦੀ ਸ਼ਰਧਾ ਤੇ ਸਮਰਪਣ ਦੇਖ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਆਪਣਾ ਉਤਰਾਧਿਕਾਰੀ ਚੁਣ ਲਿਆ। ਇੰਝ ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ ਰਾਮ ਦਾਸ ਜੀ ਬਣ ਗਏ ਜਿਨ੍ਹਾਂ ਰਾਮ ਦਾਸਪੁਰ ਨਗਰ ਦੀ ਸਥਾਪਨਾ ਕੀਤੀ ਜੋ ਬਾਅਦ ਵਿਚ ਅੰਮ੍ਰਿਤਸਰ ਸਦਵਾਇਆ।

ਅੰਦਰੂਨ ਲਾਹੌਰ ਸ਼ਹਿਰ ਵਿਚ ਕਸ਼ਮੀਰੀ ਗੇਟ ਦੇ ਨਜ਼ਦੀਕ ਇਕ ਥਾਂ ਹੈ ਚੂਨਾ ਮੰਡੀ। ਇੱਥੇ ਚੌਥੇ ਗੁਰੂ ਰਾਮ ਦਾਸ ਜੀ ਦੇ ਜਨਮ ਸਥਾਨ ਉਤੇ ਗੁਰਦੁਆਰਾ ਉਸਰਿਆ ਹੋਇਆ ਹੈ। ਕੁਝ ਸਾਲ ਪਹਿਲਾਂ ਤੱਕ ਇਹ ਗੁਰਦੁਆਰਾ ਵੀ ਪਾਕਿਸਤਾਨ ਵਿਚਲੇ ਬਹੁਤੇ ਗੁਰਦੁਆਰਿਆਂ ਵਾਂਗ ਖਸਤਾਹਾਲ ਸੀ ਪਰ ਹੁਣ ਮੁਲਕ ਦੀ ਹਕੂਮਤ ਨੇ ਕਾਫੀ ਹੋਰ ਗੁਰਦੁਆਰਿਆਂ ਦੇ ਨਾਲ ਹੀ ਇਸ ਦਾ ਵੀ ਨਵੀਨੀਕਰਨ ਕਰਵਾ ਕੇ ਇਸ ਨੂੰ ਸਿੱਖ ਸੰਗਤਾਂ ਲਈ ਖੋਲ੍ਹ ਦਿੱਤਾ ਹੈ।

ਦੂਜੇ ਪਾਸੇ ਲਾਹੌਰ ਦਾ ਜਨਮ ਅੰਮ੍ਰਿਤਸਰ ਵਿਚ ਹੋਇਆ। ਅਸਲ ਵਿਚ ਸ਼ਹਿਰ ਤੋਂ ਲਹਿੰਦੇ ਵੱਲ 11 ਕਿਲੋਮੀਟਰ ਦੀ ਵਿੱਥ ਉਤੇ। ਇਹ ਅਸਲ ਵਿਚ ਦੋ ਜੌੜੇ ਸ਼ਹਿਰ ਸਨ; ਦੂਜਾ ਸੀ ਕਸੂਰ ਜਿਹੜਾ ਇਸ ਦੇ ਨਾਲ ਹੀ ਜੰਮਿਆ। ਲਾਹੌਰ ਦੇ ਜਨਮ ਦੀ ਸਹੀ ਤਾਰੀਖ ਜਾਂ ਮੌਸਮ ਜਾਂ ਸਾਲ ਦੱਸ ਸਕਣਾ ਨਾਮੁਮਕਿਨ ਹੈ। ਲਾਹੌਰ ਦਾ ਜਨਮ ਉਸ ਵਕਤ ਹੋਇਆ, ਜਦੋਂ ਵਕਤ ਦੀ ਹੀ ਹੋਂਦ ਨਹੀਂ ਸੀ। ਨਾ ਕੋਈ ਇਤਿਹਾਸ ਜਾਂ ਕਾਲਕ੍ਰਮ ਸੀ; ਜੇ ਕੁਝ ਸੀ ਤਾਂ ਸਿਰਫ ਮਿਥਿਹਾਸ ਦੀ ਘੁੰਮਣਘੇਰੀ। ਇਹ ਲੋਕਾਂ ਦਾ ਨਹੀਂ, ਕਿਰਦਾਰਾਂ ਦਾ ਸਮਾਂ ਸੀ। ਨੇਕੀ ਸੀ ਜਾਂ ਬਦੀ, ਵਿਚ-ਵਿਚਾਲੇ ਕੁਝ ਨਹੀਂ। ਇਤਿਹਾਸ ਦੀ ਤਾਂ ਉਦੋਂ ਹਾਲੇ ਕਲਪਨਾ ਹੀ ਕੀਤੀ ਜਾਣੀ ਸੀ, ਜਦੋਂ ਲਾਹੌਰ ਦੇ ਮੋਢੀ ਦਾ ਜਨਮ ਭਗਵਾਨ ਵਾਲਮੀਕਿ ਦੇ ਆਸ਼ਰਮ ਵਿਚ ਹੋਇਆ ਜੋ ਉਸ ਵਕਤ ਦੇ ਮਹਾਨ ਰਿਸ਼ੀ ਸਨ। ਜਦੋਂ ਮਾਤਾ ਸੀਤਾ ਦੇ ਪੁੱਤਰਾਂ ਲਵ ਅਤੇ ਕੁਸ਼ ਦੀਆਂ ਕਿਲਕਾਰੀਆਂ ਪਹਿਲੀ ਵਾਰ ਭਗਵਾਨ ਵਾਲਮੀਕਿ ਦੇ ਆਸ਼ਰਮ ਵਿਚ ਗੂੰਜੀਆਂ ਤਾਂ ਉਹ ਇਕ ਮਹਾਨਤਮ ਗ੍ਰੰਥ ਦੀ ਰਚਨਾ ਕਰ ਰਹੇ ਸਨ। ਇਹ ਲਵ-ਕੁਸ਼ ਦੇ ਪਿਤਾ ਭਗਵਾਨ ਰਾਮ ਦੀ ਕਹਾਣੀ ਸੀ ਜਿਸ ਨੂੰ ਆਦਿ ਕਵੀ ਭਗਵਾਨ ਵਾਲਮੀਕਿ ਲਿਖ ਰਹੇ ਸਨ।

ਉਨ੍ਹਾਂ ਦੀ ਮਾਤਾ ਸੀਤਾ ਨੇ ਭਗਵਾਨ ਵਾਲਮੀਕਿ ਦੇ ਆਸ਼ਰਮ ਵਿਚ ਸ਼ਰਨ ਲਈ ਸੀ ਕਿਉਂਕਿ ਉਨ੍ਹਾਂ ਨੂੰ ਰਾਵਣ ਦੀ ਲੰਕਾ ਵਿਚੋਂ ਵਾਪਸੀ ਤੋਂ ਬਾਅਦ ਅਯੁੱਧਿਆ ਵਿਚੋਂ ਕੱਢ ਦਿੱਤਾ ਗਿਆ ਸੀ। ਇਹ ਰਾਮਾਇਣ ਦੀ ਕਹਾਣੀ ਹੈ ਅਤੇ ਲਾਹੌਰ ਦਾ ਜਨਮ ਰਾਮਾਇਣ ਦੇ ਨਾਲ ਹੀ ਹੋਇਆ, ਕਿਉਂਕਿ ਲਵ ਨੇ ਸ਼ਹਿਰ ਲਵਪੁਰ ਵਸਾਇਆ ਜਿਸ ਦਾ ਨਾਂ ਬਾਅਦ ਵਿਚ ਲਾਹੌਰ ਪੈ ਗਿਆ। ਇਸੇ ਤਰ੍ਹਾਂ ਕੁਸ਼ ਨੇ ਕਸੂਰ ਸ਼ਹਿਰ ਵਸਾਇਆ। ਅੱਜ ਅੰਮ੍ਰਿਤਸਰ ਤੋਂ 11 ਕਿਲੋਮੀਟਰ ਦੇ ਫਾਸਲੇ 'ਤੇ ਭਗਵਾਨ ਵਾਲਮੀਕਿ ਤੀਰਥ ਸਥਲ ਹੀ ਉਹ ਥਾਂ ਹੈ ਜਿੱਥੇ ਉਹ ਆਸ਼ਰਮ ਸੀ, ਜਿੱਥੇ ਲਵ ਅਤੇ ਕੁਸ਼ ਦਾ ਜਨਮ ਹੋਇਆ। ਇਸ ਤਰ੍ਹਾਂ ਇਹ ਤਿੰਨੋਂ ਸ਼ਹਿਰ ਆਪਣੇ ਜਨਮ ਤੋਂ ਹੀ ਇਕ-ਦੂਜੇ ਨਾਲ ਤਿਕੋਣੇ ਰਿਸ਼ਤੇ ਵਿਚ ਬੱਝ ਗਏ। ਮੌਜੂਦਾ ਲਾਹੌਰ ਵਿਚ ਦਰਿਆ ਰਾਵੀ ਦੇ ਲਾਗੇ ਜੋ ਸ਼ਹਿਰ ਦੀ ਸਭ ਤੋਂ ਉਚੀ ਥਾਂ, ਭਾਵ ਟਿੱਲਾ ਹੈ, ਉਥੇ ਹੀ ਪਹਿਲੀ ਸਭਿਅਤਾ ਵਿਕਸਿਤ ਹੋਣ ਦੇ ਸੰਕੇਤ ਮਿਲਦੇ ਹਨ। ਉਥੇ ਹੀ ਲਵਪੁਰ ਦੇ ਸ਼ੁਰੂਆਤੀ ਨਿਸ਼ਾਨ ਹਨ। ਉਥੇ ਸ਼ਹਿਰ ਦੇ ਬਾਨੀ ਨੂੰ ਸਮਰਪਿਤ ਛੋਟਾ ਜਿਹਾ ਮੰਦਰ ਹੈ। ਲਾਹੌਰ ਕਿਲ੍ਹੇ ਦੇ 'ਚ ਵੀ ਆਲਮਗੀਰੀ ਦਰਵਾਜ਼ੇ ਨੇੜੇ ਲਵ ਦੇ ਮੰਦਰ ਦੇ ਖੰਡਰ ਹਨ।

ਕਿੰਨਾ ਅਜੀਬ ਹੈ ਕਿ ਇਹ ਦੋ ਸ਼ਹਿਰ (ਅੰਮ੍ਰਿਤਸਰ ਤੇ ਲਾਹੌਰ) ਜਿਨ੍ਹਾਂ ਦੀ ਮੁੱਢ-ਕਦੀਮੋਂ ਹੀ ਇੰਨੀ ਗੂੜ੍ਹੀ ਸਾਂਝ ਹੈ, ਨੂੰ ਸਰਹੱਦ ਰੂਪੀ ਕੰਧਾਂ ਨਾਲ ਇਕ-ਦੂਜੇ ਤੋਂ ਵਿਛੋੜ ਦਿੱਤਾ ਗਿਆ ਅਤੇ ਇਹ ਸਰਹੱਦਾਂ ਮਹਿਜ਼ ਧਰਤੀ ਤੇ ਲੋਕਾਂ ਨੂੰ ਹੀ ਨਹੀਂ ਵੰਡਦੀਆਂ ਸਗੋਂ ਇਨ੍ਹਾਂ ਨੇ ਮਿਥਿਹਾਸ, ਸਾਡੇ ਕਿੱਸੇ-ਕਹਾਣੀਆਂ, ਮਜ਼ਹਬਾਂ, ਤਹਿਜ਼ੀਬਾਂ, ਨਾਇਕਾਂ ਅਤੇ ਖਲਨਾਇਕਾਂ ਤੱਕ ਨੂੰ ਵੰਡ ਸੁੱਟਿਆ ਹੈ। ਇਨ੍ਹਾਂ ਵਿਚੋਂ ਲਾਹੌਰ ਅੱਜ ਪਾਕਿਸਤਾਨੀ ਕੌਮਪ੍ਰਸਤੀ (ਰਾਸ਼ਟਰਵਾਦ) ਦਾ ਸਿਖਰਲਾ ਪ੍ਰਤੀਕ ਹੈ- ਇਕ ਮੁਸਲਿਮ ਬਹੁਗਿਣਤੀ ਸ਼ਹਿਰ; ਲਾਹੌਰ ਮਤੇ ਵਾਲੀ ਥਾਂ ਜਿੱਥੇ ਮੁਸਲਿਮ ਲੀਗ ਨੇ ਪਹਿਲੀ ਵਾਰ ਮੁਸਲਮਾਨਾਂ ਲਈ ਵੱਖਰੇ ਮੁਲਕ ਦੀ ਮੰਗ ਕੀਤੀ ਸੀ। ਉਹ ਸ਼ਹਿਰ ਜਿੱਥੇ ਮੀਨਾਰ-ਏ-ਪਾਕਿਸਤਾਨ ਬੁਲੰਦੀਆਂ ਛੂਹ ਰਿਹਾ ਹੈ ਅਤੇ ਜੋ ਸ਼ਾਹਾਨਾ ਮੁਗਲ ਇਮਾਰਤਸਾਜ਼ੀ ਦਾ ਟਿਕਾਣਾ ਹੈ- ਖਾਸਕਰ ਲਾਹੌਰ ਕਿਲ੍ਹਾ, ਬਾਦਸ਼ਾਹੀ ਮਸਜਿਦ; ਇਕ ਅਜਿਹੀ ਰਵਾਇਤ ਜੋ ਅਣਵੰਡੇ ਹਿੰਦੋਸਤਾਨੀ ਬਰ-ਏ-ਸਗੀਰ (ਮਹਾਂਦੀਪ) ਵਿਚ ਮੁਸਲਿਮ ਤਹਿਜ਼ੀਬ ਦੀ ਬੁਲੰਦੀ ਦੀ ਨਿਸ਼ਾਨਦੇਹੀ ਕਰਦੀ ਹੈ। ਸ਼ਹਿਰ ਦੇ ਚੌਗਿਰਦੇ ਖਿੱਲਰੀਆਂ ਹੋਈਆਂ ਰਵਾਇਤਾਂ ਦੀ ਕੁਝ ਕੁ ਅਣਸੁਖਾਵੀਂ ਰਹਿੰਦ-ਖੂੰਹਦ ਤੋਂ ਇਲਾਵਾ, ਲਾਹੌਰ ਵਿਚ ਪਾਕਿਸਤਾਨ ਤੋਂ ਪੂਰਬਲੇ ਲਾਹੌਰ ਦੀਆਂ ਸਾਰੀਆਂ ਨਿਸ਼ਾਨੀਆਂ ਨੂੰ ਮਰ-ਮਿਟ ਜਾਣ ਦਿੱਤਾ ਗਿਆ ਹੈ। ਇਕ ਗੁਆਚੇ ਸ਼ਹਿਰ, ਗੁਆਚੇ ਹੋਏ ਜੁਗਰਾਫੀਏ, ਜੋ ਲਾਹੌਰ ਨੂੰ ਅੰਮ੍ਰਿਤਸਰ ਅਤੇ ਦਿੱਲੀ ਨਾਲ ਜੋੜਦਾ ਸੀ, ਨੂੰ ਭੁੱਲ ਜਾਣਾ ਕੋਈ ਔਖਾ ਨਹੀਂ ਸਗੋਂ ਸੌਖਾ ਸੀ ਅਤੇ ਇਸ ਤੋਂ ਵੀ ਵੱਧ ਇਸ ਗੱਲ ਨੂੰ ਹੱਲਾਸ਼ੇਰੀ ਦਿੱਤੀ ਗਈ। ਫਿਰ ਇਸ ਦੀ ਥਾਂ ਜਿਹੜਾ ਲਾਹੌਰ ਇਕਾ ਹੈ, ਉਹ ਇਸ ਦੇ ਉਸ ਪੁਰਾਤਨ ਇਤਿਹਾਸਕ ਰਸਤੇ ਉਤੇ ਸਥਿਤ ਹੋਣ ਸਦਕਾ ਹੈ ਜਿਹੜਾ ਬੰਗਾਲ ਤੋਂ ਕਾਬੁਲ ਤੱਕ ਇਕ ਵਗਦੇ ਦਰਿਆ ਵਰਗਾ ਸੀ ਪਰ ਇਸ ਦਰਿਆ ਨੂੰ ਸਰਹੱਦ ਨੇ ਬੰਨ੍ਹ ਮਾਰ ਲਿਆ ਹੈ।

ਲਾਹੌਰ ਅੱਜ ਵੀ ਅਹਿਮ ਸ਼ਹਿਰ ਹੈ। ਸ਼ਾਇਦ ਪਹਿਲਾਂ ਇਹ ਕਦੇ ਵੀ ਇੰਨਾ ਅਹਿਮ ਨਹੀਂ ਸੀ; ਉਂਜ, ਇਹ ਹੁਣ ਪਹਿਲਾਂ ਵਾਲਾ ਲਾਹੌਰ ਨਹੀਂ ਹੈ। ਇਸ ਦਾ ਮੌਜੂਦਾ ਜੁਗਰਾਫੀਆ ਅਤੇ ਟਿਕਾਣੇ ਇਸ ਦੇ ਬਦਲੇ ਹੋਏ ਰੁਤਬੇ ਦੇ ਭੱਦੇ ਗਵਾਹ ਹਨ। ਇਕ ਅਜਿਹਾ ਸ਼ਹਿਰ ਜੋ ਕਦੇ ਦੋਹੀਂ ਪਾਸੀਂ ਦੇਖਦਾ ਸੀ, ਅੱਜ ਉਸ ਨੇ ਪੂਰਬ ਵੱਲ ਪਿੱਠ ਕਰ ਲਈ ਹੈ ਅਤੇ ਇਹ ਨਿਰਾਸ਼ਾ ਦੇ ਆਲਮ ਵਿਚ ਪੱਛਮ ਵੱਲ ਦੇਖ ਰਿਹਾ ਹੈ, ਇਸਲਾਮਾਬਾਦ ਵੱਲ, ਕਾਬੁਲ ਵੱਲ ਤੇ ਉਸ ਤੋਂ ਵੀ ਅਗਾਂਹ ਤੱਕ, ਕਿਉਂਕਿ ਇਸ ਨੂੰ ਨਵੀਂ ਪਛਾਣ ਦੀ ਤਲਾਸ਼ ਹੈ, ਇਸ ਨੂੰ ਆਪਣੇ ਨਵੇਂ ਅਵਤਾਰ ਦੀ ਭਾਲ ਹੈ।

ਅੰਮ੍ਰਿਤਸਰ ਦੀ ਕਹਾਣੀ ਵੀ ਇਸ ਤੋਂ ਬਹੁਤੀ ਵੱਖਰੀ ਨਹੀਂ। ਇਸ ਦਾ ਆਪਣੇ ਜਨਮ ਵੇਲੇ ਹੀ ਲਾਹੌਰ ਨਾਲ ਰਿਸ਼ਤਾ ਜੁੜ ਗਿਆ ਸੀ। ਦੋਵਾਂ ਦਾ



*19ਵੀਂ ਸਦੀ ਵਿਚ ਖਿੱਚੀ ਸ੍ਰੀ ਹਰਿਮੰਦਰ ਸਾਹਿਬ ਦੀ ਇਕ ਦੁਰਲੱਭ ਤਸਵੀਰ।*

ਇਹ ਰਿਸ਼ਤਾ ਕਈ ਸਦੀਆਂ ਤੱਕ ਕਾਇਮ ਰਿਹਾ। ਇਹ ਅਜਿਹਾ ਜੋੜ ਸੀ ਜਿਸ ਨੂੰ ਭਗਵਾਨ ਵਾਲਮੀਕਿ ਨੇ ਪਵਿੱਤਰਤਾ ਬਖਸ਼ੀ, ਰਾਮਾਇਣ ਜਿਸ ਦੀ ਗਵਾਹ ਸੀ, ਨਾਲ ਹੀ ਇਸ ਨੂੰ ਗੁਰੂਆਂ ਦੇ ਸ਼ਬਦਾਂ ਨੇ ਤੇ ਸਾਈਂ ਮੀਆਂ ਮੀਰ ਵਰਗੇ ਸੂਫੀ ਫਕੀਰਾਂ ਨੇ ਵੀ ਪਾਕ-ਪਵਿੱਤਰ ਕੀਤਾ ਸੀ। ਅਜਿਹਾ ਜੋੜ ਜਿਸ ਵਿਚ ਲਾਹੌਰ ਨੇ ਕੁਝ ਹੋਰ ਖਾਸ ਜ਼ਿੰਮੇਵਾਰੀਆਂ ਨਿਭਾਉਣੀਆਂ ਸਨ ਤੇ ਅੰਮ੍ਰਿਤਸਰ ਨੇ ਕੁਝ ਹੋਰ। ਇਸ ਤਰ੍ਹਾਂ 1799 ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ ਤਾਂ ਉਹ ਅਸਰਦਾਰ ਢੰਗ ਨਾਲ ਪੰਜਾਬ ਦੇ ਹਾਕਮ ਬਣ ਗਏ ਕਿਉਂਕਿ ਸਿਆਸੀ ਤਾਕਤ ਦਾ ਪ੍ਰਤੀਕ ਲਾਹੌਰ ਉਨ੍ਹਾਂ ਦੇ ਕਬਜ਼ੇ ਵਿਚ ਸੀ ਪਰ ਅਧਿਆਤਮਕ ਪ੍ਰਤੀਕ ਅੰਮ੍ਰਿਤਸਰ ਦੇ ਆਸ਼ੀਰਵਾਦ ਤੋਂ ਬਿਨਾਂ ਉਹ ਖੁਦ ਨੂੰ ਮਹਾਰਾਜਾ ਨਹੀਂ ਸਨ ਅਖਵਾ ਸਕਦੇ। ਇਕ ਸ਼ਹਿਰ ਉਤੇ ਕਬਜ਼ਾ, ਦੂਜੇ ਬਿਨਾਂ ਅਧੂਰਾ ਸੀ। ਲਾਹੌਰ ਕੋਲ ਅਤੀਤ ਸੀ ਜਦੋਂਕਿ ਅੰਮ੍ਰਿਤਸਰ ਭਵਿੱਖ ਸੀ। ਲਾਹੌਰ ਸ਼ਾਹੀ ਸੀ, ਅੰਮ੍ਰਿਤਸਰ ਪਵਿੱਤਰ ਸੀ। ਜੇ ਲਾਹੌਰ ਮੀਰੀ ਸੀ ਤਾਂ ਅੰਮ੍ਰਿਤਸਰ ਪੀਰੀ ਸੀ। ਦੋਵਾਂ ਦੀ ਹੋਂਦ ਵੱਖੋ-ਵੱਖ ਨਹੀਂ ਸਗੋਂ ਇਕ ਸੀ। ਉਹ ਇਕ-ਦੂਜੇ ਦਾ ਹੀ ਵਿਸਤਾਰ ਸਨ ਅਤੇ ਇਕ-ਦੂਜੇ ਬਿਨਾਂ ਅਧੂਰੇ। ਜਿਵੇਂ ਆਖਦੇ ਹਨ ਕਿ ਦੋ ਸਰੀਰ, ਇਕ ਰੂਹ।

ਇਨ੍ਹਾਂ ਦਾ ਤੋੜ-ਵਿਛੋੜਾ ਅਚਨਚੇਤੀ ਸੀ ਜਿਸ ਨਾਲ ਤਕਰੀਬਨ 400 ਸਾਲਾਂ ਦੇ ਜੋੜ ਸਦਕਾ ਪੈਦਾ ਹੋਇਆ ਆਪਸੀ ਲਗਾਉ ਤੇ ਸਹਾਰਾ ਖਤਮ ਹੋ ਗਿਆ। ਤੋੜ ਦਿੱਤੀ ਗਈ ਤੜੱਕ ਕਰ ਕੇ। ਇਕਦਮ ਸਾਰੇ ਰਿਸ਼ਤੇ ਖਤਮ। ਇਸ ਦੇ ਬਾਵਜੂਦ ਲਾਹੌਰ ਦੀਆਂ ਯਾਦਾਂ ਅੰਮ੍ਰਿਤਸਰ ਨੂੰ ਸਤਾਉਂਦੀਆਂ ਹਨ। ਇਹ ਅਜਿਹਾ ਰਿਸ਼ਤਾ ਸੀ ਜਿਸ ਨੂੰ ਅੰਮ੍ਰਿਤਸਰ ਕਦੇ ਦਿੱਲੀ ਵਿਚੋਂ ਤਲਾਸ਼ਦਾ ਹੈ ਤੇ ਕਦੇ ਚੰਡੀਗੜ੍ਹ ਵਿਚੋਂ। ਇਹ ਅਜਿਹਾ ਬੁਨਿਆਦੀ ਰਿਸ਼ਤਾ ਸੀ ਜਿਹੜਾ ਇਸ ਦੇ ਮਗਰਲੇ ਰਿਸ਼ਤਿਆਂ ਉਤੇ ਵੀ ਅਸਰ ਪਾਉਂਦਾ ਹੈ। ਇਸ ਦੇ ਅਚੇਤ ਵਿਚ ਵੱਸੀ ਹੋਈ ਤੋੜ-ਵਿਛੋੜੇ ਦੀ ਯਾਦ ਇਸ ਦਾ ਕਾਲਜਾ ਸੱਲ੍ਹਦੀ ਹੈ ਜੋ ਇਸ ਨੂੰ ਨਾ ਤਾਂ ਪੂਰੀ ਤਰ੍ਹਾਂ ਆਪੇ ਦੀ ਪਛਾਣ ਕਰਨ ਦਿੰਦੀ ਹੈ ਤੇ ਨਾ ਹੀ ਪੂਰੀ ਤਰ੍ਹਾਂ ਸਵੈ-ਪ੍ਰਗਟਾਵਾ ਕਰਨ ਦਿੰਦੀ ਹੈ।

ਜਦੋਂ ਹਾਲੇ ਮੁਲਕ ਦੀ ਵੰਡ ਨਹੀਂ ਸੀ ਹੋਈ, ਜਦੋਂ ਹਾਲੇ ਦੰਗੇ ਤੇ ਵਿਆਪਕ ਉਜਾੜਾ ਅਤੇ ਹਿਜਰਤ ਨਹੀਂ ਸੀ ਹੋਈ, ਧਾਰਮਿਕ ਕੌਮਪ੍ਰਸਤੀ ਉਪਜਣ ਅਤੇ ਪੰਜਾਬੀਆਂ ਦੇ ਬੁਰੀ ਤਰ੍ਹਾਂ ਵੰਡੇ ਜਾਣ ਤੋਂ ਪਹਿਲਾਂ, ਮੁਗਲ ਫੌਜਾਂ ਦੀ ਆਮਦ ਤੇ ਸਿੱਖ ਗੁਰੂ ਸਾਹਿਬਾਨ ਦੀਆਂ ਫੌਜਾਂ ਤੋਂ ਪਹਿਲਾਂ, ਉਨ੍ਹਾਂ ਦੇ ਜੰਗਾਂ-ਯੁੱਧਾਂ ਤੋਂ ਪਹਿਲਾਂ, ਜਦੋਂ ਲਾਹੌਰ ਹਾਲੇ ਮੁਸਲਿਮ ਸ਼ਹਿਰ, ਸੂਫੀ ਸੰਤਾਂ ਦਾ ਸ਼ਹਿਰ ਨਹੀਂ ਸੀ ਬਣਿਆ ਅਤੇ ਅੰਮ੍ਰਿਤਸਰ ਗੁਰੂਆਂ ਦਾ ਸ਼ਹਿਰ ਨਹੀਂ ਸੀ ਬਣਿਆ, ਉਦੋਂ ਉਥੇ ਮੀਆਂ ਮੀਰ ਅਤੇ ਗੁਰੂ ਅਰਜਨ ਦੇਵ ਜੀ ਸਨ। ਉਨ੍ਹਾਂ ਦੀ ਦੋਸਤੀ ਚੂਨਾ ਮੰਡੀ ਵਿਚ ਸ਼ੁਰੂ ਹੋਈ ਜਿੱਥੇ ਗੁਰੂ ਰਾਮ ਦਾਸ ਜੀ ਦਾ ਜਨਮ ਹੋਇਆ ਸੀ। ਇੱਥੇ ਹੀ ਨੌਜਵਾਨ ਮੀਆਂ ਮੀਰ, ਸੂਫੀ ਸੰਤ ਬਣਨ ਤੋਂ ਕਈ ਵਰ੍ਹੇ ਪਹਿਲਾਂ, ਗੁਰੂ ਰਾਮ ਦਾਸ ਜੀ ਦੇ ਧਾਰਮਿਕ-ਦਾਰਸ਼ਨਿਕ ਉਪਦੇਸ਼ ਸੁਣਦੇ ਸਨ, ਜਦੋਂ ਗੁਰੂ ਰਾਮ ਦਾਸ ਜੀ ਰਾਮ ਦਾਸਪੁਰ ਤੋਂ ਲਾਹੌਰ ਆਏ ਸਨ। ਇਹ ਪਛਾਣਾਂ ਦੇ ਫਿਰਕੂਕਰਨ ਅਤੇ ਮਜ਼ਹਬੀ ਰਵਾਇਤਾਂ ਦੇ ਵੰਡੇ ਜਾਣ ਤੋਂ ਪਹਿਲਾਂ ਦਾ ਦੌਰ ਸੀ। ਇਹ ਉਹ ਸਮਾਂ ਸੀ ਜਦੋਂ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਗੁਰੂ ਦੇ ਸ਼ਰਧਾਲੂ ਬਣਨਾ ਆਮ ਗੱਲ ਸੀ, ਕੋਈ ਅਪਵਾਦ ਨਹੀਂ। ਅਜਿਹੀ ਹੀ ਇਕ ਧਾਰਮਿਕ ਇਕੱਤਰਤਾ ਵਿਚ ਨੌਜਵਾਨ ਮੀਆਂ ਮੀਰ ਦੀ ਭਵਿੱਖੀ ਗੁਰੂ (ਅਰਜਨ ਦੇਵ ਜੀ) ਨਾਲ ਮੁਲਾਕਾਤ ਹੋਈ। ਉਨ੍ਹਾਂ ਵਿਚਕਾਰ ਅਜਿਹਾ ਸਬੰਧ ਬਣ ਗਿਆ ਜਿਸ ਨੇ ਭਵਿੱਖ ਵਿਚ ਸਿੱਖੀ ਅਤੇ ਇਸਲਾਮ ਵਿਚਕਾਰ ਪ੍ਰਤੀਕਾਤਮਕ ਰਿਸ਼ਤੇ ਦਾ ਨੁਮਾਇੰਦਾ ਬਣਨਾ ਸੀ।

ਬਾਅਦ 'ਚ ਗੁਰਗੱਦੀ ਸੰਭਾਲਣ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਰਾਮ ਦਾਸਪੁਰ ਦੀ ਉਸਾਰੀ ਦਾ ਕਾਰਜ ਜਾਰੀ ਰੱਖਿਆ ਜਿਸ ਦੀ ਬੁਨਿਆਦ ਉਨ੍ਹਾਂ ਦੇ ਪਿਤਾ ਚੌਥੇ ਗੁਰੂ ਰਾਮ ਦਾਸ ਜੀ ਨੇ ਰੱਖੀ ਸੀ। ਨਾਲ ਹੀ ਉਨ੍ਹਾਂ ਹਰਿਮੰਦਰ ਸਾਹਿਬ ਦੀ ਉਸਾਰੀ ਸ਼ੁਰੂ ਕਰਵਾਈ, ਭਵਿੱਖ ਦਾ 'ਗੋਲਡਨ ਟੈਂਪਲ' ਜਿਸ ਨੇ ਸਮਾਂ ਪਾ ਕੇ ਸਿੱਖਾਂ ਦਾ ਸਭ ਤੋਂ ਪਵਿੱਤਰ ਤੇ ਅਹਿਮ ਧਾਰਮਿਕ ਸਥਾਨ ਬਣਨਾ ਸੀ। ਹਰਿਮੰਦਰ ਸਾਹਿਬ ਦੀ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਨੇ ਸੁਨੇਹਾ ਦੇ ਕੇ ਇਕ ਵਫਦ ਰਾਮ ਦਾਸਪੁਰ ਤੋਂ ਲਾਹੌਰ ਭੇਜਿਆ (ਸਾਈਂ ਮੀਆਂ ਮੀਰ ਦੇ ਲਾਹੌਰ ਰਹਿੰਦੇ ਵੰਸ਼ਜਾਂ ਦੇ ਜ਼ੁਬਾਨੀ ਦੱਸਣ ਮੁਤਾਬਿਕ) ਤਾਂ ਕਿ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਲਈ ਉਨ੍ਹਾਂ ਦੇ ਦੋਸਤ ਮੀਆਂ ਮੀਰ ਨੂੰ ਰਾਮ ਦਾਸਪੁਰ ਲਿਆਂਦਾ ਜਾ ਸਕੇ। ਸਾਈਂ ਮੀਆਂ ਮੀਰ ਨੇ ਹਰਿਮੰਦਰ ਸਾਹਿਬ ਦੀ ਬੁਨਿਆਦ ਰੱਖੀ ਤੇ ਇਸ ਤਰ੍ਹਾਂ ਉਨ੍ਹਾਂ ਲਾਹੌਰ ਤੇ ਅੰਮ੍ਰਿਤਸਰ ਨੂੰ ਉਮਰਾਂ ਦੇ ਪੱਕੇ ਬੰਧਨ ਵਿਚ ਬੰਨ੍ਹ ਦਿੱਤਾ।

ਇਸ ਤੋਂ ਕਈ ਸਾਲਾਂ ਬਾਅਦ ਜਦੋਂ ਬਾਦਸ਼ਾਹ ਜਹਾਂਗੀਰ ਦੇ ਹੁਕਮਾਂ 'ਤੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤੇ ਜਾਣ ਤੋਂ ਪਹਿਲਾਂ ਲਾਹੌਰ ਵਿਚ ਤਸੀਹੇ ਦਿੱਤੇ ਜਾ ਰਹੇ ਸਨ ਤਾਂ ਸਾਈਂ ਮੀਆਂ ਮੀਰ ਉਨ੍ਹਾਂ ਕੋਲ ਪੁੱਜੇ। ਉਨ੍ਹਾਂ ਗੁਰੂ ਸਾਹਿਬ ਨੂੰ ਕਿਹਾ ਕਿ ਉਹ ਉਨ੍ਹਾਂ ਉਤੇ ਤਸ਼ੱਦਦ ਹੁੰਦਾ ਨਹੀਂ ਦੇਖ ਸਕਦੇ ਤੇ ਇਸ ਨੂੰ ਰੁਕਵਾਉਣ ਲਈ ਲਾਹੌਰ ਨੂੰ ਤਬਾਹ ਕਰ ਦੇਣਗੇ। ਉਨ੍ਹਾਂ ਇਸ ਲਈ ਗੁਰੂ ਸਾਹਿਬ ਦੀ ਇਜਾਜ਼ਤ ਮੰਗੀ ਪਰ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜ ਦਿੱਤਾ। ਗੁਰੂ ਸਾਹਿਬ ਦੀ ਸ਼ਹੀਦੀ ਪਿਛੋਂ ਸਾਈਂ ਮੀਆਂ ਮੀਰ ਨੇ ਉਨ੍ਹਾਂ ਦੇ ਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਨਾਲ ਗੂੜ੍ਹੇ ਰਿਸ਼ਤੇ ਬਣਾਈ ਰੱਖੇ। ਇਹ ਅਜਿਹਾ ਰਿਸ਼ਤਾ ਸੀ ਜਿਸ ਨੂੰ ਕੁਝ ਸਮੂਹ ਤੇ ਭਾਈਚਾਰੇ ਅੱਜ ਵੀ ਯਾਦ ਕਰਦੇ ਹਨ ਤੇ ਜਸ਼ਨ ਮਨਾਉਂਦੇ ਹਨ।

ਮੈਂ ਭਾਈ ਗੁਲਾਮ ਮੁਹੰਮਦ ਨੂੰ ਫਰਵਰੀ 2014 ਵਿਚ ਉਨ੍ਹਾਂ ਦੇ ਲਾਹੌਰ ਸਥਿਤ ਘਰ ਵਿਚ ਮਿਲਿਆ। ਉਸੇ ਸਾਲ ਅਪਰੈਲ ਮਹੀਨੇ ਉਨ੍ਹਾਂ ਦਾ ਇੰਤਕਾਲ (ਦੇਹਾਂਤ) ਹੋ ਗਿਆ। ਉਨ੍ਹਾਂ ਦਾ ਘਰ ਸ਼ਹਿਰ ਦੀ ਨਾਮੀ ਦਰਗਾਹ ਦਾਤਾ ਦਰਬਾਰ ਦੇ ਨੇੜੇ ਸੀ। ਇਹ ਦਰਗਾਹ ਹਜ਼ਾਰ ਸਾਲ ਪੁਰਾਣੀ ਹੈ; ਓਨੀ ਹੀ ਪੁਰਾਣੀ ਜਿੰਨਾ ਪੁਰਾਣਾ ਲਾਹੌਰ ਦਾ ਗਿਆਤ ਇਤਿਹਾਸ ਹੈ। ਲਾਹੌਰ ਦੇ ਬਾਸ਼ਿੰਦੇ ਆਪਣੇ ਸ਼ਹਿਰ ਦੀ ਇਤਿਹਾਸਕਤਾ, ਇਸ ਦੇ ਹਾਲੀਆ ਤੇ ਪੁਰਾਤਨ ਅਤੀਤ ਉਤੇ ਮਾਣ ਮਹਿਸੂਸ ਕਰਦੇ ਹਨ ਪਰ ਕੀ ਲਾਹੌਰ ਆਪਣੇ ਮੌਜੂਦਾ ਰੂਪ ਵਿਚ ਉਹੋ ਜਿਹਾ ਹੀ ਸ਼ਹਿਰ ਹੈ, ਜਿਹੋ ਜਿਹਾ ਹਜ਼ਾਰ ਸਾਲ ਪਹਿਲਾਂ ਸੀ। ਲਾਹੌਰ ਭਾਈ ਗੁਲਾਮ ਮੁਹੰਮਦ ਦਾ ਸ਼ਹਿਰ ਨਹੀਂ ਸੀ, ਉਨ੍ਹਾਂ ਦਾ ਸ਼ਹਿਰ ਅੰਮ੍ਰਿਤਸਰ ਸੀ ਪਰ 1947 ਵਿਚ ਸ਼ਹਿਰ ਬਦਲ ਗਿਆ। ਭਾਈ ਗੁਲਾਮ ਮੁਹੰਮਦ ਦੇ ਪਰਿਵਾਰ ਵਾਂਗ ਹੀ, ਲਾਹੌਰ ਸ਼ਹਿਰ ਵੀ ਹਿਜਰਤ ਕਰ ਕੇ ਹੁਣ ਵਾਲੇ ਲਾਹੌਰ ਦਾ ਰੂਪ ਧਾਰ ਗਿਆ। ਜਿਸ ਸ਼ਹਿਰ ਵਿਚ ਗੁਲਾਮ ਮੁਹੰਮਦ ਆਏ ਸਨ, ਇਹ ਹੁਣ ਹਰਗਿਜ਼ ਉਹ ਲਾਹੌਰ ਨਹੀਂ ਸੀ ਰਿਹਾ ਜੋ ਪੰਜਾਬ ਦਾ ਮਾਣ ਸੀ, ਵੱਖ-ਵੱਖ ਸਭਿਆਚਾਰਾਂ ਦੇ ਨਗੀਨਿਆਂ ਨਾਲ ਸਜਾਏ ਤਾਜ ਵਰਗਾ, ਜੋ ਲਾਹੌਰ ਅਣਵੰਡੇ ਬ੍ਰਿਟਿਸ਼ ਹਿੰਦ ਦੌਰਾਨ ਸੀ। ਬਾਅਦ ਵਾਲਾ ਲਾਹੌਰ ਬਿਕੁਲ ਨਵਾਂ ਲਾਹੌਰ ਸੀ; ਅਜਿਹਾ ਨਵਾਂ ਸ਼ਹਿਰ ਜਿਸ ਦਾ ਇਸ ਦੇ ਮਾਣਮੱਤੇ ਅਤੀਤ ਨਾਲ ਮਹਿਜ਼ ਨਾਂ ਹੀ ਸਾਂਝਾ ਹੈ।

ਭਾਈ ਗੁਲਾਮ ਮੁਹੰਮਦ, ਭਾਈ ਸਾਧਾ ਤੇ ਭਾਈ ਮਾਧਾ ਦੇ ਪਰਿਵਾਰ ਤੋਂ ਸਨ ਜੋ ਗੁਰੂ ਸਾਹਿਬਾਨ ਵੱਲੋਂ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਲਈ ਨਿਯੁਕਤ ਕੀਤੇ ਗਏ ਮੁਸਲਿਮ ਰਬਾਬੀ ਸਨ। ਗੁਰਦੁਆਰਾ ਸਾਹਿਬਾਨ ਵਿਚ ਮੁਸਲਿਮ ਰਬਾਬੀਆਂ ਵੱਲੋਂ ਕੀਰਤਨ ਕਰਨ ਦੀ ਰਵਾਇਤ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਦੇ ਸਮੇਂ ਤੋਂ ਚੱਲੀ ਹੋਈ ਹੈ ਜਿਸ ਨੂੰ ਬਾਅਦ ਦੇ ਗੁਰੂ ਸਾਹਿਬਾਨ ਨੇ ਵੀ ਜਾਰੀ ਰੱਖਿਆ। ਉਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਦੇ ਬਹੁਤ ਹੀ ਸਤਿਕਾਰਤ ਪਰਿਵਾਰਾਂ ਵਿਚ ਸ਼ਰੀਕ ਸੀ ਕਿਉਂਕਿ ਇਹ ਪਰਿਵਾਰ ਗੁਰੂ ਦੇ ਸ਼ਬਦ ਦਾ ਗੁਰੂ ਦੇ ਹਜ਼ਾਰਾਂ ਸ਼ਰਧਾਲੂਆਂ ਨਾਲ ਸਬੰਧ ਜੋੜਨ ਵਾਲਾ ਸੀ। ਉਨ੍ਹਾਂ ਦਾ ਪਰਿਵਾਰ ਅਜਿਹੇ ਅਨੇਕਾਂ ਪਰਿਵਾਰਾਂ ਵਾਂਗ ਹੀ ਮਿਸਾਲੀ ਪਰਿਵਾਰ ਸੀ ਜਿਹੜੇ ਵੱਖੋ-ਵੱਖ ਮਜ਼ਹਬੀ ਭਾਈਚਾਰਿਆਂ ਅਤੇ ਸਾਂਝੀਆਂ ਪਛਾਣਾਂ ਦਰਮਿਆਨ ਨਾਜ਼ੁਕ ਰਿਸ਼ਤਿਆਂ ਨੂੰ ਉਜਾਗਰ ਕਰਦੇ ਹਨ। ਉਨ੍ਹਾਂ ਦਾ ਕਹਿਣਾ ਸੀ, "ਅਸੀਂ ਦਿਲੋਂ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੇ ਹਾਂ... ਇਸ 'ਚ ਮੁਸਲਮਾਨ ਹੋਣ ਵਾਲੀ ਕੋਈ ਗੱਲ ਨਹੀਂ ਹੈ।"

ਕਿਸੇ ਸਮੇਂ ਗੁਰੂ ਦੇ ਸ਼ਬਦਾਂ ਦੇ ਨਿਗ੍ਹਾਬਾਨ ਰਹੇ ਇਸ ਪਰਿਵਾਰ ਨੂੰ ਲਾਹੌਰ ਵਿਚ ਛੋਟੇ-ਮੋਟੇ ਕੰਮ ਕਰ ਕੇ ਗੁਜ਼ਾਰਾ ਕਰਨਾ ਪਿਆ। ਹਾਲ ਹੀ ਵਿਚ ਪਾਕਿਸਤਾਨ 'ਚ ਸਿੱਖ ਵਿਰਾਸਤ ਵਿਚ ਦਿਲਚਸਪੀ ਵਧਣ ਤੋਂ ਬਾਅਦ ਪਰਿਵਾਰ ਨੇ ਮੁੜ ਕੀਰਤਨ ਕਰਨਾ ਸ਼ੁਰੂ ਕੀਤਾ ਹੈ ਪਰ ਮੁੜ ਇਸ ਸੇਵਾ ਦੀ ਸ਼ੁਰੂਆਤ ਵਿਚ ਵੰਡ ਤੋਂ ਪਹਿਲਾਂ ਵਾਲੀ ਗੱਲ ਕਿੱਥੇ! ਤੇ ਉਨ੍ਹਾਂ ਨੂੰ ਗੁਜ਼ਾਰੇ ਲਈ ਛੋਟੇ-ਮੋਟੇ ਕੰਮ ਕਰਨੇ ਹੀ ਪੈ ਰਹੇ ਹਨ। ਭਾਈ ਗੁਲਾਮ ਮੁਹੰਮਦ ਅੰਮ੍ਰਿਤਧਾਰੀ ਨਾ ਹੋਣ ਕਾਰਨ 2008 ਵਿਚ ਅੰਮ੍ਰਿਤਸਰ ਵਿਚ ਕੀਰਤਨ ਨਹੀਂ ਸਨ ਕਰ ਸਕੇ। ਉਨ੍ਹਾਂ ਦਾ ਪਰਿਵਾਰ ਪੀੜ੍ਹੀਆਂ ਤੱਕ ਅੰਮ੍ਰਿਤਧਾਰੀ ਨਾ ਹੋਣ ਦੇ ਬਾਵਜੂਦ ਹਰਿਮੰਦਰ ਸਾਹਿਬ 'ਚ ਕੀਰਤਨ ਕਰਦਾ ਰਿਹਾ ਸੀ ਪਰ ਹੁਣ ਇਹ ਵੱਖਰਾ ਸ਼ਹਿਰ ਸੀ, ਵੱਖਰਾ ਅੰਮ੍ਰਿਤਸਰ ਸੀ।

ਗੁਲਾਮ ਮੁਹੰਮਦ ਦੀ ਇਸ ਕਹਾਣੀ 'ਚ ਹੀ ਲਾਹੌਰ ਤੇ ਅੰਮ੍ਰਿਤਸਰ ਦੀ ਕਹਾਣੀ ਲੁਕੀ ਹੋਈ ਹੈ। ਇਹ ਇਸ ਗੱਲ ਦੀ ਕਹਾਣੀ ਹੈ ਕਿ ਇਹ ਸ਼ਹਿਰ ਕਦੇ ਕੀ ਸਨ, ਉਨ੍ਹਾਂ ਦਾ ਕੀ ਰਿਸ਼ਤਾ ਸੀ। ਇਹ ਇਨ੍ਹਾਂ ਦੇ ਆਪਸੀ ਜੋੜ ਦੀ ਕਹਾਣੀ ਹੈ ਕਿ ਇਹ ਸ਼ਹਿਰ ਕੀ ਹਨ, ਬਦਲਦੀਆਂ ਪਛਾਣਾਂ ਪ੍ਰਤੀ ਉਨ੍ਹਾਂ ਦੇ ਵਿਰੋਧ ਦੀ ਕਹਾਣੀ, ਉਨ੍ਹਾਂ ਦੀਆਂ ਨਵੀਆਂ ਉਭਰੀਆਂ ਵਫਾਦਾਰੀਆਂ ਦੀ ਕਹਾਣੀ। ਗੁਲਾਮ ਮੁਹੰਮਦ ਦੀ ਮੌਤ ਦੋ ਸ਼ਹਿਰਾਂ ਦੀ ਮੌਤ ਹੈ; ਇਸ ਦੀ ਵੀ ਕਿ ਉਹ ਕੀ ਸਨ, ਇਸ ਦੀ ਵੀ ਕਿ ਉਹ ਕੀ ਹੋ ਸਕਦੇ ਸਨ।



*ਲਾਹੌਰ ਵਿਚ ਸ੍ਰੀ ਗੁਰੂ ਰਾਮ ਦਾਸ ਜੀ ਦੇ ਜਨਮ ਸਥਾਨ 'ਤੇ ਉਸਰਿਆ ਗੁਰਦੁਆਰਾ।*

# ਮੁੱਕੀ ਨਹੀਂ ਘੁੰਮਣਘੇਰੀ

## ਕਲਾ ਪਰਿਕਰਮਾ

ਚਾਰੇ ਪਾਸੇ ਬਿਮਾਰੀ, ਮੌਤ ਅਤੇ ਲਾਚਾਰੀ ਫੈਲੀ ਹੋਈ ਹੈ। ਅਸੀਂ ਸਭ ਮਹਿਸੂਸ ਕਰ ਰਹੇ ਹਾਂ। ਸਾਡੇ ਤਕ ਖਬਰਾਂ ਪਹੁੰਚਦੀਆਂ ਹਨ ਕਿ ਫਲਾਣਾ ਖਾਸ-ਮ-ਖਾਸ ਬੰਦਾ ਕਰੋਨਾ ਬਿਮਾਰੀ ਦਾ ਸ਼ਿਕਾਰ ਹੋ ਗਿਆ ਹੈ, ਉਹ ਕਿਸੇ ਵੱਡੇ ਹਸਪਤਾਲ ਵਿਚ ਦਾਖਲ ਹੈ ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਪਲ ਪਲ ਦੀ ਖਬਰ ਸਾਨੂੰ ਤਸੱਲੀ ਦੇ ਰਹੀ ਹੈ ਕਿ ਉਹ ਖਾਸ-ਮ-ਖਾਸ ਬੰਦਾ ਮਰੇਗਾ ਨਹੀਂ... ਅਸੀਂ ਮਰਨ ਨਹੀਂ ਦਿਆਂਗੇ.. ਸਾਡਾ ਪ੍ਰਬੰਧ ਬੜਾ ਤਾਕਤਵਰ ਹੈ। ਦਸ ਦਿਨ, ਚੌਦਾਂ ਦਿਨ ਬੀਤਦੇ ਹਨ, ਉਸ ਸ਼ਖਸ ਦਾ ਹੱਸਦਾ ਚਿਹਰਾ ਖਬਰ ਬਣਦਾ ਹੈ ਤੇ ਉਹ ਐਲਾਨ ਕਰਦਾ ਹੈ ਕਿ ਮੈਂ ਹੁਣ ਠੀਕ ਹਾਂ। ਜਨਤਾ ਨੂੰ ਨਸੀਹਤਾਂ ਦਿੰਦਾ ਹੈ, 'ਮਾਸਕ ਪਾਓ, ਸੈਨੇਟਾਈਜ਼ਰ ਵਰਤੋ, ਦੂਰੀ ਬਣਾ ਕੇ ਰੱਖੋ, ਇਹ ਵਕਤ ਗੁਜ਼ਰ ਜਾਏਗਾ!' ...

ਜਿਨ੍ਹਾਂ ਦਾ ਦੋ ਵਕਤ ਦਾ ਗੁਜ਼ਾਰਾ ਵੀ ਮੁਸ਼ਕਿਲ ਹੈ, ਉਨ੍ਹਾਂ ਦਾ ਵਕਤ ਕਿਵੇਂ ਗੁਜ਼ਰ ਜਾਏਗਾ! ਜੋ ਮਰ ਕੇ ਵੀ ਖਬਰ ਨਹੀਂ ਬਣਦੇ... ਜਿਨ੍ਹਾਂ ਦੀ ਲੋਥ ਵੀ ਰੁਲਦੀ ਹੈ... ਜੋ ਆਕਸੀਜਨ ਦੇ ਸਿਲੰਡਰਾਂ ਲਈ




**ਡਾ. ਸਾਹਿਬ ਸਿੰਘ**
ਫੋਨ: +91-98880-11096

ਲਾਈਨਾਂ ਲਾ ਕੇ ਖੜ੍ਹੇ ਹਨ। ਉੱਥੇ ਧੱਕਾ ਹੈ, ਸਿਲੰਡਰ ਪਹਿਲਾਂ ਲੈਣਾ ਹੈ! ਉਥੇ ਦੂਰੀ ਕਿਵੇਂ ਸੰਭਵ ਹੈ! ਉਸ ਕਤਾਰ 'ਚ ਖੜ੍ਹਾ ਬੰਦਾ ਆਮ ਹੈ। ਉਹ ਇਕ ਦੂਜੇ ਨੂੰ ਧੱਕੇ ਵੀ ਮਾਰਦਾ ਹੈ, ਗਾਲ ਵੀ ਕੱਢਦਾ ਹੈ, ਕੁੱਟਦਾ ਵੀ ਹੈ, ਮਾਰ ਵੀ ਖਾਂਦਾ ਹੈ ਕਿਉਂਕਿ ਉਹ 'ਆਮ' ਹੈ। ਉਹ ਖਾਸ ਭਾਸ਼ਾ, ਖਾਸ ਵਰਤ ਵਰਤਾਓ ਕਿੱਥੋਂ ਲਿਆਵੇ!

ਇਹ ਨਾਟਕੀ ਨਹੀਂ ਹੈ ਪਰ ਇਹ ਅੱਜਕੱਲ੍ਹ ਲੱਗਦਾ ਇਵੇਂ ਹੈ, ਜਿਵੇਂ ਕਿਸੇ ਬਹੁਤ ਹੀ ਸਤਹੀ ਨਾਟਕਕਾਰ ਵੱਲੋਂ ਲਿਖਿਆ ਨਾਟਕ ਦੇਖ ਰਹੇ ਹੋਈਏ ਜਿਹਦੇ ਵਿਚ ਉਸ ਨੇ ਤਣਾਅ ਤਾਂ ਸਿਰਜ ਦਿੱਤਾ ਹੈ, ਹੁਣ ਤਣਾਅ ਦੀ ਨਿਕਾਸੀ ਕਿਵੇਂ ਕਰਨੀ ਹੈ, ਉਸ ਨੂੰ ਸਮਝ ਨਹੀਂ ਆ ਰਿਹਾ। ਪਾਤਰਾਂ ਦਾ ਘੜਮੱਸ ਹੈ। ਦਰਸ਼ਕ ਧਿਆਨ ਕੇਂਦਰਤ ਕਰੇ ਤਾਂ ਕਿਸ ਪਾਤਰ 'ਤੇ। ਕਹਾਣੀ ਕੀਹਦੀ ਕਹੀ ਜਾ ਰਹੀ ਹੈ, ਨਾਟਕਕਾਰ ਸਪਸ਼ਟ ਨਹੀਂ ਕਰ ਰਿਹਾ। ਇਹ ਨਾਟਕ ਐਬਸਟ੍ਰੈਕਟ ਵੀ ਨਹੀਂ ਹੈ, ਸ਼ੈਲੀ ਯਥਾਰਥਕ ਹੈ ਪਰ ਨਿਭਾਅ ਊਲ-ਜਲੂਲ ਹੈ। ਇਸ ਸੂਰਤ ਵਿਚ ਰੰਗਮੰਚ ਕੀ ਕਰੇ! ਕਿਸ ਤੋਂ ਸੇਧ ਲਵੇ, ਕਿਸ ਦੀ ਸ਼ਰਨ ਵਿਚ ਜਾਵੇ! ਗੁਰਸ਼ਰਨ ਬਾਬੇ ਦੇ ਪੈਰੀਂ ਹੱਥ ਲਾਉਂਦਾ ਹਾਂ, ਉਹ ਵੀ ਰੁਆ ਦਿੰਦਾ ਹੈ ਤੇ ਮੇਰੇ ਸਾਹਮਣੇ ਸੱਠ ਸਾਲ ਪਹਿਲਾਂ ਲਿਖੇ ਨਾਟਕ ਦੀ ਸਕ੍ਰਿਪਟ ਸੁੱਟ ਦਿੰਦਾ ਹੈ ਤੇ ਚੁਣੌਤੀ ਸਿਰਜਦਾ ਹੈ, 'ਇਸ ਨੂੰ ਦੁਬਾਰਾ ਪੜ੍ਹ... ਤੂੰ ਤਾਂ ਮੇਰੇ ਜਾਣ ਤੋਂ ਬਾਅਦ 2013 'ਚ ਖੇਡਿਆ ਸੀ ਇਹ ਨਾਟਕ! ਪੜ੍ਹ ਤੇ ਫੇਰ ਗੱਲ ਕਰ!' ਮੈਨੂੰ ਲੱਗਦਾ ਹੈ ਜਿਵੇਂ ਭਾਅ ਭਾਰੇ ਹੱਥਾਂ ਨਾਲ ਮੇਰੀ ਪਿੱਠ 'ਤੇ ਨਹੀਂ, ਸਿਰ 'ਚ ਘਸੁੰਨ ਮਾਰ ਰਿਹਾ ਹੈ।

ਅੱਜ ਕੋਵਿਡ ਹੈ, ਉਦੋਂ ਤਪਦਿਕ ਸੀ। ਅੱਜ ਕੋਵਿਡ ਮਰੀਜ਼ ਦੇ ਨੇੜੇ ਜਾਣਾ ਪਾਪ ਹੈ, ਉਦੋਂ ਤਪਦਿਕ ਦੇ ਮਰੀਜ਼ ਤੋਂ ਦੂਰੀ ਬਣਾਉਣ ਦੀ ਸਲਾਹ ਦਿੱਤੀ ਜਾਂਦੀ ਸੀ ਪਰ ਭਾਅ ਦਾ ਰੰਗਮੰਚ ਕਹਿੰਦਾ ਹੈ, 'ਦੂਰੀ ਬਣਾ ਕੇ ਜੀਵਾਂਗੇ ਕਿਵੇਂ! ਹਯਾਤੀ ਦੀ ਜੰਗ ਤਾਂ ਗਲਵੱਕੜੀ ਪਾ ਕੇ ਲੜੀ ਜਾਊ!' ਨਾਟਕ ਦਾ ਨਾਮ ਹੈ- ਘੁੰਮਣਘੇਰੀ! ਦੇਸ਼ ਆਜ਼ਾਦ ਹੋ ਚੁੱਕਾ ਸੀ। ਦੇਸੀ ਨੇਤਾਵਾਂ ਨੇ ਵਿਦੇਸ਼ੀ ਨੇਤਾਵਾਂ ਨੂੰ ਭਜਾ ਕੇ ਖੂਬਸੂਰਤ ਸਮਾਜ ਸਿਰਜਣ ਦਾ ਸੁਪਨਾ ਆਮ ਜਨਤਾ ਦੇ ਦਿਮਾਗ 'ਚ ਬੀਜਿਆ ਸੀ। ਜਦੋਂ ਉਹ ਸੁਪਨਾ ਤਿੜਕਣ ਲੱਗਾ ਤਾਂ ਭਾਅ ਦੀ ਕਲਮ 'ਚੋਂ ਇਹ ਨਾਟਕ ਨਿਕਲਿਆ। ਨਾਟਕ ਦਾ ਮੁੱਖ ਪਾਤਰ ਹੈ 'ਵੀਰ ਜੀ', ਘਰ ਦਾ ਮੁਖੀ, ਉਸ ਦੀ ਪਤਨੀ, ਛੋਟਾ ਪੜ੍ਹਾਕੂ ਭਰਾ ਅਮਰੀਕ, ਲਿਖਣ ਦਾ ਸ਼ੌਕ ਰੱਖਦੀ ਤਪਦਿਕ ਦੀ ਮਰੀਜ਼ ਛੋਟੀ ਭੈਣ ਜੀਤਾਂ। ਜੀਤਾਂ ਬਿਮਾਰ ਹੈ। ਨਾਟਕ ਦਾ



ਰੰਗਕਰਮੀ ਗੁਰਸ਼ਰਨ ਸਿੰਘ



ਇਕ ਚਿੱਤਰਕਾਰ ਦੀ ਨਜ਼ਰ ਵਿਚ ਘੁੰਮਣਘੇਰੀ।

***ਅੱਜ ਕੋਵਿਡ ਹੈ, ਉਦੋਂ ਤਪਦਿਕ ਸੀ। ਅੱਜ ਕੋਵਿਡ ਮਰੀਜ਼ ਦੇ ਨੇੜੇ ਜਾਣਾ ਪਾਪ ਹੈ, ਉਦੋਂ ਤਪਦਿਕ ਦੇ ਮਰੀਜ਼ ਤੋਂ ਦੂਰੀ ਬਣਾਉਣ ਦੀ ਸਲਾਹ ਦਿੱਤੀ ਜਾਂਦੀ ਸੀ ਪਰ ਭਾਅ ਦਾ ਰੰਗਮੰਚ ਕਹਿੰਦਾ ਹੈ, 'ਦੂਰੀ ਬਣਾ ਕੇ ਜੀਵਾਂਗੇ ਕਿਵੇਂ! ਹਯਾਤੀ ਦੀ ਜੰਗ ਤਾਂ ਗਲਵੱਕੜੀ ਪਾ ਕੇ ਲੜੀ ਜਾਊ!' ਨਾਟਕ ਦਾ ਨਾਮ ਹੈ- ਘੁੰਮਣਘੇਰੀ! ਦੇਸ਼ ਆਜ਼ਾਦ ਹੋ ਚੁੱਕਾ ਸੀ। ਦੇਸੀ ਨੇਤਾਵਾਂ ਨੇ ਵਿਦੇਸ਼ੀ ਨੇਤਾਵਾਂ ਨੂੰ ਭਜਾ ਕੇ ਖੂਬਸੂਰਤ ਸਮਾਜ ਸਿਰਜਣ ਦਾ ਸੁਪਨਾ ਆਮ ਜਨਤਾ ਦੇ ਦਿਮਾਗ 'ਚ ਬੀਜਿਆ ਸੀ। ਜਦੋਂ ਉਹ ਸੁਪਨਾ ਤਿੜਕਣ ਲੱਗਾ ਤਾਂ ਭਾਅ ਦੀ ਕਲਮ 'ਚੋਂ ਇਹ ਨਾਟਕ ਨਿਕਲਿਆ।***

ਪਰਦਾ ਉੱਠਦੇ ਸਾਰ ਉਸ ਦੀ ਬਿਮਾਰੀ ਤੋਂ ਪਰਦਾ ਚੁੱਕ ਦਿੱਤਾ ਹੈ। ਉਹ ਲਿਖ ਰਹੀ ਹੈ: 'ਜਦੋਂ ਜ਼ਿੰਦਗੀ ਆਖਰੀ ਸਾਹਵਾਂ ਉੱਤੇ ਪੁੱਜ ਗਈ ਤਾਂ ਵੀ ਉਹਦੀਆਂ ਅੱਖਾਂ 'ਚ ਉਸ ਦੀ ਉਡੀਕ ਸੀ... ਉਹੋ ਜਿਹੀ ਉਡੀਕ ਜਿਹੜੀ ਉਮਰ ਭਰ ਨਹੀਂ ਮੁੱਕਦੀ!'

ਨਾਟਕ ਦੀ ਕਹਾਣੀ 'ਚ ਇਹ ਕਹਾਣੀ ਚੱਲ ਰਹੀ ਹੈ। ਨਾਟਕ ਦਾ ਆਗਾਜ਼ ਹੋਇਆ ਹੈ ਪਰ ਜੀਤਾਂ ਦੀ ਕਹਾਣੀ ਦਾ ਅਖੀਰ ਆਉਣ ਵਾਲਾ ਹੈ। ਇਹ ਮੁੱਢਲਾ ਸੰਵਾਦ ਨਾਟਕੀ ਤਣਾਅ ਦਾ ਐਸਾ ਧੂਫ ਪਾਠਕ/ਦਰਸ਼ਕ ਦੇ ਉਤਾਵਲੇ ਦਿਮਾਗੀ ਕੋਲਿਆਂ 'ਤੇ ਧੂੜਦਾ ਹੈ ਕਿ ਇਸ ਦਾ ਧੂੰਆਂ ਵੀ ਉਸ ਨੂੰ ਆਪਣੀ ਪਕੜ 'ਚ ਲੈ ਲੈਂਦਾ ਹੈ ਤੇ ਥੀਮ ਦੀ ਮਹਿਕ ਵੀ ਜਲੂਣ ਛੇੜ ਦਿੰਦੀ ਹੈ। ਗੁਰਸ਼ਰਨ ਸਿੰਘ ਦਾ ਅੰਦਾਜ਼ ਇਵੇਂ ਦਾ ਹੀ ਹੈ ਪਰ ਇਸ ਸੰਵਾਦ ਤੋਂ ਪਹਿਲਾਂ ਦਰਸ਼ਕਾਂ ਦੇ ਸਾਹਮਣੇ ਇਕ ਦ੍ਰਿਸ਼ ਹੈ... ਚੁੱਲ੍ਹੇ 'ਚ ਲੱਕੜਾਂ ਧੁਖ ਰਹੀਆਂ ਹਨ, ਧੂੰਆਂ ਫੈਲਿਆ ਹੈ, ਜੀਤਾਂ ਬਿਸਤਰੇ 'ਤੇ ਪਈ ਹੈ, ਹੱਥ 'ਚ ਪੈਨਸਲ ਹੈ, ਸਾਹਮਣੇ ਕਾਗਜ਼ ਹਨ, 'ਖੰਘ ਦਾ ਸੰਗੀਤ' ਹੈ।

ਵੀਰ ਜੀ ਨਿਮਨ ਮੱਧਵਰਗ ਦਾ ਨੁਮਾਇੰਦਾ ਕਲਰਕ ਹੈ। ਭੈਣ ਬਿਮਾਰ ਹੈ। ਉਸ ਦਾ ਵਿਆਹ ਵੀ ਕਰਨਾ ਹੈ। ਭਰਾ ਨੂੰ ਪੜ੍ਹਾਉਣਾ ਹੈ। ਪਤਨੀ ਦੀਆਂ ਲੋੜਾਂ ਤੇ ਚਾਅ ਹਨ। ਉਹ ਸਭ ਕੁਝ ਕਰਨ ਦੀ ਖਾਤਰ ਭੱਜ ਨੱਸ ਕਰ ਰਿਹਾ ਹੈ। ਸਿਰੇ ਕੁਝ ਨਹੀਂ ਚੜ੍ਹ ਰਿਹਾ। ਨਤੀਜੇ 'ਚ ਉਗਮਦੀ ਹੈ- ਖਿਝ, ਗੱਲ ਗੱਲ 'ਤੇ ਗੁੱਸਾ। ਜੀਤਾਂ ਲੇਖਕ ਹੈ, ਸਮਝਦੀ ਹੈ ਕਿ ਜ਼ਿੰਦਗੀ ਗਿੱਲੀ ਲੱਕੜ ਵਾਂਗ ਬਣ ਗਈ ਹੈ, ਜੋ ਨਾ ਭਾਂਬੜ ਬਣ ਕੇ ਬਲਦੀ ਹੈ, ਨਾ ਸੜ ਕੇ ਸੁਆਹ ਹੁੰਦੀ ਹੈ, ਬਸ ਧੁਖਦੀ ਰਹਿੰਦੀ ਹੈ ਤੇ ਆਲੇ ਦੁਆਲੇ ਧੂੰਆਂ ਹੀ ਧੂੰਆਂ ਹੈ! ਅੱਜ ਸੱਠ ਸਾਲ ਬਾਅਦ ਵੀ ਕੁਝ ਨਹੀਂ ਬਦਲਿਆ। ਕੀ ਇਸ ਨੂੰ ਸਾਹਿਤ ਤੇ ਕਲਾ ਦੀ ਚਿਰਕਾਲੀ ਪ੍ਰਸੰਗਿਕਤਾ ਸਮਝੀਏ ਜਾਂ ਸਾਹਿਤਕਾਰ ਦੀ ਇੱਛਾ ਦੀ ਮੌਤ। ਸਵਾਲ ਨਾਲ ਸਿੱਝਣਾ ਪਏਗਾ।

ਨਾਟਕ ਦਾ ਪਾਤਰ ਜ਼ਿੰਦਗੀ ਦੀ ਕਠੋਰਤਾ ਨਾਲ ਸਿੱਝ ਰਿਹਾ ਹੈ। ਉਸ ਕੋਲ ਤਪਦਿਕ ਦੀ ਬਿਮਾਰੀ ਖਿਲਾਫ ਲੜਨ ਦਾ ਕੋਈ ਠੋਸ ਉਪਾਅ ਨਹੀਂ ਹੈ, ਸਿਰਫ ਤਰਲਾ ਹੈ। ਉਸ ਕੋਲ ਘਰ ਦੀ ਮੰਦਹਾਲੀ ਦੂਰ ਕਰਨ ਵਾਸਤੇ ਕੋਈ ਸਿੱਕੇਬੰਦ ਹੱਲ ਨਹੀਂ ਹੈ, ਸਿਰਫ ਨਿਮਾਣੀ ਕੋਸ਼ਿਸ਼ ਹੈ। ਇਹ ਕੋਸ਼ਿਸ਼ਾਂ ਕਰਦਾ ਕਰਦਾ ਉਹ ਹੌਲੀ ਹੌਲੀ ਘੁੰਮਣਘੇਰੀ 'ਚ ਘਿਰਦਾ ਜਾਂਦਾ ਹੈ ਤੇ ਅਖੀਰ ਉਸ ਦੀ ਲਾਡਲੀ ਭੈਣ ਜੀਤਾਂ ਦੀ ਮੌਤ ਹੁੰਦੀ ਹੈ। ਵੀਰ ਜੀ ਉਸ ਦੀ ਲਾਸ਼ ਨੂੰ ਆਪਣੀਆਂ ਬਾਹਵਾਂ 'ਤੇ ਚੁੱਕੀ ਸਾਹਮਣੇ ਆਉਂਦਾ ਹੈ। ਸਾਰੇ ਰੋ ਰਹੇ ਹਨ। ਵੀਰ ਦਾ ਸੰਵਾਦ ਹੈ: 'ਤੁਸੀਂ ਤਾਂ ਰੋ ਵੀ ਸਕਦੇ ਹੋ... ਮੈਂ ਨ੍ਹੀਂ ਰੋ ਸਕਦਾ! ਘੁੰਮਣਘੇਰੀ 'ਚ ਆਈ ਕਿਸ਼ਤੀ ਨੂੰ ਕੱਢਣ ਦੀ ਮੈਂ ਬਹੁਤ ਕੋਸ਼ਿਸ਼ ਕੀਤੀ, ਪਰ ਮੇਰੀਆਂ ਬਾਹਵਾਂ ਹੰਭ ਗਈਆਂ ਨੇ। ਤੂੰ ਕਹਿੰਦੀ ਸੀ ਨਾ ਕਿ ਇਸ ਸਵਾਲ ਦਾ ਹੱਲ ਲੱਭਣਾ ਪੈਣਾ ਹੈ... ਹਾਲੀ ਵੀ ਇਸ ਦੇਸ਼ 'ਚ ਬਹੁਤ ਸਾਰੇ ਸਵਾਲਾਂ ਦਾ ਹੱਲ ਇਸ (ਮੌਤ) ਤੋਂ ਸਿਵਾ ਹੋਰ ਹੈ ਵੀ ਕੋਈ ਨਹੀਂ।'

ਅੱਜ ਵੀਰ ਜੀ ਦੀ ਜਗ੍ਹਾ ਕੋਈ ਹੈਦਰਾਬਾਦ ਦਾ ਰਾਮਾ ਹੈ ਜੋ ਆਪੂੰ ਬਣਾਈ ਗੱਡੀ 'ਤੇ ਆਪਣੀ ਬੀਵੀ ਤੇ ਬੱਚੀ ਨੂੰ ਅੱਠ ਸੌ ਕਿਲੋਮੀਟਰ ਖਿੱਚ ਕੇ ਘਰ ਪਹੁੰਚਾਉਂਦਾ ਹੈ... ਕੋਈ ਭੂਪਾਲ ਦਾ ਰਾਹੁਲ ਹੈ ਜੋ ਬਲਦ ਦੀ ਮੌਤ ਤੋਂ ਬਾਅਦ ਖੁਦ ਗੱਡਾ ਖਿੱਚਦਾ ਹੈ... ਕੋਈ ਰਾਧਾ ਹੈ ਜੋ ਨਾਸਿਕ ਤੋਂ ਮੱਧ ਪ੍ਰਦੇਸ਼ ਤਕ ਦਾ ਸਫਰ ਆਪਣੇ ਅਣਜੰਮੇ ਬੱਚੇ ਦਾ ਭਾਰ ਸੰਭਾਲਦੀ ਸ਼ੁਰੂ ਕਰਦੀ ਹੈ ਤੇ ਫਿਰ ਰਾਹਾਂ ਦੀ ਧੂੜ 'ਚ ਹੀ ਬੱਚਾ ਜਣਦੀ ਹੈ। ਉਹ ਤਿਲਕਧਾਰੀ ਹੈ ਜੋ ਆਪਣੀ ਪਤਨੀ ਦੀ ਲਾਸ਼ ਨੂੰ ਸ਼ਮਸ਼ਾਨਘਾਟ ਤਕ ਪਹੁੰਚਾਉਣ ਲਈ ਉਸ ਨੂੰ ਸਾਈਕਲ 'ਤੇ ਲੱਦ ਲੈਂਦਾ ਹੈ ਤੇ ਅੱਧ ਵਿਚਾਲੇ ਜਾ ਕੇ ਬੀਵੀ ਦੀ ਲਾਸ਼ ਸਣੇ ਖੁਦ ਵੀ ਡਿੱਗ ਪੈਂਦਾ ਹੈ। ਗੁਰਸ਼ਰਨ ਸਿੰਘ ਦੇ ਨਾਟਕ 'ਘੁੰਮਣਘੇਰੀ' ਦੇ ਇਹ ਅਜੋਕੇ ਪਾਤਰ ਹਨ।

ਆਪਣਿਆਂ ਦੀ ਲਾਸ਼ ਢੋਂਹਦੇ ਪਾਤਰ, ਪ੍ਰਬੰਧ ਨੂੰ ਚੁੱਪ-ਚਾਪ ਚੁਣੌਤੀ ਦਿੰਦੇ ਪਾਤਰ। ਗੁਰਸ਼ਰਨ ਸਿੰਘ ਇੱਛਤ ਯਥਾਰਥ ਸਿਰਜਣ ਵਾਲਾ ਨਾਟਕਕਾਰ ਸੀ, ਬੁਰੇ ਨੂੰ ਢਾਹੁਣ ਵਾਲਾ ਪਰ ਘੁੰਮਣਘੇਰੀ ਨਾਟਕ ਦਾ ਅੰਤ ਯਥਾਰਥਕ ਹੈ। ਭਾਅ ਦੀ ਨਾਟਕਕਾਰੀ ਨੂੰ ਪੜਾਅ ਦਰ ਪੜਾਅ ਸਮਝਣ ਤੇ ਉਹਦੇ ਰੰਗਮੰਚ ਨੂੰ ਡੀਕੋਡ ਕਰਨ ਦੇ ਇੱਛੁਕ ਵਿਦਵਾਨਾਂ ਲਈ ਇਹ ਦਿਲਚਸਪ ਨੁਕਤਾ ਹੈ। ਇੱਛਤ ਯਥਾਰਥ ਆਸਮਾਨੋਂ ਨਹੀਂ ਡਿੱਗਦਾ, ਯਥਾਰਥ ਦੀ ਸਮਝ 'ਚੋਂ ਪੈਦਾ ਹੁੰਦਾ ਹੈ। ਪ੍ਰਾਪਤ ਯਥਾਰਥ ਦੀ ਸਾਰੀ ਕੁੜੱਤਣ ਪੀਣ ਤੋਂ ਬਾਅਦ 'ਨੀਲ ਕੰਠੀ ਗੁਰਸ਼ਰਨ ਸਿੰਘ' ਇੱਛਤ ਯਥਾਰਥ ਦਾ ਅੰਮ੍ਰਿਤ ਸਾਡੇ ਪਿਆਲੇ 'ਚ ਉਲੱਦਦਾ ਹੈ। ਇਸ ਲਈ ਹਰ ਚੰਗੇ ਮਾੜੇ ਸਮਿਆਂ 'ਚ ਉਹ ਬਹੁਤ ਯਾਦ ਆਉਂਦਾ ਹੈ ਤੇ ਘੁੰਮਣਘੇਰੀ 'ਚੋਂ ਨਿਕਲਣ ਦਾ ਬਲ ਬਖਸ਼ਦਾ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਜੂਨ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-485



*ਰੰਗ ਦੇਖਿਆ ਕਰ ਕਰਤਾਰ ਦੇ, ਜੋ ਤਪਦੇ ਹਿਰਦੇ ਠਾਰਦੇ।*
*ਹੁਣ ਹਉਮੈ ਨੂੰ ਤੂੰ ਮਾਰ ਦੇ, ਲੜ ਲੱਗ ਸੱਚੀ ਸਰਕਾਰ ਦੇ।*

## ਕੈਪਸ਼ਨ ਮੁਕਾਬਲਾ-483



ਪੰਜਾਬ ਦੇ ਵਿਚੋਂ ਤੁਰੇ ਕਾਫਲੇ,
ਜਾਬਰ ਦਾ ਮੂੰਹ ਮੋੜਨ ਲਈ।
ਹਰਿਆਣਾ ਜੁੜ ਗਿਆ ਬਾਹਾਂ ਬਣ ਕੇ,
ਬੈਰੀਕੇਟਾਂ ਨੂੰ ਤੋੜਨ ਲਈ।
ਘਰਾਂ ਨੂੰ ਜਿੰਦਰੇ ਮਾਰ ਤੁਰ ਪਏ,
ਅਣਖੀ ਲੋਕਾਂ ਦੇ ਪਰਿਵਾਰ।
ਲੋਕ ਯੁੱਧ ਦਾ ਰੂਪ ਵੇਖ ਕੇ,
ਅੰਦਰੋ ਅੰਦਰੀ ਹਿੱਲੀ ਸਰਕਾਰ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ।***
***ਫੋਨ: 91-94176-49275***

---

ਚੜ੍ਹਿਆ ਰੋਹ ਲੋਕਾਂ ਤਾਈਂ
ਤੁਰ ਪਏ ਕਰਨ ਮੁਜਾਹਰਾ।
ਜੋੜਿਆ ਗੱਡਾ, ਲੱਦੇ ਬੰਦੇ
ਲਾਉਂਦੇ ਨਾਹਰੇ 'ਤੇ ਨਾਹਰਾ।
ਕਾਲੇ ਕਾਨੂੰਨਾਂ ਆਣ ਫਾਹੇ
ਜਾਨ ਕੁੜਿੱਕੀ ਵਿਚ ਆਈ
ਕਿਸਾਨ ਕਾਮਾ 'ਕੱਠੇ ਹੋਏ
ਭੁੱਲ ਕੇ ਮਜ਼੍ਹਬਾਂ ਦੀ ਦੁਹਾਈ।
***-ਸੇਵਾ ਸਿੰਘ ਨੂਰਪੁਰੀ***

---

ਗੱਡਾ ਜੋੜ ਕੇ ਬੁੱਢੇ, ਨੱਢੇ
ਨਿਆਣੇ, ਸਿਆਣੇ ਸੰਘਰਸ਼ 'ਤੇ ਚੱਲੇ।
ਇਨਕਲਾਬ ਦੇ ਲਾਵਣ ਨਾਅਰੇ,
ਨਿੱਕਿਆਂ ਦਾ ਜੋਸ਼ ਜਾਏ ਨਾ ਠੱਲ੍ਹੇ।
ਤਾਊ-ਭਾਊ, ਪੰਜਾਬੀ ਰਲ ਗਏ,
'ਕੱਠਿਆਂ ਹੋ ਕੇ ਹੱਕ ਲਈ ਲੜਨਾ,
ਗੱਲ ਸਭਨਾਂ ਹੁਣ ਬੰਨ੍ਹ ਲਈ ਪੱਲੇ।
***-ਦਵਿੰਦਰ ਕੌਰ***

---

ਗੱਡੀਆਂ ਵੀ ਗਈਆਂ ਤੇ ਗੱਡੇ ਵੀ ਗਏ
ਰਥ ਪਹਿਲਾਂ ਹੁੰਦੇ ਸੀ ਉਹ ਵੀ ਨਹੀਂ ਰਹੇ।
ਘੋੜੇ, ਹਾਥੀ, ਊਠਾਂ ਦੇ ਕਾਫਲੇ ਤੇ ਲਾਰੇ
ਉਹ ਵੀ ਕਿਤੇ ਦਿਸਦੇ ਨਾ ਘੁੰਮਦੇ ਸ਼ਿੰਗਾਰੇ।
ਨਾਰੇ, ਝੂੰਗੇ, ਢੁੱਠਾਂ ਵਾਲੇ ਬਲਦ ਵਿਚਾਰੇ
ਜੱਟ ਦੀ ਸੀ ਸ਼ਾਨ ਘੁੰਮਣ ਸੜਕਾਂ ਕਿਨਾਰੇ।
ਮੇਲੀਆਂ ਸ਼ਿੰਗਾਰ ਗੱਡੇ ਮੇਲਿਆਂ ਨੂੰ ਜਾਣਾ
ਫੋਟੋਆਂ ਹੀ ਦੇਖ ਹੁਣ ਤਾਂ ਮਨ ਪਰਚਾਣਾ।
***-ਕਲਵੰਤ ਸਿੰਘ ਸਹੋਤਾ***
***ਫੋਨ: 604-589-5919***

---

ਕਿਸਾਨੀ ਰੋਹ ਦਾ ਕਾਫਲਾ ਚੱਲਿਆ
ਸਾਡੀ ਸੁਣੋ, ਪੈਣ ਕੁਦਰਤ ਦੀਆਂ ਮਾਰਾਂ।
ਕਾਰਪੋਰੇਟ ਵਪਾਰੀ ਮਨਸੂਬੇ ਘੜਦੇ
ਲਾਲੀਪੌਪ ਦਿਖਾਉਣ ਸਰਕਾਰਾਂ।
ਖੇਤੀ ਸੈਕਟਰ ਨੂੰ ਵਪਾਰਕ ਬਣਾ ਕੇ
ਜ਼ਮੀਨਾਂ ਹਥਿਆਉਣ ਦੀਆਂ ਚੱਲਣ ਚਾਲਾਂ।
ਸਾਡੇ ਵਲਵਲਿਆਂ ਦੀ ਰੱਤ ਨਿਚੋੜ ਕੇ
ਕਰਨਾ ਚਾਹੁੰਦੇ ਸਾਨੂੰ ਵਾਂਗ ਕੰਗਾਲਾਂ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਜੋੜ ਬੈਲ ਗੱਡੀਆਂ ਘਰ ਪਰਤੀ
ਤੁਰੇ ਜਾ ਰਹੇ ਕਾਫਲੇ ਹੱਕ ਲੈਣ
ਲਤਾੜੇ ਜਾ ਰਹੇ ਜੋ ਹਕੂਮਤਾਂ ਵਲੋਂ
ਮੁੱਕੇ ਤਾਣ ਹਵਾ 'ਚ
ਲਾਉਂਦੇ ਨਾਅਰੇ, ਗੀਤ ਜੋਸ਼ੀਲੇ ਗਾ ਰਹੇ
ਲੋਕ ਰਾਏ ਪ੍ਰਦਰਸ਼ਨ ਬੜਾ ਹੈ ਜਰੂਰੀ
ਜੋ ਭੰਗ ਕਰੇ ਕਾਲੇ ਕਾਨੂੰਨਾਂ ਨੂੰ।
ਤਾਜ-ਤਖਤ ਸਭ ਖਿੰਡ ਜਾਂਦੇ
ਜਦ ਲੋਕ ਮਰਨ ਮਾਰਨ 'ਤੇ ਆ ਜਾਂਦੇ।
***-ਦਰਸ਼ਨਪਾਲ ਦੋਸਾਂਝ***

---

ਤੁਰ ਪਏ ਕਿਸਾਨੀ ਮੋਰਚੇ ਲਈ ਜੋੜ ਗੱਡਾ
ਤਾਊ ਨੇ ਨਾਲ ਬਿਠਾਏ ਛੋਰੀਆਂ ਤੇ ਛੋਰੇ।
ਲਾਉਂਦੇ ਪਏ ਨੇ ਨਾਹਰੇ ਗੱਜ ਗੱਜ ਕੇ
ਬੰਦ ਕਰਵਾਉਣੇ ਨੇ ਕਾਲੇ ਕਾਨੂੰਨ ਦੇ ਮੋਰੇ।
ਯਾਰ ਬੇਲੀ ਤੇ ਪਿੰਡ ਵਾਲੇ ਤੁਰ ਪਏ
ਨਾਲ ਕਰ ਕੇ ਹੌਸਲੇ ਬੁਲੰਦ,
ਢਾਹ ਕੇ ਮੁੜਾਂਗੇ ਕਾਲੇ ਕਾਨੂੰਨ ਵਾਲੀ ਕੰਧ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-940-6660***

# ਕਾਗਜ਼ ਦੀ ਕੀਰਤੀ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਮਰੇ ਨਾਲ ਪਈ ਸਾਂਝ ਦਾ ਜ਼ਿਕਰ ਛੋਹਿਆ ਸੀ, "ਇਹ ਕਮਰਾ ਤਾਂ ਮੇਰੇ ਅੰਦਰ ਸਦਾ ਜਿਉਂਦਾ ਅਤੇ ਜਿਉਂਦਾ ਰਹੇਗਾ, ਤਾਂ ਹੀ ਇਸ ਨਾਲ ਗੁਫਤਗੂ ਕਰਦਿਆਂ ਬੋਲ ਵੀ ਛੋਟੇ ਪੈ ਜਾਂਦੇ।...ਇਹ ਕਮਰਾ ਕੁਝ ਨਾ ਹੁੰਦਿਆਂ ਵੀ ਮੇਰੀਆਂ ਕਿਤਾਬਾਂ, ਕਾਪੀਆਂ, ਕਲਮਾਂ ਅਤੇ ਕਾਗਜ਼ਾਂ ਦਾ ਸੰਗ੍ਰਹਿ ਤੇ ਉਨ੍ਹਾਂ ਵਿਚਲੀ ਕਿਰਤ-ਕਮਾਈ ਦਾ ਚਸ਼ਮਦੀਦ ਗਵਾਹ ਸੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਾਗਜ਼ ਦੀ ਮਹੱਤਤਾ ਦਾ ਗੁਣਗਾਨ ਕਰਦਿਆਂ ਇਸ ਦੇ ਗੁਣ-ਔਗੁਣ ਗਿਣਾਏ ਹਨ। ਉਹ ਕਹਿੰਦੇ ਹਨ, "ਜ਼ਿੰਦਗੀ, ਇਕ ਕੋਰਾ ਕਾਗਜ਼। ਇਸ ਕਾਗਜ਼ 'ਤੇ ਅਸੀਂ ਕਿਹੜੀ ਅੱਖਰਕਾਰੀ, ਕਿਸ ਲਹਿਜ਼ੇ ਅਤੇ ਕਿਹੜੇ ਰੰਗਾਂ ਨਾਲ ਕਰਨੀ? ਸ਼ਬਦਕਾਰੀ ਕਿੰਨੇ ਸਮੇਂ ਅਤੇ ਕਿਸ ਅੰਦਾਜ਼ ਵਿਚ ਕਰਨੀ? ਇਸ ਨੇ ਹੀ ਸਾਡੇ ਵਿਅਕਤੀਤਵ ਅਤੇ ਕਦਰਾਂ ਕੀਮਤਾਂ ਨੂੰ ਨਿਰਧਾਰਤ ਕਰਨਾ। ਇਸ ਤੋਂ ਪਤਾ ਲੱਗਦਾ ਹੈ ਕਿ ਸਮਾਜ ਵਿਚ ਸਾਡਾ ਕੀ ਸਥਾਨ ਹੈ? ਉਨ੍ਹਾਂ ਦਾ ਸੁਝਾਅ ਹੈ ਕਿ ਚਿੱਟੇ ਕਾਗਜ਼ ਵਰਗੀ ਜ਼ਿੰਦਗੀ ਦੀ ਦਿੱਖ ਨੂੰ ਸੁਚੇਤਮਈ, ਸੁਘੜ, ਸਮਰੱਥ, ਸੂਹਜਵਾਦੀ ਅਤੇ ਸਹਿਜਵਾਦੀ ਬਣਾਉਣ ਲਈ ਰੰਗਾਂ ਤੇ ਅੱਖਰਾਂ ਦੀ ਚੋਣ ਸੋਚ-ਸਮਝ ਕੇ ਕਰੀਏ ਤਾਂ ਕਿ ਜ਼ਿੰਦਗੀ ਦੇ ਨਕਸ਼ਾਂ ਵਿਚੋਂ ਨਰੋਏਪਣ ਦਾ ਪ੍ਰਮਾਣ ਮਿਲੇ।"*

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਫਿਲਮ 'ਕਾਗਜ਼' ਦੇਖਦਾ ਹਾਂ। ਲਾਲਚੀ ਚਾਚਾ ਆਪਣੇ ਭਤੀਜੇ ਨੂੰ ਸਰਕਾਰੀ ਕਾਗਜ਼ਾਂ ਵਿਚ ਮਰਿਆ ਦਰਸਾ ਕੇ, ਉਸ ਦੀ ਸਾਰੀ ਜਾਇਦਾਦ ਹੜੱਪ ਕਰ ਜਾਂਦਾ ਏ। ਭਤੀਜਾ ਬੇਚਾਰਾ ਆਪਣੇ ਜਿਉਂਦੇ ਹੋਣ ਦੇ ਸਬੂਤ ਲਈ ਅਤੇ ਆਪਣਾ ਹੱਕ ਲੈਣ ਲਈ ਸਰਪੰਚ ਤੋਂ ਲੈ ਕੇ ਐਮ. ਐਲ. ਏ., ਸਰਕਾਰੀ ਅਫਸਰਾਂ ਅਤੇ ਅਦਾਲਤਾਂ ਤੀਕ ਦਾ ਦਰ ਖੜਕਾਉਂਦਾ ਏ, ਪਰ ਕੋਈ ਨਹੀਂ ਉਸ ਦੀ ਸੁਣਦਾ। ਆਖਰ ਨੂੰ ਰਾਜਸੀ ਮਜਬੂਰੀ ਕਰਕੇ, ਮੁੱਖ ਮੰਤਰੀ ਉਸ ਨੂੰ ਜੀਵਤ ਘੋਸ਼ਿਤ ਕਰਦਾ ਹੈ। ਇਸ ਖਲਜਗਣ ਵਿਚ ਅੱਧਾ ਜੀਵਨ ਗਾਲ ਕੇ, ਉਹ ਆਪਣੀ ਜਵਾਨੀ ਦੇ ਗਵਾਚੇ ਪਲਾਂ ਦੀ ਅਰਥੀ ਢੋਣ ਜੋਗਾ ਹੀ ਰਹਿ ਜਾਂਦਾ। ਇਹ ਫਿਲਮ ਅਜੋਕੀ ਮਾਨਸਿਕਤਾ, ਰਿਸ਼ਤਿਆਂ ਵਿਚਲੀ ਨਿਲੱਜਤਾ ਅਤੇ ਆਦਮ-ਖਾਣੀ ਭੁੱਖ ਨੂੰ ਬਿਆਨ ਕਰਦੀ, ਸਰਕਾਰੀ ਤੰਤਰ 'ਤੇ ਡੂੰਘਾ ਵਿਅੰਗ ਵੀ ਹੈ।

ਫਿਲਮ ਦੌਰਾਨ ਕਾਗਜ਼ ਦੇ ਟੁਕੜੇ ਕਾਰਨ ਪੈਦਾ ਹੋਈ ਤ੍ਰਾਸਦੀ ਨੂੰ ਦੇਖ ਕੇ ਬਹੁਤ ਉਦਾਸ ਹੋ ਜਾਂਦਾ ਹਾਂ। ਕਿੰਨਾ ਗਿਰ ਸਕਦਾ ਏ ਭਰਾ/ਚਾਚਾ/ਭਤੀਜਾ? ਲਾਲ ਖੂਨ ਕਿਵੇਂ ਸਫੈਦ ਹੁੰਦਾ? ਸਬੰਧਾਂ ਵਿਚ ਪੈਦਾ ਹੋਈ ਇਸ ਬੇਭਰੋਸਗੀ ਤੇ ਭੋਖੜੇ ਨੂੰ ਕੀ ਅਰਥ ਦੇਵੋਗੇ? ਉਸ ਭਰਾ ਨੂੰ ਕੀ ਕਹੋਗੇ ਜੋ ਜਾਅਲੀ ਵਸੀਅਤ ਬਣਾ ਕੇ, ਭਰਾਵਾਂ ਦੀ ਜਾਇਦਾਦ ਹੜੱਪਣਾ ਲੋਚੇ? ਉਸ ਦੀ ਮਾਨਸਿਕਤਾ ਨੂੰ ਕਿਹੜਾ ਮਨੋਵਿਗਿਆਨੀ ਉਲਥਾ ਸਕਦਾ, ਜਿਸ ਨੇ ਸਕੇ ਭਰਾ ਨੂੰ ਮਰਲਾ ਕੁ ਜ਼ਮੀਨ ਖਾਤਰ ਵੱਢ ਕੇ ਵੱਟ ਹੇਠ ਦੱਬ ਦਿੱਤਾ ਹੋਵੇ? ਕੀ ਉਹ ਭਰਾ ਅਖਵਾਉਣ ਦਾ ਹੱਕਦਾਰ ਏ? ਕੀ ਉਸ ਦੀਆਂ ਭਾਵਨਾਵਾਂ ਜਿਉਂਦੀਆਂ? ਕੀ ਉਸ ਦੀ ਸੰਵੇਦਨਾ ਵਿਚ ਭਰਾ ਵਰਗੇ ਉੱਤਮ ਰਿਸ਼ਤੇ ਦੀ ਪਾਕੀਜ਼ਗੀ, ਪ੍ਰਵਾਨਗੀ ਅਤੇ ਪਛਾਣ ਦੇ ਕੋਈ ਅਰਥ ਹਨ? ਭਰਾ ਜਦ ਭਰਾ ਦੇ ਖੂਨ ਦਾ ਪਿਆਸਾ ਹੋ ਜਾਵੇ ਤਾਂ ਸਮਾਜ ਦੀ ਗਰਕਣੀ ਨੂੰ ਕੋਈ ਨਹੀਂ ਰੋਕ ਸਕਦਾ। ਬਹੁਤ ਸਾਰੇ ਪ੍ਰਸ਼ਨ ਮਨ ਵਿਚ ਖਲਬਲੀ ਮਚਾਉਂਦੇ ਨੇ। ਇਸ ਖਲਬਲੀ ਵਿਚ ਕਈ ਰਾਤਾਂ ਦੀ ਨੀਂਦ ਹਰਾਮ ਹੋ ਗਈ। ਭਾਵੁਕ ਬੰਦੇ ਲਈ ਅਣਹੋਏ ਵਰਤਾਰੇ ਵਿਚੋਂ ਲੰਘਣਾ ਅਤੇ ਪਿੰਡੇ 'ਤੇ ਹੰਢਾਉਣਾ, ਦਰਦ ਵਿਚ ਪੀੜੇ ਜਾਣ ਦੇ ਬਰਾਬਰ। ਇਸ ਵਿਚੋਂ ਸਿਰਫ ਖਾਰੇ ਪਾਣੀ ਦੀਆਂ ਤਤੀਰੀਆਂ ਹੀ ਵਗਦੀਆਂ।

ਕਾਗਜ਼ ਹਮੇਸ਼ਾ ਕੋਰਾ। ਕੁਝ ਲਿਖੇ ਜਾਣ, ਉਕਰੇ ਜਾਣ ਜਾਂ ਬੁਰਸ਼ ਛੋਹਾਂ ਲਈ ਉਤਾਵਲਾ। ਕਾਗਜ਼ ਨੂੰ ਉਤਸੁਕਤਾ ਹੁੰਦੀ ਕੁਝ ਸੰਭਾਵਨਾਵਾਂ ਦੀ, ਕਿਸਮਤ ਰੇਖਾਵਾਂ ਦੀ, ਸੁਪਨਿਆਂ ਦੀ ਤਾਜਪੋਸ਼ੀ ਦੀ ਅਤੇ ਜੀਵਨ ਦੀਆਂ ਤ੍ਰਾਸਦੀਆਂ ਨੂੰ ਸੁਰਖ-ਭਾਵੀ ਬਣਾਉਣ ਦੀ। ਕਾਗਜ਼ ਦੀ ਇਬਾਰਤ ਹੀ ਇਬਾਦਤ ਅਤੇ ਅਰਦਾਸ ਲਈ ਅਰਜੋਈ। ਕਾਗਜ਼ 'ਤੇ ਸ਼ਬਦਕਾਰੀ ਹੁੰਦੀ ਅਤੇ ਸ਼ਬਦਾਂ ਵਿਚੋਂ ਅਰਥਾਂ ਦੀ ਮੀਨਾਕਾਰੀ। ਵਾਕਾਂ ਵਿਚੋਂ ਰੌਸ਼ਨੀ ਤੇ ਰੰਗਾਂ ਦੀ ਆਬਸ਼ਾਰੀ।

ਕਾਗਜ਼ 'ਤੇ ਕਦੇ ਉਮੀਦ, ਕਦੇ ਉਮੰਗ, ਕਦੇ ਉਤਸ਼ਾਹ, ਕਦੇ ਉਮਾਹ, ਕਦੇ ਉਦਾਸੀ, ਕਦੇ ਉਪਰਾਮਤਾ ਅਤੇ ਕਦੇ ਉਲੰਘਣਾ ਉਕਰੀ ਜਾਂਦੀ।

ਕਾਗਜ਼ ਦੀ ਲਿਖਤ ਦੇ ਬਹੁਤ ਸਾਰੇ ਰੰਗ, ਰੂਪ ਤੇ ਰਵਾਨੀ। ਕਾਗਜ਼ ਵਿਚ ਕੀ, ਕੁਝ ਤੇ ਕਿਵੇਂ ਲਿਖਣਾ? ਕਿਸ ਲਈ ਲਿਖਣਾ? ਕੌਣ ਹੈ ਲਿਖਤ ਦਾ ਕਰਤਾ? ਅਤੇ ਕੌਣ ਹੈ ਇਸ ਦਾ ਵਾਰਸ? ਬਹੁਤ ਕੁਝ ਨਿਰਧਾਰਤ ਕਰਦਾ ਹੈ ਕਾਗਜ਼।

ਕਾਗਜ਼ ਕਦੇ ਨਿਕਾਹ ਬਣਦਾ, ਕਦੇ ਕਚਹਿਰੀਆਂ ਵਿਚ ਗਵਾਹ ਬਣਦਾ। ਕਦੇ ਪ੍ਰੇਮ ਦਾ ਸ਼ਾਹ-ਅਸਵਾਰ ਤੇ ਕਦੇ ਜ਼ਿੰਦਗੀਆਂ ਨੂੰ ਜੋੜਦੀ ਤਾਰ। ਕਦੇ ਨਫਰਤ ਦੀ ਫਸਲ ਉਗਾਉਂਦਾ ਤੇ ਕਦੇ ਝੋਲੀ ਵਿਚ ਮੋਹ ਦੀ ਸੌਗਾਤ ਪਾਉਂਦਾ। ਕਦੇ ਵੀਰਾਂ ਦੀ ਸੱਜੀ ਬਾਂਹ ਤੇ ਕਦੇ ਹਾਂ ਵਿਚੋਂ ਉਪਜੀ ਨਾਂਹ। ਕਦੇ ਜ਼ਮੀਨ ਵਰਗੀ ਰਹਿਤਲ ਦਾ ਮਾਣ ਤੇ ਕਦੇ ਰਸਾਤਲ ਤੀਕ ਗਰਕੀ ਸੋਚ ਦਾ ਅਪਮਾਨ। ਕਦੇ ਜਿਸਮਾਂ ਦੀ ਮੰਡੀ ਵਰਗਾ ਤੇ ਕਦੇ ਮੈਦਾਨ ਵਿਚ ਲੱਗੀ ਮਰਦਾਂ ਦੀ ਝੰਡੀ ਵਰਗਾ। ਕਦੇ ਸਾਹਾਂ ਵਿਚ ਰਚੀ ਮਹਿਕ ਤੇ ਕਦੇ ਸੱਜਣਾਂ ਦਾ ਸਾਥ ਲੋੜਦੀ ਸਹਿਕ। ਕਦੇ ਪੱਲੇ ਵਿਚ ਪਈ ਫਕੀਰੀ ਜਿਹਾ ਤੇ ਕਦੇ ਰੂਹ ਵਿਚ ਰਚੀ ਅਮੀਰੀ ਜਿਹਾ। ਕਦੇ ਕਾਗਜ਼ ਜਾਗਦੀ ਜ਼ਮੀਰ ਤੇ ਕਦੇ ਸਾਹਾਂ ਦੀ ਅਖੀਰ। ਕਦੇ ਕਾਗਜ਼ ਦਾ ਟੁਕੜਾ ਮੁਹੱਬਤ ਦਾ ਪੈਗਾਮ ਤੇ ਕਦੇ ਜੰਗ ਦਾ ਐਲਾਨ। ਕਦੇ ਕਾਗਜ਼ ਤੇ ਸੁਲ੍ਹਾ-ਸਫਾਈ ਉਗੇ ਤੇ ਕਦੇ ਇਸ ਨਾਲ ਕਸਮਾਂ ਦੀ ਉਮਰ ਪੁੱਗੇ। ਕਦੇ ਕਾਗਜ਼, ਕਾਗਜ਼ ਦੀ ਬੇੜੀ ਦਾ ਤਰਨਾ ਤੇ ਕਦੇ ਭਿੱਜ ਕੇ ਆਪਣੀ ਮੌਤੇ ਮਰਨਾ। ਕਦੇ ਕੋਰੇ ਕਾਗਜ਼ ਵਿਚੋਂ ਉਗਦੀ ਅੱਖਰਾਂ ਦੀ ਤਸ਼ਬੀਹ ਤੇ ਕਦੇ ਕਾਗਜ਼ ਬਣਦਾ ਜੀਵਨ-ਜਾਚ ਦੀ ਤਰਜ਼ੀਹ। ਕਦੇ ਕਾਗਜ਼ ਕਰਮਾਂ ਦੀ ਖੇਤੀ ਕਰਦਾ ਤੇ ਕਦੇ ਜਿਊਣ ਦਾ ਦਮ ਭਰਦਾ। ਕਦੇ ਕਾਗਜ਼ ਰੋਟੀ ਦੀ ਬੁਰਕੀ ਤੇ ਕਦੇ ਕਾਗਜ਼ 'ਤੇ ਉਕਰੀ ਘਰ ਦੀ ਕੁਰਕੀ। ਕਾਗਜ਼ ਹੀ ਕਮੀਆਂ ਦੀ ਗਿਣਤੀ ਕਰਦਾ ਤੇ ਕਾਗਜ਼ ਹੀ ਗੁਣਾਂ ਦੀ ਲੰਬਾਈ ਮਿਣਦਾ। ਕਾਗਜ਼ ਵਿਚੋਂ ਹੀ ਬੰਦਿਆਈ ਦਾ ਝਲਕਾਰਾ ਮਿਲਦਾ ਤੇ ਕਾਗਜ਼ ਵਿਚੋਂ ਹੀ ਮਨ ਦਾ ਫੁੱਲ ਖਿਲਦਾ। ਕਾਗਜ਼ ਹੀ ਮਹਿਕ ਦਾ ਸਿਰਨਾਂਵਾਂ ਤੇ ਸੁੰਦਰ ਜ਼ਿੰਦਗੀ ਦੀਆਂ ਰਾਹਵਾਂ। ਕਾਗਜ਼ ਦੀ ਕੀਰਤੀ ਸਲਾਮਾਂ ਦੀ ਹੱਕਦਾਰ ਤੇ ਕਾਗਜ਼ਾਂ ਨੂੰ ਕਦੇ ਨਾ ਪਵੇ ਕੁਕਰਮਾਂ ਦੀ ਮਾਰ। ਕਾਗਜ਼ਾਂ ਵਿਚੋਂ ਪ੍ਰਗਟ ਹੁੰਦੀ ਚਿਹਰਿਆਂ ਦੀ ਨੁਹਾਰ ਤੇ ਕਾਗਜ਼ ਵਿਚੋਂ ਹੀ ਉਗਦਾ ਮੁੱਖ ਦਾ ਨਿਖਾਰ। ਕਾਗਜ਼ ਹੀ ਗ੍ਰੰਥ ਤੇ ਵੇਦਾਂ ਦੀ ਬਾਣੀ ਅਤੇ ਕਾਗਜ਼ ਹੀ ਹੁੰਦਾ ਏ ਕਾਗਜ਼ਾਂ ਦੀ ਕਹਾਣੀ। ਕਾਗਜ਼ ਦੀ ਹਿੱਕ 'ਤੇ ਲਿਖਿਆ ਜਾਂਦਾ ਇਤਿਹਾਸ ਤੇ ਕਾਗਜ਼ ਵਿਚ ਹੀ ਧੜਕਦੇ ਅਹਿਸਾਸ। ਕਾਗਜ਼ ਨੂੰ ਕਦੇ ਕਾਗਜ਼ ਨਾ ਜਾਣੋ, ਸਗੋਂ ਇਸ 'ਚੋਂ ਫਰਕਦੇ ਭਾਵਾਂ ਨੂੰ ਪਛਾਣੋ। ਕਾਗਜ਼ਾਂ 'ਚੋਂ ਜਿਨ੍ਹਾਂ ਨੇ ਜੀਵਨ ਪੈੜਾਂ ਨੂੰ ਪਛਾਣਿਆ, ਉਨ੍ਹਾਂ ਹੀ ਖੁਦ ਤੇ ਖੁਦਾਈ ਨੂੰ ਜਾਣਿਆ।

ਜਦ ਕਾਗਜ਼ ਦੀ ਬੇੜੀ ਵਿਹੜੇ ਦੀ ਛੱਪੜੀ ਵਿਚ ਤਰਦੀ ਤਾਂ ਬੱਚੇ ਦੇ ਮਨ ਵਿਚ ਜੀਵਨ-ਮੰਝਧਾਰ ਵਿਚੋਂ ਪਾਰ ਹੋਣ ਦੀ ਪ੍ਰੇਰਨਾ ਤੇ ਹਿੰਮਤ ਮਿਲਦੀ। ਕਾਗਜ਼ ਦੀਆਂ ਬੇੜੀ ਵਿਚੋਂ ਬੀਤੇ ਨੂੰ ਨਿਹਾਰਨਾ, ਬਚਪਨ ਦੀ ਗਲੀਆਂ ਵਿਚ ਜਾਣਾ, ਇਸ ਨੂੰ ਚੇਤਨਾ ਦਾ ਹਿੱਸਾ ਬਣਾਉਣਾ ਅਤੇ ਉਨ੍ਹਾਂ ਪਲਾਂ ਨੂੰ ਜਿਊਣਾ ਲੋਚਦਾ ਏ ਹਰ ਸਖਸ਼।

ਕਾਗਜ਼ 'ਤੇ ਪਾਏ ਪੂਰਨਿਆਂ ਵਿਚੋਂ ਅੱਖਰਾਂ ਨੂੰ ਸਿਰਜਣ, ਤਸਵੀਰ ਤੇ ਤਾਸੀਰ ਪਛਾਣਨ, ਜਿਊਣ-ਜੋਗੀਆਂ ਲਿਖਤਾਂ ਉਕਰਨ ਅਤੇ ਸਿਆਣਪਾਂ ਨੂੰ ਜ਼ਿੰਦਗੀ ਦੇ ਨਾਮ ਕਰਨਾ, ਹੁਨਰ ਤੇ ਹਾਸਲ ਹੁੰਦਾ। ਪੂਰਨਿਆਂ ਤੋਂ ਕਿਤਾਬਾਂ ਦੀ ਸਿਰਜਣਾ ਦਾ ਸਫਰ ਹੀ ਕਾਗਜ਼ ਨੂੰ ਅਹਿਮੀਅਤ ਤੇ ਅਨੁਭਵ ਦਾ ਸਾਧਨ ਬਣਾਉਂਦਾ।

ਕਾਗਜ਼ੀ ਫੁੱਲਾਂ ਦੀ ਖੇਤੀ ਕਰਨ ਵਾਲਿਆਂ ਤੋਂ ਮਹਿਕਾਂ ਦੀ ਕੀ ਆਸ ਰੱਖੋਗੇ? ਕਿਵੇਂ ਕਿਆਸ ਕਰੋਗੇ ਕਿ ਉਹ ਫੁੱਲਾਂ ਨੂੰ ਮਸਲਣ ਕਾਰਨ ਉਪਜੀ ਪੀੜਾ ਨੂੰ ਆਪਣੀ ਚੇਤਨਾ ਦੇ ਨਾਮ ਕਰ, ਫੁੱਲਾਂ ਦੇ ਦਰਦ ਵਿਚ ਪੀੜ ਪੀੜ ਹੋਣ ਦੇ ਅਨੁਭਵ ਨੂੰ ਜੀਵਨ ਦਾ ਹਿੱਸਾ ਬਣਾ ਸਕਣ?

ਜਸ਼ਨਾਂ ਵਿਚ ਕਾਗਜ਼ ਦੀਆਂ ਲਾਈਆਂ ਝੰਡੀਆਂ, ਘਰ ਦੇ ਚੌਗਿਰਦੇ ਨੂੰ ਰੰਗ-ਬੇਰੰਗਤਾ ਬਖਸ਼ਦੀਆਂ। ਇਸ 'ਚੋਂ ਜਸ਼ਨਾਂ ਦੇ ਵਿਭਿੰਨ ਰੰਗਾਂ ਦੀ ਨਿਸ਼ਾਦੇਹੀ ਹੁੰਦੀ, ਜਿਸ ਨੇ ਜੀਵਨ ਨੂੰ ਰੰਗਾਂ ਦੀ ਆਬਸ਼ਾਰ ਬਣਾਉਂਦਾ ਹੁੰਦਾ। ਕਾਗਜ਼ ਦੀਆਂ ਝੰਡੀਆਂ ਤੇ ਰੰਗਾਂ ਦੀ ਰੀਝ ਨੂੰ ਫਿਜ਼ਾ ਦੇ ਨਾਮ ਲਾਉਣ ਦੀ ਪਿਰਤ ਹੀ ਜੀਵਨ ਨੂੰ ਸੁਖਦ ਅਹਿਸਾਸਾਂ ਨਾਲ ਭਰਨ ਦਾ ਕਰਮ ਨਿਭਾਉਂਦੀ।

ਕਦੇ ਉਸ ਪੁਰਾਣੇ ਸਾਂਭੇ ਹੋਏ ਕਾਗਜ਼ ਦੇ ਟੁਕੜੇ ਨੂੰ ਨੀਝ ਨਾਲ ਦੇਖਣਾ, ਜਿਸ 'ਤੇ ਦਿਲ ਦੀ ਸ਼ਕਲ ਵਾਹ ਕੇ, ਪਲੇਠੀ ਪ੍ਰੀਤ ਦਾ ਇਜ਼ਹਾਰ ਕਰਨ ਲਈ, ਦਿਲਜਾਨੀ ਦੀ ਕਾਪੀ ਵਿਚ ਰੱਖਣ ਦੀ ਜੁਅਰਤ ਨਾ ਕਰ ਸਕੇ। ਉਹ ਕਾਗਜ਼ ਹੁਣ ਵੀ ਚੇਤਿਆਂ ਵਿਚ ਵੱਸਦਾ, ਉਨ੍ਹਾਂ ਪਲਾਂ ਦੀ ਸਰੂਰਤਾ ਨੂੰ ਮਨ-ਬੀਹੀ ਵਿਚ ਧਰ ਜਾਂਦਾ।

ਕਾਗਜ਼ ਦੇ ਬਣਾਏ ਹੋਏ ਹਵਾਈ ਜਹਾਜ਼ਾਂ ਨੂੰ ਉਡਾਉਣਾ, ਦਰਅਸਲ ਮਨ ਵਿਚ ਅੰਬਰ ਵਿਚ ਉਡਣ ਅਤੇ ਅਕਾਸ਼ ਨੂੰ ਆਪਣੇ ਸੁਪਨਿਆਂ ਦਾ ਹਾਣੀ ਬਣਾਉਣ ਦੀ ਤਮੰਨਾ ਹੁੰਦੀ ਸੀ। ਅੱਜ ਜਦ ਅਸੀਂ ਕਾਗਜ਼ੀ ਹਵਾਈ ਜਹਾਜ਼ਾਂ ਤੋਂ ਅਸਲੀ ਹਵਾਈ ਜਹਾਜ਼ਾਂ ਵਿਚ ਸਫਰ ਕਰਦੇ ਹਾਂ ਤਾਂ ਉਹ ਕਾਗਜ਼ੀ ਜਹਾਜ਼ ਸਾਡੀ ਯਾਦ ਵਿਚ ਸਦਾ ਜਿਉਂਦੇ ਨੇ। ਕਾਗਜ਼ੀ ਜਹਾਜ਼ਾਂ ਦੀ ਉਚੇਰੀ ਤੇ ਲੰਮੇਰੀ ਉਡਾਣ, ਸਾਡੀ ਮਾਨਸਿਕ ਲੋਚਾ ਦਾ ਪ੍ਰਤੱਖ ਪ੍ਰਮਾਣ ਹੀ ਤਾਂ ਹੈ।

ਮੋਮੀ ਕਾਗਜ਼ ਵਿਚ ਲਪੇਟੇ ਤੋਹਫੇ ਨੂੰ ਹੌਲੀ ਹੌਲੀ ਖੋਲ੍ਹਣਾ। ਤੋਹਫਾ ਭੇਜਣ ਵਾਲੇ ਤੇ ਤੋਹਫਾ ਮਿਲਣ ਵਾਲੇ ਦੀਆਂ ਖੁਸ਼ੀਆਂ ਅਤੇ ਇਸ ਪਲ ਨੂੰ ਵਿਸਮਾਦੀ ਰੂਪ ਵਿਚ ਮਾਣਨਾ, ਬਹੁਤ ਵਿਰਲਿਆਂ ਦਾ ਨਸੀਬ। ਕੁਝ ਕੁ ਲੋਕ ਹੀ ਹੁੰਦੇ, ਜੋ ਤੋਹਫਾ ਦੇਣ ਤੇ ਤੋਹਫਾ ਲੈਣ ਵਿਚੋਂ ਜੀਵਨ ਦੀਆਂ ਪ੍ਰਾਪਤੀਆਂ, ਪਹਿਲਾਂ ਅਤੇ ਪਸੰਦਾਂ ਨੂੰ ਇਕ ਦੂਜੇ ਨਾਲ ਸਾਂਝੀਆਂ ਕਰ, ਇਨ੍ਹਾਂ ਨੂੰ ਦੂਣ ਸਵਾਇਆ ਕਰਦੇ।



ਕਾਗਜ਼ ਜਦ ਡਿਗਰੀ ਤੋਂ ਰੁਜ਼ਗਾਰ ਤੀਕ ਦਾ ਸਫਰ ਪੂਰਾ ਕਰਦਾ ਤਾਂ ਅੱਖਰਾਂ ਵਿਚੋਂ ਪੈਦਾ ਹੋਏ ਟੁੱਕ ਨਾਲ ਜੀਵਨ-ਜੋਤ ਜਗਦੀ। ਇਹ ਜੋਤ ਚਿੰਤਾਵਾਂ, ਫਿਕਰਾਂ ਅਤੇ ਅਨਿਸ਼ਚਿਤਤਾ ਨੂੰ ਦੂਰ ਕਰ, ਜਵਾਨੀ ਦੀ ਦਹਿਲੀਜ਼ ਤੇ ਬੇਫਿਕਰੀ ਤ੍ਰੌਂਕ, ਸੰਦਲੀ ਦਿਨਾਂ ਦੀ ਦਸਤਕ ਬਣਦੀ। ਇਹ ਸਫਰ ਬਹੁਤ ਔਖਾ। ਇਸ ਦੀਆਂ ਤ੍ਰਾਸਦੀਆਂ ਸਿਰਫ ਉਹ ਹੀ ਜਾਣ ਸਕਦੇ, ਜਿਨ੍ਹਾਂ ਨੇ ਇਸ ਸਫਰ ਵਿਚਲੀਆਂ ਸੂਲਾਂ ਨਾਲ ਪੈਰ ਵਿੰਨੇ। ਔਕੜਾਂ ਦੌਰਾਨ ਪੈਂਡਿਆਂ ਨੂੰ ਖੁਦ ਸਿਰਜਿਆ ਅਤੇ ਖੁਦ ਨੂੰ ਨਵੇਂ ਦਿਸਹੱਦਿਆਂ ਦਾ ਹਾਣੀ ਬਣਾਇਆ।

ਕਾਗਜ਼ ਦਾ ਟੁਕੜਾ ਹੀ ਹੁੰਦਾ, ਜੋ ਸਾਹੇ-ਚਿੱਠੀ ਬਣ ਕੇ ਦੋ ਪਰਿਵਾਰਾਂ ਨੂੰ ਜੋੜ, ਨਵੇਂ ਸਬੰਧ ਸਥਾਪਤ ਕਰਨ ਅਤੇ ਨਵੀਆਂ ਰਿਸ਼ਤੇਦਾਰੀਆਂ ਗੰਢਣ ਦਾ ਮਹੂਰਤ ਹੁੰਦਾ। ਇਹ ਟੋਟਾ ਹੀ ਧੀ ਨੂੰ ਪੇਕੇ ਘਰ ਵਿਚ ਖੁਸ਼ੀਆਂ ਵੰਡਣ ਤੋਂ ਬਾਅਦ ਨਵਾਂ ਘਰ ਵਸਾਉਣ ਦੀ ਪਰੰਪਰਾ ਬਣਿਆ। ਇਸ ਪਰੰਪਰਾ ਵਿਚੋਂ ਹੀ ਯੁੱਗ-ਜਿਊਣ ਵਾਲੀਆਂ ਜੋੜੀਆਂ ਨੂੰ ਅਸ਼ੀਰਵਾਦ ਮਿਲਦੀ।

ਪਰ ਇਹ ਕਾਗਜ਼ ਦਾ ਟੁਕੜਾ ਕਦੇ ਵੀ ਤਲਾਕ ਨਾ ਬਣੇ। ਇਸ ਨਾਲ ਟੁੱਟ ਜਾਂਦੀਆਂ ਉਮਰਾਂ ਦੇ ਸਾਥ ਨਿਭਾਉਣ ਦੀਆਂ ਕਸਮਾਂ, ਖਾਧੀਆਂ ਸਹੁੰਆਂ ਸੰਤਾਪੀਆਂ ਜਾਂਦੀਆਂ ਅਤੇ ਹਾਸਿਆਂ ਨੂੰ ਹਉਕਿਆਂ ਦੀ ਸਿਉਂਕ ਲੱਗਦੀ।

ਕਾਗਜ਼ ਦਾ ਟੁਕੜਾ ਜਦ ਬੇਦਖਲੀ ਦਾ ਨੋਟਿਸ ਬਣਦਾ ਤਾਂ ਪੱਥਰ ਹੋ ਜਾਂਦੇ ਨੇ ਲੋਕ। ਪੱਥਰਾ ਜਾਂਦੀਆਂ ਭਾਵਨਾਵਾਂ ਅਤੇ ਪਥਰੀਲੀਆਂ ਹੋ ਜਾਂਦੀਆਂ ਇਕ ਦੂਜੇ ਨੂੰ ਮਿਲਾਉਣ ਵਾਲੀਆਂ ਰਾਹਾਂ। ਕਾਗਜ਼ ਵਿਚੋਂ ਸੂਲੀ ਬਣ ਕੇ ਉਗਦੀ ਬੇਦਖਲੀ, ਜਦ ਬੁੱਢੇ ਮਾਪਿਆਂ ਨੂੰ ਬਿਰਧ-ਘਰਾਂ ਦਾ ਬਾਸ਼ਿੰਦਾ ਬਣਾਉਂਦੀ ਤਾਂ ਸ਼ਰਮਸਾਰ ਹੋ ਜਾਂਦੀ ਮਨੁੱਖਤਾ। ਬੱਚਿਆਂ ਦੀ ਨਾਲਾਇਕੀ ਅਤੇ ਨਾ-ਅਹਿਲੀਅਤ ਦੀ ਨਮੋਸ਼ੀ ਵਿਚ ਮਾਪੇ ਮਰਨਹਾਰੇ ਹੋ ਜਾਂਦੇ।

ਕਾਗਜ਼ ਦਾ ਟੁਕੜਾ ਜਦ ਚਿੱਠੀ ਦੀ ਉਡੀਕ ਨੂੰ ਲੰਮੇਰੀ ਕਰ, ਘਰ ਦੀਆਂ ਦਹਿਲੀਜ਼ਾਂ ਵਿਚ ਰੁਦਨ ਤੇ ਰੋਸਾ ਪੈਦਾ ਕਰਦਾ ਤਾਂ ਦਰੀਂ ਢੁਕਦੀ ਵੇਦਨਾ। ਇਹ ਵੇਦਨਾ ਡਾਕੀਏ ਨੂੰ ਉਡੀਕਦੀ ਉਡੀਕਦੀ, ਆਪਣੇ ਸਾਹਾਂ ਦੀ ਉਡੀਕ ਵੀ ਖਤਮ ਕਰ ਲੈਂਦੀ। ਘਰ ਦੀ ਬੇਧਿਆਨੀ ਅਤੇ ਬੇਗਾਨਗੀ ਕਾਰਨ, ਚਿੱਠੀ ਦਾ ਨਾ ਆਉਣਾ ਵਖਤ ਨੂੰ ਸੂਲੀ 'ਤੇ ਟੰਗਦਾ; ਤੇ ਫਿਰ ਜਦ ਮਾਪਿਆਂ ਨੂੰ ਸਿਵਿਆਂ ਦੇ ਸਫਰ ਲਈ ਆਪਣਿਆਂ ਦਾ ਮੋਢਾ ਨਾ ਮਿਲਦਾ ਤਾਂ ਚਿੱਠੀ ਵਿਚ ਦੁਬਕੇ ਅੱਖਰ ਵੀ ਸਿਸਕੀਆਂ ਦੀ ਵਾਰਤਾਲਾਪ ਹੁੰਦੇ।

ਕਾਗਜ਼ 'ਤੇ ਚਿੱਠੀ ਲਿਖਣਾ, ਇਬਾਰਤ ਨੂੰ ਅੰਤਰੀਵ ਵਿਚ ਉਤਾਰਨਾ। ਇਸ ਵਿਚ ਪਿਆਰੇ ਦੇ ਨਕਸ਼ ਉਲੀਕਣਾ ਤੇ ਸੁੱਚੀਆਂ ਭਾਵਨਾਵਾਂ ਨੂੰ ਸੁੱਚਮਤਾ ਰਾਹੀਂ ਵਾਹੁਣਾ, ਕੁਝ ਕੁ ਲੋਕਾਂ ਦਾ ਹਾਸਲ। ਫਿਰ ਚਿੱਠੀ ਦਾ ਜਵਾਬ ਉਡੀਕਣਾ, ਡਾਕੀਏ ਦੀਆਂ ਬਿੜਕਾਂ ਲੈਣਾ ਅਤੇ ਚੋਰੀ-ਛਿਪੇ ਕਮਰੇ ਵਿਚ ਚਿੱਠੀ ਨੂੰ ਕੰਬਦੇ ਹੱਥਾਂ ਨਾਲ ਖੋਲ੍ਹਣਾ, ਪੜ੍ਹਨਾ, ਇਸ ਦੇ ਹਰਫਾਂ ਨੂੰ ਪਲੋਸਣਾ। ਇਸ ਦੀ ਛੋਹ ਤੇ ਸੁਗੰਧ ਵਿਚੋਂ ਪਿਆਰੇ ਦੇ ਹੱਥਾਂ ਦੀ ਲਿਖਤ ਅਤੇ ਸ਼ਬਦਾਂ ਦੀ ਮਹਿਕ ਨੂੰ ਸਾਹਾਂ ਵਿਚ ਰਚਾਉਣਾ, ਕਿੰਨੇ ਹੁਸੀਨ ਅਤੇ ਯਾਦਗਾਰੀ ਪਲ। ਉਨ੍ਹਾਂ ਨੂੰ ਚੇਤੇ ਕਰਕੇ ਹੁਣ ਵੀ ਮਨ ਅਨੰਦਤ ਹੋ ਜਾਂਦਾ। ਚਿੱਠੀ ਲਿਖਣ ਅਤੇ ਇਸ ਨੂੰ ਉਡੀਕਣ ਦੀ ਰੁੱਤ ਜਦੋਂ ਦੀ ਬੇਦਾਵਾ ਦੇ ਗਈ ਹੈ, ਚਿੱਠੀ ਦੀ ਮੂਕ-ਵੇਦਨਾ ਨੂੰ ਸਿਰਫ ਚਿੱਠੀਆਂ ਲਿਖਣ ਤੇ ਪੜ੍ਹਨ ਵਾਲੇ ਹੀ ਜਾਣ ਸਕਦੇ? ਟਵਿੱਟਰ, ਫੇਸਬੁੱਕ, ਇੰਸਟਾਗ੍ਰਾਮ 'ਤੇ ਚੈਟਿੰਗ ਵਿਚੋਂ ਅੱਖਰਾਂ ਦੀ ਖੂਬਸੂਰਤੀ ਅਤੇ ਸੀਰਤ ਨੂੰ ਕਿਵੇਂ ਮਹਿਸੂਸ ਤੇ ਪਛਾਣਿਆ ਜਾ ਸਕਦਾ?

ਕਾਗਜ਼ ਦਾ ਟੁਕੜਾ ਹੀ ਹੁੰਦਾ, ਜੋ ਵਸੀਹਤ ਬਣ ਕੇ ਜੱਦੀ ਜਾਇਦਾਦ ਨੂੰ ਔਲਾਦ ਦੇ ਨਾਮ ਕਰ, ਮਾਪਿਆਂ ਦੇ ਨਾਮ ਬੇਫਿਕਰੀ ਅਤੇ ਫਰਜਾਂ ਤੋਂ ਮੁਕਤੀ ਹੁੰਦਾ; ਪਰ ਜਦ ਇਸ ਨੂੰ ਲੋਭੀ ਭਰਾ ਵਲੋਂ ਧੋਖੇ, ਲਾਲਚ ਜਾਂ ਫਰੇਬ ਨਾਲ ਬਣਾ ਕੇ, ਸਭ ਕੁਝ ਹੜੱਪਣ ਦੀ ਲਾਲਸਾ ਭਾਰੀ ਹੋ ਜਾਵੇ ਤਾਂ ਮਰ ਜਾਂਦੇ ਰਿਸ਼ਤੇ, ਖਾਮੋਸ਼ ਹੋ ਜਾਂਦੀਆਂ ਭਰਾਤਰੀ ਭਾਵਨਾਵਾਂ ਅਤੇ ਅਰਥੀ ਬਣ ਜਾਂਦੀਆਂ ਭਰਾਵਾਂ ਦੇ ਕੰਮ ਆਉਣ ਵਾਲੀਆਂ ਤੂਤ ਦੇ ਮੋਛੇ ਵਰਗੀਆਂ ਬਾਹਵਾਂ।

ਕਾਗਜ਼ ਦਾ ਟੁਕੜਾ ਹੀ ਹੁੰਦਾ, ਜਿਸ 'ਤੇ ਰਾਤ-ਬਰਾਤੇ ਮਨ ਵਿਚ ਉਪਜੇ ਖਿਆਲਾਂ ਨੂੰ ਉਕਰਿਆ ਜਾਂਦਾ। ਜਾਗਣ 'ਤੇ ਇਹ ਨਵੀਂ ਕਲਾ-ਕ੍ਰਿਤ, ਕਾਵਿ-ਰਚਨਾ ਜਾਂ ਕਲਾ ਦੇ ਪਸਾਰ ਦਾ ਆਧਾਰ ਬਣਦੇ।

ਕਾਗਜ਼ ਦਾ ਟੋਟਾ ਹੀ ਸਿੱਧ ਕਰਦਾ ਕਿ ਬੰਦਾ ਜਿਉਂਦਾ ਏ ਜਾਂ ਮਰਿਆ। ਕੀ ਉਹ ਘਰ, ਕਾਰ ਜਾਂ ਜਾਇਦਾਦ ਦਾ ਮਾਲਕ ਏ? ਉਸ ਦੀ ਔਕਾਤ ਅਤੇ ਹੈਸੀਅਤ ਕੀ ਏ? ਉਸ ਦੀ ਕੌਮੀਅਤ ਕਿਹੜੀ ਏ? ਉਹ ਕਿਸ ਦੇਸ਼ ਦਾ ਨਾਗਰਿਕ ਏ? ਉਹ ਕਿਥੇ ਰਹਿੰਦਾ ਅਤੇ ਕੀ ਕਰਦਾ ਏ? ਕਾਗਜ਼ ਦਾ ਟੁਕੜਾ ਆਪਣੇ ਆਪ ਵਿਚ ਬਹੁਤ ਕੁਝ ਸਮੇਟੇ ਹੋਣ ਦੇ ਬਾਵਜੂਦ ਹਮੇਸ਼ਾ ਕਾਗਜ਼ ਦਾ ਟੁਕੜਾ ਹੀ ਰਹਿੰਦਾ।

ਕੋਰੇ ਸਫੇ ਵਰਗੇ ਬੱਚੇ 'ਤੇ ਸੁੰਦਰ ਵਿਚਾਰਾਂ ਦੇ ਨਕਸ਼ ਉਲੀਕੋ। ਇਨ੍ਹਾਂ ਨੇ ਉਨ੍ਹਾਂ ਦਾ ਸ਼ਖਸੀ ਨਿਰਮਾਣ ਕਰਨਾ ਹੁੰਦਾ। 'ਕੇਰਾਂ ਉਲੀਕੇ ਹੋਏ ਨਕਸ਼ ਤਾਅ-ਉਮਰ ਨਹੀਂ ਮਿੱਟਦੇ।

ਕਾਗਜ਼ੀ ਯਾਰ ਬੜੀ ਜਲਦੀ ਦੁੱਖਾਂ ਦੀ ਬਾਰਸ਼ ਵਿਚ ਭਿੱਜ ਕੇ ਸਾਥ ਛੱਡ ਜਾਂਦੇ। ਪਿਆਰ ਵਿਚ ਵਿਸ਼ਵਾਸ ਵੀ ਕਾਗਜ਼ ਵਰਗਾ, ਜੋ ਪਾਟ ਜਾਵੇ ਤਾਂ ਫਿਰ ਜੋੜ ਨਜ਼ਰ ਆਉਂਦਾ। ਗੁੱਛਾ-ਮੁੱਛਾ ਕਰੋ ਤਾਂ ਪਹਿਲੇ ਰੂਪ ਵਿਚ ਕਦੇ ਨਹੀਂ ਆਉਂਦਾ।

ਕਾਗਜ਼ ਦੀਆਂ ਗੇਂਦਾਂ ਬਣਾ ਕੇ ਜਮਾਤ ਵਿਚ ਸ਼ਰਾਰਤਾਂ ਕਰਨ ਵਾਲੇ ਯਾਰ ਵਿਛੜ ਕੇ ਕਦ ਥਿਆਉਂਦੇ? ਉਮਰ ਦੇ ਆਖਰੀ ਪੜਾਅ ਵਿਚ ਕਦੇ-ਕਦੇ ਇਨ੍ਹਾਂ ਜਿਗਰੀ ਯਾਰਾਂ ਨੂੰ ਜ਼ਰੂਰ ਮਿਲਿਆ ਕਰੋ।

ਕਈ ਵਾਰ ਅਸੀਂ ਕਾਗਜ਼ ਦੇ ਟੁਕੜੇ ਨੂੰ ਫਾਲਤੂ ਸਮਝ, ਟੋਟਾ-ਟੋਟਾ ਕਰ ਹਵਾ ਵਿਚ ਉਛਾਲਦੇ। ਕਦੇ ਇਸ ਦੀਆਂ ਤਹਿਆਂ ਲਾ ਕੇ ਕਿਤਾਬਾਂ ਵਿਚ ਸਾਂਭਦੇ। ਕਈ ਵਾਰ ਤਾਂ ਸੰਦੂਕ ਜਾਂ ਤਹਿਖਾਨਿਆਂ ਵਿਚ ਵੀ ਸੰਭਾਲਦੇ। ਇਹ ਇਸ ਗੱਲ 'ਤੇ ਨਿਰਭਰ ਕਿ ਕਾਗਜ਼ ਦੇ ਟੁਕੜੇ ਦੀ ਕੀ ਕੀਮਤ ਅਤੇ ਸਾਡੀ ਜ਼ਿੰਦਗੀ ਲਈ ਇਸ ਦੇ ਕੀ ਅਰਥ?

ਜ਼ਿੰਦਗੀ, ਇਕ ਕੋਰਾ ਕਾਗਜ਼। ਇਸ ਕਾਗਜ਼ 'ਤੇ ਅਸੀਂ ਕਿਹੜੀ ਅੱਖਰਕਾਰੀ, ਕਿਸ ਲਹਿਜ਼ੇ ਅਤੇ ਕਿਹੜੇ ਰੰਗਾਂ ਨਾਲ ਕਰਨੀ? ਸ਼ਬਦਕਾਰੀ ਕਿੰਨੇ ਸਮੇਂ ਅਤੇ ਕਿਸ ਅੰਦਾਜ਼ ਵਿਚ ਕਰਨੀ? ਇਸ ਨੇ ਹੀ ਸਾਡੇ ਵਿਅਕਤੀਤਵ ਅਤੇ ਕਦਰਾਂ ਕੀਮਤਾਂ ਨੂੰ ਨਿਰਧਾਰਤ ਕਰਨਾ। ਇਸ ਤੋਂ ਪਤਾ ਲੱਗਦਾ ਹੈ ਕਿ ਸਮਾਜ ਵਿਚ ਸਾਡਾ ਕੀ ਸਥਾਨ ਹੈ? ਅਸੀਂ ਜ਼ਿੰਦਗੀ ਨੂੰ ਕੀ ਸਮਝਦੇ? ਸਾਡੇ ਲਈ ਜ਼ਿੰਦਗੀ ਦੇ ਕੀ ਅਰਥ? ਜ਼ਿੰਦਗੀ ਸਾਡੇ ਤੋਂ ਕੀ ਆਸ ਰੱਖਦੀ? ਅਸੀਂ ਇਸ ਨੂੰ ਕਿਸ ਰੂਪ ਵਿਚ ਕੀ ਕੀ ਅਰਪਿਤ ਕਰਦੇ? ਸੁੰਦਰ ਜ਼ਿੰਦਗੀ ਨੂੰ ਹੋਰ ਸੁੰਦਰ ਤੇ ਮੁੱਲਵਾਨ ਬਣਾਉਣ ਲਈ ਕਿਹੜੀਆਂ ਤਰਜ਼ੀਹਾਂ, ਤਸ਼ਬੀਹਾਂ ਤੇ ਤਦਬੀਰਾਂ ਰਾਹੀਂ ਤਕਦੀਰ ਦੀ ਕਲਾਕਾਰੀ ਕਰਦੇ?

ਲੋੜ ਹੈ, ਜ਼ਿੰਦਗੀ ਦੇ ਕੋਰੇ ਤੇ ਸੁੱਚੇ ਕਾਗਜ਼ 'ਤੇ ਸੰਦਲੀ ਤੇ ਜੀਵਨ-ਮੁਖੀ ਭਾਅ ਵਾਲੇ ਰੰਗਾਂ ਦੀ ਚਿੱਤਰਕਾਰੀ ਕਰੀਏ ਅਤੇ ਇਨ੍ਹਾਂ ਚਿੱਤਰਾਂ ਰਾਹੀਂ ਮਨੁੱਖਤਾ ਦਾ ਮੁਹਾਂਦਰਾ ਲਿਸ਼ਕਦਾ ਰਹੇ।

ਰੋਜ਼ਾਨਾ ਜ਼ਿੰਦਗੀ ਦੀ ਜਰੂਰਤ ਕਾਗਜ਼।
ਬੋਲਣ-ਬੁਲਾਉਣ ਦੀ ਸਹੂਲਤ ਕਾਗਜ਼।
ਜਿਊਣ-ਮਰਨ ਦੀ ਚਾਹਤ ਕਾਗਜ਼,
ਫਿਕਰਮੰਦੀ ਤੋਂ ਰਾਹਤ ਕਾਗਜ਼।
ਪਿਆਰ ਦੀਆਂ ਚਿੱਠੀਆਂ ਵੀ ਕਾਗਜ਼ ਦੀਆਂ,
ਕੰਮ ਦੀਆਂ ਅਰਜ਼ੀਆਂ ਵੀ ਕਾਗਜ਼ ਦੀਆਂ।
ਗੁੰਝਲਦਾਰ ਫੈਸਲਿਆਂ ਦਾ ਗਵਾਹ ਕਾਗਜ਼,
ਕਦੇ ਵਿਆਹ ਤੇ ਕਦੇ ਨਿਕਾਹ ਕਾਗਜ਼।
ਕਦੇ ਕੀਤਾ ਹੋਇਆ ਗੁਨਾਹ ਕਾਗਜ਼,
ਕਦੇ ਬਣਾਵੇ ਤੇ ਕਦੇ ਕਰੇ ਤਬਾਹ ਕਾਗਜ਼।

ਕਦੇ ਬੇਕਸੂਰੀ ਦਾ ਗਵਾਹ ਕਾਗਜ਼,
ਕਦੇ ਹਨੇਰਿਆਂ ਵਿਚਲਾ ਰਾਹ ਕਾਗਜ਼।
ਖੋਹ ਲੈਂਦਾ ਏ ਭਰਾ ਦੀ ਜਮੀਂ ਕਾਗਜ਼
ਆਖਰ ਨੂੰ ਪੂੰਝਦਾ ਨੈਣਾਂ ਦੀ ਨਮੀ ਕਾਗਜ਼।
ਹਰ ਜਗਾ ਇਸ ਤਰ੍ਹਾਂ ਹੈ ਲਾਜ਼ਮੀ ਕਾਗਜ਼।
ਜਿਵੇਂ ਘਰ ਵੀ ਤੇ ਆਦਮੀ ਕਾਗਜ਼।
ਕਦੇ ਬਣਦਾ ਬੰਦੇ ਦੀ ਚੁੱਪ ਕਾਗਜ਼।
ਕੁਝ ਨਹੀਂ, ਪਰ ਹੈ ਸਭ ਕੁਝ ਕਾਗਜ਼।

ਕਾਗਜ਼ ਹੀ ਹੁੰਦਾ, ਜੋ ਜ਼ਿੰਦਗੀ ਨੂੰ ਗ੍ਰੰਥਾਂ, ਵੇਦਾਂ ਤੇ ਪੁਸਤਕਾਂ 'ਚ ਸਮੇਟਦਾ। ਆਉਣ ਵਾਲੀਆਂ ਨਸਲਾਂ ਇਸ ਵਿਚੋਂ ਸੇਧ ਤੇ ਸੰਦੇਸ਼ ਲੈ ਕੇ ਆਪਣੇ ਸੁਪਨਿਆਂ ਨੂੰ ਪਰਵਾਜ਼ ਦਿੰਦੀਆਂ।

ਸੋ ਲੋੜ ਹੈ, ਚਿੱਟੇ ਕਾਗਜ਼ ਵਰਗੀ ਜ਼ਿੰਦਗੀ ਦੀ ਦਿੱਖ ਨੂੰ ਸੁਚੇਤਮਈ, ਸੁਘੜ, ਸਮਰੱਥ, ਸੂਹਜਵਾਦੀ ਅਤੇ ਸਹਿਜਵਾਦੀ ਬਣਾਉਣ ਲਈ ਰੰਗਾਂ ਤੇ ਅੱਖਰਾਂ ਦੀ ਚੋਣ ਸੋਚ-ਸਮਝ ਕੇ ਕਰੀਏ ਤਾਂ ਕਿ ਜ਼ਿੰਦਗੀ ਦੇ ਨਕਸ਼ਾਂ ਵਿਚੋਂ ਨਰੋਏਪਣ ਦਾ ਪ੍ਰਮਾਣ ਮਿਲੇ।

ਕਾਗਜ਼ ਤੋਂ ਕੀਰਤੀ ਤੀਕ ਦਾ ਮਾਣਮੱਤਾ ਹਰਫਨਾਮਾ ਜਦ ਜ਼ਿੰਦਗੀ ਨੂੰ ਸਮੁੱਚ ਵਿਚ ਪਛਾਣਨ ਤੇ ਪਰਿਭਾਸ਼ਤ ਕਰਨ ਦੇ ਯੋਗ ਹੋ ਜਾਂਦਾ ਤਾਂ ਕਾਗਜ਼ ਨੂੰ ਆਪਣੀ ਹੋਂਦ 'ਤੇ ਬਹੁਤ ਨਾਜ਼ ਹੁੰਦਾ।

ਬਹੁਤ ਔਖਾ ਹੁੰਦਾ ਏ ਕੋਰੇ ਕਾਗਜ਼ ਵਰਗੇ ਜੀਵਨ ਨੂੰ ਜ਼ਿੰਦਗੀ ਕਹਿਣਾ। ਹਰੇਕ ਕਾਗਜ਼ ਦੀ ਲੋਚਾ ਹੁੰਦੀ ਕਿ ਉਸ 'ਤੇ ਕੋਈ ਇਬਾਰਤ ਉਕਰੀ ਜਾਵੇ, ਜੋ ਸਾਹਾਂ ਦੇ ਸਫਰ, ਸੁਪਨਿਆਂ ਦੀ ਸਾਂਝ ਅਤੇ ਜੀਵਨ-ਦਿਸਹੱਦਿਆਂ ਦਾ ਮੁੱਖ ਰੁਸ਼ਨਾਵੇ।

ਆਓ! ਕੋਰੇ ਕਾਗਜ਼ ਨੂੰ ਸੁਰਖ ਰੰਗ ਅਰਪਿਤ ਕਰਨ ਲਈ ਪਹਿਲ ਕਰੀਏ।

# ਗੁਰੂ ਅਰਜਨ ਦੇਵ ਜੀ: ਇਕ ਲਾਸਾਨੀ ਜੀਵਨ ਗਾਥਾ

ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਉਹ ਅਜਿਹੇ ਪਹਿਲੇ ਸਿੱਖ ਗੁਰੂ ਸਨ, ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਆਪਣਾ ਜੀਵਨ ਬਲੀਦਾਨ ਦਿੱਤਾ। ਸਿੱਖ ਜਗਤ ਦੁਆਰਾ ਹਰ ਸਾਲ ਜੂਨ ਮਹੀਨੇ ਦੌਰਾਨ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਮਨਾਈ ਜਾਂਦੀ ਹੈ। ਸਿੱਖ ਧਰਮ ਦੇ ਸਥਾਪਨ ਤੇ ਵਿਕਾਸ ਵਿਚ ਉਨ੍ਹਾਂ ਦਾ ਯੋਗਦਾਨ ਅਹਿਮ ਰਿਹਾ ਹੈ। ਉਨ੍ਹਾਂ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਦੇ ਪਹਿਲੇ ਸਰੂਪ 'ਆਦਿ ਗ੍ਰੰਥ' ਦਾ ਸੰਪਾਦਨ ਕੀਤਾ। ਜੋ ਸਮੇਂ ਨਾਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਿੱਖਾਂ ਦੇ ਗਿਆਰਵੇਂ ਗੁਰੂ ਵਜੋਂ ਸਥਾਪਿਤ ਹੋਇਆ। ਉਨ੍ਹਾਂ ਨੇ ਰਾਮਦਾਸਪੁਰ (ਹੁਣ ਅੰਮ੍ਰਿਤਸਰ) ਵਿਖੇ ਹਰਿਮੰਦਿਰ ਸਾਹਿਬ ਦੀ ਸਥਾਪਨਾ ਕੀਤੀ ਅਤੇ ਤਰਨ ਤਾਰਨ ਸਾਹਿਬ ਤੇ ਕਰਤਾਰਪੁਰ (ਜਲੰਧਰ) ਨਗਰਾਂ ਦੀ ਸਥਾਪਨਾ 'ਚ ਵੀ ਮੋਢੀ ਰੋਲ ਨਿਭਾਇਆ।

ਪੰਚਮ ਪਾਤਸ਼ਾਹ ਦਾ ਜਨਮ ਭਾਈ ਜੇਠਾ ਜੀ ਅਤੇ ਬੀਬੀ ਭਾਨੀ ਜੀ ਦੇ ਪਰਿਵਾਰ ਵਿਚ, ਗੋਇੰਦਵਾਲ ਸਾਹਿਬ ਵਿਖੇ 15 ਅਪਰੈਲ 1563 ਈਸਵੀ ਨੂੰ ਹੋਇਆ। ਭਾਈ ਜੇਠਾ ਜੀ ਨੂੰ ਸੰਨ 1574 ਵਿਚ ਗੁਰਗੱਦੀ ਹੋਈ, ਜਿਸ ਉਪਰੰਤ ਉਹ ਗੁਰੂ ਰਾਮਦਾਸ ਦੇ ਨਾਮ ਨਾਲ ਸਿੱਖਾਂ ਦੇ ਚੌਥੇ ਗੁਰੂ ਵਜੋਂ ਪ੍ਰਸਿੱਧ ਹੋਏ। ਬੀਬੀ ਭਾਨੀ ਜੀ ਤੀਸਰੇ ਸਿੱਖ ਗੁਰੂ, ਗੁਰੂ ਅਮਰਦਾਸ ਜੀ ਦੀ ਸਪੁੱਤਰੀ ਸਨ। ਬਾਲਕ ਅਰਜਨ ਦੇ ਦੋ ਵੱਡੇ ਵੀਰ-ਪ੍ਰਿਥੀ ਚੰਦ ਤੇ ਮਹਾਂਦੇਵ ਸਨ। ਬਾਬਾ ਬੁੱਢਾ ਜੀ ਤੋਂ ਉਨ੍ਹਾਂ ਨੇ ਗੁਰਮੁਖੀ ਲਿਪੀ ਅਤੇ ਗੁਰਬਾਣੀ ਅਧਿਐਨ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਫਾਰਸੀ, ਹਿੰਦੀ ਤੇ ਸੰਸਕ੍ਰਿਤ ਭਾਸ਼ਾਵਾਂ ਦਾ ਗਿਆਨ ਵੀ ਹਾਸਿਲ ਕੀਤਾ। ਬਾਲਕ ਅਰਜਨ ਦਾ ਸੁਭਾਅ ਮਿੱਠਾ, ਹਲੀਮੀ ਭਰਪੂਰ ਤੇ ਭਗਤੀ ਰਸ ਭਿੰਨਾ ਸੀ। ਉਨ੍ਹਾਂ ਨੂੰ ਗੁਰਬਾਣੀ ਗਾਇਨ ਕਰਨਾ ਬਹੁਤ ਪਸੰਦ ਸੀ। ਉਹ ਅਜੇ 18 ਕੁ ਸਾਲਾਂ ਦੇ ਹੀ ਸਨ, ਜਦੋਂ ਸੰਨ 1581 ਵਿਚ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਪੰਜਵੇਂ ਸਿੱਖ ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਜੂਨ 1589 ਦੌਰਾਨ ਉਨ੍ਹਾਂ ਦਾ ਵਿਆਹ ਬੀਬੀ ਗੰਗਾ ਜੀ ਨਾਲ ਹੋਇਆ। ਬੀਬੀ ਗੰਗਾ ਜੀ, ਫਿਲੌਰ (ਪੰਜਾਬ) ਨਗਰ ਤੋਂ 10 ਕਿਲੋਮੀਟਰ ਪੱਛਮ ਵੱਲ ਸਥਿਤ, ਪਿੰਡ ਮੌ ਦੇ ਭਾਈ ਕ੍ਰਿਸ਼ਨ ਚੰਦ ਦੀ ਸਪੁੱਤਰੀ ਸਨ। ਸਮੇਂ ਨਾਲ ਆਪ ਦੇ ਘਰ ਇੱਕ ਪੁੱਤਰ ਦਾ ਜਨਮ ਹੋਇਆ, ਜੋ ਅੱਗੇ ਚਲ ਕੇ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਵਜੋਂ ਮਸ਼ਹੂਰ ਹੋਏ।

ਗੁਰੂ ਅਰਜਨ ਦੇਵ ਜੀ ਨੇ ਸੰਤੋਖਸਰ ਅਤੇ ਰਾਮਦਾਸਪੁਰਾ (ਅੰਮ੍ਰਿਤਸਰ) ਵਿਖੇ ਦੋ ਪਵਿੱਤਰ ਸਰੋਵਰਾਂ ਦਾ ਕੰਮ ਅਰੰਭ ਕਰਵਾਇਆ। ਪ੍ਰਚਲਿਤ ਕਥਾ ਅਨੁਸਾਰ ਉਨ੍ਹਾਂ ਨੇ ਦਸੰਬਰ 1588 ਦੌਰਾਨ ਲਾਹੌਰ ਦੇ ਸੂਫੀ ਸੰਤ ਹਜ਼ਰਤ ਮੀਆਂ ਮੀਰ ਜੀ ਦੇ ਕਰ-ਕਮਲਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰਖਵਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਸੰਪੂਰਨ ਹੋਣ ਉਪਰੰਤ ਉਨ੍ਹਾਂ ਸੰਤੋਖਸਰ ਦੀ ਉਸਾਰੀ ਵੀ ਮੁਕੰਮਲ ਕਰ ਲਈ ਅਤੇ ਗੋਇੰਦਵਾਲ ਸਾਹਿਬ ਦੇ ਨੇੜੇ ਹੀ ਤਰਨ ਤਾਰਨ ਨਗਰ ਦੀ ਸਥਾਪਨਾ ਕਰਵਾਈ। ਇਥੇ ਉਨ੍ਹਾਂ ਨੇ ਇਕ ਵਿਸ਼ਾਲ ਸਰੋਵਰ ਅਤੇ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ। ਕੁਸ਼ਟ ਰੋਗੀਆਂ ਲਈ ਆਸ਼ਰਮ ਵੀ ਬਣਵਾਇਆ। ਜਲੰਧਰ ਸ਼ਹਿਰ ਦੇ ਨੇੜੇ, ਕਰਤਾਰਪੁਰ ਕਸਬੇ ਦਾ ਨੀਂਹ ਪੱਥਰ ਵੀ ਰੱਖਿਆ। ਲਾਹੌਰ ਦੇ ਡੱਬੀ ਬਾਜ਼ਾਰ ਵਿਖੇ ਇਕ ਬਾਉਲੀ ਵੀ ਬਣਵਾਈ। ਬਿਆਸ ਦਰਿਆ ਦੇ ਕਿਨਾਰੇ ਹਰਗੋਬਿੰਦਪੁਰ ਨਗਰ ਦੀ ਸਥਾਪਨਾ ਵੀ ਕਰਵਾਈ। ਰਾਮਦਾਸਪੁਰ (ਅੰਮ੍ਰਿਤਸਰ) ਤੋਂ ਕੁਝ ਕੁ ਮੀਲ ਦੀ ਦੂਰੀ ਵਿਖੇ ਸਥਿਤ ਛੇਹਰਟਾ ਨਗਰ ਵਿਖੇ ਸਿੰਜਾਈ ਕਾਰਜਾਂ ਲਈ ਇਕ ਵੱਡੇ ਖੂਹ ਦਾ ਨਿਰਮਾਣ ਵੀ ਕਰਵਾਇਆ।

ਗੁਰੂ ਅਰਜਨ ਸਾਹਿਬ ਬਹੁਤ ਹੀ ਉੱਦਮੀ ਤੇ ਪ੍ਰੇਰਨਾਦਾਇਕ ਸ਼ਖਸੀਅਤ ਦੇ ਮਾਲਕ ਸਨ। ਸਿੱਖ ਧਰਮ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਨੇ ਅਨੇਕ ਕਾਰਜ ਕੀਤੇ। ਉਹ ਕੁਝ ਸਮੇਂ ਲਈ ਅੰਮ੍ਰਿਤਸਰ ਨੇੜੇ ਵਡਾਲੀ ਪਿੰਡ ਵਿਖੇ ਵੀ ਠਹਿਰੇ (ਹੁਣ ਇਸ ਨਗਰ ਨੂੰ ਗੁਰੂ ਕੀ ਵਡਾਲੀ ਕਿਹਾ ਜਾਂਦਾ ਹੈ)। ਸਿੱਖ ਧਰਮ ਦੀ ਨਿੱਗਰ ਸਥਾਪਤੀ ਤੇ ਵਿਕਾਸ ਲਈ ਗੁਰੂ ਅਰਜਨ ਦੇਵ ਨੇ ਬਹੁਤ ਹੀ ਵਿਲੱਖਣ ਤੇ ਮਹੱਤਵਪੂਰਨ ਕਾਰਜ ਕੀਤੇ। ਉਨ੍ਹਾਂ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਅਤੇ ਕਈ ਹੋਰ ਹਿੰਦੂ ਤੇ ਮੁਸਲਮਾਨ ਸੰਤਾਂ ਦੀ ਬਾਣੀ ਇਕੱਤਰ ਕਰਨ ਤੋਂ ਬਾਅਦ ਆਦਿ ਗ੍ਰੰਥ ਦੀ ਰਚਨਾ ਦਾ ਕਾਰਜ ਕੀਤਾ। ਇਸ ਆਦਿ ਗ੍ਰੰਥ ਦੀ ਲਿਖਾਈ ਦਾ ਕਾਰਜ ਭਾਈ ਗੁਰਦਾਸ ਜੀ ਨੂੰ ਸੌਂਪਿਆ ਗਿਆ। ਆਦਿ ਗ੍ਰੰਥ ਦੀ ਸੰਪੂਰਨਤਾ ਪਿੱਛੋਂ ਇਸ ਪਾਵਨ ਗ੍ਰੰਥ ਦਾ ਪ੍ਰਕਾਸ਼ ਅਗਸਤ/ਸਤੰਬਰ 1604 ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦਾ ਕਾਰਜ ਭਾਰ ਸੌਂਪਿਆ ਗਿਆ। ਆਦਿ ਗ੍ਰੰਥ ਦੀ ਰਚਨਾ ਸਿੱਖ ਕੌਮ ਦੇ ਇਤਿਹਾਸ ਵਿਚ ਇਕ ਅਹਿਮ ਪ੍ਰਾਪਤੀ ਸਾਬਤ ਹੋਈ। ਇਹ ਸਿੱਖਾਂ ਲਈ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਧਾਰਮਿਕ ਵਖਰੇਵੇਂ ਦਾ ਸੂਚਕ ਸਿੱਧ ਹੋਇਆ। ਤਦ ਸਿੱਖ ਧਰਮ ਇਕ ਵੱਖਰੇ ਧਰਮ ਵਜੋਂ ਵਿਕਸਿਤ ਹੋਣ ਲੱਗਾ।



ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਪ੍ਰਚਲਿਤ ਇਕ ਚਿੱਤਰ

ਇਕ ਵਾਰ ਗੁਰੂ ਘਰ ਦੇ ਦੋਖੀਆਂ ਵਲੋਂ ਆਦਿ ਗ੍ਰੰਥ ਦੀ ਵਿਸ਼ਾ-ਵਸਤੂ ਬਾਰੇ ਮੁਗਲ ਬਾਦਸ਼ਾਹ ਅਕਬਰ ਨੂੰ ਗੁੰਮਰਾਹਕੁਨ ਰਿਪੋਰਟ ਭੇਜੀ ਗਈ ਤਾਂ ਬਾਦਸ਼ਾਹ ਅਕਬਰ ਨੇ ਇਸ ਗ੍ਰੰਥ ਦੀ ਪੜਤਾਲ ਕਰਵਾਈ। ਪੜਤਾਲ ਦੌਰਾਨ ਇਸ ਗ੍ਰੰਥ ਵਿਚ ਕੁਝ ਵੀ ਇਤਰਾਜ਼ਯੋਗ ਨਾ ਪਾਏ ਜਾਣ ਉੱਤੇ, ਬਾਦਸ਼ਾਹ ਅਕਬਰ ਨੇ ਆਦਿ ਗ੍ਰੰਥ ਨੂੰ ਸਰਬ-ਸਾਂਝੀਵਾਲਤਾ ਦੇ ਸੁਨੇਹੇ ਭਰਪੂਰ ਸਤਿਕਾਰਯੋਗ ਮਹਾਨ ਗ੍ਰੰਥ ਦਾ ਦਰਜਾ ਦਿੱਤਾ। ਗੁਰੂ ਜੀ ਨੇ ਦਸਵੰਧ ਅਤੇ ਮਸੰਦ ਪ੍ਰਣਾਲੀ ਦੀ ਪਰੰਪਰਾ ਵੀ ਸੰਸਥਾਗਤ ਕੀਤੀ। ਇਸ ਸੰਸਥਾ ਨੇ ਸਿੱਖ ਧਰਮ ਨੂੰ ਪੰਜਾਬ ਤੋਂ ਬਹੁਤ ਦੂਰ ਦੇ ਪ੍ਰਾਂਤਾਂ ਵਿਚ ਵੀ ਫੈਲਾਇਆ ਅਤੇ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਸਿੱਖ ਵਿਚਾਰਧਾਰਾ ਨਾਲ ਜੋੜਿਆ। ਗੁਰੂ ਅਰਜਨ ਦੇਵ ਜੀ ਦੇ ਸਮੇਂ ਦੌਰਾਨ ਅੰਮ੍ਰਿਤਸਰ ਸ਼ਹਿਰ ਸਿੱਖੀ ਦਾ ਕੇਂਦਰੀ ਧੁਰਾ ਬਣ ਗਿਆ, ਜਿਥੇ ਹਰ ਸਾਲ ਵਿਸਾਖੀ ਦੇ ਮੌਕੇ ਹਜ਼ਾਰਾਂ ਸਿੱਖ ਇਕੱਠੇ ਹੁੰਦੇ ਅਤੇ ਮਸੰਦ, ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਇਕੱਤਰ ਕੀਤੀਆਂ ਭੇਟਾਵਾਂ ਨੂੰ ਗੁਰੂ ਸਾਹਿਬ ਨੂੰ ਭੇਟ ਕਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ।

ਸਮੇਂ ਨਾਲ ਸਿੱਖ ਗੁਰੂ ਅਰਜਨ ਸਾਹਿਬ ਨੂੰ 'ਸੱਚਾ ਪਾਤਸ਼ਾਹ' ਕਹਿਣ ਲੱਗ ਪਏ। ਸਿੱਖਾਂ ਦੀ ਗਿਣਤੀ ਦਿਨੋਂ-ਦਿਨ ਵਧਣ ਲੱਗੀ ਅਤੇ ਇਸ ਨਾਲ ਪਰੰਪਰਾਵਾਦੀ ਹਿੰਦੂ ਤੇ ਕੱਟੜਪੰਥੀ ਮੁਸਲਮਾਨ ਗੁਰੂ ਘਰ ਪ੍ਰਤੀ ਬਹੁਤ ਵਧੇਰੇ ਈਰਖਾ ਕਰਨ ਲੱਗ ਪਏ। ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ (ਜੋ ਗੁਰਗੱਦੀ ਨਾ ਮਿਲਣ ਕਾਰਨ ਗੁਰੂ ਜੀ ਨਾਲ ਈਰਖਾ ਕਰਦਾ ਸੀ) ਨੇ ਇੱਕ ਮੁਗਲ ਮਾਲ ਅਧਿਕਾਰੀ ਸੁਲਹੀ ਖਾਨ ਨਾਲ ਗਠਜੋੜ ਕਰ ਕੇ ਗੁਰੂ ਸਾਹਿਬ ਨੂੰ ਪ੍ਰੇਸ਼ਾਨ ਕਰਨ ਅਤੇ ਨੁਕਸਾਨ ਪਹੁੰਚਾਉਣ ਦੀ ਯੋਜਨਾ ਬਣਾ ਲਈ, ਪਰ ਸੁਲਹੀ ਖਾਨ ਦੀ ਅਚਾਨਕ ਇਕ ਭਖ ਰਹੇ ਇੱਟਾਂ ਦੇ ਭੱਠੇ ਵਿਚ ਡਿੱਗਣ ਨਾਲ ਮੌਤ ਹੋ ਗਈ। ਜਨੂੰਨੀ ਹਿੰਦੂ (ਬੀਰਬਲ ਤੇ ਚੰਦੂ ਆਦਿ) ਅਤੇ ਕੱਟੜਪੰਥੀ ਮੁਸਲਮਾਨ (ਸ਼ੇਖ ਅਹਿਮਦ ਸਰਹਿੰਦੀ ਆਦਿ) ਸਿੱਖ ਕੌਮ ਤੇ ਗੁਰੂ ਅਰਜਨ ਜੀ ਨਾਲ ਬਹੁਤ ਈਰਖਾ ਕਰਦੇ ਸਨ। ਸੰਨ 1605 ਵਿਚ ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਅਦ ਕੱਟੜਪੰਥੀ ਹਿੰਦੂ ਅਤੇ ਮੁਸਲਿਮ-ਦੋਵੇਂ ਧਿਰਾਂ ਹੀ ਨਵੇਂ ਬਣੇ ਬਾਦਸ਼ਾਹ ਜਹਾਂਗੀਰ ਕੋਲ ਗੁਰੂ ਜੀ ਵਿਰੁੱਧ ਸ਼ਿਕਾਇਤ ਲੈ ਕੇ ਪੁੱਜੇ। ਇਸਲਾਮ ਦਾ ਧਾਰਨੀ ਜਹਾਂਗੀਰ ਖੁਦ ਵੀ ਗੁਰੂ ਜੀ ਦੇ ਸਿੱਖ ਧਰਮ ਦੇ ਪ੍ਰਚਾਰ ਕਾਰਜਾਂ ਪ੍ਰਤੀ ਈਰਖਾ ਰੱਖਦਾ ਸੀ। ਗੁਰੂ ਜੀ ਦੇ ਵਿਰੋਧੀਆਂ ਵਲੋਂ ਉਨ੍ਹਾਂ ਉੱਤੇ ਬਹੁਤ ਸਾਰੇ ਨਿਰਾਧਾਰ ਦੋਸ਼ ਲਾਏ ਗਏ ਸਨ। ਇਨ੍ਹਾਂ ਵਿਚੋਂ ਇੱਕ ਦੋਸ਼ ਰਾਜ ਦੇ ਬਾਗੀ ਮੁਗਲ ਸ਼ਹਿਜ਼ਾਦੇ ਖੁਸਰੋ ਦੀ ਮਦਦ ਕਰਨ ਦਾ ਵੀ ਸੀ। ਇਨ੍ਹਾਂ ਦੋਸ਼ਾਂ ਤਹਿਤ ਬਾਦਸ਼ਾਹ ਨੇ ਗੁਰੂ ਜੀ ਦੀ ਤੁਰੰਤ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲਿਆਂਦਾ ਗਿਆ। ਬਾਦਸ਼ਾਹ ਨੇ ਲਾਹੌਰ ਦੇ ਗਵਰਨਰ ਨੂੰ ਗੁਰੂ ਜੀ ਵਿਰੁੱਧ ਲਾਏ ਗਏ (ਝੂਠੇ) ਦੋਸ਼ਾਂ ਦਾ ਨਿਰਣਾ ਕਰਦਿਆਂ ਸਖਤ ਕਾਰਵਾਈ ਕਰਨ ਦਾ ਹੁਕਮ ਦਿੱਤਾ। ਲਾਹੌਰ ਦਾ ਗਵਰਨਰ, ਜੋ ਕੱਟੜਪੰਥੀਆਂ ਦਾ ਹੱਥ-ਠੋਕਾ ਸੀ, ਨੇ ਗੁਰੂ ਜੀ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਉਸ ਨੇ ਇਸ ਸਜ਼ਾ ਦੀ ਪਾਲਣਾ ਦਾ ਹੁਕਮ ਲਾਹੌਰ ਸ਼ਹਿਰ ਦੇ ਇੱਕ ਕੱਟੜਪੰਥੀ ਹਿੰਦੂ ਚੰਦੂ (ਜੋ ਇਕ ਸਾਧਾਰਨ ਕਾਰੋਬਾਰੀ ਵਿਅਕਤੀ ਸੀ) ਨੂੰ ਦਿੱਤਾ। ਚੰਦੂ ਨੇ ਗੁਰੂ ਜੀ ਉਪਰ ਲਗਭਗ ਤਿੰਨ ਦਿਨ ਅੰਨ੍ਹਾ ਤਸ਼ੱਦਦ ਕੀਤਾ, ਜਿਸ ਦੀ ਮਿਸਾਲ ਮਨੁੱਖੀ ਇਤਿਹਾਸ ਵਿਚ ਹੋਰ ਕਿਧਰੇ ਵੀ ਨਜ਼ਰ ਨਹੀਂ ਪੈਂਦੀ। ਪ੍ਰਚਲਿਤ ਗਾਥਾ ਅਨੁਸਾਰ ਕਿਹਾ ਜਾਂਦਾ ਹੈ ਕਿ ਸੰਤ ਹਜ਼ਰਤ ਮੀਆਂ ਮੀਰ (ਜੋ ਮੁਸਲਮਾਨ ਸੂਫੀ ਸੰਤ ਸਨ ਅਤੇ ਗੁਰੂ ਜੀ ਦੇ ਹਿਤੈਸ਼ੀ ਵੀ ਸਨ) ਨੇ ਗੁਰੂ ਜੀ ਦੇ ਪੱਖ ਵਿਚ ਬਾਦਸ਼ਾਹ ਤਕ ਪਹੁੰਚ ਕਰਨ ਲਈ ਗੁਰੂ ਜੀ ਤੋਂ ਇਜਾਜ਼ਤ ਮੰਗੀ, ਪਰ ਗੁਰੂ ਜੀ ਨੇ ਉਸ ਨੂੰ ਅਜਿਹਾ ਕਰਨ ਤੋਂ ਮਨ੍ਹਾਂ ਕਰ ਦਿੱਤਾ।

ਗੁਰੂ ਜੀ ਨੂੰ ਤਸੀਹੇ ਦੇਣ ਦੇ ਸਮੇਂ ਦੌਰਾਨ ਉਨ੍ਹਾਂ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਉਨ੍ਹਾਂ ਦੇ ਨੰਗੇ ਸਰੀਰ ਉੱਤੇ ਗਰਮ ਰੇਤ ਪਾਈ ਗਈ। ਜਦੋਂ ਉਨ੍ਹਾਂ ਦਾ ਸਰੀਰ ਛਾਲਿਆਂ ਨਾਲ ਭਰ ਗਿਆ ਤਾਂ ਉਨ੍ਹਾਂ ਨੂੰ ਜੰਜ਼ੀਰਾਂ ਨਾਲ ਬੰਨ ਕੇ ਰਾਵੀ ਦਰਿਆ ਵਿਚ ਸੁੱਟ ਦਿੱਤਾ ਗਿਆ। ਇਸ ਤਰ੍ਹਾਂ ਗੁਰੂ ਜੀ ਨੇ 30 ਮਈ 1606 ਨੂੰ ਸ਼ਹਾਦਤ ਪ੍ਰਾਪਤ ਕੀਤੀ। ਬਾਦਸ਼ਾਹ ਜਹਾਂਗੀਰ ਨੇ ਆਪਣੀ ਸਵੈ-ਜੀਵਨੀ ਵਿਚ ਵਰਣਨ ਕੀਤਾ ਹੈ ਕਿ ਉਸ ਨੇ ਖੁਦ ਗੁਰੂ ਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦੇਣ ਦਾ ਹੁਕਮ ਦਿੱਤਾ ਸੀ। ਗੁਰੂ ਜੀ ਦੀ ਸ਼ਹੀਦੀ ਨੇ ਸਿੱਖ ਜਗਤ ਵਿਚ ਵੱਡੀ ਤਬਦੀਲੀ ਲਿਆਂਦੀ। ਸੁਭਾਵਿਕ ਹੀ ਸੀ ਕਿ ਸਿੱਖ ਜਗਤ ਨੇ ਇਸ ਘਟਨਾ ਨੂੰ ਕੱਟੜਵਾਦੀ ਮੁਸਲਿਮ ਰਾਜ ਅਤੇ ਪਰੰਪਰਾਵਾਦੀ ਹਿੰਦੂਆਂ ਦੁਆਰਾ ਨਵੇਂ ਜਨਮੇ ਪਰ ਸ਼ਾਂਤੀ ਪਸੰਦ ਸਿੱਖ ਧਰਮ ਪ੍ਰਤੀ ਕੱਟੜਤਾ ਅਤੇ ਬੇਰਹਿਮੀ ਦਾ ਪ੍ਰਗਟਾ ਹੀ ਮੰਨਿਆ।

ਗੁਰੂ ਅਰਜਨ ਦੇਵ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਜਿਸ ਸਥਾਨ ਵਿਖੇ ਜ਼ਾਲਮ ਹਾਕਮਾਂ ਵਲੋਂ ਗੁਰੂ ਜੀ ਦੀ ਪਾਵਨ ਦੇਹ ਨੂੰ ਰਾਵੀ ਦਰਿਆ ਵਿਚ ਸੁਟਿਆ ਗਿਆ, ਉੱਥੇ ਉਨ੍ਹਾਂ ਦੀ ਯਾਦ ਵਿਚ ਅੱਜ ਕੱਲ੍ਹ ਗੁਰਦੁਆਰਾ ਡੇਰਾ ਸਾਹਿਬ (ਹੁਣ ਪਾਕਿਸਤਾਨ ਵਿਚ) ਮੌਜੂਦ ਹੈ। ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੀ ਨਿਮਰਤਾ ਲਈ ਯਾਦ ਕੀਤਾ ਜਾਂਦਾ ਹੈ। ਉਹ ਬਹੁਤ ਸ਼ਾਂਤ-ਸੁਭਾਅ ਵਾਲੇ ਸੰਤ-ਰੂਪ ਵਿਅਕਤੀ ਸਨ। ਗੁਰੂ ਅਰਜਨ ਦੇਵ ਜੀ ਇਕ ਉੱਤਮ ਕਵੀ ਸਨ। ਉਨ੍ਹਾਂ ਨੇ ਲਗਭਗ 2,218 ਸ਼ਬਦਾਂ (ਹੇਮਨਸ) ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤੀ ਗਈ ਬਾਣੀ ਦਾ ਵੱਡਾ ਹਿੱਸਾ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਆ ਗਿਆ ਹੈ।

## ਸੰਪਾਦਕ ਦੀ ਡਾਕ

### ਵਿਚਾਰਨ ਯੋਗ ਮਸਲੇ...

'ਪੰਜਾਬ ਟਾਈਮਜ਼' ਦੇ 29 ਮਈ ਦੇ ਅੰਕ ਵਿਚ ਡਾ. ਹਰਪਾਲ ਸਿੰਘ ਪੰਨੂੰ ਨੇ "ਤਿੰਨ ਵਿਚਾਰਨ ਯੋਗ ਮਸਲੇ" ਸਿਰਲੇਖ ਹੇਠ ਬਹੁਤ ਹੀ ਅਹਿਮ ਨੁਕਤੇ ਉਠਾਏ ਹਨ, ਜਿਨ੍ਹਾਂ ਵੱਲ ਸਬੰਧਤ ਧਿਰਾਂ, ਜ਼ਿੰਮੇਵਾਰ ਅਦਾਰਿਆਂ ਅਤੇ ਸਮੁੱਚੇ ਸਿੱਖ ਜਗਤ ਨੂੰ ਧਿਆਨ ਦੇਣਾ ਚਾਹੀਦਾ ਹੈ। ਪਹਿਲੇ ਨੁਕਤੇ ਵਿਚ ਡਾ. ਪੰਨੂੰ ਨੇ ਹੁਣੇ ਹੁਣੇ ਆਸਟ੍ਰੇਲੀਆ ਦੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੇ ਕਿਰਪਾਨ ਪਹਿਨ ਕੇ ਆਉਣ 'ਤੇ ਲਾਈ ਪਾਬੰਦੀ 'ਤੇ ਸਿੱਖ ਜਥੇਬੰਦੀਆਂ ਦੇ ਰੋਸ-ਪ੍ਰਤੀਕਰਮ ਭੇਜਣ ਦੀ ਗੱਲ ਕਰਦਿਆਂ ਬਿਲਕੁਲ ਸਹੀ ਨੁਕਤਾ ਉਠਾਇਆ ਹੈ ਕਿ "ਪਰ ਕੀ ਨਾਬਾਲਗ ਬੱਚਿਆਂ ਕੋਲ ਅਜਿਹਾ ਹਥਿਆਰ ਹੋਣਾ ਵਾਜਬ ਹੈ, ਜਿਸ ਨਾਲ ਉਹ ਕਿਸੇ ਨੂੰ ਜ਼ਖਮੀ ਕਰ ਸਕੇ?"

ਡਾ. ਪੰਨੂੰ ਦੇ ਇਸ ਨੁਕਤੇ ਨੂੰ ਬਿਲਕੁਲ ਸਹੀ ਠਹਿਰਾਉਂਦਿਆਂ ਮੈਂ ਸਮਝਦੀ ਹਾਂ ਕਿ ਅੰਮ੍ਰਿਤ ਛਕਣਾ ਸਿੱਖ ਲਈ ਮਹਿਜ ਇੱਕ ਰਸਮ ਨਹੀਂ ਹੈ, ਸਗੋਂ ਇਸ ਦਾ ਅਰਥ ਗੁਰੂ ਵਾਲੇ ਹੋਣਾ ਅਤੇ ਗੁਰੂ ਵਾਲੇ ਹੋਣ ਦੀ ਅਹਿਮੀਅਤ ਨੂੰ ਸਮਝਣਾ ਹੈ। ਇਸ ਦਾ ਅਰਥ ਇਹ ਵੀ ਬਣਦਾ ਹੈ ਕਿ ਗੁਰੂ ਵਾਲਾ ਹੋਣ ਲਈ ਅੰਮ੍ਰਿਤ ਛਕਣ ਵਾਲੇ ਨੂੰ ਗੁਰੂ ਵੱਲੋਂ ਬਖਸ਼ਿਸ਼ ਕੀਤੇ ਪੰਜ ਕੱਕਾਰਾਂ ਦੀ ਅਹਿਮੀਅਤ, ਉਨ੍ਹਾਂ ਨੂੰ ਧਾਰਨ ਕਰਨ ਦਾ ਮਕਸਦ ਕੀ ਹੈ? ਇਸ ਦਾ ਗਿਆਨ ਹੋਣਾ ਚਾਹੀਦਾ ਹੈ। ਕਿਰਪਾਨ ਅੰਮ੍ਰਿਤਧਾਰੀ ਹੋਣ ਦਾ ਕੇਵਲ ਚਿੰਨ੍ਹ ਨਹੀਂ ਹੈ, ਇਹ ਇੱਕ ਹਥਿਆਰ ਹੈ, ਜਿਸ ਬਾਰੇ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਇਸ ਦਾ ਨਾਮ ਬਦਲੀ ਕਰਕੇ 'ਤਲਵਾਰ' ਤੋਂ ਕਿਰਪਾਨ ਕਿਉਂ ਰੱਖਿਆ ਗਿਆ ਅਤੇ ਇਸ ਦੀ ਵਰਤੋਂ ਕਿਉਂ ਤੇ ਕਦੋਂ ਕੀਤੀ ਜਾਣੀ ਹੈ? ਇਸ ਲਈ ਜਦੋਂ ਤੱਕ ਕੋਈ ਵੀ ਪ੍ਰਾਣੀ ਅੰਮ੍ਰਿਤ ਛਕਣ ਅਤੇ ਪੰਜ ਕੱਕਾਰਾਂ ਦੀ ਅਹਿਮੀਅਤ ਨੂੰ ਸਮਝਣ ਦੇ ਯੋਗ ਨਹੀਂ ਹੋ ਜਾਂਦਾ, ਉਦੋਂ ਤੱਕ ਮਹਿਜ ਰਸਮ ਨਿਭਾਉਣ ਲਈ ਅੰਮ੍ਰਿਤ ਛਕਣ/ਛਕਾਉਣ ਦੇ ਨਤੀਜੇ, ਉਪਰ ਦਿੱਤੀ ਘਟਨਾ ਵਰਗੇ ਹੀ ਨਿਕਲ ਸਕਦੇ ਹਨ। ਕੱਕਾਰਾਂ ਦੀ ਆਪਣੀ ਅਹਿਮੀਅਤ ਹੈ, ਮਕਸਦ ਹੈ। ਧਾਰਮਿਕ ਮਸਲਿਆ ਸਬੰਧੀ ਪਹੁੰਚ ਭਾਵੁਕ ਨਹੀਂ, ਵਿਚਾਰਯੁਕਤ ਹੋਣੀ ਚਾਹੀਦੀ ਹੈ। ਗੁਰੂ ਨੇ ਇਸੇ ਲਈ ਸ਼ਬਦ ਨੂੰ ਵੀ ਵਿਚਾਰ ਨਾਲ ਜੋੜਿਆ ਹੈ।

ਡਾ. ਹਰਪਾਲ ਸਿੰਘ ਪੰਨੂੰ ਨੇ ਦੂਸਰਾ ਨੁਕਤਾ ਬਿਲਕੁਲ ਸਹੀ ਉਠਾਇਆ ਹੈ ਅਤੇ ਆਪਣੇ ਸੁਭਾਅ ਅਨੁਸਾਰ ਮਿਸਾਲ ਵੀ ਬੜੀ ਵਧੀਆ ਦਿੱਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਫਤਿਹਗੜ੍ਹ ਵਿਚ ਗੁਰੂ ਤੇਗ ਬਹਾਦਰ ਚੇਅਰ ਸਥਾਪਤ ਕਰਨਾ ਦਸ ਮੰਜ਼ਿਲੀ ਇਮਾਰਤ ਦੇ ਗੇਟ ਕੋਲ ਬਾਪੂ ਵਾਸਤੇ ਕਮਰਾ ਛੱਤਣ ਵਾਂਗ ਹੀ ਹੈ। ਸ਼੍ਰੋਮਣੀ ਕਮੇਟੀ ਕੋਲ ਮਾਇਆ ਦੀ ਕੋਈ ਕਮੀ ਨਹੀਂ ਹੈ। ਕੋਵਿਡ-19 ਵਰਗੀ ਮਹਾਮਾਰੀ ਵਾਂਗ ਬਿਮਾਰੀ ਦੇ ਰੂਪ ਵਿਚ ਮੁਸੀਬਤਾਂ ਕਦੋਂ ਆ ਪੈਂਦੀਆਂ ਹਨ, ਕੋਈ ਕੁਝ ਕਹਿ ਨਹੀਂ ਸਕਦਾ। ਇਸ ਲਈ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਮ 'ਤੇ ਕੋਈ ਅਜਿਹਾ ਹਸਪਤਾਲ ਵਗੈਰਾ ਕਿਉਂ ਨਹੀਂ ਸਥਾਪਤ ਕੀਤਾ ਜਾ ਸਕਦਾ, ਜਿੱਥੇ ਆਮ ਅਤੇ ਗਰੀਬ ਲੋਕਾਂ ਦਾ ਮੁਫਤ ਇਲਾਜ ਹੋ ਸਕੇ? 'ਗੁਰੂ ਦੀ ਗੋਲਕ, ਗਰੀਬ ਦਾ ਮੂੰਹ' ਅਸੀਂ ਹਮੇਸ਼ਾ ਸੁਣਦੇ ਆਏ ਹਾਂ।

ਤੀਸਰਾ ਨੁਕਤਾ ਸਿੱਖਾਂ ਵਿਚ ਮਹਾਪੁਰਖਾਂ ਦੇ ਨਾਮ ਵਿਗਾੜ ਕੇ ਬੇਅਦਬੀ ਕਰਨ ਬਾਰੇ ਹੈ। ਸ਼੍ਰੋਮਣੀ ਕਮੇਟੀ ਜਾਂ ਕਿਸੇ ਨੂੰ ਵੀ ਇਹ ਹੱਕ ਨਹੀਂ ਬਣਦਾ ਕਿ ਅਸੀਂ ਮਹਾਪੁਰਖਾਂ ਦੇ ਨਾਮ ਆਪਣੀ ਮਰਜ਼ੀ ਨਾਲ ਵਿਗਾੜ ਦੇਈਏ ਜਿਵੇਂ ਮਾਤਾ ਗੁਜਰੀ ਜੀ ਨੂੰ 'ਗੁਜਰ ਕੌਰ', ਮਾਤਾ ਸੁੰਦਰੀ ਜੀ ਨੂੰ 'ਸੁੰਦਰ ਕੌਰ' ਲਿਖਣਾ ਜਾਂ ਉਚਾਰਨ ਕਰਨਾ। ਬਚਪਨ ਤੋਂ ਹੀ ਗੁਰੂ ਘਰ ਦੇ ਰਾਗੀਆਂ, ਢਾਡੀਆਂ, ਕਵੀਸ਼ਰਾਂ ਅਤੇ ਇਤਿਹਾਸਕਾਰਾਂ ਪਾਸੋਂ ਮਾਤਾ ਗੁਜਰੀ, ਮਾਤਾ ਸੁੰਦਰੀ ਜਾਂ ਮਾਈ ਭਾਗੋ ਨਾਮ ਹੀ ਸੁਣਦੇ/ਪੜ੍ਹਦੇ ਆਏ ਹਾਂ ਅਤੇ ਇਹ ਨਾਮ ਸੁਣਦਿਆਂ ਤੇ ਪੜ੍ਹਦਿਆ ਹਮੇਸ਼ਾ ਇਨ੍ਹਾਂ ਮਹਾਨ ਹਸਤੀਆਂ ਪ੍ਰਤੀ ਮਾਣ ਮਹਿਸੂਸ ਕੀਤਾ ਹੈ। ਡਾ. ਪੰਨੂੰ ਦੇ ਸ਼ਬਦਾਂ ਵਿਚ ਇਹ 'ਬਿਮਾਰੀ ਸਿੱਖ ਮਿਸ਼ਨਰੀ ਕਾਲਜਾਂ ਨੇ ਸੱਤਰਵਿਆਂ ਵਿਚ ਅਜਿਹੀ ਸ਼ੁਰੂ ਕੀਤੀ ਕਿ ਹੁਣ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੀ ਭਾਸ਼ਣਾਂ ਅਤੇ ਸੱਦੇ-ਪੱਤਰਾਂ ਵਿਚ ਇਹੋ ਵਿਗੜੇ ਨਾਮ ਬੋਲ/ਲਿਖ ਰਹੇ ਹਨ।' ਮੈਂ ਵੀ ਕਈ ਵਾਰ ਆਪਣੇ ਲੇਖਾਂ 'ਚ ਇਸ ਤੱਥ ਦਾ ਜ਼ਿਕਰ ਕੀਤਾ ਹੈ।

ਡਾ. ਪੰਨੂ ਨੇ ਲਿਖਿਆ ਹੈ ਕਿ ਇਤਿਹਾਸਕ ਗੁਰਦੁਆਰਿਆਂ ਦੇ ਮੇਨ ਗੇਟਾਂ 'ਤੇ ਵੀ ਪੱਥਰਾਂ 'ਤੇ ਇਹ ਗਲਤ ਨਾਮ ਖੁਣ ਰੱਖੇ ਹਨ। ਜਿੱਥੋਂ ਤੱਕ ਮੈਨੂੰ ਯਾਦ ਹੈ ਕਿ ਜਦੋਂ 1999 ਵਿਚ ਖਾਲਸਾ ਸਿਰਜਣਾ ਦੇ ਤ੍ਰੈਸ਼ਤਾਬਦੀ ਸਮਾਰੋਹ ਮਨਾਉਣ ਲਈ ਪੈਦਾ ਹੋਏ ਝਗੜੇ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪ੍ਰਧਾਨਗੀ ਤੋਂ ਹਟਾ ਕੇ ਬੀਬੀ ਜਗੀਰ ਕੌਰ ਨੂੰ ਪ੍ਰਧਾਨ ਬਣਾ ਦਿੱਤਾ ਗਿਆ ਸੀ, ਮਹਾਪੁਰਸ਼ਾਂ ਦੇ ਨਾਮਾਂ ਨੂੰ ਵਿਗਾੜ ਕੇ ਲਿਖਣ ਦਾ ਵਰਤਾਰਾ ਉਦੋਂ ਹੀ ਸ਼ੁਰੂ ਹੋ ਗਿਆ ਸੀ। ਇਹ ਮੈਂ ਪਟਿਆਲੇ ਤੋਂ ਲੁਧਿਆਣੇ ਵੱਲ ਜਾਂਦਿਆਂ ਸਭ ਤੋਂ ਪਹਿਲਾਂ ਪਟਿਆਲਾ-ਸਰਹਿੰਦ ਰੋਡ 'ਤੇ ਛੋਟੇ ਸਾਹਿਜ਼ਾਦਿਆਂ ਦੇ ਸ਼ਹੀਦੀ ਦਿਹਾੜੇ 'ਤੇ ਲਾਏ ਬੋਰਡਾਂ 'ਤੇ ਮਾਤਾ ਗੁਜਰੀ ਜੀ ਨੂੰ 'ਗੁਜਰ ਕੌਰ' ਲਿਖਿਆ ਨੋਟ ਕੀਤਾ ਸੀ। ਇਸ ਤੋਂ ਹੀ ਬੀਬੀ ਜਗੀਰ ਕੌਰ ਦੇ ਪ੍ਰਧਾਨ ਬਣ ਜਾਣ ਦੀਆਂ ਝਲਕਾਂ ਮਿਲਣ ਲੱਗ ਪਈਆਂ ਸਨ।

ਇਸੇ ਅੰਕ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ "ਜ਼ਿੰਦਾਬਾਦ! ਵਿਰਕ ਸਾਹਿਬ" ਸਿਰਲੇਖ ਹੇਠਾਂ ਪੰਜਾਬੀ ਦੇ ਮਹਾਨ ਕਹਾਣੀਕਾਰ ਸਵਰਗੀ ਕੁਲਵੰਤ ਸਿੰਘ ਵਿਰਕ ਅਤੇ ਉਨ੍ਹਾਂ ਦੀ ਕਹਾਣੀ-ਕਲਾ ਬਾਰੇ ਬਹੁਤ ਹੀ ਖੂਬਸੂਰਤ ਅੰਦਾਜ਼ ਵਿਚ ਲਿਖਿਆ ਹੈ। ਦਹਾਕਿਆਂ ਪਹਿਲਾਂ ਪੜ੍ਹੀਆਂ ਵਿਰਕ ਸਾਹਿਬ ਦੀਆਂ- 'ਖੱਬਲ', 'ਧਰਤੀ ਹੇਠਲਾ ਬੌਲਦ', 'ਤੂੜੀ ਦੀ ਪੰਡ' ਵਰਗੀਆਂ ਕਹਾਣੀਆਂ ਅੱਜ ਵੀ ਚੇਤਿਆਂ ਵਿਚ ਸੱਜਰੀਆਂ ਪਈਆਂ ਹਨ। ਵਰਿਆਮ ਸਿੰਘ ਸੰਧੂ ਨੇ ਲਿਖਿਆ ਹੈ ਕਿ "ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬ ਨੂੰ ਜੇ ਜਾਣਨਾ, ਸਮਝਣਾ ਜਾਂ ਵੇਖਣਾ ਹੋਵੇ ਤਾਂ ਸਾਨੂੰ ਵਿਰਕ ਦੀਆਂ ਕਹਾਣੀਆਂ ਦਾ ਪਾਠ ਤਾਂ ਕਰਨਾ ਹੀ ਪਵੇਗਾ।" ਵਰਿਆਮ ਸਿੰਘ ਸੰਧੂ ਦੇ ਲਫਜ਼ਾਂ ਨੂੰ ਹੀ ਦੁਹਰਾਉਂਦਿਆਂ ਮੈਂ ਕਹਿਣਾ ਚਾਹੁੰਦੀ ਹਾਂ ਕਿ ਜੇ ਸਾਡੇ ਆਪਣੇ ਸਮਿਆਂ ਦੇ ਪੰਜਾਬ ਨੂੰ ਜਾਣਨਾ, ਸਮਝਣਾ ਜਾਂ ਵੇਖਣਾ ਹੋਵੇ ਤਾਂ ਸਾਨੂੰ ਵਰਿਆਮ ਸੰਧੂ ਦੀਆਂ ਕਹਾਣੀਆਂ ਦਾ ਪਾਠ ਤਾਂ ਕਰਨਾ ਹੀ ਪਵੇਗਾ। ਇਸ ਸੰਦਰਭ 'ਚ ਵਰਿਆਮ ਸੰਧੂ ਸਾਡੇ ਸਮਿਆਂ ਦਾ ਵਿਲੱਖਣ ਤੇ ਬਹੁਤ ਵੱਡਾ ਨਾਮ ਹੈ।

-ਡਾ. ਗੁਰਨਾਮ ਕੌਰ, ਕੈਨੇਡਾ

# ਸ੍ਰੀ ਦਰਬਾਰ ਸਾਹਿਬ



***ਛੇਵੇਂ ਪਾਤਿਸ਼ਾਹ ਨੇ ਮੀਰੀ ਅਤੇ ਪੀਰੀ ਦਾ ਸਿਧਾਂਤ ਬਖਸ਼ਿਆ ਪਰ ਉਨ੍ਹਾਂ ਅੰਮ੍ਰਿਤਸਰ ਨੂੰ ਕਦੀ ਵੀ ਸਿਆਸਤ ਦਾ ਕੇਂਦਰ ਨਹੀਂ ਬਣਾਇਆ। ਉਨ੍ਹਾਂ ਧਰਮ ਨੂੰ ਸਿਆਸਤ ਤੋਂ ਸਦੈਵ ਉਪਰ ਰੱਖਿਆ। ਆਪਣੇ ਸਮੇਂ ਦੇ ਮਹਾਨ ਲਿਖਾਰੀ ਪ੍ਰੋ. ਪੂਰਨ ਸਿੰਘ (1881-1931) ਨੇ ਧਰਮ ਅਤੇ ਸਿਆਸਤ ਦੇ ਪ੍ਰਸੰਗ ਵਿਚ ਇਹ ਸੰਖੇਪ ਜਿਹੀਆਂ ਰਚਨਾਵਾਂ ਲਿਖੀਆਂ ਪਰ ਇਨ੍ਹਾਂ ਰਚਨਾਵਾਂ ਦੇ ਅਰਥ ਬਹੁਤ ਵਿਸ਼ਾਲ ਹਨ। ਉਹ ਸਪਸ਼ਟ ਆਖਦਾ ਹੈ- 'ਧਰਮ ਦਾ ਪੱਖ ਉੱਚਾ ਪੱਖ ਹੈ ਤੇ ਹੋਰ ਸਾਰੇ ਪੱਖ ਉਸ ਤੋਂ ਨੀਵੇਂ ਹਨ। ਨੀਵੇਂ ਪੱਖ ਦਾ ਰਲਾ ਪੈ ਕੇ ਉੱਚੇ ਪੱਖ ਦੇ ਗੁਆਚਣ ਦਾ ਡਰ ਹੈ।' ਇਹ ਰਚਨਾਵਾਂ ਮੀਰੀ-ਪੀਰੀ ਦੇ ਸਿਧਾਂਤ ਨੂੰ ਹਕੀਕੀ ਸਰੂਪ ਵਿਚ ਪੇਸ਼ ਕਰਦੀਆਂ ਹਨ। ਪ੍ਰੋ. ਪੂਰਨ ਸਿੰਘ ਦੀਆਂ ਇਹ ਦੋਵੇਂ ਰਚਨਾਵਾਂ ਹਰ ਧਰਮੀ ਜਿਊੜੇ ਨੂੰ ਸੋਚਣ ਲਈ ਮਜਬੂਰ ਕਰਨ ਵਾਲੀਆਂ ਹਨ।***

ਸਿੱਖਾਂ ਦਾ ਇਕੱਠ ਇਕ ਧਾਰਮਿਕ ਇਕੱਤਰਤਾ ਹੈ। ਅਨੇਕਾਂ ਜਾਤੀਆਂ, ਕੌਮਾਂ ਤੇ ਕੁਲਾਂ ਦੇ ਲੋਕਾਂ ਦੀ ਇਕ ਧਰਮ ਦੀ ਸੰਧੀ ਨਾਲ ਜੁੜ ਕੇ ਇਕ ਕੌਮ ਤੇ ਜਥੇਬੰਦੀ ਬਣੀ ਹੈ। ਜੇ ਇਸ ਵਿਚ ਧਰਮ ਨਾ ਰਹੇ, ਤਾਂ ਇਹ ਜਥੇਬੰਦੀ ਬਿਖਰ ਜਾਏਗੀ, ਕਿਉਂਕਿ ਇਨ੍ਹਾਂ ਦੇ ਵਜੂਦ ਦੀ ਕੌਮੀ ਹਸਤੀ ਯਾ ਇਨ੍ਹਾਂ ਦਾ ਮੇਲੇ ਇਕ 'ਕੁਲ' ਹੋਣ ਕਰਕੇ ਨਹੀਂ, ਇਕ 'ਕੁੰਬਾ' ਹੋਣ ਕਰਕੇ ਨਹੀਂ, ਕਿਸੇ ਇਕ ਇਲਾਕੇ ਯਾ ਦੇਸ਼ ਦੇ 'ਸਾਂਝੇ ਵਸੇਬੇ' ਕਰਕੇ ਨਹੀਂ, ਜੀਕੂੰ ਅੰਗਰੇਜ਼ ਇਕ ਦੇਸ਼ ਦੇ ਵਾਸੀ ਹਨ, ਬ੍ਰਾਹਮਣ ਇਕ ਕੁਲ ਹਨ, ਅਫਰੀਕੀ ਇਕ ਕੁੰਬੇ ਦੇ ਹਨ। ਪਰੰਤੂ



**ਪ੍ਰੋ. ਪੂਰਨ ਸਿੰਘ**

ਸਿਖ 'ਇਕ ਧਰਮ' ਦੀ ਸਾਂਝ ਦੇ ਕਾਰਨ ਇਕ ਇਕ ਜਿੰਦ ਬਣਾਏ ਗਏ ਹਨ। ਧਰਮ ਨੇ ਇਕ ਪਿਤਾ ਦੇ ਪੁੱਤਰ ਕੀਤੇ ਹਨ।

ਹਰ ਇਕ ਸਿਖ ਨੂੰ 'ਸਿਖ ਧਰਮ' ਮੁਕਤੀ ਦਾਤਾ ਹੈ, ਪਰ ਸਿਖ ਕੌਮ ਲਈ ਧਰਮ ਇਸ ਤੋਂ ਵੱਧ ਇਕ ਕੌਮੀ ਸੀਮੈਂਟ ਵੀ ਹਨ, ਜਥੇਬੰਦੀ ਦਾ ਸ਼ੀਰਾਜ਼ਾ ਹੈ, ਕੌਮੀ ਸਰੀਰ ਦੀ ਜਿੰਦ ਹੈ। ਤਾਂ ਤੇ ਧਰਮ ਦਾ ਟਿਕਾਣਾ ਸਿੱਖਾਂ ਦੇ ਕੌਮੀ ਆਦਰਸ਼ ਵਿਚ ਸਭ ਤੋਂ ਉੱਚਾ ਹੈ।

ਸਿੱਖੀ ਧਰਮ ਦੀ ਕਾਇਮੀ ਲਈ ਸਤਿਗੁਰ ਨੇ ਗੁਰੂ ਪੰਥ ਸਾਜਿਆ। ਗੁਰੂ ਪੰਥ ਵਿਚ ਗੁਰਮੁਖ, ਰਹਿਣੀ ਦੇ ਸੂਰੇ, ਧਰਮ ਦੇ ਚਾਨਣ ਮੁਨਾਰੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗਵਾਨੀ ਦੇ ਗੁਰੂ ਹਨ। ਸ੍ਰੀ ਦਰਬਾਰ ਸਾਹਿਬ ਜੀ ਕੇਂਦਰੀ ਧਰਮ ਅਸਥਾਨ ਹਨ, ਜਿਥੇ ਗੁਰੂ ਗ੍ਰੰਥ ਦੀ ਤਾਬਿਆ ਗੁਰੂ ਪੰਥ, ਕੀਰਤਨ, ਬਾਣੀ ਦੇ ਉਚਾਰ ਤੇ ਨਾਮ ਦੇ ਸਿਮਰਨ ਨਾਲ ਜਲਤ ਜਲੰਦੇ ਨੂੰ ਤਾਰਦਾ ਹੈ। ਸ੍ਰੀ ਦਰਬਾਰ ਸਾਹਿਬ ਅਖੰਡ ਕੀਰਤਨ ਦਾ ਕੇਂਦਰ ਹੈ। ਜਗਤ ਵਿਚ ਕਿਸੇ ਮੰਦਿਰ ਵਿਚ ਦਿਨ ਰਾਤ ਹਰੀ ਜਸ ਜਾਰੀ ਨਹੀਂ ਰਹਿੰਦਾ। ਇਸ ਵਾਸਤੇ ਇਹ ਹਰੀ ਮੰਦਿਰ ਜਗਤ ਦਾ ਧਰਮ ਕੇਂਦਰ ਹੈ, ਇਹ ਨਿਰੋਲ ਧਰਮ ਦਾ ਪਵਿੱਤਰ ਟਿਕਾਣਾ ਹੈ ਤੇ ਇਥੇ ਧਰਮ ਦਾ ਸੂਰਜ ਸਦਾ ਚਮਕਣਾ ਚਾਹੀਏ।

ਭਾਈਚਾਰਕ, ਪਦਾਰਥਕ, ਪੁਲੀਟੀਕਲ ਅੰਦੋਲਨ ਤੇ ਵਧਾਉ ਘਟਾਉ ਜਗਤ ਵਿਚ ਹੁੰਦੇ ਹਨ, ਹੋਣਗੇ ਤੇ ਹੁੰਦੇ ਰਹਿਣਗੇ। ਪਰ ਸਿਖ ਧਰਮ ਦੀ ਟੇਕ ਸੁੱਚ ਹੈ ਤੇ 'ਸੱਚ ਧਰਮ' ਅਬਚਲ ਵਸਤੂ ਹੈ ਤੇ ਸਭ ਤੋਂ ਉੱਚੀ ਹੈ। ਭਾਈਚਾਰਕ, ਪਦਾਰਥਕ ਤੇ ਪੁਲੀਟੀਕਲ ਟਿਕਾਣੇ ਅਨੇਕਾਂ ਹਨ ਤੇ ਜਗ੍ਹਾ ਜਗ੍ਹਾ ਹੋ ਸਕਦੇ ਹਨ, ਪਰ ਸ੍ਰੀ ਦਰਬਾਰ ਸਾਹਿਬ ਸੱਚੇ ਧਰਮ ਦਾ ਕੇਂਦਰ ਹੈ, ਜਿਥੇ ਨਾਮ ਦਾ ਚੱਕ੍ਰ ਤੇ ਸ਼ਬਦ ਦਾ ਕੇਂਦਰੀ ਲਹਿਰਾਉ ਸਤਿਗੁਰਾਂ ਨੇ ਆਪ ਦਿੱਤਾ ਹੈ। ਇਹ ਹੋਰ ਥਾਂ ਨਹੀਂ ਹੋ ਸਕਦਾ। ਤਾਂ ਤੇ ਇਸ ਟਿਕਾਣੇ ਨੂੰ ਸਿਰਮੌਰ ਰੱਖਣਾ ਸਿੱਖਾਂ ਦਾ ਧਰਮ ਹੈ। ਇਸ ਟਿਕਾਣੇ ਨੂੰ ਪੁਲੀਟੀਕਲ ਕੇਂਦਰ ਬਣਾਉਣਾ ਵਾਜਬ ਨਹੀਂ।

ਗੁਰੂ ਹਰਿਗੋਬਿੰਦ ਜੀ ਦੇ ਸਮੇਂ ਜਦੋਂ ਮੁਖਲਿਸ ਖਾਂ ਨੇ ਚੁੱਪ-ਚਾਪ ਰਾਤ ਵੇਲੇ ਸ੍ਰੀ ਅੰਮ੍ਰਿਤਸਰ 'ਤੇ ਛਾਪਾ ਮਾਰਿਆ ਤਾਂ 25 ਗੁਰਸਿੱਖਾਂ ਨੇ ਲੋਹਗੜ੍ਹ ਪਾਸ ਉਸ ਨੂੰ ਰੋਕਿਆ। ਜਿਤਨੇ ਚਿਰ ਵਿਚ ਉਹ ਇਨ੍ਹਾਂ ਨੂੰ ਮਾਰ ਕੇ ਅੱਗੇ ਵਧੇ, ਸਤਿਗੁਰਾਂ ਨੇ ਪਰਿਵਾਰ ਨੂੰ ਝਬਾਲ ਟੋਰਿਆ ਤੇ ਆਪ ਫੌਜਾਂ ਲੈ ਕੇ ਖਾਲਸਾ ਕਾਲਜ ਤੇ ਪਿਪਲੀ ਖੇਤਰ ਦੀਆਂ ਜੂਹਾਂ ਵਿਚ ਜਾ ਵੜੇ। ਤੁਰਕ ਦਲ ਨੇ ਗੁਰੂ ਕੇ ਮਹਲ ਸੁੰਵੇ ਪਾਏ; ਮਠਿਆਈਆਂ ਤੇ ਪਕਵਾਨ ਖਾਧੇ ਤੇ ਮਾਲ ਮੱਤੇ ਲੁੱਟੇ। ਅਜੇ ਵਿਹਲੇ ਨਹੀਂ ਹੋਏ ਸਨ ਕਿ ਪਤਾ ਲੱਗਾ ਕਿ ਗੁਰੂ ਤਾਂ ਉੱਤਰ ਪੱਛਮੀ ਜੂਹਾਂ ਵਿਚ ਹੈ। ਸੋ, ਉਧਰ ਉਠ ਨੱਸੇ ਤੇ ਸਾਰਾ ਦਿਨ ਸੰਗਰਾਮ ਰਹਿ ਕੇ ਤੁਰਕ ਦਲ ਚੰਗੀ ਕੱਟ ਵੱਢ ਕਰਵਾ ਕੇ ਹਾਰ ਗਿਆ। ਇਉਂ ਗੁਰੂ ਜੀ ਯੁੱਧ ਖੇਤਰ ਨੂੰ ਦਰਬਾਰ ਸਹਿਬ ਤੋਂ ਦੂਰ ਲੈ ਗਏ।

ਇਸ ਦੇ ਮਗਰੋਂ ਗੁਰੂ ਜੀ ਅੰਮ੍ਰਿਤਸਰ ਨਹੀਂ ਰਹੇ। ਕਰਤਾਰਪੁਰ ਆਦਿਕ ਰਹਿੰਦੇ ਹੋਏ ਬਿਆਸ ਕੰਢੇ ਸ੍ਰੀ ਹਰਿਗੋਬਿੰਦਪੁਰਾ ਵਸਾਇਆ। ਕਿਉਂਕਿ ਆਪਦਾ ਮਨੋਰਥ ਇਹ ਸੀ ਕਿ ਸ੍ਰੀ ਅੰਮ੍ਰਿਤਸਰ ਮੁੜ ਕੇ ਯੁੱਧ ਖੇਤਰ ਨਾ ਬਣੇ ਤੇ ਪੁਲੀਟੀਕਲ ਕੰਮ ਦੂਰ ਦੂਰ ਥਾਂਈ ਹੋਣ। ਦੂਸਰਾ ਯੁੱਧ ਸੂਬਾ ਜਲੰਧਰ ਨਾਲ ਇਥੇ ਹੀ ਸ੍ਰੀ ਹਰਿਗੋਬਿੰਦਪੁਰ ਪਿਆ। ਫਿਰ ਠਹਿਰ ਠਰ੍ਹੰਮੇ ਹੋ ਗਏ ਤਾਂ ਸਤਿਗੁਰ ਅੰਮ੍ਰਿਤਸਰ ਆ ਰਹੇ। ਪਰ ਫਿਰ ਆਪ ਨੂੰ ਜੰਗ ਦੇ ਨਿਸ਼ਾਨ ਦਿਸਣ ਲੱਗੇ ਤਾਂ ਆਪ ਮਾਲਵੇ ਨੂੰ ਚਲੇ ਗਏ ਤੇ ਫਿਰ ਯੁੱਧ ਉਥੇ ਹੋਇਆ। ਜਦੋਂ ਆਪ ਅੰਮ੍ਰਿਤਸਰੋਂ ਇਸ ਵੇਰ ਟੁਰਨ ਲੱਗੇ ਤਾਂ ਆਪ ਦੇ ਪਵਿੱਤਰ ਤੇ ਅਟਲ ਇਰਾਦੇ ਨੂੰ ਜਿਨ੍ਹਾਂ ਲਫਜ਼ਾਂ ਨੇ ਅਦਾ ਕੀਤਾ ਹੈ, ਏਹ ਹਨ:

ਜੰਗ ਨ ਭਲੋ ਸੁਧਾ ਸਰ ਮਾਂਹੀ।
ਆਵਹਿ ਤੁਰਕ ਅਦਬ ਰਹ ਨਾਹੀ।
(ਸੂਰਜ ਪੰਥ ਪ੍ਰਕਾਸ਼)

ਸੋ, ਸਤਿਗੁਰਾਂ ਦੀ ਕਰਨੀ ਤੋਂ ਨਤੀਜਾ ਇਹ ਤਾਂ ਸਾਫ ਨਿਕਲਦਾ ਹੈ ਕਿ ਆਪ ਦਾ ਅੰਮ੍ਰਿਤਸਰ ਨੂੰ ਯੁੱਧ ਭੂਮੀ ਨਾ ਬਣਨ ਦੇਣਾ ਤੇ ਜੰਗ ਦੇ ਨਿਸ਼ਾਨ ਦੇਖ ਕੇ ਚਲੇ ਜਾਣਾ ਤੇ ਅੰਤ ਕੀਰਤਪੁਰ ਵਸਾ ਕੇ ਉਥੇ ਹੀ ਜਾ ਰਹਿਣਾ ਅੰਮ੍ਰਿਤਸਰ ਨੂੰ ਪੁਲੀਟੀਕਲ ਸੈਂਟਰ ਬਣਨੋਂ ਬਚਾਉਣ ਦਾ ਸੀ ਪਰ ਉਪਰ ਲਿਖੇ ਵਾਕ ਤਾਂ ਆਪ ਦੇ ਇਰਾਦੇ ਨੂੰ ਮੂਲੋਂ ਹੀ ਸਪਸ਼ਟ ਦੱਸ ਰਹੇ ਹਨ।

ਫਿਰ ਜਦ ਰਾਮ ਰੌਣੀ ਦਾ ਨਿੱਕਾ ਜਿਹਾ ਕਿਲ੍ਹਾ ਪੰਥ ਨੇ ਸਾਜਿਆ ਤਾਂ ਉਹ ਅੰਮ੍ਰਿਤਸਰ ਦੀ ਲੋੜ ਪਏ ਰੱਖਿਆ ਵਾਸਤੇ ਸੀ। ਕਿਉਂਕਿ ਤੁਰਕ ਦਲਾਂ ਨੂੰ ਅੰਮ੍ਰਿਤਸਰ ਦੇ ਉਜਾੜਨ ਦਾ ਸਦਾ ਸ਼ੌਕ ਸੀ। ਪਰੰਤੂ ਮਿਸਲਾਂ ਨੇ ਆਪਣੇ ਆਪਣੇ ਰਾਜ ਟਿਕਾਣੇ ਹੋਰ ਹੋਰ ਜਗ੍ਹਾ 'ਤੇ ਕਾਇਮ ਕੀਤੇ। ਸ੍ਰੀ ਅੰਮ੍ਰਿਤਸਰ ਕੇਵਲ ਉਪਕਾਰ ਤੇ ਆਪਣੇ ਦਰਸ਼ਨ ਨਮਿਤ ਆਵੁਣ ਜਾਣ ਵੇਲੇ ਟਿਕਣ ਲਈ ਬੁੰਗੇ ਸਾਜੇ, ਕਿਲ੍ਹੇ ਨਹੀਂ ਥਾਪੇ।

ਮਹਾਰਾਜਾ ਰਣਜੀਤ ਸਿੰਘ ਸ੍ਰੀ ਅੰਮ੍ਰਿਤਸਰ ਦੇ ਅਤਿ ਪ੍ਰੇਮੀ ਸੇ। ਰਾਮ ਰੌਣੀ ਵਾਲੇ ਅਸੂਲ ਤੇ ਗੋਬਿੰਦਗੜ੍ਹ ਦਾ ਕਿਲ੍ਹਾ ਸ਼ਹਿਰ ਦੀ ਹਿਫਾਜ਼ਤ ਲਈ ਆਪ ਨੇ ਸਾਜਿਆ ਪਰ ਇਹ ਉਨ੍ਹਾਂ ਦੇ ਜਿਊਂਦੇ ਜੀਅ ਖਜ਼ਾਨੇ ਜਮ੍ਹਾ ਕਰਨ ਦਾ ਕੰਮ ਦੇਂਦਾ ਰਿਹਾ। ਅੰਮ੍ਰਿਤਸਰ ਨੂੰ ਆਪ ਨੇ ਰਾਜਧਾਨੀ ਨਹੀਂ ਥਾਪਿਆ, ਹਾਲਾਂਕਿ ਆਪ ਦਾ ਪ੍ਰੇਮ ਇਹ ਸੀ ਕਿ ਅੰਮ੍ਰਿਤਸਰ ਰਾਜਧਾਨੀ ਬਣਦਾ ਤੇ ਪੰਜਾਬ ਦਾ ਸ਼ਿਰੋਮਣੀ ਸ਼ਹਿਰ ਹੁੰਦਾ ਪਰ ਆਪ ਨੇ ਉਸੇ ਗੁਰੂ ਹਰਿਗੋਬਿੰਦ ਜੀ ਦੇ ਬੱਧੇ ਅਸੂਲ ਮੂਜਬ ਪੁਲੀਟੀਕਲ ਕੇਂਦਰ ਲਾਹੌਰ ਹੀ ਰਹਿਣ ਦਿੱਤਾ। ਅੰਮ੍ਰਿਤਸਰ ਨੂੰ ਇਹ ਕੁਛ ਨਾ ਬਣਾਇਆ, ਕਿਉਂਕਿ ਜੰਗ ਯੁੱਧ ਵੇਲੇ ਫਿਰ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਦਾ ਡਰ ਹੈ ਤੇ ਸ੍ਰੀ ਅੰਮ੍ਰਿਤਸਰ ਧਰਮ ਦਾ ਕੇਂਦਰ ਹੈ ਜੋ ਪੁਲੀਟੀਕਲ ਕੇਂਦਰ ਤੋਂ ਉੱਚਾ ਟਿਕਾਣਾ ਹੈ। ਇਹ ਪਵਿੱਤਰਤਾ ਤੇ ਸਿਰੋਮਨਤਾ ਸ੍ਰੀ ਦਰਬਾਰ ਸਾਹਿਬ ਦੀ ਸਨਮਾਨ ਨਾਲ ਟਿਕੀ ਰਹੇ।

ਗੁਰੂ ਕੇ ਬੱਧੇ ਅਸੂਲ 'ਤੇ ਕੌਮ ਦੇ ਇਤਿਹਾਸ ਨੂੰ ਅੱਖਾਂ ਅੱਗੇ ਰੱਖ ਕੇ ਸ੍ਰੀ ਦਰਬਾਰ ਸਾਹਿਬ ਨੂੰ ਨਿਰੋਲ ਸ਼ਿਰੋਮਣੀ ਧਰਮ ਕੇਂਦਰ ਰਹਿਣ ਦੇਣਾ ਚਾਹੀਏ ਤੇ ਇਸ ਨੂੰ ਪੁਲੀਟੀਕਲ ਐਕਟੀਵਿਟੀ (ਗਰਮ ਜੋਸ਼ੀ) ਦਾ ਸੈਂਟਰ ਨਹੀਂ ਬਣਾਨਾ ਚਾਹੀਏ।

ਫਿਰ ਜਦ ਅਸੀਂ ਜਗਤ ਵੱਲ ਤੱਕੀਏ ਤਾਂ ਇੰਗਲਿਸਤਾਨ ਦੇ ਗਿਰਜੇ ਧਰਮ ਮੰਦਿਰ ਹੀ ਵਰਤੇ ਜਾਂਦੇ ਹਨ। ਪੁਲੀਟੀਕਲ ਕੰਮਾਂ ਲਈ ਅਲੱਗ ਟਿਕਾਣੇ ਹਨ, ਜਿਥੇ ਆਸਾਨੀ ਤੇ ਸੁੱਖ ਨਾਲ ਉਹ ਕੰਮ ਹੋ ਰਹੇ ਹਨ।

ਇਸ ਵਾਸਤੇ ਸਿਖ ਧਰਮ ਤੇ ਕੌਮ ਦੇ ਆਗੂਆਂ ਨੂੰ ਤੇ ਸ੍ਰੀ ਹਰਿਮੰਦਿਰ ਜੀ ਦੇ ਕਰਮਚਾਰੀਆਂ ਨੂੰ ਇਸ ਪਹਿਲੂ 'ਤੇ ਧਿਆਨ ਦੇਣਾ ਉਚਿਤ ਹੈ ਕਿ ਬੇਮਲੂਮੇ ਇਹ ਭੁੱਲ ਤਿਲ੍ਹਕ-ਰਿੜ੍ਹ ਕੇ ਅੰਦਰ ਨਾ ਵੜ ਜਾਵੇ। ਨਹੀਂ ਤਾਂ ਸਿੱਖਾਂ ਦੇ ਧਰਮ ਪ੍ਰਚਾਰ ਤੇ ਧਰਮ ਭਾਵ ਨੂੰ ਭਾਰੀ ਨੁਕਸਾਨ ਪੁੱਜੇਗਾ। ਧਰਮ ਦਾ ਪੱਖ ਉੱਚਾ ਪੱਖ ਹੈ ਤੇ ਹੋਰ ਸਾਰੇ ਪੱਖ ਉਸ ਤੋਂ ਨੀਵੇਂ ਹਨ। ਨੀਵੇਂ ਪੱਖ ਦਾ ਰਲਾ ਪੈ ਕੇ ਉੱਚੇ ਪੱਖ ਦੇ ਗੁਆਚਣ ਦਾ ਡਰ ਹੈ। ਸਿਖ ਕੌਮ ਦਾ ਪਰਸਪਰ ਜਥੇਬੰਦ ਰਹਿਣਾ ਤੇ ਇਕ ਕੌਮ ਹੋਣਾ ਧਰਮ ਦੀ ਸ਼ੇਸ਼ ਦੇ ਆਸ਼ੇ ਹੈ। ਤਾਂ ਤੇ ਅਸਾਂ ਲਈ ਧਰਮ ਦਾ ਨਿਰੋਲ ਰਹਿਣਾ ਤੇ ਸਾਡੇ ਵਿਚ ਜਿਊਂਦੀ ਤਾਕਤ ਰਹਿਣਾ ਤੇ ਧਰਮ ਕੇਂਦਰਾਂ ਨੂੰ ਸਵੱਛ ਧਰਮ ਕੇਂਦਰ ਆਪਣੀ ਪਵਿੱਤਰਤਾ ਵਿਚ ਕਾਇਮ ਰੱਖਣਾ ਅਤਿ ਜ਼ਰੂਰੀ ਹੈ।

# ਸ੍ਰੀ ਹਰਿਮੰਦਰ ਯਾਤਰਾ

ਕਿੰਨੇ ਦਿਨ ਹੋ ਗਏ, ਮੈਂ ਹਰਿਮੰਦਰ ਦੀ ਯਾਤਰਾ ਨਹੀਂ ਗਿਆ, ਬਾਬੇ ਦੇ ਦਰਸ਼ਨ ਨਹੀਂ ਕੀਤੇ। ਲੋਕਾਂ ਦੇ ਭਾਣੇ ਮੈਂ ਕਾਫਰ ਹੋਇਆ, ਪਰ ਮੇਰੇ ਭਾਗ ਨਹੀਂ ਜਾਗੇ। ਮੈਂ ਕੀ ਕਰਾਂ! ਮੇਰੇ ਬਖਤ ਕਦੀ ਜਾਗਦੇ ਤੇ ਕਦੀ ਸੌਂਦੇ ਹਨ, ਮੇਰੇ ਭਾਗ ਦਾ ਤਾਰਾ ਨਹੀਂ ਚੜ੍ਹਿਆ। ਮੇਰੀ ਨੀਂਦ ਨਾ ਆਈ, ਮੇਰੀ ਰਾਤ ਨਾ ਖਿੜੀ। ਅੱਜ ਮੱਲੋਮੱਲੀ ਮੈਂ ਹਰਿਮੰਦਰ ਦੀ ਯਾਤਰਾ ਨੂੰ ਚੱਲਿਆ। ਪੈਰ ਜ਼ਮੀਨ 'ਤੇ ਨਹੀਂ ਟਿਕਦੇ ਹਨ, ਦਿਲ ਛਾਤੀ ਵਿਚ ਨਹੀਂ ਸੀ ਟਿਕਦਾ। ਮੈਂ ਘੰਟੇ ਘਰ ਥੀਂ ਹੇਠ ਉਤਰ ਕੇ ਸੀਸ ਸੰਗਮਰਮਰ 'ਤੇ ਰੱਖ ਦਿੱਤਾ। ਕਿਸੀ ਦੇ ਚਰਨਾਂ ਪਰ ਹੋਸੀ, ਕਿਸੀ ਨਾਲ ਛੂਹਿਆ ਹੋਸੀ। ਸਿਰ ਰੱਖਦਿਆਂ ਹੀ ਦਿਲ ਉਛਲਿਆ। ਇਥੋਂ ਚਿਤ ਕਰੇ ਵਹਿਲਾ ਵਹਿਲਾ ਜਾਵਾਂ, ਕੋਈ ਜਿਵੇਂ ਕੰਨ ਵਿਚ ਆਖਦਾ ਹੁੰਦਾ ਹੈ: ਛੇਤੀ ਜਾਹ ਬਾਬਾ ਜੀ ਉਡੀਕ ਰਹੇ ਹਨ। ਕਲਗੀਆਂ ਵਾਲੇ ਚਾਹਨਾ ਕਰ ਰਹੇ ਹਨ। ਕਿਸੀ ਅਦ੍ਰਿਸ਼ਟ ਡੋਰ ਵਿਚ ਵੱਧ ਲਾਟੂ ਵਾਂਗ ਪਰਕਰਮਾ ਦੀ ਭਵਾਟਣੀ ਖਾਂਦਾ, ਦੌੜਿਆ ਹੀ ਗਿਆ, ਦਰਸ਼ਨੀ ਦਰਵਾਜ਼ੇ ਉਪਰ ਆਣ ਢੱਠਾ, ਲਾਡ ਵਿਚ ਮਾਫੀ ਹੈ। ਬਾਬੇ ਅੱਗੇ ਜਾ ਕੇ ਕਲਗੀਆਂ ਵਾਲੇ ਦੇ ਬੰਦੇ ਦਾ ਸੀਸ ਭੇਟ ਕੀਤਾ; ਫੁੱਲ ਮਿਲੇ, ਇਕ ਹਾਰ ਨਹੀਂ, ਅੱਠ ਹਾਰ ਪਏ, ਮੁੜ ਚਾਰ ਹੋਰ ਪਏ, ਕਲਗੀਆਂ ਵਾਲੇ ਨੇ ਪਾਏ, ਸੱਜ ਗਿਆ। ਹੁਣ ਚਾਉ ਮਾਣਿਆ ਨਾ ਜਾਏ। ਮੈਂ ਨੱਚਣ ਲੱਗ ਗਿਆ। ਮਨ ਨੇ ਘੁੰਗਰੂ ਪਾ ਲਏ। ਸਤਿਗੁਰੂ ਜਗ-ਪਾਲਕ ਬਾਪ ਰੂਪ ਹੋ ਮਿਲਿਆ। ਹਜ਼ੂਰ ਥੀਂ ਚੱਲੀਆਂ ਕਿਰਨਾਂ ਆਈਆਂ। ਮਾਂ ਜੀ ਮਿਲੇ। ਅੱਜ ਮੈਨੂੰ ਸੋਝੀ ਆਈ, ਅੱਜ ਪਤਾ ਲੱਗਾ। ਮੈਂ ਸਹੁੰ ਖਾ ਕੇ ਯਥਾਰਥ ਕਹਿੰਦਾ ਹਾਂ ਕਿ ਹਰਿਮੰਦਰ ਮੇਰਾ ਹੈ, ਇਹ ਮੇਰੀ ਜ਼ਾਤੀ ਆਪਣੀ ਵਿਰਾਸਤ ਹੈ। ਇਹ ਸੱਚਖੰਡ ਦਾ ਟੁਕੜਾ ਕਲਗੀਆਂ ਵਾਲੇ ਨੇ ਆਪਣੇ ਜਾਗਦੇ ਬੱਚਿਆਂ ਲਈ ਘੱਲਿਆ ਹੈ।



ਦਿਸੇ ਭਾਵੇਂ ਨਾ ਦਿਸੇ, ਇਹ ਇਸ ਮੰਡਲ ਵਿਚ ਬਾਬੇ ਜੀ ਦਾ ਸੱਚਖੰਡ ਹੈ, ਕਲਗੀਆਂ ਵਾਲੇ ਦਾ ਵਤਨ ਹੈ। ਅਸਾਂ ਇਸ ਚੋਲੇ ਨੂੰ ਛੱਡ ਕੇ ਇਥੇ ਹੀ ਜਾਣਾ ਹੈ। ਅਰਸ਼ਾਂ ਦੇ ਦੇਵਤੇ ਇਥੇ ਦਿਨ ਰਾਤ ਗਾਉਂਦੇ ਹਨ, ਝੂਲਦੇ ਹਨ, ਅਸਰੀਰੀ ਦੇਵਤੇ ਹੀ ਨਹੀਂ, ਸਰੀਰ ਧਾਰ ਕੇ ਭੀ ਦੇਵਤੇ ਮਨੁੱਖ ਰੂਪ ਵਿਚ ਇਸ ਮੰਦਿਰ ਵਿਚ ਰਹਿੰਦੇ ਹਨ। ਜਾਗਦਿਆਂ ਦੇ ਅਰਦਾਸੇ ਦਾ ਉੱਤਰ ਉਹ ਦੇਂਦੇ ਹਨ। ਉਹ ਕਲਗੀਆਂ ਵਾਲੇ ਦੇ ਆਸ਼ਕ ਹਨ। ਇਥੇ ਬਿਰਹੀਆਂ ਨੂੰ ਦਿਦਾਰ ਹੁੰਦੇ ਹਨ, ਭਗਤਾਂ ਦੇ ਚਿੱਤ ਨੂੰ ਸਹੰਸਰ ਚਰਨਾਂ ਵਾਲੇ ਦੇ ਕਮਲ ਚਰਨਾਂ ਦੀ ਛੁਹ ਪ੍ਰਾਪਤ ਹੁੰਦੀ ਹੈ। ਤੂੰ ਮੰਨਦਾ ਨਹੀਂ, ਪਰ ਮੈਂ ਕਹਿਣ ਥੀਂ ਕਿਉਂ ਟਲਾਂ, ਬਾਬਾ ਨਾਨਕ ਕਦੀ ਕਿਸੀ 'ਨਾਮੀ ਫਕੀਰ' ਦੀ ਬੁੱਕਲ ਵਿਚ, ਕਦੀ 'ਰਸਿਕ ਬੈਰਾਗੀ' ਦੀ ਬੁੱਕਲ ਵਿਚ 'ਵਾਹਿਗੁਰੂ ਵਾਹਿਗੁਰੂ' ਕਰਦਾ ਹੈ। ਓਹੋ! ਕੀ ਬਾਬਾ ਤੈਨੂੰ ਨਹੀਂ ਦਿੱਸਦਾ? ਕੀ ਕਲਗੀਆਂ ਵਾਲੇ ਦਾ ਪਤਾ ਨਹੀਂ ਲੱਗਦਾ। ਔਹ ਸਾਹਮਣੇ ਦੇਖ, ਔਹ ਸੁੱਤਾ ਪਿਆ ਹੀ ਨਾ ਦੌੜ, ਮਰ ਜਾਣਿਆਂ! ਦੌੜ! ਇਹ ਸਾਡਾ ਅਟੱਲ, ਅਮਰ, ਸੱਚ ਘਰ ਹੈ, ਸੱਚ ਵਤਨ ਹੈ। ਦੇਖੋ ਭਾਈ, ਸਾਡੇ ਦੀਨ ਦੂਨੀ ਦੇ ਵਾਲੀ ਇਥੇ ਰਹਿੰਦੇ ਹਨ।

ਇਹ ਗੁਰੂ ਰਾਮਦਾਸ ਜੀ ਦੀ ਦੇਹ ਹੈ। ਇਹ ਹਰਿਮੰਦਰ ਸਾਡਾ ਜੀਵਨ, ਪ੍ਰਾਣ, ਧਰਮ, ਆਕਾਸ਼, ਹੱਡੀ, ਮਾਸ, ਰੁਧਰ ਹੈ; ਇਹ ਸਾਡਾ ਦਿਲ ਹੈ। ਇਹ ਸਾਡੇ ਲੋਕ ਪਰਲੋਕ ਦੀ ਫਤਹਿ ਹੈ। ਇਹ ਸਾਡਾ ਮਹਾਨ ਕੇਂਦਰ ਹੈ। ਇਹ ਸਾਡੇ ਰੱਬ ਦਾ ਘਰ ਹੈ। ਦਰਬਾਰ ਸਾਹਿਬ ਰੂਹ ਦਾ ਸਵਪਨ, ਸੱਚ ਤੇ ਸੱਚ-ਸਵਪਨ ਹੈ। ਦਰਬਾਰ ਸਾਹਿਬ ਠੀਕ ਸੱਚਖੰਡ ਦਾ ਟੁਕੜਾ ਹੈ, ਜਿਹੜਾ ਅਨੰਤ ਤੀਰੀ ਰਸ਼ਮੀਆਂ ਨਾਲ ਧੁਰ ਆਰਸ਼ਾਂ ਥੀਂ ਪੰਘੂੜੇ ਵਾਂਗ ਨਿਰੋਲ ਆਕਾਸ਼ ਵਿਚ ਝੂਲ ਰਿਹਾ ਹੈ। ਜੋ ਮੰਨ ਕੇ ਇਥੇ ਆਇਆ, ਉਹ ਜੀਵਨ ਮੁਕਤ ਹੈ, ਜੀਵਨ ਮੁਕਤੀ ਇਸ ਵਿਸ਼ਵਾਸ ਦਾ ਆਉਣਾ ਹੈ।

ਇਹ ਸਥਾਨ ਕਲਗੀਆਂ ਵਾਲੇ ਦੀ ਸੁਰਤਿ ਵਿਚ ਚਮਕ ਰਿਹਾ ਹੈ। ਸਾਰੀ ਕੁਦਰਤ ਦੇ ਮੁੱਲ ਵਿਚ ਅਸੀਂ ਇਸ ਦੀ ਇਕ ਸ਼ਿਲਾ ਨਹੀਂ ਦੇ ਸਕਦੇ। ਕਿੰਵ ਕੰਵਲ ਵੱਤ ਇਹ ਅਸਗਾਹ ਜਲ ਵਿਚ ਖੜਾ ਹੈ। ਇਹ ਸਾਡਾ ਨਾਮ ਮੰਤਰ ਹੈ; ਇਹ ਸਾਡਾ ਧਿਆਨ ਹੈ। ਇਕ ਇਕ ਸ਼ਿਲਾ ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਸ਼ਿਲਾ ਨਹੀਂ, ਸੰਗਮਰਮਰ ਨਹੀਂ, ਇਹ ਈਸ਼ਵਰੀ ਦਰਬਾਰ ਦੇ ਅੱਡ ਅੱਡ ਸਿੰਘਾਸਨ ਹਨ, ਜਿਥੇ ਰਸੀਏ, ਪਹੁੰਚੇ ਹੋਏ ਫਕੀਰ, ਪੀਰ-ਮੀਰ, ਸਰੀਰਾਂ ਨੂੰ ਧਿਆਨ ਲੀਨ ਕਰ ਬੈਠੇ ਹਨ। ਹੇ ਜਾਣ ਵਾਲੇ ਅਣਜਾਣ! ਹੇ ਵਹਿਸ਼ੀ! ਹੇ ਨੈਣ ਜੋਤਿ ਥੀਂ ਹੀਨ ਮਨੁੱਖ! ਭਾਵੇਂ ਤੂੰ ਕੋਈ ਹੋਵੇਂ, ਇਥੇ ਸਿਰ ਦੇ ਬਲ ਚੱਲ, ਇਹ ਪੀਰਾਂ ਪੈਗੰਬਰਾਂ ਦੇ ਅਦਬ ਦਾ ਸਥਾਨ ਹੈ। ਕੁੱਲ ਦੁਨੀਆ ਵਿਚ ਬਸ ਇਕ ਹੈ। ਬਾਲਕ ਰੂਪ ਹੋ ਨੱਸ, ਗੋਦ ਵਿਚ ਬੈਠ, ਇਥੇ ਜਾਗਦਾ ਬੰਦਾ ਬਣ ਕੇ ਆ, ਇਥੇ ਅਨੰਦ ਅਦਬ ਨਾਲ ਸਿਰ ਝੁਕਾ, ਮੱਥਾ ਟੇਕ, ਨਹੀਂ ਤਾਂ ਜਾਹ ਮਰ ਜਾਏਂਗਾ। ਓ ਪੁਜਾਰੀ! ਦੇਖ ਪੂਜਾ ਦੀ ਘੜੀ ਹੈ, ਦਿਲ ਵਿਚ ਅੰਦਰ ਦਾ ਪਹੁ-ਫੁਟਾਲਾ ਲੈ ਕੇ ਆ, ਰਾਤ ਕਿਉਂ ਲਈ ਆਉਂਦਾ ਏਂ? ਦਿਲ ਦੀ ਮਸ਼ਾਲ ਜਗਾ!

## ਸ਼ਖਸੀਅਤਾਂ

# ਹਰਜਿੰਦਰ ਕੰਗ: ਲੋਕਾਂ ਦਾ ਕਵੀ

**ਡਾ. ਗੁਰੂਮੇਲ ਸਿੱਧੂ**

ਕਵੀ ਇਕ ਅਜਿਹਾ ਵਿਅਕਤੀ ਹੈ, ਜਿਸ ਪਾਸ ਕਲਪਨਾ ਅਤੇ ਸੰਵੇਦਨ-ਸ਼ਕਤੀ ਹੁੰਦੀ ਹੈ। ਦੇਖਣ-ਪਾਖਣ ਨੂੰ ਆਮ ਬੰਦੇ ਜਿਹਾ, ਪਰ ਅੰਦਰੋਂ ਸੂਖਮ ਤੇ ਤਰਲ ਜਿਹੇ ਹਾਵਾਂ-ਭਾਵਾਂ ਦੀਆਂ ਪਰਤਾਂ ਦਾ ਮੁਜੱਸਮਾ। ਉਸ ਦੀ ਸੋਚ ਤੇ ਸਲੀਕਾ, ਬੋਲ-ਚਾਲ ਤੇ ਵਰਤਾਰਾ ਆਮ ਆਦਮੀ ਨਾਲੋਂ ਵੱਖਰੇ ਅਤੇ ਅਨੋਖੇ ਹੁੰਦੇ ਹਨ। ਦੋਵੇਂ ਜਣੇ-ਬੰਦਾ ਅਤੇ ਕਵੀ, ਗੱਲ ਸਮਝਾਉਣ ਲਈ ਸ਼ਬਦਾਂ ਦੀ ਵਰਤੋਂ ਕਰਦੇ ਹਨ। ਆਮ ਆਦਮੀ ਦੀ ਗੱਲ ਸਮੇਂ ਦੀ ਧੂੜ ਵਿਚ ਗੁੰਮ-ਗੁਆਚ ਜਾਂਦੀ ਹੈ, ਕਵੀ ਦੀ ਗੁਬਾਰ ਨੂੰ ਛੰਡ ਕੇ ਸੁਲਫੇ ਦੀ ਲਾਟ ਵਾਂਗ ਉਦੈ ਹੋ ਜਾਂਦੀ ਹੈ। ਗੱਲਬਾਤ ਦੇ ਵਿਸ਼ੇ ਦੋਹਾਂ ਦੇ ਇਕੋ ਜਿਹੇ ਹੁੰਦੇ ਹਨ, ਪਰ ਕਵੀ ਵਿਸ਼ੇ ਨੂੰ ਸੁਰਜੀਤ ਕਰ ਦਿੰਦਾ ਹੈ। ਕਾਰਨ ਕੀ ਹੈ? ਸਾਦਾ ਜਿਹਾ ਉਤਰ ਹੈ ਕਿ ਕਵੀ ਆਪਣੇ ਅਨੁਭਵ ਨੂੰ ਢੁਕਵੇਂ ਤੇ ਭਾਵਪੂਰਤ ਸ਼ਬਦਾਂ ਵਿਚ, ਤੋਲ-ਤੁਕਾਂਤ ਦੀਆਂ ਜੁਗਤਾਂ ਰਾਹੀਂ, ਸੁਰਬੱਧ ਕਰਕੇ ਪੇਸ਼ ਕਰਨ ਦੀ ਕਲਾ ਰੱਖਦਾ ਹੈ। ਅਜਿਹੀ ਰਚਨਾ ਸਬੱਬੀ ਕਰਮ ਹੁੰਦੀ ਹੈ, ਜਿਸ ਨੂੰ ਕਾਵਿਕ ਭਾਸ਼ਾ ਵਿਚ ਆਮਦ ਹੋਣਾ ਕਹਿੰਦੇ ਹਨ। ਅਜਿਹੀ ਕਿਰਤ ਲੋਕਾਂ ਦੀ ਜ਼ੁਬਾਨ 'ਤੇ ਸਹਿਜੇ ਤੇ ਸਹਿਬਨ ਹੀ ਚੜ੍ਹ ਜਾਂਦੀ ਹੈ ਅਤੇ ਸਮੇਂ ਨਾਲ ਲੋਕ ਗੀਤ ਦੀ ਪਦਵੀ ਤਕ ਪਹੁੰਚਣ ਦੀ ਸਮਰੱਥਾ ਰੱਖਦੀ ਹੈ। ਇਸ ਸਥਾਨ 'ਤੇ ਪਹੁੰਚ ਕੇ ਕਵੀ ਅਤੇ ਰਚਨਾ, ਇਕ ਦੂਜੇ ਵਿਚ ਅਭੇਦ ਹੋ ਜਾਂਦੇ ਹਨ ਤੇ ਕਿਸੇ ਲੋਕ ਗੀਤ ਦਾ ਜਨਮ ਹੁੰਦਾ ਹੈ। ਸੁਹਾਗ ਅਤੇ ਘੋੜੀਆਂ, ਸਿੱਠਣੀਆਂ ਅਤੇ ਸੋਹਲੇ ਆਦਿ ਇਸੇ ਸੰਜੋਗ ਦੇ ਪ੍ਰਤੀਫਲ ਹਨ।

ਆਮ ਆਦਮੀ ਅਤੇ ਕਵੀ ਗੱਲ ਸਮਝਾਉਣ ਲਈ ਸਤਰਾਂ ਦੀ ਵਰਤੋਂ ਕਰਦਾ ਹੈ। ਆਮ ਆਦਮੀ ਦੀ ਸਤਰ ਚੇਤੇ 'ਚੋਂ ਕਿਰ ਜਾਂਦੀ ਹੈ ਤੇ ਕਵੀ ਦੀ ਦਿਲ ਵਿਚ ਬਹਿ ਜਾਂਦੀ ਹੈ। ਅਜਿਹਾ ਕਿਉਂ ਹੈ? ਕਵੀ ਗੱਲ ਨੂੰ ਖਾਸ ਬਣਾਉਣ ਲਈ ਸਤਰ ਨੂੰ ਵਾਕੰਸ਼ਾਂ, ਅਲੰਕਾਰਾਂ, ਸਿਮਲੀਆਂ, ਬਿੰਬਾਂ ਅਤੇ ਚਿੰਨ੍ਹਾਂ ਨਾਲ ਸਜਾ ਕੇ ਪੇਸ਼ ਕਰਦਾ ਹੈ। ਇਨ੍ਹਾਂ ਜੁਗਤਾਂ ਦਾ ਪ੍ਰਯੋਗ ਤਾਂ ਸਾਰੇ ਕਵੀ ਕਰਦੇ ਹਨ, ਕੁਝ ਦੀ ਕਵਿਤਾ ਪਾਠਕ ਨੂੰ ਝੰਜੋੜਦੀ ਹੈ ਅਤੇ ਹੋਰਨਾਂ ਦੀ ਪੱਥਰ ਤੋਂ ਪਾਣੀ ਵਾਂਗ ਤਿਲ੍ਹਕ ਜਾਂਦੀ ਹੈ। ਕਾਰਨ ਇਹ ਹੈ ਕਿ ਇਹ ਅਨੁਭਵੀ ਕਵੀ ਢੁਕਵੇਂ ਸ਼ਬਦਾਂ ਨੂੰ ਆਮ ਲੋਕਾਂ ਦੀ ਬੋਲੀ ਦੇ ਮੇਚ ਕਰਕੇ ਪੇਸ਼ ਕਰਦਾ ਹੈ। ਹਰਜਿੰਦਰ ਕੰਗ ਦੀ ਕਵਿਤਾ ਵਿਚ ਉਪਰੋਕਤ ਗੁਣ ਹਾਜ਼ਰ-ਨਾਜ਼ਰ ਰਹਿੰਦੇ ਹਨ, ਇਸੇ ਲਈ ਉਸ ਨੂੰ 'ਲੋਕਾਂ ਦਾ ਕਵੀ' ਕਿਹਾ ਹੈ। ਪ੍ਰਮਾਣ ਵਜੋਂ ਉਸ ਦੇ ਗੀਤਾਂ ਦੀ ਸੂਚੀ ਹਾਜ਼ਰ ਹੈ, ਜਿਨ੍ਹਾਂ 'ਚੋਂ ਕਈ ਲੋਕ ਗੀਤਾਂ ਦਾ ਰੁਤਬਾ ਅਖਤਿਆਰ ਕਰ ਗਏ ਹਨ (ਦੇਖੋ ਖਾਕਾ #1):

**ਖਾਕਾ #1**

| ਸਾਲ | ਗੀਤ | ਗਾਇਕ | ਸੰਗੀਤਕਾਰ | ਕੈਸੇਟ | ਕੰਪਨੀ |
|---|---|---|---|---|---|
| 1992 | ਵੇ ਵਣਜਾਰਿਆ | ਸਾਬਰ ਕੋਟੀ | ਸੁਰਿੰਦਰ ਬਚਨ | ਵੇ ਵਣਜਾਰਿਆਂ | ਏ. ਐਮ. ਸੀ. |
| 1997 | ਵਿਸਾਖੀ ਵਾਲੇ ਮੇਲੇ | ਸਾਬਰ ਕੋਟੀ | ਸੁਰਿੰਦਰ ਬਚਨ | ਮੰਗੀ ਗਈ | ਟੀ. ਸੀਰੀਜ਼ |
| 1997 | ਸੱਤ ਸਮੁੰਦਰ ਦੂਰ | ਜਸਵਿੰਦਰ ਬਿੱਲਾ | ਰਮੇਸ਼ ਬਟਾਲਵੀ | ਮੁੰਡਿਆਂ ਦੇ ਦਿਲ | ਬੱਬਰ ਕੈਸੇਟ |
| 1999 | ਆਪਾਂ ਦੋਵੇਂ ਰੁੱਸ ਬੈਠੇ | ਹੰਸ ਰਾਜ ਹੰਸ | ਸੁਰਿੰਦਰ ਸੋਢੀ | ਝਾਂਜਰ | ਟਿਪਸ |
| 1999 | ਅੱਜ ਵੀ ਨਈਂ ਨੱਚਣਾ | ਸਾਬਰ ਕੋਟੀ | ਚਰਨਜੀਤ ਆਹੂਜਾ | ਗੁਲਾਬੋ | ਐਚ. ਐਮ. ਵੀ. |
| 2001 | ਝੁਮਕੇ | ਜਸਵਿੰਦਰ ਬਿੱਲਾ | ਅਤੁਲ ਸ਼ਰਮਾ | ਝੁਮਕੇ | ਟੀ. ਸੀਰੀਜ਼ |
| 2001 | ਨਿੱਘੀ ਨਿੱਘੀ ਯਾਦ | ਗਿੱਲ ਹਰਦੀਪ | ਸੁਖਪਾਲ ਸੁੱਖ | ਜੱਟ ਰਿਸਕੀ | ਰਾਜਾ ਇਟਰ. |
| 2001 | ਮੁੱਖੜਾ ਤੁਹਾਡਾ | ਹੰਸ ਰਾਜ ਹੰਸ | ਅਨੰਦ ਰਾਜ ਅਨੰਦ | ਸਭ ਤੋਂ ਸੋਹਣੀ | ਟੀ. ਸੀਰੀਜ਼ |
| 2002 | ਰੁੜ੍ਹ ਗਏ ਅੱਖਰ ਸਾਰੇ | ਗਿੱਲ ਹਰਦੀਪ | ਸੁਖਪਾਲ ਸੁੱਖ | ਜੱਟ ਮਾਰਦੇ... | ਰਾਜਾ ਇਟਰ. |
| 2002 | ਫੁਲਕਾਰੀ | ਹੰਸ ਰਾਜ ਹੰਸ | ਅਤੁਲ ਸ਼ਰਮਾ | ਹਾਏ ਸੋਹਣੀਏ | ਟੀ. ਸੀਰੀਜ਼ |
| 2004 | ਛਮ ਛਮ ਰੋਣ ਅੱਖੀਆਂ | ਹੰਸ ਰਾਜ ਹੰਸ | ਅਤੁਲ ਸ਼ਰਮਾ | ਛਮ ਛਮ ਰੋਣ ਅੱਖੀਆਂ | ਟੀ. ਸੀਰੀਜ਼ |
| 2006 | ਚਿਹਰਿਆਂ | ਸਾਬਰ ਕੋਟੀ | ਗੁਰਮੀਤ ਸਿੰਘ | ਸੱਧਰਾਂ | ਆਡੀਓ ਟੱਚ |
| 2007 | ਜ਼ਿੰਦਗੀ | ਚੰਦਨ | ਜੱਸੀ ਬ੍ਰਦਰਜ਼ | ਜ਼ਿੰਦਗੀ | ਗਰਾਇੰਡ ਮਿਊਜ਼ਿਕ |
| 2007 | ਪੰਜਾਬੀਓ | ਗਿੱਲ ਹਰਦੀਪ | ਵਿਨੇ ਵਿਨਾਇਕ | ਗੜਬੜ ਲਗਦੀ | ਸੁਰਸੰਗਮ ਐਟਰਟੇਨਮੈਂਟ |
| 2008 | ਸਾਡੀਆਂ ਨਿਸ਼ਾਨੀਆਂ | ਸਾਬਰ ਕੋਟੀ | ਸੁਨੀਲ ਕਲਿਆਣ | ਲੈਜੰਡਰੀ ਸੈਕੰਡ. | ਮੂਵੀ ਬੌਕਸ ਇੰਗ. |
| 2010 | ਤਸਵੀਰਾਂ ਪੰਜਾਬ ਦੀਆਂ | ਗਿੱਲ ਹਰਦੀਪ | ਤੇਜਵੰਤ ਕਿੱਟੂ | ਜਸਟ ਪੰਜਾਬੀ | ਗੋਇਲ ਮਿਊਜ਼ਿਕ |
| 2013 | ਧੀਆਂ (ਟੱਪੇ) | ਗਿੱਲ ਹਰਦੀਪ | ਤੇਜਵੰਤ ਕਿੱਟੂ | ਲਵ ਫਾਰ ਲਵ | ਗੋਇਲ ਮਿਊਜ਼ਿਕ |
| 2014 | ਕੁੜੀਆਂ ਚਿੜੀਆਂ | ਹੰਸ ਰਾਜ ਹੰਸ | ਹੰਸ ਰਾਜ ਹੰਸ | ਦੂਰਦਰਸ਼ਨ ਪ੍ਰੋਡਕਸ਼ਨ | |
| 2018 | ਇਸ ਵਾਰੀ ਜਦ ਪਿੰਡੋਂ... | ਚੰਦਨ ਸਿੰਘ | ਚੰਦਨ ਸਿੰਘ | ਰ ਕੇ | ਗੋਇਲ ਮਿਊਜ਼ਿਕ |
| 2019 | ਧੁਨੀਆਂ ੧ੳ ਦੀਆਂ | ਅਮਰਜੀਤ ਲਾਲੀ | ਚੰਦਨ ਸਿੰਘ | ... | ਗੋਇਲ ਮਿਊਜ਼ਿਕ |

ਕਲਾਕਾਰ ਦੀ ਕੋਈ ਨਾ ਕੋਈ ਰਚਨਾ ਅਜਿਹੀ ਹੋ ਨਿਬੜਦੀ ਹੈ, ਜੋ ਉਸ ਦਾ ਪਛਾਣ-ਚਿੰਨ੍ਹ ਬਣ ਜਾਂਦੀ ਹੈ। ਪੰਜਾਬੀ ਗੀਤਕਾਰੀ ਦੇ ਖੇਤਰ ਵਿਚ ਕੁਝ ਪ੍ਰਮੁੱਖ ਗੀਤਕਾਰ ਹਨ, ਜਿਨ੍ਹਾਂ ਦੀਆਂ ਕਿਰਤਾਂ ਲੋਕ ਗੀਤਾਂ ਦੀ ਪਦਵੀ ਪਾ ਚੁਕੀਆਂ ਹਨ। ਮਿਸਾਲ ਵਜੋਂ ਨੰਦ ਲਾਲ ਨੂਰਪੁਰੀ ਦੇ ਗੀਤ 'ਚੰਨ ਵੇ ਕਿ ਸ਼ੌਕਣ ਮੇਲੇ ਦੀ', 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ' ਅਤੇ 'ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ।' ਸ਼ਿਵ ਕੁਮਾਰ ਬਟਾਲਵੀ ਦੇ ਗੀਤ- 'ਮਾਏਂ ਨੀ ਮਾਏਂ ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ', 'ਕੀ ਪੁੱਛਦੇ ਹੋ ਹਾਲ ਫਕੀਰਾਂ ਦਾ, ਸਾਡਾ ਨਦੀਓਂ ਵਿਛੜੇ ਨੀਰਾਂ ਦਾ', 'ਇਕ ਮੇਰੀ ਅੱਖ ਕਾਸ਼ਨੀ, ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ' ਅਤੇ 'ਇਕ ਕੁੜੀ ਜੀਹਦਾ ਨਾਂ ਮੁਹੱਬਤ।' ਬਾਬੂ ਸਿੰਘ ਮਾਨ ਮਰਾੜਾਂਵਾਲਾ ਦੇ 'ਚਿੱਟੀਆਂ ਕਪਾਹ ਦੀਆਂ ਫੁੱਟੀਆਂ', 'ਮੇਰਾ ਲੌਂਗ ਗੁਆਚਾ, ਨਿਗਾਹ ਮਾਰਦਾ ਆਈਂ ਵੇ' ਅਤੇ 'ਆ ਗਿਆ ਵਣਜਾਰਾ।' ਦੇਵ ਥਰੀਕੇਵਾਲਾ ਦੇ 'ਨੀ ਉਠ ਦੇਖ ਨਣਾਨੇ ਕੌਣ ਪ੍ਰਾਹੁਣਾ ਆਇਆ', 'ਮਾਂ ਹੁੰਦੀ ਏ ਮਾਂ, ਓ ਦੁਨੀਆਂ ਵਾਲਿਓ' ਅਤੇ 'ਟਿੱਲੇ ਵਾਲਿਆ ਮਿਲਾ ਦੇ ਜੱਟੀ ਹੀਰ ਨੂੰ, ਤੇਰਾ ਕਿਹੜਾ ਮੁੱਲ ਲੱਗਦਾ।' ਗੁਰਦੇਵ ਸਿੰਘ ਮਾਨ ਦੇ 'ਮਿੱਤਰਾਂ ਦੀ ਲੂਣ ਦੀ ਡਲੀ', 'ਉੂੜਾ ਐੜਾ ਈੜੀ' ਅਤੇ 'ਮੇਲੇ ਮੁਕਤਸਰ ਦੇ ਲੈ ਜਾ ਨਣਦ ਦਿਆ ਵੀਰਾ।' ਇੰਦਰਜੀਤ ਹਸਨਪੁਰੀ ਦੇ 'ਗੜਵਾ ਲੈ ਦੇ ਚਾਂਦੀ ਦਾ', 'ਤੇਰੀਆਂ ਮੁਹੱਬਤਾਂ ਨੇ ਮਾਰ ਸੁਟਿਆ' ਅਤੇ 'ਢਾਈ ਦਿਨ ਨਾ ਜੁਆਨੀ ਨਾਲ ਚਲਦੀ।' ਦੀਪਕ ਜੈਤੋਈ ਦੇ 'ਆਹ ਲੈ ਮਾਏਂ ਸਾਂਭ ਕੁੰਜੀਆਂ' ਅਤੇ 'ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ।' ਲਾਲ ਚੰਦ ਝਮਲਾ ਜੱਟ ਦੇ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ', 'ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ' ਅਤੇ 'ਚਿੱਟਾ ਹੋ ਗਿਆ ਲਹੂ।' ਚਰਨ ਸਿੰਘ ਸਫਰੀ ਦੇ 'ਚੰਨ ਮਾਤਾ ਗੁਜਰੀ ਦਾ', 'ਦੋ ਬੜੀਆਂ ਕੀਮਤੀ ਜਿੰਦਾਂ' ਅਤੇ 'ਦੱਧ ਨੂੰ ਮਧਾਣੀ ਪੁੱਛਦੀ।' ਪ੍ਰਕਾਸ਼ ਸਾਥੀ ਦੇ 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ', 'ਮੈਂ ਦੂਰ ਚਲਾ ਜਾਵਾਂਗਾਂ' ਅਤੇ 'ਕਿੰਨੀ ਖੁਸ਼ੀ ਸੀ ਤੇਰੇ ਮਿਲਣ ਦੀ।' ਕਰਨੈਲ ਸਿੰਘ ਪਾਰਸ ਦੇ 'ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇਕ ਆਵੇ ਇਕ ਜਾਵੇ', 'ਭਗਤ ਸਿੰਘ ਦੀ ਘੋੜੀ' ਅਤੇ 'ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ' ਆਦਿ।

ਪੰਜਾਬੀ ਦੇ ਕਈ ਗੀਤ ਅਜਿਹੇ ਹਨ, ਜੋ ਲੋਕ ਗੀਤ ਦਾ ਰੁਤਬਾ ਪਾ ਗਏ ਹਨ, ਪਰ ਉਨ੍ਹਾਂ ਦੇ ਰਚਨਹਾਰਿਆਂ ਬਾਰੇ ਲੋਕ ਘੱਟ ਹੀ ਜਾਣਦੇ ਹਨ ਜਿਵੇਂ, ਸਾਜਨ ਰਾਏਕੋਟੀ ਦੇ 'ਨੈਣ ਪ੍ਰੀਤੋ ਦੇ ਬਹਿ ਜਾ ਬਹਿ ਜਾ ਕਰਦੇ', 'ਘੁੰਢ ਵਿਚ ਨਹੀਂ ਲੁਕਦੇ ਸੱਜਣਾਂ ਵੇ ਨੈਣ ਕੁਆਰੇ।' ਚੰਨ ਜੰਡਿਆਲਵੀ ਦੇ ਗੀਤ 'ਮਧਾਣੀਆਂ, ਕਿਨ੍ਹਾਂ ਜੰਮੀਆਂ ਕਿਨ੍ਹਾਂ ਨੇ ਲੈ ਜਾਣੀਆਂ' ਅਤੇ 'ਨੱਚਾਂ ਮੈਂ ਲੁਧਿਆਣੇ ਮੇਰੀ ਧਮਕ ਜਲੰਧਰ ਪੈਂਦੀ।' ਗਿਆਨ ਚੰਦ ਧਵਨ ਦੇ 'ਅੰਦਰ ਜਾਵਾਂ ਬਾਹਰ ਜਾਵਾਂ ਲਾਲ ਚੂੜਾ ਛਣਕਦਾ', 'ਕਾਲਾ ਡੋਰੀਆ ਕੁੰਡੇ ਨਾਲ ਅੜਿਆ ਏ' ਅਤੇ 'ਜੁੱਤੀ ਕਸੂਰੀ ਪੈਰੀਂ ਨਾ ਪੂਰੀ।' ਇਵੇਂ ਹੀ ਹਰਜਿੰਦਰ ਕੰਗ ਦੇ ਗੀਤ, 'ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ', 'ਮੇਰੇ ਨਾਂ ਦਾ ਫੁੱਲ ਨਾ ਪਾਈਂ ਤੂੰ ਆਪਣੀ ਫੁਲਕਾਰੀ 'ਤੇ', 'ਦੇਖਿਓ ਪੰਜਾਬੀਓ ਪੰਜਾਬੀ ਨਾ ਭੁਲਾ ਦਿਓ' ਅਤੇ 'ਕੁੜੀਆਂ ਚਿੜੀਆਂ ਹੁੰਦੀਆਂ ਨੇ ਪਰ, ਪਰ੍ਹ ਨਹੀਂ ਹੁੰਦੇ ਕੁੜੀਆਂ ਦੇ' ਲੋਕ ਗੀਤਾਂ ਦੀ ਸਫ ਵਿਚ ਸ਼ਾਮਿਲ ਹੋ ਗਏ ਹਨ।



*ਹਰਜਿੰਦਰ ਕੰਗ*

### ਆਪਾਂ ਦੋਵੇਂ ਰੁੱਸ ਬੈਠੇ...

ਸਭ ਤੋਂ ਪਹਿਲਾਂ ਇਹ ਗੀਤ ਹੰਸ ਰਾਜ ਹੰਸ ਨੇ ਗਾਇਆ ਸੀ। ਇਸ ਦੀ ਐਨੀ ਧਾਕ ਪਈ ਤੇ ਡੰਕਾ ਵੱਜਿਆ ਕਿ ਦੁਨੀਆਂ ਭਰ ਦੇ ਪੰਜਾਬੀ ਗਾਇਕਾਂ ਨੇ ਪੂਰੀ ਸ਼ਿੱਦਤ ਨਾਲ ਗਾਇਆ। ਜਿਵੇਂ ਸ਼ਿਵ ਕੁਮਾਰ ਦੇ ਗੀਤ 'ਮਾਏਂ ਨੀ ਮਾਏਂ ਮੇਰੇ ਗੀਤਾਂ ਦਿਆਂ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ' ਨੂੰ ਜਗਜੀਤ ਸਿੰਘ, ਨੁਸਰਤ ਫਤਹਿ ਅਲੀ ਖਾਨ ਅਤੇ ਗੁਲਾਮ ਅਲੀ ਵਰਗੇ ਗਾਇਕਾਂ ਨੇ ਸੁਰ ਬਖਸ਼ਿਆ, ਉਸੇ ਤਰ੍ਹਾ ਕੰਗ ਦੇ ਇਸ ਗੀਤ ਨੂੰ ਵੀ ਪਾਕਿਸਤਾਨ ਦੇ ਗਾਇਕਾਂ ਜਿਵੇਂ ਨਸੀਬੋ ਲਾਲ, ਮਰਾਤਬ ਅਲੀ, ਫਰਾਹ ਲਾਲ ਅਤੇ ਹੁਮੈਰਾ ਚੰਨਾ ਨੇ ਬੜੇ ਚਾਅ ਨਾਲ ਗਾਇਆ। ਇਸੇ ਗੀਤ ਨੂੰ ਹਿੰਦੋਸਤਾਨ ਵਿਚ ਬਹੁਤ ਸਾਰੇ ਗਾਇਕਾਂ ਨੇ ਗਾ ਕੇ ਨਾਮਣਾ ਖੱਟਿਆ। ਦਿਲਚਸਪ ਗੱਲ ਇਹ ਹੈ ਕਿ ਇਸ ਗੀਤ ਦੀ ਵਿਆਹੇ/ਕੁਆਰੇ ਜੋੜਿਆਂ ਨੇ ਵੀਡੀਓ ਬਣਾ ਬਣਾ ਕੇ ਯੂ. ਟਿਊਬ 'ਤੇ ਪਾਈਆਂ। ਕੁਝ ਗਾਇਕਾਂ ਨੇ ਇਸ ਦੇ ਮੁੱਖੜੇ ਜਾਂ ਅੰਤਰਿਆਂ ਨੂੰ ਆਪਣੇ ਗੀਤਾਂ ਵਿਚ ਸਮੋ ਕੇ ਗਾਇਕੀ ਨੂੰ ਚਮਕਾਇਆ। ਕਈ ਆਸ਼ਿਕਾਂ ਨੇ ਪਿਆਰ ਨੂੰ ਦਰਸਾਉਣ ਲਈ, ਇਸ ਗੀਤ 'ਤੇ ਆਧਾਰਤ ਵੀਡੀਓ ਬਣਾਈਆਂ। ਇਥੋਂ ਤਕ ਕੇ ਇਸ ਨੂੰ ਕਾਰਟੂਨਾਂ ਦੀ ਸ਼ਕਲ ਵਿਚ ਵੀ ਵਰਤਿਆ ਗਿਆ।

### ਬੋਲੀ ਨਾ ਰਹੀ...

ਹਰਜਿੰਦਰ ਦੀ ਗੀਤਨੁਮਾ ਕਵਿਤਾ 'ਬੋਲੀ ਨਾ ਰਹੀ ਤਾਂ ਕਵਿਤਾਵਾਂ ਰੁਲ ਜਾਣੀਆਂ, ਮਾਂਵਾਂ ਦੀਆਂ ਲੋਰੀਆਂ ਦੁਆਵਾਂ ਰੁਲ ਜਾਣੀਆਂ' ਵੀ ਆਮ ਲੋਕਾਂ ਦੀ ਅਮਾਨਤ ਬਣ ਚੁਕਿਆ ਹੈ। ਇਸ ਗੀਤ ਨੂੰ ਪੰਜਾਬੀ ਬੋਲੀ ਨਾਲ ਸਬੰਧਤ ਸਮਾਗਮਾਂ, ਮੇਲਿਆਂ, ਟੀ. ਵੀ. ਦੇ ਪ੍ਰੋਗਰਾਮਾਂ ਅਤੇ ਪੰਜਾਬੀ ਦੀਆਂ ਸਾਹਿਤਕ ਤੇ ਸਭਿਆਚਾਰਕ ਮਹਿਫਿਲਾਂ ਵਿਚ ਸਮੇਂ ਸਮੇਂ ਵਰਤਿਆ ਜਾਂਦਾ ਹੈ। ਸਭ ਤੋਂ ਖਾਸ ਗੱਲ ਇਹ ਹੈ ਕਿ ਇਹ ਗੀਤ ਪੰਜਾਬ ਦੇ ਸਕੂਲਾਂ ਵਿਚ ਕਹਾਵਤ ਬਣ ਗਿਆ ਹੈ ਅਤੇ ਕੰਧਾਂ ਉਤੇ ਉਕਰਿਆ ਹੋਇਆ ਮਿਲਦਾ ਹੈ।

### ਧੀਆਂ ਬਾਰੇ ਗੀਤ

ਸਾਡੇ ਸਮਾਜ ਵਿਚ ਧੀਆਂ ਨੂੰ ਧਿਆਣੀਆਂ ਵੀ ਕਿਹਾ ਗਿਆ ਹੈ ਅਤੇ ਕਰਮਾਂ-ਸੜੀਆਂ ਵਰਗੇ ਭੱਦੇ ਸ਼ਬਦਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਜਿਨ੍ਹਾਂ ਨੂੰ ਬਾਬਾ ਨਾਨਕ ਨੇ ਰਾਜਿਆਂ ਦੀਆਂ ਜਣਨੀਆਂ ਕਿਹਾ ਹੈ, ਉਸੇ ਸਮਾਜ ਵਿਚ ਧੀਆਂ ਨੂੰ ਕੁੱਖਾਂ ਵਿਚ ਮਾਰਨ ਦੀ ਅਲਾਮਤ ਵੀ ਸ਼ੁਮਾਰ ਹੈ। ਹਰਜਿੰਦਰ ਨੇ ਕੁਝ ਗੀਤ ਧੀਆਂ ਬਾਰੇ ਵੀ ਲਿਖੇ ਹਨ, ਜਿਨ੍ਹਾਂ ਵਿਚ ਕੁੜੀਆਂ ਨੂੰ ਰਿਸ਼ਤਿਆਂ ਦੇ ਤਾਣੇ-ਬਾਣੇ ਦੀ ਤੰਦ, ਜ਼ਿੰਦਗੀ ਦੀ ਕਿਤਾਬ ਦਾ ਮੁੱਖ ਬੰਦ ਅਤੇ ਫੁੱਲਾਂ ਦੀ ਸੁਗੰਧ ਵਰਗੇ ਅਲੰਕਾਰਾਂ ਨਾਲ ਨਿਵਾਜਿਆ ਹੈ। ਦੂਜੇ ਪਾਸੇ ਧੀਆਂ ਨੂੰ 'ਪਰਾਇਆ ਧਨ' ਅਤੇ 'ਚਾਰ ਦਿਨ ਦੀ ਪ੍ਰਾਹੁਣੀ' ਵਰਗੇ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਗਿਆ ਹੈ। ਹਰਜਿੰਦਰ ਨੇ ਇਨ੍ਹਾਂ ਦੋਹਾਂ ਸਥਿਤੀਆਂ ਨੂੰ ਗੀਤਾਂ ਦੇ ਬੰਦਾਂ ਵਿਚ ਬਾਖੂਬੀ ਚਿਤਰਿਆ ਹੈ।

ਦੁਨੀਆਂ ਰਿਸ਼ਤਿਆਂ ਦਾ ਇਕ ਤਾਣਾ
ਹਰ ਰਿਸ਼ਤੇ ਦੀ ਤੰਦ ਨੇ ਧੀਆਂ,
ਹਰ ਵਿਹੜਾ ਫੁਲਕਾਰੀ ਵਰਗਾ
ਹਰ ਫੁੱਲ ਵਿਚ ਸੁਗੰਧ ਨੇ ਧੀਆਂ।
ਜਾਂ ਕੋਈ ਅਨਮੋਲ ਧਨ ਨੇ
ਮੋਹ, ਮਮਤਾ, ਆਸ਼ੀਰਵਾਦ ਨੇ,
ਜ਼ਿੰਦਗੀ ਇਕ ਕਿਤਾਬ ਜਿਹੀ ਏ
ਜ਼ਿੰਦਗੀ ਦਾ ਮੁੱਖ ਬੰਦ ਨੇ ਧੀਆਂ।
ਜਾਂ
ਕੁੜੀਆਂ ਚਿੜੀਆਂ ਹੁੰਦੀਆਂ ਨੇ ਪਰ
ਪਰ੍ਹ ਨਹੀਂ ਹੁੰਦੇ ਕੁੜੀਆਂ ਦੇ,
ਪੇਕੇ ਸੁਹਰੇ ਹੁੰਦੇ ਨੇ,
ਕਿਉਂ ਘਰ ਨਹੀਂ ਹੁੰਦੇ ਕੁੜੀਆਂ ਦੇ!

ਇਹ ਦੋਵੇਂ ਬੰਦ ਧੀਆਂ ਦੇ ਸਮਾਜਿਕ ਤੇ ਪਰਿਵਾਰਕ ਨਾਤੇ ਦੇ ਤਾਣੇ-ਬਾਣੇ ਨੂੰ ਦਰਸਾਉਂਦੇ ਹਨ ਅਤੇ ਨਾਲ ਹੀ ਉਨ੍ਹਾਂ ਦੇ ਮੱਥੇ 'ਤੇ ਖੁਣੇ ਹੋਏ ਕਾਲੇ ਲੇਖਾਂ ਦੀ ਤਰਜਮਾਨੀ ਕਰਦੇ ਹਨ। ਇਕ ਪਾਸੇ ਧੀਆਂ ਨੂੰ ਜ਼ਿੰਦਗੀ ਦੀ ਕਿਤਾਬ ਦਾ ਮੁੱਖ ਬੰਦ ਤੇ ਫੁਲਕਾਰੀ ਦੇ ਫੁੱਲਾਂ ਦੀ ਸੁਗੰਧ ਨਾਲ ਤਸ਼ਵੀਹ ਦਿੱਤੀ ਗਈ ਹੈ ਅਤੇ ਦੂਜੇ ਪਾਸੇ ਉਨ੍ਹਾਂ ਦੀ ਬੇਘਰੇ ਹੋਣ ਦੀ ਹੋਣੀ ਤੇ ਭਾਵੀ ਨੂੰ ਦਰਸਾਇਆ ਗਿਆ ਹੈ। ਇਨ੍ਹਾਂ ਬੰਦਾਂ ਨੂੰ ਲੋਕਾਂ ਨੇ ਵੱਖ ਵੱਖ ਪਿਛੋਕੜ/ਪ੍ਰਸੰਗ ਵਿਚ ਰੱਖ ਕੇ ਵਰਤਿਆ ਹੈ, ਜਿਸ ਦਾ ਪ੍ਰਮਾਣ ਸੋਸ਼ਲ ਮੀਡੀਏ ਵਿਚੋਂ ਭਲੀਭਾਂਤ ਮਿਲਦਾ ਹੈ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਗੀਤਾਂ ਦਾ ਆਮ ਲੋਕਾਂ ਦੇ ਜੀਵਨ ਨਾਲ ਕਿੱਡਾ ਵੱਡਾ ਨਾਤਾ ਜੁੜ ਗਿਆ ਹੈ। ਜੇ ਇਹ ਕਿਹਾ ਜਾਵੇ ਕਿ ਇਹ ਬੰਦ ਲੋਕਾਂ ਦੀਆਂ ਉਲਝੀਆਂ ਜੀਵਨ-ਪਿੜੀਆਂ ਵਿਚ ਬੁਣੇ ਗਏ ਹਨ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।

ਜਿਵੇਂ ਕਿ ਉਤੇ ਲਿਖਿਆ ਹੈ ਕਿ ਆਮ ਲੋਕ ਆਪਣੀ ਗੱਲ ਸਮਝਾਉਣ ਲਈ ਸਾਦੇ ਜਿਹੇ ਸ਼ਬਦਾਂ ਦੀ ਵਰਤੋਂ ਕਰਦੇ ਹਨ, ਕਵੀ ਉਨ੍ਹਾਂ ਸ਼ਬਦਾਂ ਨੂੰ ਸੁਰਬੱਧ ਕਰਕੇ ਕਵਿਤਾ ਰਾਹੀਂ ਦਰਸਾਉਂਦਾ ਹੈ। ਮਿਸਾਲ ਵਜੋਂ 'ਕੁੜੀਆਂ ਚਿੜੀਆਂ ਵਾਲੇ ਬੰਦ' ਨੂੰ ਲੋਕਾਂ ਨੇ ਆਪਣੇ ਸ਼ਬਦਾਂ 'ਚ ਇਉਂ ਲਿਖਿਆ ਹੈ:

ਕੁੜੀਆਂ ਚਿੜੀਆਂ ਹੁੰਦੀਆਂ ਨੇ
ਪਰ ਖੰਭ ਨਹੀਂ ਹੁੰਦੇ ਕੁੜੀਆਂ ਦੇ,
ਪੇਕੇ ਵੀ ਹੁੰਦੇ ਨੇ ਤੇ ਸਹੁਰੇ ਵੀ ਹੁੰਦੇ ਨੇ
ਪਰ ਘਰ ਨਹੀਂ ਹੁੰਦੇ ਕੁੜੀਆਂ ਦੇ।
ਜਾਂ
ਕੁੜੀਆਂ ਚਿੜੀਆਂ ਹੁੰਦੀਆਂ ਨੇ
ਪਰ ਪੱਰ ਨਹੀਂ ਹੁੰਦੇ ਕੁੜੀਆਂ ਦੇ,
ਪੇਕੇ ਹੁੰਦੇ ਨੇ ਸਹੁਰੇ ਹੁੰਦੇ ਨੇ
ਪਰ ਘਰ ਨੀ ਹੁੰਦੇ ਕੁੜੀਆਂ ਦੇ।
ਜਾਂ
ਕੁੜੀਆਂ ਚਿੜੀਆਂ ਹੁੰਦੀਆਂ
ਪਰ ਕੁੜੀਆਂ ਦੇ ਪਰ ਨਹੀਂ ਹੁੰਦੇ,
ਕੁੜੀਆਂ ਦੇ ਸਹੁਰੇ ਹੁੰਦੇ ਤੇ ਪੇਕੇ ਹੁੰਦੇ ਨੇ
ਪਰ ਕੁੜੀਆਂ ਦੇ ਘਰ ਨਹੀਂ ਹੁੰਦੇ।

ਹਰਜਿੰਦਰ ਦੀਆਂ ਕੁਝ ਕਾਵਿ-ਟੁਕੜੀਆਂ ਹਿੰਦੀ/ਉਰਦੂ ਵਿਚ ਲਿਪੀਅੰਤਰ ਕਰਕੇ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਹਨ, ਜਿਵੇਂ:

ਉਹ ਰੋਇਆ ਤਾਂ ਬਹੁਤ
ਮੈਥੋਂ ਮਗਰ ਮੁੱਖ ਮੋੜ ਕੇ ਰੋਇਆ।
ਬੜਾ ਮਜਬੂਰ ਹੋਵੇਗਾ
ਉਹ ਜੋ ਦਿਲ ਤੋੜ ਕੇ ਰੋਇਆ।
ਮੇਰੇ ਸਾਹਵੇਂ ਤਾਂ ਟੁਕੜੇ
ਕਰ ਗਿਆ ਤਸਵੀਰ ਮੇਰੀ ਦੇ,
ਪਤਾ ਲੱਗਾ ਉਹੀ ਟੁਕੜੇ
ਉਹ ਮਗਰੋਂ ਜੋੜ ਕੇ ਰੋਇਆ।
ਜਾਂ
ਸਾਹ ਰੋਕਿਆਂ ਵੀ ਰਹੇ ਦਿਲ ਵੱਜਦਾ,
ਫੁੱਲ ਟਾਹਣੀਆਂ ਤੋਂ ਟੁੱਟ ਕੇ ਵੀ ਮਹਿਕਦੇ।
ਤੂੰ ਕੀ ਜਾਣਦੈਂ ਪਰਿੰਦਿਆਂ ਦੀ ਮੌਜ ਨੂੰ,
ਉਹ ਤਾਂ ਸਿਵਿਆਂ ਦੇ ਰੁੱਖ 'ਤੇ ਵੀ ਚਹਿਕਦੇ।

ਹਰਜਿੰਦਰ ਕੰਗ ਵਲੋਂ ਲਿਖੇ 'ਸਾਕਾ ਨਨਕਾਣਾ ਸਾਹਿਬ' ਫਿਲਮ ਦੇ ਗੀਤ ਵੀ ਬੜੇ ਮਸ਼ਹੂਰ ਹੋਏ, ਜਿਨ੍ਹਾਂ ਵਿਚੋਂ ਇਕ ਗੀਤ 'ਸਾਹਾਂ ਨੂੰ ਸਰੂਰ' ਬੇਹੱਦ ਮਕਬੂਲ ਹੋਇਆ। ਇਸ ਤੋਂ ਇਲਾਵਾ ਉਸ ਨੇ ਇਕ ਹਿੰਦੀ ਫਿਲਮ ਅਤੇ ਹਿੰਦੀ ਐਲਬਮ ਲਈ ਵੀ ਗੀਤ ਲਿਖੇ ਹਨ।

ਹਰਜਿੰਦਰ ਕੰਗ ਨੂੰ ਕਵਿਤਾ ਦੀਆਂ ਦੋਹਾਂ ਵਿਧਾਂ-ਗਜ਼ਲ ਅਤੇ ਗੀਤ ਵਿਚ ਮੁਹਾਰਤ ਹੈ। ਇਹ ਦੋਵੇਂ ਵਿਧਾਂ ਗਾਈਆਂ ਜਾਂਦੀਆਂ ਹਨ। ਸੰਗੀਤ ਦੀਆਂ ਸੁਰਾਂ (ਸਾ, ਰੇ, ਗਾ, ਮਾ) ਅਤੇ ਛੰਦ ਦੀਆਂ ਮਾਤਰਾਵਾਂ ਦੀ ਸਮਾਨਤਾ, ਸੁਰ+ਤਾਲ (ਟੋਨਏ+ਭਇਅਟ) ਨੂੰ ਜਨਮ ਦਿੰਦੀ ਹੈ। ਇਹੀ ਕਾਰਨ ਹੈ ਕਿ ਇਹ ਦੋਵੇਂ ਸਿਨਫਾਂ ਸੌਖ ਨਾਲ ਗਾਈਆਂ ਜਾਂਦੀਆਂ ਹਨ। ਛੰਦਾਬੰਦੀ ਦੀ ਪਾਬੰਦ ਹੋਣ ਦੇ ਨਾਤੇ ਇਨ੍ਹਾਂ ਦਾ ਇਕ-ਦੂਜੇ ਵਿਚ ਅਭੇਦ ਹੋ ਜਾਣਾ ਬੜਾ ਸੁਭਾਵਿਕ ਹੈ। ਪ੍ਰਮਾਣ ਵਜੋਂ ਹਰਜਿੰਦਰ ਦੇ ਕਈ ਗੀਤਾਂ ਦੇ ਅੰਤਰੇ ਗਜ਼ਲ ਦੇ ਸ਼ਿਅਰਾਂ ਵਰਗੇ ਹਨ, ਅਰਥਾਤ ਇਨ੍ਹਾਂ ਦਾ ਤਖੱਲਸ ਗਜ਼ਲ ਦੇ ਸ਼ਿਅਰਾਂ ਵਰਗਾ ਹੈ, ਜਿਵੇਂ ਫੁਲਕਾਰੀ ਵਾਲੇ ਗੀਤ ਵਿਚ:

ਇੰਜ ਵੀ ਹੁੰਦੈ ਸੁਪਨੇ ਸਾਰੇ
ਖੁਦ ਦਫਨਾਉਣੇ ਪੈ ਜਾਂਦੇ ਨੇ,
ਕਦੇ ਕਦੇ ਜਿਉਂ ਅੰਗ ਨਕਾਰੇ
ਆਪ ਕਟਾਉਣੇ ਪੈ ਜਾਂਦੇ ਨੇ।

ਆਪਾਂ ਦੋਵੇਂ ਰੁੱਸ ਬੈਠੇ ਗੀਤ ਵਿਚ:
ਰੋਸਿਆਂ 'ਚ ਲੰਘੇ ਪਲ ਹੰਝੂਆਂ ਦੇ ਤੁਪਕੇ,
ਚੰਨਾ ਇਹ ਉਹ ਤਾਰੇ ਨੇ

*(ਬਾਕੀ ਅਗਲੇ ਸਫੇ 'ਤੇ)*

# ਕੁੜੀਆਂ ਅਤੇ ਕਵਿਤਾ

***ਪੰਜਾਬੀ ਰਹਿਤਲ ਨੂੰ ਸਮਰਪਿਤ ਕਿਤਾਬ 'ਤਾਮ' ਵਿਚ ਸ਼ਾਇਰਾ ਸਰਬਜੀਤ ਕੌਰ ਜੱਸ ਨੇ ਸ਼ਾਇਰੀ ਅਤੇ ਸਭਿਆਚਾਰ ਦਾ ਬਿਲਕੁੱਲ ਵੱਖਰਾ ਰੰਗ ਉਘਾੜਿਆ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ ਕਵਿਤਾਵਾਂ ਦੇ ਨਾਂ ਹੀ ਦੱਸ ਰਹੇ ਹਨ ਕਿ ਉਸ ਨੇ ਇਹ ਕਿਤਾਬ ਇਸ ਢੰਗ ਨਾਲ ਅਤੇ ਕਾਰਜ ਤਹਿਤ ਵਿਉਂਤੀ ਹੈ। ਇਨ੍ਹਾਂ ਕਵਿਤਾਵਾਂ ਵਿਚ ਔਰਤ ਦੀ ਬਾਤ ਬਹੁਤ ਖੂਬਸੂਰਤ ਢੰਗ ਨਾਲ ਪਾਈ ਗਈ ਹੈ। ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਨੇ ਇਸ ਕਿਤਾਬ ਦੇ ਇਨ੍ਹਾਂ ਅਤੇ ਹੋਰ ਅਹਿਮ ਪੱਖਾਂ ਬਾਰੇ ਨਿੱਠ ਕੇ ਗੱਲਾਂ ਕੀਤੀਆਂ ਹਨ।***

ਮੈਂ ਸਰਬਜੀਤ ਕੌਰ ਜੱਸ ਦਾ ਬਹੁਤ ਪੁਰਾਣਾ ਪਾਠਕ ਨਹੀਂ। ਖੁਸ਼ਕਿਸਮਤੀ ਨੂੰ ਪੰਜਾਬੀ ਵਿਚ ਅਨੇਕਾਂ-ਅਨੇਕ ਲੇਖਕ ਲਿਖ ਰਹੇ ਹਨ। ਬਦਕਿਸਮਤੀ ਨੂੰ ਉਸ ਵਿਚੋਂ ਬਹੁਤ ਕੁਝ ਕੱਚਾ ਜਾਂ ਅਧ-ਪੱਕਿਆ ਹੁੰਦਾ ਹੈ ਜਿਸ ਦਾ ਵੱਡਾ ਕਾਰਨ ਹੱਥ ਦਾ ਅਨਿੱਖੜ ਵਧਾਅ ਬਣ ਚੁੱਕੇ ਫੋਨ ਰਾਹੀਂ ਪਾਠਕ ਤੱਕ ਪਹੁੰਚਣ ਦੇ ਹਰ ਕਿਸੇ ਲਈ ਖੁੱਲ੍ਹੇ ਪਏ ਕਈ ਰਾਹ ਹਨ। ਕੁਝ ਦਹਾਕੇ ਪਹਿਲਾਂ ਵਾਂਗ ਹੁਣ ਲੇਖਕ ਤੇ ਪਾਠਕ ਦੇ ਵਿਚਾਲੇ ਕੋਈ ਸੰਪਾਦਕ ਜਾਂ ਪ੍ਰਕਾਸ਼ਕ ਛਾਨਣੀ ਬਣ ਕੇ ਖਲੋਤਾ ਹੋਇਆ ਨਹੀਂ ਹੁੰਦਾ। ਇਸ ਕਰ ਕੇ ਲਿਖੇ ਜਾ ਰਹੇ ਸਭ ਕੁਝ ਵਿਚੋਂ ਤਰਦੀ ਨਜ਼ਰ ਲੰਘਾਉਣੀ ਵੀ ਹੁਣ ਸੰਭਵ ਨਹੀਂ। ਅਜਿਹੇ ਮੌਕੇ ਮੈਨੂੰ ਅਮਰੀਕਾ ਵਸੇ ਕਵੀ-ਗਾਇਕ ਮਿੱਤਰ ਪਸ਼ੌਰਾ ਸਿੰਘ ਢਿੱਲੋਂ ਦਾ



ਸ਼ਿਅਰ ਚੇਤੇ ਆ ਜਾਂਦਾ ਹੈ: "ਜੇ ਕੋਈ ਸਾਡੀ ਕਲਾ 'ਚ ਭੋਰਾ ਕੁਦਰਤ ਹੋਈ, ਤਾਂ ਉਹ ਆਪੇ ਆਪਣਾ ਰੰਗ ਲਿਆਏਗੀ।" ਮੇਰਾ ਪਾਠਕ ਮਨ ਅਜੇ ਤੱਕ

**ਗੁਰਬਚਨ ਸਿੰਘ ਭੁੱਲਰ**
**ਫੋਨ: +91-80763-63058**

ਅਣਪੜ੍ਹੇ ਲੇਖਕ ਨੂੰ ਵੰਗਾਰਦਾ ਰਹਿੰਦਾ ਹੈ, ਜੇ ਤੇਰੀ ਲਿਖਤ ਵਿਚ ਕੋਈ ਕੁਦਰਤ ਹੈ, ਤਾਂ ਆਪਣਾ ਰੰਗ ਦਿਖਾ ਦੇ!

ਪੰਜ-ਸੱਤ ਸਾਲ ਹੋਏ, ਇਕ ਦਿਨ ਕਿਸੇ ਰਸਾਲੇ ਦੀ ਸੂਚੀ ਵਿਚੋਂ ਲੰਘਦਿਆਂ ਮੈਨੂੰ ਰਚਨਾਕਾਰ ਦੇ ਨਾਂ ਨੇ ਨਹੀਂ, ਰਚਨਾ ਦੇ ਨਾਂ 'ਪੰਜਾਬਣ ਧੀ ਦੀਆਂ ਬੋਲੀਆਂ' ਨੇ ਰੋਕ ਲਿਆ। ਸਿਰਲੇਖ ਦੀ ਪਾਈ ਦੱਸ ਅਨੁਸਾਰ ਭਾਂਡਾ ਵਿਰਾਸਤੀ ਬੋਲੀਆਂ ਦਾ ਸੀ ਤੇ ਉਸ ਵਿਚ ਪਾਇਆ ਸ਼ਬਦ-ਰਸ ਸਮਕਾਲ ਦਾ ਸੀ। ਸਰਬਜੀਤ ਕੌਰ ਜੱਸ ਨੇ ਇਸਤਰੀ ਹੋਣ ਦੀਆਂ ਉਲਝਣਾਂ ਦੇ ਨਾਲ-ਨਾਲ ਸਮਾਜਕ, ਆਰਥਕ ਤੇ ਰਾਜਨੀਤਕ ਸਮੱਸਿਆਵਾਂ ਦੇ ਸਾਗਰ ਨੂੰ ਇਕ-ਸਤਰੀ ਬੋਲੀਆਂ ਦੀ ਕਟੋਰੀ ਵਿਚ ਸਮੇਟਿਆ ਹੋਇਆ ਸੀ। ਇਕ-ਇਕ ਸਤਰ ਵਿਚ ਪੂਰੀ ਦੀ ਪੂਰੀ ਲੰਮੀ ਕਵਿਤਾ ਦਾ ਸਾਰ-ਤੱਤ ਬੜੇ ਸੁਚੱਜ ਨਾਲ ਸਮੋਇਆ ਪਿਆ ਸੀ। ਕੁਝ ਬੋਲੀਆਂ ਇਹ ਸਨ:

ਨੀ ਮੈਂ ਜੰਮਦੀ ਬਾਦਸ਼ਾਹ ਹੋਈ,
ਕੁਨਬੇ ਦੀ ਧੌਣ ਝੁਕ ਗਈ।
ਗਿੱਚੀ ਵਿਚ ਮਾਂ ਅਕਲ ਦਾ ਵਾਸਾ,
ਨੀ ਹੌਲ਼ੀ-ਹੌਲ਼ੀ ਗੁੰਦ ਮੀਢੀਆਂ।
ਮੇਰੀ ਲਹਿੰਦੇ ਵਿਚ ਈਦ ਗੁਆਚੀ,
ਮੈਂ ਚੜ੍ਹਦੇ 'ਚ ਰਿੰਨ੍ਹਾਂ ਸੇਵੀਆਂ।
ਰਹਿਣ ਦਿੱਲੀ ਤੇ ਲਾਹੌਰ ਸਦਾ ਵਸਦੇ,
ਕਹਿੰਦਾ ਨਨਕਾਣਾ ਗੱਜ ਕੇ।
ਪੈਂਤੀ ਡਰ ਗਈ ਕੰਨਾਂ 'ਤੇ ਹੱਥ ਧਰ ਲਏ,
ਪੰਜਾਬੀ ਵਾਲ਼ਾ ਕਾਇਦਾ ਪਾਟਿਆ।
ਮੇਰੀ ਡੋਲ਼ੀ ਤੋਂ ਵਾਰਨਾ ਕੀਤਾ,
ਨਹਿਰ ਵਾਲ਼ਾ ਕਿੱਲਾ ਵੀਰ ਨੇ।
'ਗੂਠਾ ਬਾਪੂ ਦਾ ਹਵਾਈ ਅੱਡਾ ਬਣਿਆ,
ਪੁੱਤਾਂ ਦੇ ਜਹਾਜ਼ ਉੱਡ ਗਏ।
ਧੂਣੀ ਦੇਹ ਦੀ ਧੁਖਾ ਕੇ ਜੱਟ ਤਪੀਆ,
ਸਿਵਿਆਂ 'ਚ ਤਪ ਕਰਦਾ।
ਦੇਸ ਛੋਲਿਆਂ ਦੀ ਲੱਪ ਵਾਂਗੂੰ ਚੱਬਿਆ,
ਵੇ ਹਾਕਮਾਂ ਬਦਾਮ ਰੰਗਿਆ।

ਬਾਪੂ ਦੇ 'ਗੂਠੇ ਨੂੰ ਹਵਾਈ ਅੱਡਾ ਆਖਣ ਲਈ, ਹਾਕਮ ਦੀ ਪਛਾਣ ਬਦਾਮੀ ਰੰਗਾ ਆਖ ਕੇ ਕਰਾਉਣ ਲਈ ਅਤੇ ਗਿਣਤੀ ਦੇ ਸ਼ਬਦਾਂ ਵਿਚ ਸਾਂਝਾ ਹਿੰਦ-ਪਾਕਿ ਨਕਸ਼ਾ ਵਾਹ ਦੇਣ ਲਈ ਕਵੀ ਨੇ ਕਿਸ ਕਲਾ ਤੇ ਕਾਵਿਕਤਾ ਦੀ ਸਿੱਧੀ ਪਾਈ




*ਸਰਬਜੀਤ ਕੌਰ ਜੱਸ (ਸੱਜੇ) ਦੀ ਕਿਤਾਬ 'ਤਾਮ' ਦਾ ਮੁਖੜਾ।*

ਹੋਣੀ ਚਾਹੀਦੀ ਹੈ, ਇਹ ਆਪੇ ਉਜਾਗਰ ਗੱਲ ਮੇਰੇ ਦੱਸਣ ਦੀ ਮੁਹਤਾਜ ਨਹੀਂ। ਧੀ ਜੰਮੀ ਤੋਂ ਨਮੋਸ਼ੀ ਵਿਚ ਝੁਕੀਆਂ ਧੌਣਾਂ ਨੂੰ ਧੀ ਦੀ ਬਾਦਸ਼ਾਹੀ ਅੱਗੇ ਝੁਕੀਆਂ ਧੌਣਾਂ ਆਖਣਾ ਤੇ ਮਰਦਾਂ ਵੱਲੋਂ ਔਰਤ ਬਾਰੇ ਘੜੀਆਂ ਗਈਆਂ 'ਗਿੱਚੀ ਵਿਚ ਮੱਤ' ਜਿਹੀਆਂ ਗਾਲ਼ਾਂ ਨੂੰ ਮਰਦ ਲਈ ਟਿੱਚਰ ਬਣਾ ਕੇ ਟਿੱਚ ਸਮਝਣਾ ਵਿਚਾਰਕ-ਵਿਚਾਰਧਾਰਕ ਸਪੱਸ਼ਟਤਾ, ਪਰਪੱਕਤਾ ਤੇ ਦ੍ਰਿੜ੍ਹਤਾ ਲੋੜਦਾ ਹੈ। ਮੈਂ ਹੈਰਾਨ ਹੋ ਕੇ ਸੋਚਿਆ, ਸਭ ਤੋਂ ਨਿੱਕ-ਆਕਾਰੇ ਕਾਵਿ-ਰੂਪ ਵਿਚ ਏਨੀ ਵੱਡੀ ਗੱਲ ਵੀ ਕੀਤੀ ਜਾ ਸਕਦੀ ਹੈ! ਰਚਨਾ ਦੇ ਅੰਤ ਉੱਤੇ ਅਜੋਕੀ ਚੰਗੀ ਰੀਤ ਅਨੁਸਾਰ ਫੋਨ ਦਿੱਤਾ ਹੋਇਆ ਸੀ। ਮੈਂ ਪੁੱਛਿਆ, "ਕੌਣ ਹੈਂ ਤੂੰ ਕੁੜੀਏ?" ਉਸ ਦਿਨ ਤੋਂ ਉਹ ਮੇਰੀ ਲੇਖਕ ਹੈ ਤੇ ਮੈਂ ਉਹਦਾ ਪਾਠਕ ਹਾਂ।

ਹੁਣ ਕੋਰੋਨਾ ਦੇ ਬੇਚੈਨ ਦਿਨਾਂ ਵਿਚ ਉਹਦੀ ਕਿਤਾਬ 'ਤਾਮ' ਆ ਗਈ। ਕਵਰ ਉੱਤੇ ਬਿਰਛ ਤੇ ਮੋਰ-ਮੋਰਨੀਆਂ ਦਾ ਉਹ ਚਿੱਤਰ ਹੈ ਜੋ ਪਾਂਡੂ-ਪੋਚਾ ਫੇਰਨ ਮਗਰੋਂ ਹੋਰ ਅਨੇਕ ਮਾਂਵਾਂ ਵਾਂਗ ਮੇਰੀ ਮਾਂ ਲਲਾਰੀਏ ਰੰਗਾਂ ਨਾਲ ਕੰਧੋਲ਼ੀ ਉੱਤੇ ਵਾਹਿਆ ਕਰਦੀ ਸੀ। ਕਿੰਗਰਿਆਂ ਤੇ ਮੋਰੀਆਂ ਵਾਲ਼ੀ ਕੰਧੋਲੀ ਹੈ। ਲਟਲਟ ਬਲਦੇ ਚੁੱਲ੍ਹੇ ਉੱਤੇ ਚੜ੍ਹੀ ਹੋਈ ਤੌੜੀ ਹੈ। ਮੈਂ ਮੁਸਕਰਾਇਆ, ਕੁੜੀ ਨੇ ਤਾਮ ਤਾਂ ਬਾਬਾ ਬੁੱਲ੍ਹੇ ਸ਼ਾਹ ਦੇ ਚੁੱਲ੍ਹੇ ਉੱਤੇ ਜਾ ਚਾੜ੍ਹਿਆ, ਦੇਖੀਏ ਪੱਕਿਆ ਕਿਹੋ ਜਿਹਾ ਹੈ!

ਪੰਜਾਬੀ ਰਹਿਤਲ ਦੇ ਨਮਿੱਤ ਕੀਤੀ ਗਈ ਪੁਸਤਕ ਦੀ 'ਚੁੱਲ੍ਹੇ' ਨਾਲ ਸ਼ੁਰੂ ਹੋ ਕੇ 'ਸੁਆਣੀ' ਨਾਲ ਸੰਪੂਰਨ ਹੋਈ ਸੂਚੀ ਉੱਤੇ ਨਜ਼ਰ ਫੇਰੀ ਤਾਂ ਤਾਮ ਦੀ ਪੂਰੀ ਸ੍ਰਿਸ਼ਟੀ ਦੀ ਦੱਸ ਪੈ ਗਈ। ਸੂਚੀ ਪੜ੍ਹਦਿਆਂ ਮੈਨੂੰ ਲੋਕਵੇਦ ਦੇ ਰਿਸ਼ੀ ਦੇਵਿੰਦਰ ਸਤਿਆਰਥੀ ਚੇਤੇ ਆ ਗਏ। ਮੈਨੂੰ ਪੰਜ-ਚਾਰ ਵਾਰ ਨਵਯੁਗ ਵਿਚ ਦੇਖ ਕੇ ਪੁੱਛਣ ਲੱਗੇ, "ਤੁਹਾਡੀ ਕੋਈ ਪੁਸਤਕ ਛਪ ਰਹੀ ਹੈ?" ਉਹਨਾਂ ਨੂੰ ਅਜੇ ਪਤਾ ਨਹੀਂ ਸੀ ਕਿ ਮੇਰੇ ਵਾਲਾ ਰੂਸੀ ਰਸਾਲਾ ਉਥੇ ਛਪਦਾ ਸੀ। ਮੈਂ ਕਿਹਾ, "ਨਹੀਂ ਜੀ, ਜੇ ਦੋ ਦਿਨ ਨਾ ਆਈਏ, ਇਥੋਂ ਵਾਲੇ ਮੁੰਡੇ ਆਉਣ ਲਈ ਰਿਹਾੜ ਕਰਨ ਲਗਦੇ ਹਨ।" ਉਹ ਬੋਲੇ, "ਰਿਹਾੜ!... ਰਿਹਾੜ... ਅੱਜ ਮੁੱਦਤਾਂ ਪਿੱਛੋਂ ਚੇਤੇ ਆਇਆ ਹੈ।" ਤੇ ਉਹਨਾਂ ਨੇ ਆਪਣੀ ਕੱਛੇ-ਮਾਰੀ ਫਾਈਲ ਖੋਲ੍ਹ ਕੇ ਰਿਹਾੜ ਲਿਖ ਲਿਆ। 'ਤਾਮ' ਦੀ ਸੂਚੀ ਪੜ੍ਹ ਕੇ ਮੈਂ ਆਪਣੀ ਫਾਈਲ ਵਿਚ ਕੀ-ਕੀ ਲਿਖਦਾ! ਉਥੇ ਤਾਂ ਚੇਤੇ ਵਿਚੋਂ ਕਿਰ ਚੁੱਕਿਆ ਆਲ਼ਾ, ਘੜਵੰਜੀ, ਡੋਹਣੀ, ਕੂਚੀ, ਪਰੋਲਾ, ਧੁਆਂਖ ਤੇ ਹੋਰ ਕਿੰਨਾ ਕੁਝ ਸੀ। ਉਸ ਮਾਹੌਲ ਵਿਚ ਜੰਮਿਆ-ਪਲ਼ਿਆ ਹੋਣ ਦੇ ਬਾਵਜੂਦ ਸੂਚੀ ਤੋਂ ਮੈਨੂੰ ਹੈਰਾਨੀ ਹੋਈ ਕਿ ਜਿਸ ਨੂੰ ਸੁਆਣੀ ਦਾ ਚੁੱਲ੍ਹਾ-ਚੌਂਕਾ ਕਿਹਾ ਜਾਂਦਾ ਸੀ, ਉਹ ਕਿੰਨਾ ਵੱਡਾ ਸੰਗ੍ਰਹਿ ਭਵਨ ਹੁੰਦਾ ਸੀ ਜੋ ਵੰਨਸੁਵੰਨੇ ਕਾਰਜ ਸੰਵਾਰਦੀਆਂ ਭਾਂਤ-ਭਾਂਤ ਦੀਆਂ ਕਲਾਵੰਤ ਵਸਤਾਂ ਨਾਲ ਭਰਪੂਰਿਆ ਹੁੰਦਾ ਸੀ।

ਪਾਠ ਆਰੰਭ ਕਰਦਿਆਂ ਹੀ ਪੁਸਤਕ ਦਾ ਟੂਣਾ ਪਾਠਕ ਨੂੰ ਕੀਲਣ ਲਗਦਾ ਹੈ। ਵਰਤਮਾਨ ਉਹਦਾ ਨਹੀਂ ਰਹਿ ਜਾਂਦਾ। ਉਹ ਕਈ ਦਹਾਕੇ ਪਹਿਲਾਂ ਦੇ ਸਮੇਂ ਵਿਚ ਪਹੁੰਚ ਜਾਂਦਾ ਹੈ। ਜਿਉਂ ਹੀ ਪਹਿਲੀ ਕਵਿਤਾ ਦਾ 'ਚੁੱਲ੍ਹਾ' ਬੋਲਿਆ:

ਦੂਜੀ ਮੇਰੀ ਭੈਣ ਸੁਆਣੀ
ਜਿਸ ਮੇਰੇ ਤਨ 'ਤੇ
ਪੋਲੇ-ਪੋਲੇ ਹੱਥਾਂ ਦੇ ਨਾਲ
ਮੋਹ ਦੀ ਮਿੱਟੀ ਲਾਈ
ਪਿਆਰ ਦਾ ਪੋਚਾ ਫੇਰਿਆ...

ਮੁੱਦਤਾਂ ਪਹਿਲਾਂ ਗੁਜ਼ਰੀ ਮੇਰੀ ਮਾਂ ਪਾਂਡੂ-ਪੋਚਾ ਲੈ ਕੇ ਚੁੱਲ੍ਹਾ ਪੋਚਣ ਆ ਲੱਗੀ। ਮੈਂ ਝੱਗੇ ਦੇ ਲੜ ਨੂੰ ਉਂਗਲ ਉੱਤੇ ਲਪੇਟਦਿਆਂ ਪੁੱਛਿਆ, "ਮਾਂ! ਨਵੇਂ ਚੁੱਲ੍ਹੇ ਉੱਤੇ ਪੂੜੇ ਪਕਾਏਂਗੀ?" ਉਹਨੇ ਕੁਝ ਆਖਣ ਦੀ ਥਾਂ ਮੁਸਕਰਾ ਕੇ ਪਾਂਡੂ ਮਿੱਟੀ ਦੀਆਂ ਲਿੱਬੜੀਆਂ ਉਂਗਲਾਂ ਮੇਰੀਆਂ ਗੱਲ੍ਹਾਂ ਉੱਤੇ ਫੇਰ ਦਿੱਤੀਆਂ। ਪਾਠ ਦੀ ਸਮਾਪਤੀ ਤੱਕ ਮੇਰੀ ਮਾਂ ਸਰਬਜੀਤ ਦੀਆਂ ਕਵਿਤਾਵਾਂ ਵਾਲੀ ਸੁਆਣੀ ਬਣ ਕੇ ਚੁੱਲ੍ਹੇ-ਚੌਂਕੇ ਦੇ ਸਾਰੇ ਕੰਮ ਨਿਬੇੜਦੀ ਰਹੀ ਤੇ ਮੈਂ ਪਾਂਡੂ ਲਿੱਬੜੀਆਂ ਗੱਲ੍ਹਾਂ ਪੂੰਝੇ ਬਿਨਾਂ ਉਹਦੇ ਨਾਲ-ਨਾਲ ਉਠਦਾ, ਬੈਠਦਾ ਤੇ ਤੁਰਿਆ ਫਿਰਦਾ ਆਪਣਾ ਬਚਪਨ ਜਿਉਂਦਾ ਰਿਹਾ। ਦੋ ਅੱਖਰਾਂ ਦੇ ਸ਼ਬਦ 'ਕੂਚੀ' ਨੇ ਮੈਨੂੰ ਘਰੋਂ ਬਾਹਰ ਲਿਆ ਕੇ ਸਾਰਾ ਆਂਢ-ਗੁਆਂਢ ਮੇਰੀਆਂ ਅੱਖਾਂ ਸਾਹਮਣੇ ਸਾਕਾਰ ਕਰ ਦਿੱਤਾ। ਸਾਡੇ ਘਰ ਦੇ ਕੱਚੇ ਚੌਂਤਰੇ ਉੱਤੇ ਦੋ ਵਡ-ਆਕਾਰੀ ਪੁਰਾਣੇ ਨਿੰਮ ਸਨ ਜਿਨ੍ਹਾਂ ਹੇਠ ਪਤਝੜ ਰੁੱਤੇ ਤੀਲਿਆਂ ਦੀ ਤਹਿ ਵਿਛ ਜਾਂਦੀ ਤੇ ਸਭ ਸੁਆਣੀਆਂ ਤੌੜੀਆਂ-ਰਿੜਕਣੇ ਕੂਚਣ ਵਾਸਤੇ ਅਗਲੀ ਪੱਤਝੜ ਤੱਕ ਕੂਚੀਆਂ ਵੱਲੋਂ ਬੇਫਿਕਰ ਹੋ ਜਾਂਦੀਆਂ।

ਦੇਹਵਾਦੀ ਨਾਰੀਵਾਦ ਦੇ ਮੁਕਾਬਲ ਸਰਬਜੀਤ ਨੇ ਨਾਬਰ, ਆਤਮ-ਬਲੀ ਤੇ ਮਾਣਮੱਤੇ ਨਾਰੀਵਾਦ ਦਾ ਪ੍ਰਚਮ ਲਹਿਰਾਇਆ ਹੈ ਜਿਸ ਅਨੁਸਾਰ ਮਰਦ ਦੀ ਮੁਰੱਬਿਆਂ ਦੀ ਮਾਲਕੀ ਨਾਲੋਂ ਔਰਤ ਦੀ ਪੰਜ ਸਰਸਾਹੀਆਂ ਦੇ ਚੌਂਕੇ ਦੀ ਮਾਲਕੀ ਵੱਡੀ ਵੀ ਹੈ ਤੇ ਪੂਜਣਜੋਗ ਵੀ ਹੈ।

ਮੁਰੱਬੇ ਕਿੱਲੇ ਮਰਲੇ
ਮਰਦ ਹਿੱਸੇ ਆਏ
ਔਰਤ ਹਿੱਸੇ ਆਈ
ਬੱਸ ਪੰਜ ਸਰਸਾਹੀ ਚੌਂਕੇ ਦੀ ਭੋਇੰ

ਸੁਆਣੀ ਦੀ ਬਰਕਤਾਂ ਵਾਲੀ ਛੋਹ ਨੇ ਇਸ ਪੰਜ ਸਰਸਾਹੀਆਂ ਧਰਤੀ ਨੂੰ ਦੁਨੀਆ ਦਾ ਸਭ ਤੋਂ ਪਾਕ-ਪਵਿੱਤਰ ਮੰਦਰ ਬਣਾ ਦਿੱਤਾ ਹੈ:

ਤੇਤੀ ਕਰੋੜ ਦੇਵਤਿਆਂ ਦੀ ਧਰਤੀ ਉੱਤੇ
ਇਕ ਦੇਵਤਾ ਜਿਹੜਾ ਸਭ ਤੋਂ ਜ਼ਾਹਰਾ ਪੀਰ
...ਉਹ ਦੇਵਤਾ ਅੰਨ-ਦੇਵਤਾ,
ਜਿਸ ਦਾ ਮੰਦਰ ਘਰ ਦਾ ਚੌਂਕਾ
ਕੁੱਲ ਦੁਨੀਆ ਦੇ ਮੰਦਰਾਂ ਅੰਦਰ
ਨਰ ਪੁਜਾਰੀ
ਪਰ ਚੌਂਕੇ ਦੇ ਮੰਦਰ ਦੀ
ਪੁਜਾਰਨ ਨਾਰੀ

ਇਸ ਚੌਂਕਾ-ਮੰਦਰ ਦੀ ਇਸ ਤੋਂ ਵੱਧ ਮਹਿਮਾ ਕੀ ਗਾਈਏ:

ਇਸ ਮੰਦਰ ਵਿਚ ਨਾਨਕ ਫੇਰਾ ਪਾਇਆ
ਨਾਨਕੀ ਪੁਜਾਰਨ ਨੇ ਫੁਲਕਾ ਛਕਾਇਆ
ਤੇ ਚੁੱਲ੍ਹੇ ਵਿਚੋਂ ਕੱਢ ਕੇ
ਚਾਨਣ ਦੀ ਰਿਸ਼ਮ
ਮੱਥੇ ਉੱਤੇ ਮਲ਼ੀ
ਤਾਂ ਨਾਨਕ ਲੰਮਾ ਪੈਂਡਾ ਤੁਰਿਆ!

ਬਾਬਾ ਨਾਨਕ ਦੀ ਅਸੀਸੀ ਹੋਈ ਪੰਜਾਬਣ ਹੁਣ ਚੌਂਕੇ ਖਾਤਰ ਮਿਲੀ ਪੰਜ ਸਰਸਾਹੀਆਂ ਭੋਇੰ ਦਾ ਪਰਚਮ ਉਹਦੀ ਦੱਸੀ ਹੋਰ ਹੋਰ ਪਰੇ ਧਰਤੀ ਉੱਤੇ ਝੁਲਾਉਣ ਦੀ ਮੁਹਿੰਮ ਫਤਿਹ ਕਰਨ ਲੱਗੀ ਹੋਈ ਹੈ:

ਇਸ ਪੰਜਾਬਣ
ਪਰਦੇਸਾਂ ਦੀ ਧਰਤੀ 'ਤੇ ਲਹਿਰਾਏ ਪਰਚਮ
ਆਪਣੇ ਸਿਰੜੀ ਪੈਰਾਂ ਨਾਲ
ਆਪਣੇ ਕਾਮੇ ਹੱਥਾਂ ਨਾਲ

ਹੁਣ ਸਾਲਮ ਧਰਤੀ
ਸਾਰਾ ਆਸਮਾਂ
ਕੁੱਲ ਸ੍ਰਿਸ਼ਟੀ ਨੂੰ
ਚੌਂਕੇ ਦੇ ਵਿਚ ਬਦਲ ਲਿਆ ਹੈ
ਆਪਣੇ ਆਤਮ-ਬਲ ਦੇ ਨਾਲ

ਹੁਣ ਸੁਆਣੀ
ਚੁੱਲ੍ਹੇ ਦੇ ਧੂੰਏਂ ਪੱਜ ਨਾ ਰੋਵੇ
ਮਾਣਮੱਤੀ ਹਸਤੀ ਦੇ ਪੱਜ
ਖਿੜਖਿੜ ਹੱਸੇ,
ਸੁਆਣੀ
ਅਨੰਤ ਪਸਾਰਾ ਕੁਦਰਤ ਦਾ...
ਅਸੀਮ ਸ਼ਕਤੀ ਮਨੁੱਖਤਾ ਦੀ...
ਸਾਖਸ਼ਾਤ ਰੂਪ ਹਿੰਮਤ ਦਾ...

ਇਹ ਸਿਰਫ ਕਵਿਤਾ ਨਹੀਂ। ਜਿਵੇਂ ਸਾਡੀਆਂ ਰਿਸ਼ੀਕਾਵਾਂ ਹਰ ਵਿਚਾਰ ਨੂੰ, ਹਰ ਚਿੰਤਨ ਨੂੰ ਕਵਿਤਾ ਰਾਹੀਂ ਹੀ ਪਰਗਟ ਕਰਦੀਆਂ ਸਨ, ਸਰਬਜੀਤ ਨੇ ਕਵਿਤਾ ਵਿਚ ਸਾਡੀ ਰਹਿਤਲ ਦੇ, ਸਾਡੇ ਸਭਿਆਚਾਰ ਦੇ ਇਤਿਹਾਸ ਦੇ ਉਹ ਅਧਿਆਇ ਲਿਖੇ-ਸਾਂਭੇ ਹਨ ਜੋ ਸਦਾ-ਸਦਾ ਵਾਸਤੇ ਗੁਆਚ ਰਹੇ ਹਨ। ਹਰ ਕਵਿਤਾ ਇਕ ਸੰਪੂਰਨ ਅਧਿਆਇ ਹੈ, ਏਨਾ ਸੰਪੂਰਨ ਕਿ ਉਹਦੀ ਕੋਈ ਨੁੱਕਰ, ਕੋਈ ਕੰਨੀ ਅਣਡਿੱਠ ਨਹੀਂ ਰਹੀ। ਆਮ ਸਮਝ ਅਨੁਸਾਰ ਰੋਟੀਆਂ ਲਪੇਟਣ ਦੇ ਕੰਮ ਆਉਂਦਾ 'ਪੋਣਾ' ਰਸੋਈ ਵਿਚ ਸੁਆਣੀ ਦੇ ਕੀ-ਕੀ ਕਾਜ ਸੁਆਰਦਾ ਹੈ, ਸਰਬਜੀਤ ਦੇ ਯਾਦ ਕਰਾਇਆਂ ਆਪਣੀ ਭੁੱਲਣਹਾਰਤਾ ਦਾ ਝੋਰਾ ਹੋਇਆ। 'ਪੋਣੇ' ਨਾਲ ਉਸ ਤੋਂ ਇਕ ਪੌੜੀ ਨੀਵਾਂ 'ਪਾਂਡੂ ਪੋਚਾ' ਵੀ ਹੈ ਤੇ ਇਕ ਪੌੜੀ ਹੋਰ ਨੀਵਾਂ ਪਰੋਲ਼ਾ ਵੀ। ਚੌਂਕੇ ਵਿਚ 'ਫੂਕਣੀ' ਦੀ ਬਰਾਤੀ ਬਾਜੇ ਵਾਲੀ ਧੁਨ ਵੀ ਹੈ, 'ਚਕਲੇ-ਵੇਲਣੇ' ਦਾ ਤਬਲਾ-ਵਾਦਨ ਵੀ ਤੇ 'ਭਾਂਡਿਆਂ' ਦਾ ਆਰਕੈਸਟਰਾ ਵੀ। ਮਾਂ ਦੇ ਰੋਟੀਆਂ ਪਕਾਉਣ ਲਈ ਤਪੀ ਹੋਈ 'ਤਵੀ' ਕੋਲੋਂ ਉਠਾ ਕੇ ਸਰਬਜੀਤ ਸਾਨੂੰ ਉਸ ਕਹਿਰ-ਤਪੀ ਤਵੀ ਕੋਲ ਲੈ ਜਾਂਦੀ ਹੈ ਜਿਸ ਉੱਤੇ ਅਸੀਮ ਸਹਿਣ-ਸ਼ਕਤੀ ਤੇ ਜੇਰੇ ਦੇ ਮਾਲਕ, ਗੁਰੂ ਅਰਜਨ ਦੇਵ ਪੰਥੀ ਮਾਰ ਕੇ ਅਡੋਲ ਬੈਠੇ ਹੋਏ ਹਨ:

ਪੰਜਵੀਂ ਪਾਤਸ਼ਾਹੀ ਲਈ ਬਣੀ ਸਿੰਘਾਸਣ
ਤਪਦੀ-ਸੜਦੀ 'ਤੇ ਬੈਠੇ ਪਾਤਸ਼ਾਹ
ਉਹਨਾਂ ਮੁੱਖੋਂ ਕਿਰਦੇ 'ਸਤਿਨਾਮ-ਵਾਹਿਗੁਰੂ' ਦੇ ਸ਼ਬਦ
ਦੇਹ ਮੇਰੀ 'ਤੇ ਡਿਗਦੇ
ਬਣ ਬਣ ਬਰਫ ਦੀਆਂ ਡਲ਼ੀਆਂ
ਮੈਂ ਸੀਤ ਹੁੰਦੀ ਗਈ
ਹੋਰ ਠੰਢੀ...
ਹੋਰ ਯਖ...
ਫਿਰ ਇਕ-ਮਿਕ ਹੋਏ
ਮੇਰਾ ਜੇਰਾ
ਮੇਰੇ ਸਤਿਗੁਰ ਦਾ ਜੇਰਾ

ਆਪਣੇ ਆਪ ਵਿਚ ਸੰਪੂਰਨ ਇਹ ਸਾਰੇ ਅਧਿਆਇ ਜੁੜ ਕੇ ਪੁਸਤਕ 'ਤਾਮ' ਦੇ ਰੂਪ ਵਿਚ ਸਾਡੀ ਵਿੱਸਰ ਰਹੀ ਰਹਿਤਲ ਦਾ ਵਡੇਰੀ ਸੰਪੂਰਨਤਾ ਵਾਲਾ ਗ੍ਰੰਥ ਬਣ ਜਾਂਦੇ ਹਨ।

ਜੇ ਕਿਸੇ ਨੇ ਸੁਰਤੀ ਦੀ ਸਵਾਰੀ ਕਰ ਕੇ ਕਈ ਦਹਾਕੇ ਪਿੱਛੇ ਪਰਤਣਾ ਹੈ, ਮੇਰੇ ਵਾਂਗ ਚੁੱਲ੍ਹੇ-ਚੌਂਕੇ ਤੇ ਘਰ-ਪਰਿਵਾਰ ਦੇ ਕਾਜ ਸੰਵਾਰਦੀ ਫਿਰਦੀ ਚਿਰ-ਵਿੱਛੜੀ ਮਾਂ ਨੂੰ ਮਿਲਣਾ ਹੈ ਤੇ ਉਹਦੀ ਬੁੱਕਲ ਵਿਚ ਬੈਠ ਕੇ "ਮਾਂ...ਹੈਂ ਮਾਂ...ਮਾਂ ਨੀ" ਆਖ-ਆਖ ਉਹਦੇ ਨਾਲ ਗੱਲਾਂ ਕਰਨੀਆਂ ਹਨ, ਸਰਬਜੀਤ ਕੌਰ ਜੱਸ ਦੀ ਪੋਥੀ 'ਤਾਮ' ਦਾ ਪਾਠ ਕਰ ਲਵੋ!

# ਹਰਜਿੰਦਰ ਕੰਗ: ਲੋਕਾਂ ਦਾ ਕਵੀ

*(ਪਿਛਲੇ ਸਫੇ ਦੀ ਬਾਕੀ)*

ਜੋ ਚੜ੍ਹਦੇ ਨਾ ਛੁਪ ਕੇ।

ਸਾਬਰਕੋਟੀ ਦੇ ਗਾਏ 'ਚਿਹਰਿਆਂ' ਅਤੇ 'ਸਾਡੀਆਂ ਨਿਸ਼ਾਨੀਆਂ' ਗੀਤਾਂ ਵਿਚ:

ਤੇਰਾ ਸੁਪਨਾ ਵੀ ਅੱਖੀਆਂ 'ਚ
ਡੱਕਿਆ ਨਈਂ ਜਾਣਾ,
ਮੋਤੀ ਹੰਝੂਆਂ ਦਾ ਸਾਬਤਾ
ਕੋਈ ਰੱਖਿਆ ਨਈਂ ਜਾਣਾ।

ਲੋਕ ਗੀਤਾਂ ਦਾ ਮੁਹਾਂਦਰਾ

ਲੋਕ ਗੀਤ ਸਭਿਆਚਾਰ ਦਾ ਇਨਸਾਇਕਲੋਪੀਡਿਆ ਹਨ। ਇਨ੍ਹਾਂ 'ਚੋਂ ਸਮਾਜ ਦਾ ਮੂੰਹ-ਮੱਥਾ ਦਿਸਦਾ ਹੈ। ਅਹਿਮ ਗੱਲ ਇਹ ਕਿ ਲੋਕ ਗੀਤ ਸਮਾਜਕ ਕਦਰਾਂ-ਕੀਮਤਾਂ ਦਾ ਦਸਤਾਵੇਜ਼ ਹੁੰਦੇ ਹਨ। ਜੇ ਕਿਸੇ ਸਭਿਆਚਾਰ ਨੂੰ ਦੂਜੇ ਸਭਿਆਚਾਰ ਤੋਂ ਵਖਰਿਆਉਣਾ ਹੋਵੇ ਤਾਂ ਲੋਕ ਗੀਤਾਂ ਦਾ ਸਹਾਰਾ ਲਿਆ ਜਾ ਸਕਦਾ ਹੈ। ਇਨ੍ਹਾਂ ਵਿਚ ਤਿਓਹਾਰਾਂ, ਰੁੱਤਾਂ ਅਤੇ ਲੋਕ ਕਥਾਵਾਂ ਨੂੰ ਸਾਂਭਿਆ ਗਿਆ ਹੈ। ਪੰਜਾਬੀ ਸਮਾਜ ਨੂੰ ਜੇ ਦੇਖਣਾ ਹੋਵੇ ਤਾਂ ਲੋਕ ਗੀਤਾਂ ਦੀਆਂ ਅੱਖਾਂ ਥਾਣੀਂ ਦੇਖਿਆ ਜਾ ਸਕਦਾ ਹੈ। ਇਹ ਸਮੇਂ ਦੀ ਸਾਣ 'ਤੇ ਚੜ੍ਹ ਕੇ ਲੋਕਾਂ ਤਕ ਪੁੱਜਦੇ ਹਨ, ਇਸ ਲਈ ਪੀੜ੍ਹੀਆਂ ਦਾ ਸਰਮਾਇਆ ਬਣ ਜਾਂਦੇ ਹਨ। ਘੋੜੀਆਂ, ਸੁਹਾਗ, ਅਲਾਹੁਣੀਆਂ, ਬੋਲੀਆਂ, ਕਲੀਆਂ, ਟੱਪੇ, ਮਾਹੀਆ ਆਦਿ ਪੰਜਾਬੀ ਸਭਿਆਚਾਰ ਦੀ ਅਦੁਤੀ ਪਛਾਣ ਹਨ। ਤਿਉਹਾਰ (ਲੋਹੜੀ, ਵਿਸਾਖੀ, ਦੀਵਾਲੀ, ਹੋਲੀ) ਕਥਾ-ਕਹਾਣੀਆਂ (ਬਾਹਲੋ-ਮਾਹੀਆ, ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਦੁੱਲਾ ਭੱਟੀ) ਨੂੰ ਲੋਕ ਗੀਤਾਂ ਦੇ ਸ਼ੀਸ਼ੇ ਵਿਚੋਂ ਨਿਹਾਰਿਆ ਜਾ ਸਕਦਾ ਹੈ। ਹਰਜਿੰਦਰ ਕੰਗ ਦੇ ਗੀਤਾਂ ਵਿਚ ਪੰਜਾਬ ਦੀ ਮਿੱਟੀ ਦੀ ਮਹਿਕ ਹੈ, ਇਨ੍ਹਾਂ ਦਾ ਲੋਕ ਗੀਤਾਂ ਵਿਚ ਸ਼ਾਮਿਲ ਹੋ ਜਾਣਾ ਬੜਾ ਸੁਭਾਵਿਕ ਹੈ। ਹਰਜਿੰਦਰ ਦੇ ਗੀਤ ਥੋੜ੍ਹੇ ਰਿਕਾਰਡ ਹੋਏ ਹਨ, ਪਰ ਉਸ ਦੇ ਗੀਤਾਂ ਨੇ ਰਿਕਾਰਡ ਵੱਡੇ ਬਣਾਏ ਹਨ। ਗੀਤ ਦਾ ਰਿਕਾਰਡ ਹੋ ਜਾਣਾ ਕੋਈ ਬਹੁਤਾ ਮਾਅਨੇ ਨਹੀਂ ਰੱਖਦਾ, ਜੇ ਉਹ ਲੋਕਾਂ ਦੇ ਚੇਤਿਆਂ ਵਿਚ ਰਚ-ਮਿਚ ਨਹੀਂ ਜਾਂਦਾ।



*(ਖੱਬਿਓਂ) ਸਿੱਧੂ ਦਮਦਮੀ, ਸੰਤੋਖ ਮਿਨਹਾਸ, ਹਰਜਿੰਦਰ ਕੰਗ, ਡਾ. ਗੁਰੂਮੇਲ ਸਿੱਧੂ, ਕਹਾਣੀਕਾਰ ਕਰਮ ਸਿੰਘ ਮਾਨ ਅਤੇ ਅਵਤਾਰ ਗੋਂਦਾਰਾ ਫਰਿਜ਼ਨੋ ਵਿਚ ਹੋਏ 'ਪੰਜਾਬੀ ਚੇਤਨਾ ਦਿਵਸ' ਸਮਾਗਮ ਦੌਰਾਨ*

# ਕਾਵਿਕ ਖੇਡ ਸ਼ੈਲੀ ਵਾਲਾ ਚਰਨਜੀਤ ਪੱਡਾ



ਪੰਜਾਬੀ ਖੇਡ ਸਾਹਿਤ 44



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਡਾ. ਚਰਨਜੀਤ ਸਿੰਘ ਪੱਡਾ ਖੁਦ ਖਿਡਾਰੀ ਰਿਹਾ ਤੇ ਫੇਰ ਖੇਡ ਲੇਖਕ ਬਣਿਆ। ਉਹਦਾ ਕਾਫੀ ਕੁਝ ਮੇਰੇ ਨਾਲ ਮਿਲਦਾ-ਜੁਲਦਾ ਹੈ। ਜਿਵੇਂ ਦੋਹਾਂ ਦਾ ਪਹਿਲਾਂ ਖਿਡਾਰੀ ਹੋਣਾ ਤੇ ਫਿਰ ਖੇਡ ਲੇਖਕ ਹੋਣਾ। ਫਿਰ ਦੋਹਾਂ ਦਾ ਪੰਜਾਬੀ ਲੈਕਚਰਰ ਹੋਣਾ। ਦੋਹਾਂ ਦੀ ਖੇਡ ਸ਼ੈਲੀ ਇਕੋ ਜਿਹੀ ਹੋਣੀ। ਮੈਂ ਮਲਵਈ ਤੋਂ ਦੁਆਬੀਆ ਬਣਿਆ, ਉਹ ਮਝੈਲ ਤੋਂ ਦੁਆਬੀਆ ਬਣਿਆ। ਉਸ ਨੇ ਫੁੱਟਬਾਲ ਦੇ ਮਹਾਨ ਜਰਨੈਲ ਸਿੰਘ ਦੀ ਜੀਵਨੀ ਲਿਖੀ ਜਿਸ ਦੀਆਂ ਦੋ ਐਡੀਸ਼ਨਾਂ ਛਪ ਚੁਕੀਆਂ। ਪਹਿਲੀ ਐਡੀਸ਼ਨ ਦਾ ਨਾਂ 'ਭਰਤੀ ਫੁੱਟਬਾਲ ਦਾ ਜਰਨੈਲ' ਸੀ, ਦੂਜੀ ਦਾ ਨਾਂ 'ਏਸ਼ੀਆ ਦਾ ਜਰਨੈਲ' ਹੈ। ਜਿਨ੍ਹਾਂ ਪਾਠਕਾਂ/ਆਲੋਚਕਾਂ ਨੇ ਪੰਜਾਬੀ ਖੇਡ ਸ਼ੈਲੀ ਦਾ ਜਲਵਾ ਵੇਖਣਾ ਹੋਵੇ, ਉਹ ਇਹ ਪੁਸਤਕ ਜ਼ਰੂਰ ਪੜ੍ਹਨ। ਪੰਜਾਹ ਕੁ ਵਰ੍ਹੇ ਪਹਿਲਾਂ ਮੈਂ ਵੀ ਜਰਨੈਲ ਸਿੰਘ ਦਾ ਸ਼ਬਦ ਚਿੱਤਰ ਉਲੀਕਿਆ ਸੀ, ਜੋ ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ' ਵਿਚ 'ਏਸ਼ੀਆ ਦਾ ਜਰਨੈਲ' ਸਿਰਲੇਖ ਹੇਠ ਛਪਿਆ ਸੀ। ਉਹਦਾ ਹੀ ਵਿਸਥਾਰ ਫਿਰ ਮੇਰੀ ਵਡੇਰੀ ਪੁਸਤਕ 'ਪੰਜਾਬ ਦੇ ਕੋਹੇਨੂਰ' ਵਿਚ 'ਫੁੱਟਬਾਲ ਦਾ ਜਰਨੈਲ' ਸਿਰਲੇਖ ਅਧੀਨ ਛਪਿਆ।






ਚਰਨਜੀਤ ਪੱਡਾ ਅਤੇ (ਸੱਜੇ) ਉਹਦੀ ਕਿਤਾਬ 'ਫੁੱਟਬਾਲ ਦਾ ਜਰਨੈਲ' ਦਾ ਮੁਖੜਾ

ਮੈਂ ਲਿਖਿਆ ਸੀ: ਜਰਨੈਲ ਸਿੰਘ ਸੱਚਮੁੱਚ ਫੁੱਟਬਾਲ ਦਾ ਜਰਨੈਲ ਸੀ। ਉਸ ਨੇ ਦੋ ਸਾਲ ਏਸ਼ੀਅਨ ਆਲ ਸਟਾਰਜ਼ ਫੁੱਟਬਾਲ ਟੀਮ ਦੀ ਕਪਤਾਨੀ ਕੀਤੀ। ਉਹਦੀਆਂ ਧੁੰਮਾਂ ਪਿੰਡ ਪਨਾਮ ਤੋਂ ਦਿੱਲੀ, ਲਾਹੌਰ, ਕਲਕੱਤੇ, ਕੁਆਲਾਲੰਪੁਰ ਤੇ ਰੋਮ ਤਕ ਪਈਆਂ ਰਹੀਆਂ। ਉਸ ਨੂੰ ਪੰਜਾਬ ਦਾ ਪੇਲੇ, ਮੈਰੀਡੋਨਾ ਜਾਂ ਰੋਨਾਲਡੋ ਵੀ ਕਿਹਾ ਜਾ ਸਕਦੈ। ਉਸ ਨੇ ਤਿੰਨ ਸਾਲ ਭਾਰਤੀ ਫੁੱਟਬਾਲ ਟੀਮਾਂ ਦੀ ਕਪਤਾਨੀ ਕੀਤੀ ਤੇ ਜਕਾਰਤਾ ਤੋਂ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਿਆ। ਰੋਮ ਦੀਆਂ ਓਲੰਪਿਕ ਖੇਡਾਂ 'ਚ ਉਹ ਬਿਹਤਰੀਨ ਫੁੱਲ-ਬੈਕ ਖਿਡਾਰੀ ਸਾਬਤ ਹੋਇਆ, ਜਿਸ ਨੂੰ ਵਰਲਡ ਇਲੈਵਨ ਦਾ ਸੈਂਟਰ ਫੁੱਲ ਬੈਕ ਨਾਮਜ਼ਦ ਕੀਤਾ ਗਿਆ। ਏਸ਼ੀਆ ਮਹਾਂਦੀਪ 'ਚੋਂ ਇਹ ਮਾਣ ਇਕੱਲੇ ਜਰਨੈਲ ਸਿੰਘ ਨੂੰ ਹੀ ਮਿਲਿਆ। ਕੁਆਲਾਲੰਪੁਰ ਦੇ ਮਰਦੇਕਾ ਕੱਪ ਸਮੇਂ ਫੀਫਾ ਦੇ ਪ੍ਰਧਾਨ ਸਰ ਸਟੈਨਲੇ ਰਾਊਜ਼ ਨੇ ਏਸ਼ੀਆ ਦੇ ਫੁੱਟਬਾਲ ਅਧਿਕਾਰੀਆਂ ਨੂੰ ਕਿਹਾ, "ਤੁਹਾਡੇ ਪਾਸ ਜਰਨੈਲ ਸਿੰਘ ਐਸਾ ਖਿਡਾਰੀ ਹੈ, ਜਿਹੜਾ ਦੁਨੀਆਂ ਦੀ ਕਿਸੇ ਵੀ ਟੀਮ ਵਿਚ ਚੁਣੇ ਜਾਣ ਦੇ ਯੋਗ ਹੈ।"

ਜਦੋਂ ਜਰਨੈਲ ਸਿੰਘ ਅਫਰੀਕੀ ਦੇਸ਼ਾਂ ਵਿਚ ਖੇਡਿਆ ਤਾਂ ਅਫਰੀਕਨਾਂ ਨੇ ਉਹਨੂੰ 'ਸਿੰਘਾ ਸ਼ੀਬਾ' ਯਾਨਿ 'ਸਿੰਘ ਸ਼ੇਰ' ਕਹਿ ਕੇ ਵਡਿਆਇਆ। ਦਸ ਸਾਲ ਉਹ ਏਸ਼ੀਆ ਦਾ ਸਭ ਤੋਂ ਤਕੜਾ ਫੁੱਲ-ਬੈਕ ਖਿਡਾਰੀ ਮੰਨਿਆ ਜਾਂਦਾ ਰਿਹਾ। ਜਿੰਨੇ ਸਾਲ ਉਹ ਕਲਕੱਤੇ ਦੀ ਮੋਹਨ ਬਾਗਾਨ ਕਲੱਬ ਵਿਚ ਖੇਡਿਆ, ਉਹਨੂੰ ਪੈਸੇ ਵੀ ਸਭ ਤੋਂ ਵੱਧ ਮਿਲੇ ਤੇ ਸ਼ੋਹਰਤ ਵੀ ਸਭ ਤੋਂ ਵੱਧ। ਸ਼ਾਇਦ ਹੀ ਕੋਈ ਬੰਗਾਲੀ ਹੋਵੇ, ਜਿਹੜਾ ਜਰਨੈਲ ਸਿੰਘ ਦੇ ਨਾਂ ਤੋਂ ਵਾਕਿਫ ਨਾ ਹੋਵੇ। ਕਲਕੱਤੇ ਦੀਆਂ ਸੜਕਾਂ 'ਤੇ ਜਰਨੈਲ ਸਿੰਘ ਨੂੰ ਸਲਾਮਾਂ ਹੁੰਦੀਆਂ ਰਹੀਆਂ। ਬੰਗਾਲੀ ਉਹਦੀ ਖੇਡ ਉਤੇ ਸ਼ਰਤਾਂ ਲਾਉਂਦੇ, ਸੱਟਾ ਖੇਡਦੇ ਤੇ ਆਟੋਗਰਾਫ ਲੈਣ ਲਈ ਇਕ ਦੂਜੇ ਦੇ ਮੋਢਿਆਂ ਉਤੋਂ ਦੀ ਉਤੇ ਚੜ੍ਹਦੇ ਰਹੇ। ਐਸ. ਐਸ. ਰੇਅ ਪੰਜਾਬ ਦਾ ਗਵਰਨਰ ਬਣਿਆ ਤਾਂ ਚੰਡੀਗੜ੍ਹ ਆਉਂਦਿਆਂ ਜਰਨੈਲ ਸਿੰਘ ਦਾ ਹਾਲ-ਚਾਲ ਪੁੱਛਿਆ। ਉਸ ਦੀ ਪਤਨੀ ਮਾਇਆ ਰੇਅ ਜਰਨੈਲ ਸਿੰਘ ਦੀ ਫੈਨ ਸੀ। ਉਹ ਜਰਨੈਲ ਸਿੰਘ ਨੂੰ ਗਵਰਨਰ ਹਾਊਸ ਸੱਦਦੇ, ਜਿਥੇ ਮਾਇਆ ਰੇਅ ਆਪਣੇ ਹੱਥਾਂ ਦਾ ਬਣਾਇਆ ਖਾਣਾ ਖੁਆ ਕੇ ਖੁਸ਼ ਹੁੰਦੀ। ਇਕ ਵਾਰ ਗਵਰਨਰ ਨੂੰ ਕਿਸੇ ਵੱਡੇ ਖੇਡ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸੱਦਿਆ ਗਿਆ। ਉਥੇ ਜਰਨੈਲ ਸਿੰਘ ਵੀ ਹਾਜ਼ਰ ਸੀ। ਰੇਅ ਨੇ ਭਾਸ਼ਣ ਦਿੰਦਿਆਂ ਕਿਹਾ, ਇਸ ਸਮਾਗਮ ਦਾ ਮੁੱਖ ਮਹਿਮਾਨ ਮੈਨੂੰ ਨਹੀਂ, ਫੁੱਟਬਾਲ ਦੇ ਹੀਰੋ ਜਰਨੈਲ ਸਿੰਘ ਨੂੰ ਬਣਾਉਣਾ ਚਾਹੀਦਾ ਸੀ!

ਚਰਨਜੀਤ ਸਿੰਘ ਪੱਡਾ ਦਾ ਜਨਮ ਚੌਂਕ ਮਹਿਤਾ ਕੋਲ ਪਿੰਡ ਭੋਮਾ ਦੇ ਕਿਸਾਨ ਮਹਿੰਦਰ ਸਿੰਘ ਦੇ ਘਰ ਸੁਰਜੀਤ ਕੌਰ ਦੀ ਕੁੱਖੋਂ ਹੋਇਆ। ਉਹ ਇਕ ਭੈਣ ਤੇ ਪੰਜ ਭਰਾਵਾਂ 'ਚ ਸਭ ਤੋਂ ਛੋਟਾ ਲਾਡਲਾ ਪੁੱਤਰ ਸੀ। ਵੱਡੇ ਭਰਾ ਹਾਕੀ ਦੇ ਖਿਡਾਰੀ ਸਨ, ਪਰ ਉਹ ਭਲਵਾਨੀ ਕਰਨ ਲੱਗਾ, ਜਿਸ ਕਰਕੇ ਬਦਾਮਾਂ ਦੀਆਂ ਗਿਰੀਆਂ ਖਾਣ ਲੱਗਾ। ਉਹ ਨਿੱਤ ਸੌ ਡੰਡ ਤੇ ਪੰਜ ਸੌ ਬੈਠਕਾਂ ਮਾਰਦਾ ਤੇ ਆਪਣੇ ਤੋਂ ਵੱਡਿਆਂ ਨੂੰ ਵੀ ਢਾਹ ਲੈਂਦਾ। ਪਿੰਡੋਂ ਪ੍ਰਾਇਮਰੀ ਪੜ੍ਹ ਕੇ ਜਦੋਂ ਨੰਗਲ ਦੇ ਹਾਇਰ ਸੈਕੰਡਰੀ ਸਕੂਲ ਵਿਚ ਪੜ੍ਹਨ ਲੱਗਾ ਤਾਂ ਹਾਕੀ ਖੇਡਣ ਲੱਗ ਪਿਆ। ਖੇਡਦਾ-ਖੇਡਦਾ ਸਕੂਲ ਦੀ ਟੀਮ ਦਾ ਕਪਤਾਨ ਬਣ ਗਿਆ ਤੇ ਜਿਲੇ ਵੱਲੋਂ ਪੰਜਾਬ ਸਟੇਟ ਚੈਂਪੀਅਨਸ਼ਿਪ ਖੇਡਿਆ। ਬੀ. ਏ. ਭਾਗ ਪਹਿਲੇ ਵਿਚ ਜੀ. ਐੱਚ. ਜੀ. ਕਾਲਜ ਗੁਰੂਸਰ ਸੁਧਾਰ ਤੇ ਅਗਲੇ ਸਾਲ ਮਹਿੰਦਰਾ ਕਾਲਜ ਪਟਿਆਲੇ ਦੇ ਸਪੋਰਟਸ ਵਿੰਗ ਵਿਚ ਚਲਾ ਗਿਆ। ਉਥੇ ਉਹਦੀ ਖੇਡ ਦੀ ਚੜ੍ਹਤ ਨਾਲ ਪ੍ਰੋ. ਕਸੇਲ ਹੋਰਾਂ ਨੇ ਸਾਹਿਤ ਪੜ੍ਹਨ ਦੀ ਚੇਟਕ ਲਾ ਦਿੱਤੀ। ਉਸ ਨੂੰ ਖੇਡਾਂ ਤੇ ਪੜ੍ਹਾਈ ਦੇ ਕਾਲਜ ਕੱਲਰ ਮਿਲੇ। ਉਥੇ ਉਸ ਨੇ ਪੰਜਾਬੀ ਦੀ ਐੱਮ. ਏ. ਕਰ ਲਈ। ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐੱਮ.ਫਿੱਲ ਤੇ ਪੀਐੱਚ.ਡੀ. ਕੀਤੀ। ਪਹਿਲਾਂ ਦੁਆਬਾ ਕਾਲਜ ਜਲੰਧਰ ਤੇ ਫਿਰ ਰਿਟਾਇਰ ਹੋਣ ਤਕ ਸਿੱਖ ਨੈਸ਼ਨਲ ਕਾਲਜ ਬੰਗਾ 'ਚ ਪੰਜਾਬੀ ਪੜ੍ਹਾਈ। ਹੁਣ ਉਹ ਵਿਹਲਾ ਹੈ। ਜੇ ਹਿੰਮਤ ਕਰੇ ਤਾਂ ਹੋਰ ਖੇਡ ਪੁਸਤਕਾਂ ਵੀ ਲਿਖ ਸਕਦਾ ਹੈ। ਅਜੇ ਬਹੁਤ ਕੁਝ ਹੈ ਖੇਡ ਸਾਹਿਤ ਲਈ ਲਿਖਣ ਵਾਲਾ।

1993 'ਚ ਪੰਜਾਬੀ ਸੱਥ ਲਾਂਬੜਾਂ ਨੇ ਮੈਨੂੰ ਸੱਯਦ ਵਾਰਸ ਸ਼ਾਹ ਅਵਾਰਡ ਦਿੱਤਾ ਤਾਂ ਇਕ ਨੌਜੁਆਨ ਨੇ ਮੇਰੇ ਤੇ ਮੇਰੀਆਂ ਖੇਡ ਲਿਖਤਾਂ ਬਾਰੇ ਪਰਚਾ ਪੜ੍ਹਿਆ। ਉਹਦਾ ਕੱਦ ਰਤਾ ਸਮੱਧਰ ਸੀ, ਆਵਾਜ਼ ਮਧੁਰ, ਅੱਖਾਂ ਵਿਚ ਲਿਸ਼ਕ ਤੇ ਸੋਚ ਵਿਚ ਸੁਫਨੇ ਸਨ। ਉਹਨੂੰ ਖੇਡਾਂ ਤੇ ਖੇਡ ਸਾਹਿਤ ਦੀ ਸਮਝ ਸੀ ਅਤੇ ਬੋਲਣਾ ਵੀ ਆਉਂਦਾ ਸੀ। ਨਿਰੰਜਣ ਸਿੰਘ ਢੇਸੀ ਹੋਰੀਂ ਵੀ ਮੰਨ ਗਏ ਤੇ ਵਰਿਆਮ ਸਿੰਘ ਸੰਧੂ ਵੀ। ਉਹ ਚਰਨਜੀਤ ਸਿੰਘ ਪੱਡਾ ਹੀ ਸੀ, ਜੋ ਦੁਆਬਾ ਕਾਲਜ ਵਿਚ ਪੜ੍ਹਾਉਂਦਾ ਸੀ। ਬਦਕਿਸਮਤੀ ਨਾਲ ਬਾਅਦ ਵਿਚ ਸਾਡਾ ਸੰਪਰਕ ਨਾ ਹੋਇਆ। ਪੇਸ਼ ਹਨ, ਉਹਦੀ ਪੁਸਤਕ ਦੇ ਕੁਝ ਅੰਸ਼:

## ਕੂਹਣੀ ਮੋੜ

"ਤੁਹਾਨੂੰ ਇਕ ਕੰਮ ਸੌਂਪਣਾ ਹੈ ਤੇ ਉਹ ਹੈ ਸ. ਜਰਨੈਲ ਸਿੰਘ ਦੀ ਜੀਵਨੀ ਲਿਖਣ ਦਾ। ਜੇ ਤੁਸੀਂ ਨਾਂਹ ਕਰ ਦਿੱਤੀ ਤਾਂ...।" ਇਹ ਵਾਕ ਮੇਰੇ ਦੋਸਤ ਜਸਪਾਲ ਸਿੰਘ ਨੇ ਅਧੂਰਾ ਛੱਡ ਦਿੱਤਾ ਸੀ। ਉਸ ਵਕਤ ਅਸੀਂ ਫਗਵਾੜੇ ਤੋਂ ਦੱਖਣ ਵਾਲੇ ਪਾਸੇ ਕਾਰ ਵਿਚ ਕਿਸੇ ਪਿੰਡ ਨੂੰ ਜਾ ਰਹੇ ਸਾਂ। ਮੇਰੇ ਦੋਸਤ ਨੇ ਮੈਨੂੰ ਕੰਮ ਕਿਹਾ ਸੀ ਅਤੇ ਉਹ ਵੀ ਫੁੱਟਬਾਲ ਦੇ ਸ਼ਾਹਸਵਾਰ ਸ. ਜਰਨੈਲ ਸਿੰਘ ਦੀ ਜੀਵਨੀ ਲਿਖਣ ਦਾ। ਇਹ ਕੰਮ ਜਿੰਨਾ ਮਾਣ ਵਾਲਾ ਸੀ, ਉਨਾ ਚੁਣੌਤੀ ਭਰਪੂਰ ਵੀ ਸੀ। ਮੈਂ ਆਪਣੀਆਂ ਬਿਰਤੀਆਂ ਨੂੰ ਇਕਾਗਰ ਕਰ ਕੇ ਕੁਝ ਦੇਰ ਲਈ ਗਹਿਰੀ ਸੋਚ ਵਿਚ ਡੁੱਬ ਗਿਆ। ਪੁਸਤਕ ਦੇ ਆਕਾਰ ਵਰਗੇ ਵੱਡੇ ਸਿਰਜਣਾਤਮਕ ਕੰਮ ਲਈ ਵਿਸ਼ਾਲ ਅਨੁਭਵ ਦੀ ਲੋੜ ਸੀ, ਜਿਸ ਦੀ ਮੈਨੂੰ ਘਾਟ ਮਹਿਸੂਸ ਹੁੰਦੀ ਰਹਿੰਦੀ ਸੀ। ਫਿਰ ਮਨ ਵਿਚ ਆਇਆ ਕਿ ਇਸ ਮਹਾਨ ਦੇਸ਼ ਵਿਚ ਗੁਰੂ ਨਾਨਕ ਵਰਗੇ ਮਹਾਨ ਦਾਨਿਸ਼ਵਰ ਨੇ ਜਨਮ ਲਿਆ ਹੈ। ਇਥੇ ਵੇਦ ਰਚੇ ਗਏ ਨੇ। ਇਸ ਧਰਤੀ ਨੇ ਅਰਵਿੰਦ ਘੋਸ਼, ਸਵਾਮੀ ਰਾਮ ਤੀਰਥ, ਰਾਬਿੰਦਰ ਨਾਥ ਟੈਗੋਰ, ਮਹਾਂ ਦੇਵੀ ਵਰਮਾ, ਡਾ. ਇਕਬਾਲ ਅਤੇ ਪ੍ਰੋ. ਪੂਰਨ ਸਿੰਘ ਵਰਗੇ ਕੌਮੀ ਕੱਦ ਵਾਲੇ ਲੇਖਕ ਪੈਦਾ ਕੀਤੇ ਹਨ। ਅਸੀਂ ਉਨ੍ਹਾਂ ਦੇ ਵਾਰਸ ਹੀ ਤਾਂ ਹਾਂ। ਫਿਰ ਅਸੀਂ ਕਿਉਂ ਨਹੀਂ ਲਿਖ ਸਕਦੇ? ਕਾਰ ਨੇ ਖੱਬੇ ਪਾਸੇ ਨੂੰ ਇਕ ਕੂਹਣੀ ਮੋੜ ਕੱਟਿਆ ਅਤੇ ਮੈਂ ਜਸਪਾਲ ਵੱਲ ਉਲਰ ਗਿਆ। ਮੁੜ ਸਿੱਧਾ ਹੋਣ ਤੋਂ ਪਹਿਲਾਂ ਹੀ ਮੈਂ ਜਸਪਾਲ ਨੂੰ 'ਹਾਂ' ਕਰ ਦਿੱਤੀ। ਇਸ ਕੂਹਣੀ ਮੋੜ ਅਤੇ ਮੇਰੀ ਸਿਰਜਣਾਤਮਕ ਸਮਰੱਥਾ ਦੀ ਕੋਈ ਇਤਫਾਕੀਆ ਸਾਂਝ ਸੀ।

...ਇਕ ਦਿਨ ਸਿਖਰ ਦੁਪਹਿਰੇ ਜਰਨੈਲ ਸਿੰਘ ਆਪਣੀਆਂ ਫੋਟੋਆਂ ਦਾ ਖਜਾਨਾ ਸਾਡੇ ਹਵਾਲੇ ਕਰਨ ਲਈ ਸਾਨੂੰ ਆਪਣੇ ਘਰ ਲੈ ਗਏ। ਇਹ ਉਹ ਘਰ ਸੀ, ਜਿਥੇ ਕਦੇ ਰੌਣਕਾਂ ਦੀ ਬਹਾਰ ਸੀ। ਜਿਥੇ ਉਸ ਨੇ ਬਾਬਾ ਦਸੌਂਧਾ ਸਿੰਘ, ਪਿਤਾ ਸ. ਉਜਾਗਰ ਸਿੰਘ ਅਤੇ ਮਾਤਾ ਗੁਰਬਚਨ ਕੌਰ ਦੀ ਠੰਢੀ ਛਾਂ ਮਾਣੀ ਸੀ। ਜਿਥੇ ਉਸ ਦੀਆਂ ਧੀਆਂ ਕਚੂਰ ਕਰੂੰਬਲਾਂ ਵਾਂਗ ਆਪ ਮੁਹਾਰੇ ਉਗ ਆਈਆਂ ਸਨ। ਜਿਥੇ ਉਸ ਨੇ ਜਗਮੋਹਣ ਤੇ ਹਰਸ਼ਮੋਹਣ ਦੇ ਮੂੰਹ ਚੁੰਮੇ ਸਨ। ਜਿਥੇ ਉਸ ਨੇ ਪਤਨੀ ਇਕਬਾਲ ਕੌਰ ਨਾਲ ਕਈ ਇਕਬਾਲ ਕੀਤੇ ਸਨ। ਪਰ ਅੱਜ ਉਹ ਇਸ ਘਰ ਵਿਚ ਖੜ੍ਹਾ ਆਪਣੇ ਹਰ ਇਕਬਾਲ ਤੋਂ ਮੁੱਕਰ ਗਿਆ ਮਹਿਸੂਸ ਕਰਦਾ ਸੀ। ਉਸ ਨੇ ਆਪਣੀ ਪਾਰਦਰਸ਼ੀ ਅੱਖ ਨਾਲ ਘਰ ਦੇ ਹਰ ਕੋਨੇ ਨੂੰ ਫਰੋਲਿਆ। ਥਾਂ-ਥਾਂ ਲੱਗੇ ਜਾਲੇ ਅਤੇ ਟਰੰਕਾਂ, ਪੇਟੀਆਂ ਉਪਰ ਪਈ ਗਰਦ ਉਸ ਦੇ ਘਰ ਵਾਲਿਆਂ ਦੀ ਗੈਰ-ਹਾਜ਼ਰੀ ਦੇ ਗਵਾਹ ਸਨ। ਟਰੰਕਾਂ ਵਿਚੋਂ ਫੋਟੋ ਕੱਢਦਿਆਂ ਦੋ ਸਿਹਰੇ ਉਸ ਨੇ ਬੜੀਆਂ ਮੋਹ ਭਿੱਜੀਆਂ ਨਜ਼ਰਾਂ ਨਾਲ ਕੱਢ ਕੇ ਵੇਖੇ। ਇਹ ਖੂਬਸੂਰਤ ਸਿਹਰੇ ਕਿਸ ਦੇ ਨੇ? ਇਹ ਪੁੱਛਣ ਦਾ ਸਾਡਾ ਜੇਰਾ ਨਾ ਪਿਆ। ਫੋਟੋਆਂ ਨੂੰ ਵੇਖਦਿਆਂ ਮੈਂ ਕਿਹਾ, "ਸਰਦਾਰ ਜੀ! ਫੋਟੋਆਂ ਤਾਂ ਸਾਹ ਲੈਂਦੀਆਂ ਲੱਗਦੀਆਂ ਨੇ।"

ਮਿੰਨ੍ਹਾ ਜਿਹਾ ਮੁਸਕਰਾ ਕੇ ਸ. ਜਰਨੈਲ ਸਿੰਘ ਕਹਿਣ ਲੱਗੇ, "ਹੁਣ ਦਾ ਤੇ ਪਤਾ ਨਹੀਂ, ਪਰ ਜਦੋਂ ਮੈਂ ਨਾ ਰਿਹਾ, ਉਦੋਂ ਇਹ ਫੋਟੋਆਂ ਜ਼ਰੂਰ ਸਾਹ ਲੈਂਦੀਆਂ ਨਜ਼ਰ ਆਉਣਗੀਆਂ!"

ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਜੇ ਜਸਪਾਲ ਸਿੰਘ ਇਕ ਪੁਲ ਬਣ ਕੇ ਮੈਨੂੰ ਸ. ਜਰਨੈਲ ਸਿੰਘ ਤਕ ਨਾ ਲਿਜਾਂਦਾ ਤਾਂ ਇਹ ਪੁਸਤਕ ਲਿਖਣਾ ਮੇਰੇ ਲਈ ਸੰਭਵ ਨਹੀਂ ਸੀ। ਮੇਰੇ ਕੋਲ ਅਜਿਹੇ ਸਮਰੱਥ ਸ਼ਬਦ ਨਹੀਂ ਹਨ, ਜਿਨ੍ਹਾਂ ਨਾਲ ਮੈਂ ਜਸਪਾਲ ਸਿੰਘ ਦਾ ਧੰਨਵਾਦ ਕਰਾਂ। ਆਪਣੇ ਸਮੇਂ ਦੇ ਨਾਮਵਰ ਫੁੱਟਬਾਲ ਖਿਡਾਰੀ ਇੰਦਰ ਸਿੰਘ, ਗੁਰਦੇਵ ਗਿੱਲ, ਸੁਖਵਿੰਦਰ ਸੁੱਖੀ, ਪਰਮਿੰਦਰ ਸਿੰਘ, ਜਾਗੀਰ ਸਿੰਘ ਤੇ ਡੀ. ਪੀ. ਈ. ਸੀਤਲ ਸਿੰਘ ਦਾ ਮੈਂ ਰਿਣੀ ਹਾਂ, ਜਿਨ੍ਹਾਂ ਨੇ ਜਰਨੈਲ ਸਿੰਘ ਦੇ ਬੇਵਕਤ ਸਵਰਗਵਾਸ ਹੋ ਜਾਣ ਦੇ ਬਾਅਦ ਉਨ੍ਹਾਂ ਬਾਰੇ ਕੁਝ ਅਣਬੁੱਝੇ ਤੱਥਾਂ ਦੀ ਜਾਣਕਾਰੀ ਦਿੱਤੀ...।

## ਜਰਨੈਲ ਸਿੰਘ ਜੰਮਿਆ ਹੀ ਫੁੱਟਬਾਲ ਖੇਡਣ ਲਈ ਸੀ

ਜਰਨੈਲ ਵਿਚ ਦਰੱਖਤਾਂ ਵਰਗੀ ਹਲੀਮੀ ਸੀ। ਕਦੇ ਉਹ ਖਾਨਗਾਹ 'ਤੇ ਬਲਦੀ ਜੋਤ ਲੱਗਦਾ, ਕਦੇ ਕੁਦਰਤ ਨਾਲ ਇਕਸੁਰ ਹੋਈ ਜਲ ਧਾਰਾ ਦੀ ਧੁਨੀ ਵਰਗਾ ਤੇ ਕਦੇ ਮਿੱਟੀ ਦੀ ਵਫਾ ਵਰਗਾ ਜਾਪਣ ਲੱਗ ਜਾਂਦਾ। ਜਦ ਅਸੀਂ ਉਸ ਨਾਲ ਰੱਜ ਕੇ ਗੱਲਾਂ ਕੀਤੀਆਂ ਤਾਂ ਉਹ ਮੈਨੂੰ ਮੁਹੱਬਤ, ਵੇਦਨਾ, ਨੇਕੀ, ਸੁਪਨਸਾਜ਼ੀ ਤੇ ਹਮਦਰਦੀ ਦੇ ਪੰਜ ਤੱਤਾਂ ਦਾ ਬਣਿਆ ਖੂਬਸੂਰਤ ਮਨੁੱਖ ਲੱਗਿਆ। ਉਹਦੇ ਮਨ ਦੀ ਚਿੱਟੀ ਚਾਦਰ 'ਤੇ ਕੋਈ ਦਾਗ ਨਹੀਂ ਸੀ। ਉਹ ਗੰਧਲੇ ਪਾਣੀਆਂ 'ਤੇ ਫੁੱਲ ਵਾਂਗ ਤਰਿਆ। ਉਹ ਫੁੱਟਬਾਲ ਦੇ ਸ਼ੋਰ ਵਿਚ ਇਕ ਤਰਜ਼ ਬਣ ਕੇ ਗੂੰਜਿਆ। ਉਹ ਟਿਕੇ ਹੋਏ ਪਾਣੀ ਵਰਗਾ, ਰਹੱਸਪੂਰਨ ਅਤੇ ਗਹਿਰਾ ਹੋਣ ਕਰਕੇ ਫੁੱਟਬਾਲ ਦਾ ਪੁੱਜਿਆ ਹੋਇਆ ਸਾਧ ਹੋ ਨਿਬੜਿਆ। ਚਿੰਤਨ ਵਿਚ ਡੁੱਬਿਆ ਫੁੱਟਬਾਲ ਦਾ ਸਮੁੰਦਰ ਜਦ ਵੀ ਉਛਲਦਾ ਤਾਂ ਹਵਾ ਵਿਚ ਤਰੰਨਮ ਘੁਲ ਜਾਂਦਾ।

ਜਰਨੈਲ ਸਿਰਫ ਫੁੱਟਬਾਲ ਦਾ ਹੀ ਜਰਨੈਲ ਨਹੀਂ ਸੀ। ਉਹ ਤਾਂ ਕਿਸੇ ਲਈ ਪੁਲ ਸੀ, ਕਿਸੇ ਲਈ ਛਾਂ ਸੀ ਅਤੇ ਕਿਸੇ ਰੂਹ ਦੀ ਪਿਆਸ ਲਈ ਨੀਰ ਸੀ। ਜਰਨੈਲ ਜਿਥੇ ਫੁੱਟਬਾਲ ਦੀ ਦੁਨੀਆਂ ਦਾ ਰਹਿਨੁਮਾ ਬਣਿਆ ਉਥੇ ਉਸ ਨੇ ਕਿਸੇ ਦੀ ਆਸਥਾ ਦੀ ਦਰਗਾਹ ਦਾ ਰੂਪ ਵੀ ਧਾਰਿਆ। ਉਸ ਕੋਲ ਕੋਮਲ ਮਨ ਸੀ, ਜਿਸ ਕਰਕੇ ਉਹ ਹਰ ਕਿਸੇ ਨੂੰ ਆਪਣਾ ਲੱਗਦਾ। ਉਸ ਕੋਲ ਰੌਸ਼ਨ ਰੂਹ ਸੀ, ਜੋ ਹਨੇਰਿਆਂ ਨੂੰ ਦੂਰ ਕਰਦੀ। ਉਹਦੀ ਫੁੱਟਬਾਲ ਕਲਾ ਦੀ ਲੱਜ਼ਤ ਉਹਦੇ ਲਫਜ਼ਾਂ ਵਿਚ ਵੀ ਸੀ। ਉਸ ਦੇ ਫੁੱਟਬਾਲ ਖੇਡਣ ਦਾ ਅੰਦਾਜ਼ ਉਸ ਦੇ ਬੋਲਾਂ ਦੇ ਲਹਿਜੇ ਵਿਚ ਘੁਲ-ਮਿਲ ਗਿਆ ਸੀ। ਜਦੋਂ ਉਹ ਫੁੱਟਬਾਲ ਖੇਡ ਦੀ ਕਥਾ ਛੇੜਦਾ ਤਾਂ ਸਾਹ ਰੋਕ ਕੇ ਸੁਣਨ ਨੂੰ ਜੀਅ ਕਰਦਾ। ਉਸ ਨੂੰ ਸੁਣਦਿਆਂ ਦਿਲ ਅੰਦਰ ਗੁੰਚੇ ਖਿੜ ਜਾਂਦੇ ਅਤੇ ਮਨ ਤਰੰਗਤ ਹੋ ਜਾਂਦਾ। ਇਕ ਵਾਰ ਦੀਵੇ ਦੀ ਮੱਧਮ ਰੌਸ਼ਨੀ ਵਿਚ ਫੁੱਟਬਾਲ ਖੇਡ ਦੀ ਕਥਾ ਸੁਣਾ ਰਹੇ ਸਰਦਾਰ ਜਰਨੈਲ ਸਿੰਘ ਨੂੰ ਮੈਂ ਅਨਹਦ ਨਾਦ ਵਿਚ ਡੁੱਬੇ ਦੇਖਿਆ। ਸ. ਉਜਾਗਰ ਸਿੰਘ ਦੇ ਵਿਹੜੇ ਦਾ ਇਹ ਬੂਟਾ ਉਸ ਵਕਤ ਮੈਨੂੰ ਗਯਾ ਦਾ ਰੁੱਖ ਜਾਪਿਆ ਸੀ। ਸੱਚ ਤਾਂ ਇਹ ਸੀ ਕਿ ਫੁੱਟਬਾਲ ਖੇਡ ਦੀ ਧੁਖਦੀ ਧੂਣੀ ਨੇ ਜਰਨੈਲ ਸਿੰਘ ਨੂੰ ਜੋਗੀ ਬਣਾ ਦਿੱਤਾ ਸੀ।

1958 ਵਿਚ ਜਦੋਂ ਜਰਨੈਲ ਸਿੰਘ ਫੁੱਟਬਾਲ ਦੇ ਮੱਕੇ ਕਲਕੱਤੇ ਦਾ ਹੱਜ ਕਰਨ ਨਿਕਲਿਆ ਤਾਂ ਉਹਦੇ ਮਨ 'ਚ ਫੁੱਟਬਾਲ ਦਾ ਸਿਰਤਾਜ ਹਸਤਾਖਰ ਬਣਨ ਦਾ ਅਰਮਾਨ ਸੀ, ਜੋ ਉਸ ਨੇ ਆਪਣੀ ਲਾਜਵਾਬ ਖੇਡ ਸਦਕਾ ਪੂਰਾ ਵੀ ਕੀਤਾ। ਕਲਕੱਤੇ ਦੇ ਫੁੱਟਬਾਲ ਜਗਤ ਵਿਚ ਜਰਨੈਲ ਦੀ ਫੁੱਟਬਾਲ ਖੇਡ ਦੀਆਂ ਧੁੰਮਾਂ ਪੈ ਗਈਆਂ। ਕਲਕੱਤੇ ਦੀਆਂ ਮਾਂਵਾਂ ਨੇ ਜਰਨੈਲ ਵਰਗੇ ਲਾਸਾਨੀ ਫੁੱਟਬਾਲਰ ਪੈਦਾ ਕਰਨ ਦੇ ਖਾਬ ਅੱਖਾਂ ਵਿਚ ਸੰਜੋਅ ਲਏ। ਜਿਸ ਦਲੇਰੀ, ਹਿੰਮਤ ਤੇ ਕਲਾ ਨਾਲ ਉਹ ਵਿਰੋਧੀ ਖਿਡਾਰੀ ਨੂੰ ਰੋਕਦਾ ਸੀ, ਉਸ ਵਜ੍ਹਾ ਕਰਕੇ ਉਸ ਨੂੰ ਚੀਨ ਦੀ ਮਹਾਨ ਦੀਵਾਰ ਦਾ ਲਕਬ ਦਿੱਤਾ ਗਿਆ।

ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਫੁੱਟਬਾਲ ਕੱਪ ਖੇਡਦਾ ਜਦੋਂ ਆਪਣੀ ਕਰਮਭੂਮੀ ਪਨਾਮ ਆਉਂਦਾ ਤਾਂ ਉਸ ਦੀ ਫੁੱਟਬਾਲ ਨਾਲ ਪ੍ਰਣਾਈ ਰੂਹ ਪੇਂਡੂ ਟੂਰਨਾਮੈਂਟਾਂ ਵਲ ਖਿੱਚ ਲਿਜਾਂਦੀ ਸੀ। ਪੇਂਡੂ ਟੂਰਨਾਮੈਂਟ ਖੇਡਣ ਦੀਆਂ ਉਹਦੀਆਂ ਭਾਵਨਾਵਾਂ ਦਾ ਹੜ੍ਹ ਏਨਾ ਵਧ ਜਾਂਦਾ ਕਿ ਉਹ ਸਾਈਕਲ ਉਪਰ ਆਪਣੇ ਦੋਵੇਂ ਬੇਟਿਆਂ-ਜਗਮੋਹਣ ਤੇ ਹਰਸ਼ਮੋਹਣ ਨੂੰ ਬਿਠਾ ਕੇ ਟੂਰਨਾਮੈਂਟਾਂ ਵਿਚ ਪਹੁੰਚ ਜਾਂਦਾ। ਜਿਸ ਰਸਤੇ ਜਰਨੈਲ ਜਾ ਰਿਹਾ ਹੁੰਦਾ, ਹਾਲੀ ਹਲ ਡਕ ਲੈਂਦੇ। ਉਹ ਸੋਚਦੇ, ਜਿਸ ਜਰਨੈਲ ਦੀਆਂ ਬਾਤਾਂ ਉਨ੍ਹਾਂ ਦੂਜਿਆਂ ਕੋਲੋਂ ਸੁਣੀਆਂ ਹਨ, ਉਸ ਜਰਨੈਲ ਨੂੰ ਉਨ੍ਹਾਂ ਨੇੜਿਉਂ ਅੱਖੀਂ ਵੇਖਣਾ ਹੈ। ਰੋਟੀ ਲੈ ਕੇ ਆਈਆਂ ਸੁਆਣੀਆਂ ਕੋਲ ਹਾਲੀ ਗੱਲਾਂ ਕਰਦੇ ਕਿ ਅੱਜ ਉਨ੍ਹਾਂ ਨੇ ਜਰਨੈਲ ਨੂੰ ਨੇੜਿਉਂ ਵੇਖਿਆ ਹੈ!

...ਜਰਨੈਲ ਸਿੰਘ ਨੇ ਆਪਣੇ ਉਸਤਾਦ ਸ. ਹਰਦਿਆਲ ਸਿੰਘ ਪ੍ਰਤੀ ਵਿਸ਼ੇਸ਼ ਸਤਿਕਾਰ ਦਾ ਇਜ਼ਹਾਰ ਕੀਤਾ ਤੇ ਫੁੱਟਬਾਲ ਦੀ ਦਿੱਤੀ ਗੁੜ੍ਹਤੀ ਦਾ ਧੰਨਵਾਦ ਕੀਤਾ। ਉਹ ਖੇਤਾਂ ਦਾ ਪੁੱਤ ਸੀ। ਇਸੇ ਕਰਕੇ ਭਾਲ ਵਿਚ ਆਏ ਹਰਦਿਆਲ ਸਿੰਘ ਨੂੰ ਉਹ ਮੱਕੀ ਦੇ ਖੇਤ ਵਿਚੋਂ ਲੱਭਾ ਸੀ। ਉਹ ਕੁਦਰਤ ਦਾ ਸ਼ੈਦਾਈ ਸੀ। ਉਹ ਹਵਾ ਦੇ ਘੋੜੇ 'ਤੇ ਸਵਾਰ ਹੋ ਕੇ ਵੀ ਦਿਮਾਗੀ ਫੁੱਟਬਾਲ ਖੇਡਦਾ ਸੀ। ਉਸ ਵਿਚ ਲੋਹੜੇ ਦਾ ਦਮ-ਖਮ ਸੀ। ਇਹ ਦਮ-ਖਮ ਉਸ ਨੇ ਵਾਹੀ ਹੋਈ ਪੈਲੀ ਵਿਚ ਮੂੰਹ ਹਨੇਰੇ ਦੌੜ-ਦੌੜ ਕੇ ਹਾਸਲ ਕੀਤਾ ਸੀ। ਪਸ਼ੂਆਂ ਲਈ ਪੱਠੇ ਕੁਤਰਦਿਆਂ ਉਹ ਟੋਕੇ ਨੂੰ ਗੀਤ ਗਾਉਣ ਲਾ ਦਿੰਦਾ ਸੀ। ਜਰਨੈਲ ਫੁੱਟਬਾਲ ਦੇ ਇਸ਼ਕ ਵਿਚ ਰੰਗਿਆ ਗੀਤ ਸੀ। ਉਸ ਕੋਲ ਗੰਭੀਰ ਅਨੁਭਵ ਸੀ ਤੇ ਅੰਨ੍ਹੀ ਤਾਕਤ ਸੀ, ਪਰ ਇਹ ਅੰਨ੍ਹੀ ਤਾਕਤ ਪਿਛਲੀ ਉਮਰੇ ਉਸ ਲਈ ਗਮ ਦਾ ਬਾਰੂਦ ਬਣ ਗਈ ਸੀ।

...ਅਪਰੈਲ 2000 ਵਿਚ ਉਸ ਨੇ ਆਪਣੇ ਫੁੱਟਬਾਲ ਸੰਸਾਰ ਦੀਆਂ ਗੱਲਾਂ ਸਾਡੇ ਨਾਲ ਸਾਂਝੀਆਂ ਕੀਤੀਆਂ। ਜੀਵਨੀ ਸਬੰਧੀ ਹੋਰ ਗੱਲਾਂ ਕਰਨ ਦਾ ਵਚਨ ਦੇ ਕੇ ਉਹ ਮਈ ਵਿਚ ਕੈਨੇਡਾ ਚਲਾ ਗਿਆ। ਉਥੇ ਉਹ ਨੰਨ੍ਹੇ-ਮੁੰਨ੍ਹੇ ਪੋਤਰੇ ਤੇ ਪੋਤਰੀ ਦੇ ਮੋਹ ਵਿਚ ਭਿੱਜ ਗਿਆ। ਮਾਸੂਮ ਪਿਆਰ ਦੀਆਂ ਤੋਤਲੀਆਂ ਗੱਲਾਂ ਵਿਚ ਖੀਵਾ ਹੋਇਆ ਬੱਚਿਆਂ ਨੂੰ ਪਾਰਕ ਲੈ ਜਾਂਦਾ। ਨੰਨ੍ਹੇ ਬੱਚਿਆਂ ਨੂੰ ਖੇਡਣ ਲਈ ਫੁੱਟਬਾਲ ਲੈ ਦਿੱਤੀ। ਫਿਰ ਹਰਸ਼ ਨੂੰ ਕਹਿੰਦਾ, "ਜਾਹ! ਵਕੀਲ ਨਾਲ ਗੱਲ ਕਰ ਲੈ, ਪੱਕੇ ਕਾਗਜ਼ਾਂ ਬਾਰੇ। ਮੈਂ ਕੈਨੇਡਾ ਤੁਹਾਡੇ ਕੋਲ ਪੱਕੇ ਤੌਰ 'ਤੇ ਰਹਿ ਪਵਾਂਗਾ।"


ਪਰ ਕੈਨੇਡਾ 'ਚ ਪੱਕਿਆਂ ਰਹਿਣ ਤੋਂ ਪਹਿਲਾਂ ਉਹ ਇਕ ਵਾਰ ਪੰਜਾਬ ਆਉਣਾ ਚਾਹੁੰਦਾ ਸੀ। 4 ਨਵੰਬਰ 2000 ਦੀ ਹਵਾਈ ਟਿਕਟ ਬੁੱਕ ਕਰਵਾ ਲਈ ਗਈ। 13 ਅਕਤੂਬਰ 2000 ਦੀ ਸ਼ਾਮ ਉਸ ਨੇ ਆਪਣੀ ਛਾਤੀ ਵਿਚ ਦਰਦ ਮਹਿਸੂਸ ਕੀਤਾ। ਉਸ ਦੀ ਨੂੰਹ ਨੇ ਪਾਣੀ ਪਿਲਾਇਆ। ਕੁਝ ਕੁ ਮਿੰਟਾਂ ਵਿਚ ਹੀ ਫੁੱਟਬਾਲ ਦੇ ਜਰਨੈਲ ਨੂੰ ਐਂਬੂਲੈਂਸ ਹਸਪਤਾਲ ਲੈ ਗਈ, ਜਿਥੇ ਏਸ਼ੀਆ ਦੇ ਸੂਰਜ ਨੇ ਕੈਨੇਡਾ ਦੀ ਧਰਤੀ ਤੋਂ ਸ਼ਾਮ ਦੇ 8:30 ਵਜੇ ਅਲਵਿਦਾ ਕਹਿ ਦਿੱਤੀ। ਉਹ ਸੂਰਜ 20 ਫਰਵਰੀ 1936 ਤੋਂ 13 ਅਕਤੂਬਰ 2000 ਤਕ ਲਿਸ਼ਕਿਆ।

ਖੇਤਾਂ ਦੇ ਇਸ ਪੁੱਤ ਦੀ ਆਖਰੀ ਖਾਹਿਸ਼ ਸੀ ਕਿ ਉਹ ਜਦੋਂ ਵੀ ਇਸ ਫਾਨੀ ਸੰਸਾਰ ਤੋਂ ਕੂਚ ਕਰੇ, ਉਸ ਦੀ ਮ੍ਰਿਤਕ ਦੇਹ ਦਾ ਸਸਕਾਰ ਪਿੰਡ ਪਨਾਮ ਵਿਚਲੇ ਉਸ ਦੇ ਖੇਤਾਂ ਵਿਚ ਕੀਤਾ ਜਾਵੇ। ਕੈਨੇਡਾ ਤੋਂ ਉਸ ਦੀ ਮ੍ਰਿਤਕ ਦੇਹ ਲਿਆ ਕੇ ਮਾਹਿਲਪੁਰ ਦੀ ਗਰਾਊਂਡ ਵਿਚ ਲੋਕਾਂ ਦੇ ਦਰਸ਼ਨਾਂ ਲਈ ਰੱਖੀ ਗਈ। ਇਹ ਉਹੀ ਗਰਾਊਂਡ

(ਬਾਕੀ ਅਗਲੇ ਸਫੇ 'ਤੇ)

# ਕੁਲਵੰਤ ਸਿੰਘ ਵਿਰਕ ਨੂੰ ਚੇਤੇ ਕਰਦਿਆਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਸ ਮਹੀਨੇ ਕੁਲਵੰਤ ਸਿੰਘ ਵਿਰਕ ਦੀ ਜਨਮ ਸ਼ਤਾਬਦੀ ਦਾ ਅਰੰਭ ਹੁੰਦਾ ਹੈ। ਉਸ ਦਾ ਜਨਮ 20 ਮਈ 1921 ਨੂੰ ਸ਼ੇਖੂਪੁਰਾ (ਪਾਕਿਸਤਾਨ) ਦੇ ਪਿੰਡ ਫੁੱਲਰਵਾਨ ਦਾ ਹੈ। ਉਹ ਪੰਜਾਬੀ ਦਾ ਸਿਰਮੌਰ ਕਹਾਣੀਕਾਰ ਸੀ। ਉਹ ਇਕੋ ਇਕ ਪੰਜਾਬੀ ਕਹਾਣੀਕਾਰ ਸੀ, ਜਿਸ ਦੀਆਂ ਅੱਧੀ ਦਰਜਣ ਕਹਾਣੀਆਂ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਹੋ ਕੇ ਉਸ ਵੇਲੇ ਦੇ ਚਰਚਿਤ ਰਸਾਲੇ 'ਇਲਸਟ੍ਰੇਟਡ ਵੀਕਲੀ ਆਫ ਇੰਡੀਆ' ਵਿਚ ਛਪੀਆਂ।

ਇਹ ਸਬੱਬ ਦੀ ਗੱਲ ਹੈ ਕਿ ਉਸ ਦੀ ਮੇਰੇ ਨਾਲ ਗੂੜ੍ਹੀ ਮਿੱਤਰਤਾ ਤੇ ਸਾਹਿਤਕ ਸਾਂਝ ਰਹੀ ਹੈ। ਮੇਰਾ ਪਹਿਲਾ ਕਹਾਣੀ ਸੰਗ੍ਰਹਿ 'ਹੁਸਨ ਦੇ ਹਾਣੀ' ਉਸ ਨੂੰ ਸਮਰਪਿਤ ਸੀ। ਮੈਂ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਸੰਚਾਰ ਕੇਂਦਰ ਵਿਚ ਉਸ ਦਾ ਉੱਤਰਾਧਿਕਾਰੀ ਵੀ ਰਿਹਾ, ਪ੍ਰੋਫੈਸਰ ਤੇ ਮੁਖੀ ਵਜੋਂ। ਨਵੀਂ ਦਿੱਲੀ ਰਹਿੰਦਿਆਂ ਜਦੋਂ ਕਦੀ ਵੀ ਉਸ ਦੀ ਕਹਾਣੀ ਅੰਗਰੇਜ਼ੀ ਵਿਚ ਛਪਦੀ ਜਾਂ ਕਿਸੇ ਕਹਾਣੀ ਉੱਤੇ ਟੈਲੀ ਫਿਲਮ ਬਣਦੀ ਤਾਂ ਪੜ੍ਹਨ ਵੇਖਣ ਵਾਲੇ ਮੈਨੂੰ ਰਾਹ ਜਾਂਦੇ ਨੂੰ ਰੋਕ ਕੇ ਇੰਜ ਵਧਾਈਆਂ ਦੇਣ ਲਗਦੇ, ਜਿਵੇਂ ਉਸ ਕਹਾਣੀ ਦਾ ਰਚਨਹਾਰਾ ਮੈਂ ਖੁਦ ਹੀ ਹੋਵਾਂ।

ਵਿਰਕ ਦੀ ਕਹਾਣੀ ਕਲਾ ਖਾਲਸ ਵੀ ਹੈ ਤੇ ਸਬੂਤੀ ਵੀ। ਉਸ ਨੇ ਜੀਵਨ ਦੇ ਸੱਚ ਨੂੰ ਜਿਉਂ ਦਾ ਤਿਉਂ ਫੜਿਆ ਤੇ ਪਾਠਕਾਂ ਦੀ ਨਜ਼ਰ ਕੀਤਾ ਹੈ। ਪੜ੍ਹਨ ਵਾਲੇ ਨੂੰ ਏਦਾਂ ਜਾਪਦਾ ਹੈ, ਜਿਵੇਂ ਉਹ ਖੁਦ ਉਸ ਸਥਿਤੀ 'ਚੋਂ ਲੰਘ ਰਿਹਾ ਹੈ, ਜਿਸ ਵਿਚੋਂ ਵਿਰਕ ਦੀ ਕਹਾਣੀ ਦਾ ਨਾਇਕ ਜਾਂ ਕੋਈ ਹੋਰ ਪਾਤਰ।

ਉਹ ਵਧੇਰੇ ਕਰਕੇ ਦੇਸ਼ ਵੰਡ ਦੀਆਂ ਕਹਾਣੀਆਂ ਸਦਕਾ ਜਾਣਿਆ ਜਾਂਦਾ ਹੈ। ਦੇਸ਼ ਵੰਡ ਨੇ ਉਸ ਦੇ ਪਰਿਵਾਰ ਨੂੰ ਸ਼ੇਖੂਪੁਰਾ ਤੋਂ ਪੁੱਟ ਕੇ ਹਰਿਆਣਾ ਦੇ ਕਰਨਾਲ ਜਿਲੇ ਵਿਚ ਲਿਆ ਗੱਡਿਆ। ਉਨ੍ਹਾਂ ਦੇ ਪੈਰ ਉਥੇ ਪੂਰੀ ਤਰ੍ਹਾਂ ਜੰਮੇ ਨਹੀਂ ਸਨ ਕਿ ਉਹ ਉਥੋਂ ਵਾਲੀ ਭੋਇੰ ਵੇਚ ਕੇ ਉਤਰ ਪ੍ਰਦੇਸ਼ ਦੇ ਰੁਦਰਪੁਰ-ਪੰਤਨਗਰ ਇਲਾਕੇ ਵਿਚ ਜਾ ਵਸੇ। 'ਓਪਰੀ ਧਰਤੀ', 'ਖੱਬਲ', 'ਮੈਨੂੰ ਜਾਣਨੈ' ਤੇ 'ਮੁਰਦੇ ਦੀ ਤਾਕਤ' ਨਾਂ ਦੀਆਂ ਕਹਾਣੀਆਂ ਦੇਸ਼ ਵੰਡ ਦੇ ਦੁੱਖਾਂ ਦਾ ਸੱਚ ਨਿਤਾਰਦੀਆਂ ਹਨ।

ਪਰ ਵਿਰਕ ਨੂੰ ਦੇਸ਼ ਵੰਡ ਦੀਆਂ ਕਹਾਣੀਆਂ ਤੱਕ ਸੀਮਤ ਕਰਨਾ ਠੀਕ ਨਹੀਂ। ਉਸ ਨੇ ਦੇਸ਼ ਵੰਡ ਤੋਂ ਪਹਿਲਾਂ ਓਧਰਲੇ ਪੰਜਾਬ ਦੀ ਪੇਂਡੂ ਮਾਣ-ਮਰਿਆਦਾ, ਪਰਿਵਾਰਕ ਸਾਂਝਾਂ ਤੇ ਜਾਤ-ਗੋਤ ਦੇ ਗੌਰਵ ਨੂੰ ਵੀ ਫੜਿਆ ਅਤੇ ਦੇਸ਼ ਵੰਡ ਤੋਂ ਪਿੱਛੋਂ ਦੇ ਮੁੜ ਵਸੇਵੇਂ ਦੀ ਖੱਜਲ-ਖੁਆਰੀ ਨੂੰ ਵੀ। ਸੁਤੰਤਰਤਾ ਪ੍ਰਾਪਤੀ ਪਿੱਛੋਂ ਮਹਿਲਾ ਵਿਕਾਸ ਦੀ ਬਾਤ ਪਾਉਂਦੀਆਂ 'ਨਮਸਕਾਰ' ਤੇ 'ਸ਼ੇਰਨੀਆਂ' ਨਾਮੀ ਕਹਾਣੀਆਂ ਉਨ੍ਹਾਂ ਸਮਿਆਂ ਦੇ ਪਾਠਕਾਂ ਦੀ ਜ਼ੁਬਾਨ ਉਤੇ ਤਾਂ ਸਨ ਹੀ, ਅੱਜ ਵੀ ਹਨ।

ਆਪਣੀ ਉਮਰ ਦੇ ਅੰਤ ਦੇ ਵਰ੍ਹਿਆਂ ਵਿਚ ਉਸ ਨੂੰ ਚੰਡੀਗੜ੍ਹ ਤੇ ਨਵੀਂ ਦਿੱਲੀ ਵਰਗੇ ਮਹਾਨਗਰਾਂ ਵਿਚ ਰਹਿਣਾ ਪਿਆ ਤਾਂ ਉਸ ਨੇ 'ਘੁੰਡ', 'ਰਸਭਰੀਆ' ਤੇ 'ਨਵੇਂ ਲੋਕ' ਵਰਗੀਆਂ ਹਰਮਨ ਪਿਆਰੀਆਂ ਕਹਾਣੀਆਂ ਲਿਖੀਆਂ। 'ਨਵੇਂ ਲੋਕ' ਵਾਲੇ ਕਹਾਣੀ ਸੰਗ੍ਰਹਿ ਨੂੰ ਕੇਂਦਰੀ ਸਾਹਿਤ ਅਕਾਡਮੀ ਦਾ ਗੌਰਵਮਈ ਪੁਰਸਕਾਰ ਮਿਲਿਆ। ਉਂਜ 'ਤੂੜੀ ਦੀ ਪੰਡ' ਤੇ 'ਧਰਤੀ ਹੇਠਲਾ ਬਲਦ' ਉਸ ਦੀਆਂ ਲਾਜਵਾਬ ਕਹਾਣੀਆਂ ਹਨ। ਵਿਰਕ ਦੀ ਜੀਵਨ ਦ੍ਰਿਸ਼ਟੀ ਤੇ ਕਹਾਣੀ ਕਲਾ ਦਾ ਲੋਹਾ ਉਸ ਤੋਂ ਵਡੇਰੇ ਲੇਖਕ ਸੰਤ ਸਿੰਘ ਸੇਖੋਂ ਤੇ ਕਰਤਾਰ ਸਿੰਘ ਦੁੱਗਲ ਵੀ ਮੰਨਦੇ ਸਨ। ਸਾਹਿਤ ਅਕਾਦਮੀ ਲਈ ਉਨ੍ਹਾਂ ਦੋਹਾਂ ਵਲੋਂ ਲਿਖੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕੁਲਵੰਤ ਸਿੰਘ ਵਿਰਕ ਨੂੰ ਮਾਣਯੋਗ ਸਥਾਨ ਦਿੱਤਾ ਗਿਆ ਹੈ।

ਇਹ ਸੱਚ ਹੈ ਕਿ ਵਿਰਕ ਆਪਣੇ ਸਮਕਾਲੀਆਂ ਜਿੰਨੀ ਲੰਮੀ ਉਮਰ ਨਹੀਂ ਜੀਵਿਆ ਤੇ 67 ਵਰ੍ਹੇ ਦੀ ਉਮਰ ਵਿਚ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਿਆ, ਪਰ ਉਸ ਦੀ ਕਹਾਣੀ ਕਲਾ ਉਸ ਨੂੰ ਸਦਾ ਸਿਖਰਾਂ ਉੱਤੇ ਰੱਖੇਗੀ। ਐਵੇਂ ਤਾਂ ਨਹੀਂ ਅੱਜ ਦੇ ਦਿਨ ਪੰਜਾਬ ਦੇ ਵੱਡੇ ਸਮਾਚਾਰ ਪੱਤਰ ਤੇ ਪੰਜਾਬ ਦੀਆਂ ਪ੍ਰਮੁਖ ਵਿਦਿਅਕ ਸੰਸਥਾਵਾਂ ਉਸ ਦੇ ਅਕਾਲ ਚਲਾਣੇ ਤੋਂ 33 ਸਾਲ ਪਿੱਛੋਂ ਵੀ ਉਸ ਨੂੰ ਸ਼ਰਧਾਂਜਲੀ ਪੇਸ਼ ਕਰ ਰਹੀਆਂ ਹਨ। 20 ਮਈ ਵਾਲੇ ਦਿਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਰਚਾਏ ਇਕ ਪ੍ਰੋਗਰਾਮ ਵਿਚ ਡਾ. ਬਲਦੇਵ ਸਿੰਘ ਧਾਲੀਵਾਲ ਨੇ ਉਸ ਦੀ ਕਹਾਣੀ ਕਲਾ ਦੇ ਉਹ ਗੁਣ ਨਿਤਾਰੇ, ਜੋ ਕਿਸੇ ਵੀ ਆਲੋਚਕ ਨੇ ਨਹੀਂ ਸਨ ਫੜੇ। ਇਸ ਪ੍ਰੋਗਰਾਮ ਦਾ ਮੁੱਖ ਮਹਿਮਾਨ ਫੁੱਲਰਵਾਨ ਪਿੰਡ ਦਾ ਜੰਮਪਲ ਕਿਰਪਾਲ ਕਜ਼ਾਕ ਸੀ। ਯੂਨੀਵਰਸਿਟੀ ਜੂਨ ਮਹੀਨੇ ਵਿਰਕ ਦੀ ਦੇਣ ਅਤੇ ਪ੍ਰਾਪਤੀਆਂ ਉੱਤੇ ਵੱਡਾ ਸੈਮੀਨਾਰ ਰਚਾ ਰਹੀ ਹੈ ਤੇ ਦੂਰਦਰਸ਼ਨ ਜਲੰਧਰ ਵਾਲੇ ਵੀ ਇੱਕ ਮਹੱਤਵਪੂਰਨ ਪ੍ਰੋਗਰਾਮ ਵਿਉਂਤ ਰਹੇ ਹਨ। ਪੰਜਾਬ ਆਰਟਸ ਕੌਂਸਲ ਦੀ ਆਰਟ ਗੈਲਰੀ ਵਿਚ ਵਿਰਕ ਦੀ ਫੋਟੋ ਪੰਜਾਬ ਦੇ ਵੱਡੇ ਉਸਰੱਈਆਂ ਦੇ ਬਰਾਬਰ ਸ਼ੁਸ਼ੋਭਿਤ ਹੈ। ਕੁਲਵੰਤ ਸਿੰਘ ਵਿਰਕ ਤੇ ਉਸ ਦੀ ਰਚਨਾਕਾਰੀ ਜ਼ਿੰਦਾਬਾਦ!

**ਕਰੋਨਾ ਮਹਾਮਾਰੀ ਦੀ ਕਰੋਪੀ ਦਾ ਇੱਕ ਪੰਨਾ ਹੋਰ:** ਕਰੋਨਾ ਦਾ ਕਹਿਰ ਇਸ ਹਫਤੇ ਵੀ ਜਾਰੀ ਰਿਹਾ। ਰੰਗ ਮੰਚ ਦੇ ਬਹੁਰੰਗੀ, ਬਹੁਪਰਤੀ ਦੇ ਬੇਪਰਵਾਹ ਜਿਊੜੇ ਗੁਰਚਰਨ ਸਿੰਘ ਚੰਨੀ ਦਾ ਤੁਰ ਜਾਣਾ ਪੀੜਤ ਵਰਗ ਨੂੰ ਉਹਦੇ ਵਲੋਂ ਵੰਡੇ ਹਾਸਿਆਂ ਨੂੰ ਵੀ ਚੇਤੇ ਕਰਾਉਂਦਾ ਹੈ ਤੇ ਉਸ ਦੇ ਇਸ ਦਾਅਵੇ ਉਤੇ ਵੀ ਮੋਹਰ ਲਾਉਂਦਾ ਹੈ, ਜੋ ਉਸ ਨੇ ਆਪਣੀ ਪੇਸ਼ਕਾਰੀ 'ਜ਼ਿੰਦਗੀ ਰਿਟਾਇਰ ਨਹੀਂ ਹੁੰਦੀ' ਵਿਚ ਜਤਾਇਆ ਸੀ। ਉਹ ਅੰਤਲੇ ਸਾਹ ਲੈਣ ਤੱਕ ਹਸਪਤਾਲਾਂ ਦੇ ਮਰੀਜ਼ਾਂ ਨੂੰ ਹੀ ਨਹੀਂ, ਬਾਹਰ ਦੇ ਦੁਖੀਆਂ ਨੂੰ ਵੀ ਆਪੋ ਆਪਣੇ ਦੁੱਖਾਂ ਨਾਲ ਦੋ-ਚਾਰ ਹੋਣ ਦਾ ਵਲ ਦਸਦਾ ਰਿਹਾ। ਇਸੇ ਤਰ੍ਹਾਂ ਦੇਸ਼ ਭਗਤ ਵਿਰਸੇ ਦਾ ਪਹਿਰੇਦਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਭਤੀਜਾ ਅਭੈ ਸਿੰਘ ਸੰਧੂ ਆਪਣੀ ਮਾੜੀ ਸਿਹਤ ਦੀ ਪਰਵਾਹ ਕੀਤੇ ਬਿਨਾ ਦਿੱਲੀ ਬਾਰਡਰ 'ਤੇ ਬੈਠੇ ਕਿਸਾਨ ਅੰਦੋਲਨਕਾਰੀਆਂ ਨੂੰ ਹੱਲਾਸ਼ੇਰੀ ਦੇਣ ਜਾਂਦਾ ਰਿਹਾ। ਮਾਲਵੇ ਦਾ ਲੋਕ ਗੀਤ ਰਚਨਾਕਾਰ ਮਹਿੰਦਰ ਸਾਥੀ ਵੀ ਮਸ਼ਾਲਾਂ ਬਾਲ ਕੇ ਚੱਲਣ ਦਾ ਸੁਨੇਹਾ ਦਿੰਦਾ ਉਨ੍ਹਾਂ ਨਾਲ ਜਾ ਰਲਿਆ ਹੈ।



ਗੁਰਚਰਨ ਸਿੰਘ ਚੰਨੀ

ਅਸੀਂ ਆਪਣੇ ਮਨ ਨੂੰ ਤਸੱਲੀ ਦੇਣ ਲਈ ਪਬਲਿਕ ਰਿਲੇਸ਼ਨ ਦੇ ਮਾਹਰ ਵਜੋਂ ਜਾਣੇ ਜਾਂਦੇ ਅਜੋਕੇ ਸੰਸਦ ਮੈਂਬਰ ਤਰਲੋਚਨ ਸਿੰਘ ਤੇ ਸਵਰਗਵਾਸੀ ਚੰਨੀ ਦੀ ਪਤਨੀ ਹਰਲੀਨ ਕੋਹਲੀ ਨੂੰ ਚੇਤੇ ਕਰ ਆਪਣੇ ਘਰੀਂ ਪਰਤ ਆਏ ਹਾਂ। ਤਰਲੋਚਨ ਸਿੰਘ ਅਪਣੀ ਬੇਟੀ ਕੋਲ ਚੰਡੀਗੜ੍ਹ ਹੈ ਤੇ ਹਰਲੀਨ ਆਪਣੇ ਘਰ, ਜਿਥੇ ਰਹਿ ਕੇ ਚੰਨੀ ਮੱਲਾਂ ਮਾਰਦਾ ਰਿਹਾ ਹੈ। ਇਹ ਕੋਈ ਦਿਲਾਸਾ ਤਾਂ ਨਹੀਂ, ਫੇਰ ਵੀ।

**ਅੰਤਿਕਾ: ਮਹਿੰਦਰ ਸਾਥੀ**

ਰਗੜ ਮੱਥਾ ਤੂੰ ਮਸਜਿਦ ਵਿਚ
ਜਾਂ ਮੰਦਰ ਨੂੰ ਤੂੰ ਕਰ ਸਿਜਦੇ,
ਤੇਰੇ ਦੁੱਖਾਂ ਨਹੀਂ ਮੁਕਣਾ
ਜਦੋਂ ਤੱਕ ਰਾਤ ਬਾਕੀ ਹੈ।
ਨਹੀਂ ਫਰਿਆਦ ਦਾ ਫਾਇਦਾ
ਹਨੇਰੇ ਦੀ ਅਦਾਲਤ ਵਿਚ,
ਤੂੰ ਕਰ ਸੰਗਰਾਮ ਐ 'ਸਾਥੀ'
ਜਦੋਂ ਤੱਕ ਰਾਤ ਬਾਕੀ ਹੈ।

# ਕਿਸਾਨ ਲਹਿਰ ਦਾ ਸ਼ਾਨਦਾਰ ਸਿਪਾਹੀ

ਡਾ. ਦਰਸ਼ਨ ਪਾਲ
ਫੋਨ: 91- 94172-69294

ਪਟਿਆਲਾ ਨੇੜਲੇ ਪਿੰਡ ਝੰਡੀ ਦਾ ਮੇਜਰ ਖਾਨ (15 ਮਾਰਚ 1974-17 ਮਈ 2021) ਕਿਸਾਨ ਲਹਿਰ ਦਾ ਸ਼ਾਨਦਾਰ ਸਿਪਾਹੀ ਸੀ। ਕਿਸਾਨ ਸੰਘਰਸ਼ ਦੇ ਆਰੰਭ ਤੋਂ ਹੀ ਉਹ ਦਿੱਲੀ ਦੇ ਸਿੰਘੂ/ਕੁੰਡਲੀ ਬਾਰਡਰ ਤੇ ਡਟਿਆ ਹੋਇਆ ਸੀ। 26 ਨਵੰਬਰ 2020 ਨੂੰ ਉਹ ਪੰਜਾਬ-ਹਰਿਆਣਾ ਦੇ ਧਰਮੇੜੀ-ਚੀਕਾ ਬਾਰਡਰ ਤੋਂ ਕਿਸਾਨਾਂ ਦੇ ਕਾਫ਼ਲੇ ਨਾਲ ਦਿੱਲੀ ਗਿਆ ਸੀ ਤੇ ਉਸ ਤੋਂ ਬਾਅਦ ਕਦੇ ਵੀ ਘਰ ਵਾਪਸ ਨਹੀਂ ਆਇਆ। ਟਰਾਲੀ ਨੂੰ ਹੀ ਆਪਣਾ ਘਰ ਬਣਾ ਲਿਆ ਸੀ। ਮੇਜਰ ਖਾਨ ਉਨ੍ਹਾਂ ਬਹਾਦਰ ਅੰਦੋਲਨਕਾਰੀਆਂ ਵਿਚੋਂ ਸੀ ਜਿਨ੍ਹਾਂ ਨੇ ਅਹਿਦ ਕੀਤਾ ਹੋਇਆ ਸੀ ਕਿ ਘੋਲ ਜਿੱਤ ਕੇ ਹੀ ਘਰਾਂ ਨੂੰ ਵਾਪਸ ਮੁੜਨਾ ਹੈ। ਉਸ ਨੇ ਆਪਣੀ ਜਿੰਦ-ਜਾਨ ਤੱਕ ਅੰਦੋਲਨ ਨੂੰ ਹੀ ਸਮਰਪਿਤ ਕੀਤੀ ਹੋਈ ਸੀ।

ਮੇਜਰ ਖਾਨ ਸਾਧਾਰਨ ਆਰਥਿਕ ਮਿਆਰ ਵਾਲੇ ਪਰਿਵਾਰ ਵਿਚੋਂ ਸੀ ਜਿਸ ਨੇ 23 ਸਾਲ ਫੌਜ ਵਿਚ ਨੌਕਰੀ ਕੀਤੀ। ਮੇਜਰ ਖਾਨ ਦਾ ਸੁਭਾਅ ਲੋਕ ਸੇਵਾ ਵਾਲਾ ਹੋਣ ਕਰ ਕੇ ਉਸ ਦਾ ਕਿਸਾਨ ਲਹਿਰ ਵੱਲ ਖਿੱਚਿਆ ਜਾਣਾ ਸੁਭਾਵਿਕ ਹੀ ਸੀ। ਮੇਜਰ ਖਾਨ ਦਾ ਮਾਮਾ ਕਿਸ਼ੋਰੀ ਜੋ ਨੇਤਰਹੀਣ ਸੀ ਅਤੇ ਬੜੀ ਡੂੰਘੀ ਸੂਝ ਤੇ ਅਗਾਂਹਵਧੂ ਵਿਚਾਰਧਾਰਾ ਦਾ ਮਾਲਕ ਸੀ, ਰਾਸ਼ਟਰੀ ਨੇਤਰਹੀਣ ਸੰਘਰਸ਼ ਸਮਿਤੀ ਦਾ ਪ੍ਰਧਾਨ ਸੀ। ਉਸ ਨੇ ਨੇਤਰਹੀਣਾਂ ਦੀ ਸਮਾਜਿਕ ਬਿਹਤਰੀ ਲਈ ਬਹੁਤ ਸਾਰੇ ਸੰਘਰਸ਼ਾਂ ਦੀ ਅਗਵਾਈ ਕੀਤੀ ਸੀ ਅਤੇ ਜੇਲ੍ਹਾਂ ਵੀ ਕੱਟੀਆਂ ਸਨ। ਮੇਜਰ ਖਾਨ ਨੇ ਆਪਣੇ ਉਸ ਮਾਮੇ ਤੋਂ ਬਹੁਤ ਕੁਝ ਗ੍ਰਹਿਣ ਕੀਤਾ ਹੋਇਆ ਸੀ। ਸੋ, ਸਮਾਜਿਕ ਸਰੋਕਾਰਾਂ ਬਾਰੇ ਮੇਜਰ ਖਾਨ ਵਿਚ ਅਚੇਤ ਹੀ ਚੇਤਨਾ ਵਿਕਸਿਤ ਹੋ ਗਈ ਅਤੇ ਉਹ ਕਿਸਾਨਾਂ-ਮਜ਼ਦੂਰਾਂ ਦੀ ਲੋਕ ਫੌਜ ਦਾ ਸੈਨਿਕ ਬਣ ਗਿਆ।

ਪੰਜਾਬ ਵਿਚ ਜਦੋਂ ਪਿਛਲੇ ਸਾਲ ਤਿੰਨ ਖੇਤੀ ਆਰਡੀਨੈਂਸਾਂ ਨੂੰ ਲੈ ਕੇ ਸੰਘਰਸ਼ ਸ਼ੁਰੂ ਹੋਇਆ ਤਾਂ ਮੇਜਰ ਖਾਨ ਇਸ ਸੰਘਰਸ਼ ਵਿਚ ਦਿਨ ਰਾਤ ਇਕ ਕਰ ਕੇ ਜੁੜ ਗਿਆ। ਉਨ੍ਹਾਂ ਹੀ ਦਿਨਾਂ ਵਿਚ ਉਸ ਨੇ ਮੇਰੇ ਨਾਲ ਆਪਣੀ ਨੇੜਤਾ ਹੋਰ ਵਧਾ ਲਈ ਅਤੇ ਸਾਡੀ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵਿਚ ਬਾਕਾਇਦਾ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਇੱਛਾ ਜ਼ਾਹਿਰ ਕੀਤੀ। ਫੌਜ ਵਿਚ ਰਿਹਾ ਹੋਣ ਕਰ ਕੇ ਬਾ-ਜ਼ਾਬਤਾ ਕੰਮ ਕਰਨ ਵਿਚ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਬੈਠਾ ਉਹ ਹਮੇਸ਼ਾ ਆਪਣੇ ਘਰਦਿਆਂ/ਰਿਸ਼ਤੇਦਾਰਾਂ ਨੂੰ ਕਹਿੰਦਾ, "ਮੈਂ ਉਦੋਂ ਹੀ ਘਰ ਵਾਪਸ ਆਵਾਂਗਾ ਜਦੋਂ ਕਿਸਾਨਾਂ ਦੀ ਮੁਕੰਮਲ ਜਿੱਤ ਹੋ ਜਾਵੇਗੀ।" ਮੈਨੂੰ ਯਾਦ ਹੈ, ਘਰ ਵਿਚੋਂ ਉਸ ਦੇ ਚਾਚੇ ਦੀ ਪੋਤੀ (ਖਾਨ ਦੀ ਭਤੀਜੀ) ਦਾ ਵਿਆਹ ਸੀ, ਉਸ ਨੇ ਕਿਹਾ, "ਜਦੋਂ ਮੈਂ ਫੌਜ ਵਿਚ ਸੀ, ਉਦੋਂ ਵੀ ਤਾਂ ਘਰ ਦੇ ਬਹੁਤ ਸਾਰੇ ਕਾਰ-ਵਿਹਾਰ ਮੈਥੋਂ ਬਿਨਾਂ ਹੋ ਜਾਂਦੇ ਸਨ।"

ਮੇਜਰ ਖਾਨ ਆਪਣੇ ਸੁਭਾਅ ਅਤੇ ਸਾਫ਼ ਚਰਿੱਤਰ ਕਰ ਕੇ ਥੋੜ੍ਹੇ ਸਮੇਂ ਵਿਚ ਹੀ ਆਪਣੇ ਇਲਾਕੇ ਦੇ ਕਿਸਾਨਾਂ, ਮਜ਼ਦੂਰਾਂ, ਬਜ਼ੁਰਗਾਂ, ਨੌਜਵਾਨਾਂ, ਔਰਤਾਂ, ਬੱਚਿਆਂ ਵਿਚ ਹਰਮਨ ਪਿਆਰਾ ਹੋ ਗਿਆ। ਦਿੱਲੀ ਬੈਠਿਆਂ ਉਹ ਮੋਰਚੇ ਵਿਚ ਜਥਿਆਂ ਦੇ ਪਹੁੰਚਣ ਦੀ ਗਰੰਟੀ ਕਰਦਾ। ਬਿਮਾਰ ਹੋਣ ਤੋਂ ਕੁਝ ਦਿਨ ਪਹਿਲਾਂ ਉਸ ਨੇ ਆਪਣੇ ਪਿੰਡੋਂ 15-16 ਔਰਤਾਂ ਦਾ ਜਥਾ ਸਿੰਘੂ ਬਾਰਡਰ ਮੰਗਵਾਇਆ। ਇਸ ਜਥੇ ਵਿਚ ਉਸ ਦੀ ਆਪਣੀ ਮਾਤਾ ਗੌਰਾਂ ਵੀ ਸੀ। ਇਹ ਜਥਾ ਦਸ ਦਿਨ ਮੋਰਚੇ ਵਿਚ ਰਿਹਾ। ਇਕ ਘਟਨਾ ਯਾਦ ਹੈ ਕਿ ਉਸ ਨੇ ਫੰਡਾਂ ਦਾ ਵਿਸ਼ੇਸ਼ ਪ੍ਰਬੰਧ ਕਰ ਕੇ ਝੰਡੀ ਪਿੰਡ ਵਿਚ ਸਮਾਗਮ ਕਰ ਕੇ ਸਾਰੀਆਂ ਬੀਬੀਆਂ ਦਾ ਹਰੇ ਰੰਗ ਦੇ ਪਟਕੇ ਪਵਾ ਕੇ ਸਨਮਾਨ ਸਮਾਰੋਹ ਕੀਤਾ।

ਮੇਰੇ ਨਾਲ ਮੇਜਰ ਖਾਨ ਦਾ ਭਾਵੁਕ ਰਿਸ਼ਤਾ ਵੀ ਸੀ। ਮੇਰੇ ਅਤੇ ਮੇਜਰ ਖਾਨ ਦੇ ਨਾਨਕੇ ਇਕੋ ਪਿੰਡ ਹੋਣ ਕਾਰਨ ਉਹ ਮੇਰੇ ਨਾਲ ਬੜੀ ਜਜ਼ਬਾਤੀ ਜਿਹੀ ਸਾਂਝ ਰੱਖਦਾ। ਮੈਨੂੰ ਤੇ ਮੇਰੇ ਹਰ ਜਾਣ-ਪਛਾਣ ਵਾਲੇ ਨੂੰ ਉਹ ਮਾਮਾ ਹੀ ਆਖਦਾ। ਮੇਜਰ ਖਾਨ ਸੁਭਾਅ ਪੱਖੋਂ ਅੰਤਾਂ ਦਾ ਮਿੱਠਬੋਲੜਾ, ਖੁਸ਼ ਤਬੀਅਤ ਅਤੇ ਮਦਦਗਾਰ ਸੀ। ਇਹੋ ਵਜ੍ਹਾ ਹੈ ਕਿ ਉਹ ਥੋੜ੍ਹੇ ਜਿਹੇ ਸਮੇਂ ਵਿਚ ਹੀ ਆਪਣੇ ਭਾਈਚਾਰੇ, ਇਲਾਕੇ ਅਤੇ ਹੁਣ ਸਿੰਘੂ ਬਾਰਡਰ 'ਤੇ ਤਾਇਨਾਤ ਆਪਣੇ ਸਾਥੀ ਨੇਤਾਵਾਂ ਅਤੇ ਮੀਡੀਆ ਕਰਮੀਆਂ ਵਿਚ ਵੀ ਬਹੁਤ ਹਰਮਨ ਪਿਆਰਾ ਹੋ ਗਿਆ ਸੀ। ਉਹ ਆਪਣੇ ਸਾਥੀਆਂ ਦੀ ਹਰ ਲੋੜ ਦਾ ਪੂਰਾ ਧਿਆਨ ਰੱਖਦਾ ਤੇ ਨਿਰਸੁਆਰਥ ਦੂਜਿਆਂ ਦੀ ਮਦਦ ਕਰਦਾ।

ਉਸ ਦੇ ਤੁਰ ਜਾਣ ਨਾਲ ਕਿਸਾਨ ਲਹਿਰ ਨੂੰ ਵੱਡਾ ਘਾਟਾ ਪਿਆ ਹੈ। ਸੰਯੁਕਤ ਪਰਿਵਾਰ 'ਚ ਉਹ ਇਕੱਲਾ ਅਗਵਾਈ ਕਰਨ ਵਾਲਾ ਜ਼ਿੰਮੇਵਾਰ ਸ਼ਖਸ ਸੀ। ਦੋ ਬੱਚੇ (ਪੁੱਤਰ ਤੇ ਪੁੱਤਰੀ) ਅਜੇ ਕਾਲਜ ਦੀ ਪੜ੍ਹਾਈ ਕਰ ਰਹੇ ਹਨ। ਇਕ ਵਿਧਵਾ ਭੈਣ ਦੇ ਪਰਿਵਾਰ ਦੀ ਜ਼ਿੰਮੇਵਾਰੀ ਵੀ ਮੇਜਰ ਖਾਨ ਦੇ ਸਿਰ ਸੀ। ਪਿਤਾ ਜੈਮਲ ਖਾਨ ਦੀ ਅਣਹੋਂਦ ਕਾਰਨ ਮਾਤਾ ਗੌਰਾਂ ਦੀ ਜ਼ਿੰਮੇਵਾਰੀ ਵੀ ਮੇਜਰ ਖਾਨ ਉਪਰ ਹੀ ਸੀ। ਇਨ੍ਹਾਂ ਸਾਰੀਆਂ ਮਜਬੂਰੀਆਂ ਦੇ ਬਾਵਜੂਦ ਮੇਜਰ ਖਾਨ ਕਿਸਾਨ ਅੰਦੋਲਨ 'ਚ ਕੁੱਦਿਆ ਤੇ ਜਾਨ ਵਾਰ ਗਿਆ।

ਉਹ ਰੋਜ਼ਾਨਾ ਖੂਬਸੂਰਤ ਹਰੀ ਪੱਗ ਬੰਨ੍ਹ ਕੇ, ਗਲ ਵਿਚ ਹਰਾ ਪਟਕਾ ਪਾ ਕੇ ਪੂਰੇ ਮੋਰਚੇ ਦਾ ਗੇੜਾ ਲਾਉਂਦਾ ਤੇ ਕਿਸਾਨਾਂ ਵਿਚ ਚਲ ਰਹੀ ਬਹਿਸ/ਚਰਚਾ ਵਿਚ ਭਾਗ ਲੈਂਦਾ, ਸਾਡੇ ਨਾਲ ਵੀ ਸੰਵਾਦ ਰਚਾਉਂਦਾ; ਇਥੋਂ ਤੱਕ ਕਿ ਟਰਾਲੀਆਂ, ਟੈਂਟਾਂ, ਝੁੱਗੀਆਂ ਅੰਦਰ ਰਹਿ ਰਹੇ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣਦਾ ਅਤੇ ਹੱਲ ਕਰਨ ਦੀ ਹਰ ਵਾਹ ਲਾਉਂਦਾ।

ਸਾਨੂੰ ਨਹੀਂ ਸੀ ਪਤਾ ਕਿ ਜੋਸ਼, ਉਤਸ਼ਾਹ, ਹੁਲਾਸ ਅਤੇ ਉਮਾਹ ਨਾਲ ਭਰਿਆ ਇਹ ਇਨਸਾਨ ਸਾਡੇ ਕੋਲੋਂ ਛੇਤੀ ਹੀ ਵਿਛੜਨ ਵਾਲਾ ਹੈ। ਮਈ ਦਾ ਮਹੀਨਾ ਚੜ੍ਹਦਿਆਂ ਹੀ ਉਹਨੂੰ ਥੋੜ੍ਹਾ ਬੁਖ਼ਾਰ ਹੋਇਆ, ਟੈਸਟਾਂ ਦੌਰਾਨ ਟਾਈਫਾਈਡ ਆਇਆ ਅਤੇ 7 ਮਈ ਨੂੰ ਐਂਬੂਲੈਂਸ ਰਾਹੀਂ ਪਟਿਆਲਾ ਦੇ ਕੋਲੰਬੀਆ ਏਸ਼ੀਆ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਗਿਆ। ਹਰ ਸੰਭਵ ਕੋਸ਼ਿਸ਼ ਤੋਂ ਬਾਅਦ 17 ਮਈ ਨੂੰ ਉਹ ਸਦਾ ਲਈ ਵਿਛੜ ਗਿਆ। ਮੇਜਰ ਖਾਨ ਸਾਡੇ 475 ਸ਼ਹੀਦ ਕਿਸਾਨਾਂ ਦੀ ਸ਼ਾਨਾਮੱਤੀ ਲੜੀ ਦਾ ਹਿੱਸਾ ਬਣ ਗਿਆ ਜੋ ਕਿਸਾਨ ਮੋਰਚੇ ਵਿਚ ਸ਼ਹੀਦ ਹੋਏ ਹਨ।

# ਕਾਵਿਕ ਖੇਡ ਸ਼ੈਲੀ ਵਾਲਾ ਚਰਨਜੀਤ ਪੱਡਾ

*(ਪਿਛਲੇ ਸਫੇ ਦੀ ਬਾਕੀ)*

ਸੀ, ਜਿਸ ਵਿਚੋਂ ਉਹ ਫੁੱਟਬਾਲ ਦੇ ਤੇਜ਼-ਤਰਾਰ ਘੋੜੇ 'ਤੇ ਸਵਾਰ ਹੋਇਆ ਸੀ। ਦੁਨੀਆਂ ਦਾ ਚੱਕਰ ਕੱਟ ਕੇ ਅੱਜ ਉਹ ਆਪਣੀ ਮਾਂ ਗਰਾਊਂਡ ਦੀ ਗੋਦੀ ਵਿਚ ਗੂੜ੍ਹੀ ਨੀਂਦੇ ਆ ਸੁੱਤਾ ਸੀ। ਫਿਰ ਜਰਨੈਲ ਸਿੰਘ ਦੀ ਅੰਤਿਮ ਇੱਛਾ ਅਨੁਸਾਰ ਮ੍ਰਿਤਕ ਦੇਹ ਨੂੰ ਪਿੰਡ ਪਨਾਮ ਵਿਖੇ ਉਸ ਦੇ ਖੇਤਾਂ ਵਿਚ ਲਿਜਾਇਆ ਗਿਆ। ਹਰਸ਼ਮੋਹਣ ਨੇ ਪਿਤਾ ਦੀ ਚਿਤਾ ਨੂੰ ਅਗਨ ਭੇਟ ਕੀਤੀ। ਸੂਰਜ ਅਸਤ ਹੋ ਚੁਕਾ ਸੀ, ਪਰ ਲਾਲੀ ਅਜੇ ਵੀ ਲਿਸ਼ਕ ਰਹੀ ਸੀ।

---

## 'ਪੰਜਾਬ ਦੇ ਕੋਹੇਨੂਰ' ਵਿਚੋਂ

...ਆਪਣੇ ਜੁਆਨ ਜਹਾਨ ਪੁੱਤਰ ਜਗਮੋਹਣ ਦੀ ਖੁਦਕੁਸ਼ੀ ਅਤੇ ਪਤਨੀ ਤੇ ਨੌਜੁਆਨ ਜੁਆਈ ਦੇ ਗੁਜ਼ਰ ਜਾਣ ਪਿੱਛੋਂ ਜਰਨੈਲ ਸਿੰਘ ਨੇ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਤਾਂ ਕੀਤੀ, ਪਰ ਕਾਮਯਾਬ ਨਾ ਹੋ ਸਕਿਆ। ਉਸ ਦਾ ਖਾਣ-ਪੀਣ ਵਿਗੜ ਗਿਆ। ਧੀਆਂ ਵਿਆਹੀਆਂ ਗਈਆਂ ਸਨ ਤੇ ਛੋਟਾ ਪੁੱਤਰ ਹਰਸ਼ਮੋਹਣ ਭੂਆ ਪਾਸ ਕੈਨੇਡਾ ਚਲਾ ਗਿਆ ਸੀ। ਸੁੰਨਾ ਘਰ ਤੇ ਖੁੱਲ੍ਹੇ ਖੇਤ ਉਸ ਨੂੰ ਵੱਢ-ਵੱਢ ਖਾਣ ਲੱਗੇ। ਭਲੇ ਵੇਲਿਆਂ ਵਿਚ ਉਸ ਨੇ ਨਵਾਂਸ਼ਹਿਰ ਆਲ੍ਹਣਾ ਪਾ ਲਿਆ ਸੀ। ਮਰਨ ਤੋਂ ਕੁਝ ਮਹੀਨੇ ਪਹਿਲਾਂ ਉਹ ਕੈਨੇਡਾ ਰਹਿੰਦੇ ਆਪਣੇ ਪੁੱਤਰ ਹਰਸ਼ਮੋਹਣ ਪਾਸ ਚਲਾ ਗਿਆ। ਹਰਸ਼ਮੋਹਣ ਵੀ ਜਗਮੋਹਣ ਵਾਂਗ ਉੱਚ ਪੱਧਰ ਦਾ ਫੁੱਟਬਾਲ ਖਿਡਾਰੀ ਸੀ।

ਜਰਨੈਲ ਸਿੰਘ ਹਾੜ੍ਹੀ ਵੇਚ-ਵੱਟ ਕੇ ਵਿਜ਼ਟਰ ਵਜੋਂ ਕੈਨੇਡਾ ਜਾ ਪਹੁੰਚਾ। ਜਦੋਂ ਉਹ ਘਰੋਂ ਬਾਹਰ ਨਿਕਲਦਾ ਤਾਂ ਵੇਖਣ ਵਾਲੇ ਕਹਿੰਦੇ, 'ਔਹ ਜਾਂਦਾ ਜੈਲਾ ਪਨਾਮੀਆ।' ਉਹ ਪੋਤੇ-ਪੋਤੀ ਨਾਲ ਖੇਡਦਾ ਤੇ ਉਨ੍ਹਾਂ ਨਾਲ ਦਿਲ ਲਾਉਣ ਦਾ ਯਤਨ ਕਰਦਾ, ਪਰ ਇਹ ਸਮਾਂ ਬਹੁਤਾ ਲੰਮਾ ਨਾ ਹੁੰਦਾ। ਬੋਤਲ ਉਹਦੇ ਸਿਰਹਾਣੇ ਹੁੰਦੀ। ਜਦੋਂ ਉਹ ਸੰਭਲ ਜਾਂਦਾ ਤਾਂ ਦੋਸਤਾਂ-ਮਿੱਤਰਾਂ ਨੂੰ ਕਹਿੰਦਾ, ਪਈ ਜੇ ਤੁਸੀਂ ਮੈਨੂੰ ਮਰਨ ਨਹੀਂ ਦੇਣਾ ਚਾਹੁੰਦੇ ਤਾਂ ਮੈਨੂੰ ਵੀ ਹੋਰ ਜਿਊਣ 'ਚ ਕੋਈ ਇਤਰਾਜ਼ ਨਹੀਂ। ਮੈਂ ਬਥੇਰੀਆਂ ਔਖੀਆਂ ਹਾਲਤਾਂ 'ਚ ਖੇਡਿਆਂ। ਮੈਂ ਸ਼ਰਾਬ ਛੱਡ ਦੇਵਾਂਗਾ ਤੇ ਤੁਹਾਡੇ ਲਈ ਜੀਵਾਂਗਾ; ਪਰ ਇਹ ਕਹਿਣ ਦੀਆਂ ਗੱਲਾਂ ਸਨ। ਸ਼ਰਾਬ ਉਹ ਛੱਡ ਨਾ ਸਕਿਆ। ਦਮੇ ਦਾ ਮਰੀਜ਼ ਹੋਣ ਕਾਰਨ ਸਾਹ ਪੱਟਿਆ ਜਾਂਦਾ ਤੇ ਉਹ ਹੱਥਾਂ ਪੈਰਾਂ 'ਚ ਆ ਜਾਂਦਾ। ਪਨਾਮ ਲਈ ਉਹ ਫੇਰ ਵੈਰਾਗ ਜਾਂਦਾ।

ਕੈਨੇਡਾ ਤੋਂ ਪਨਾਮ ਪਰਤਣ ਲਈ 4 ਨਵੰਬਰ ਨੂੰ ਹਵਾਈ ਜਹਾਜ਼ ਚੜ੍ਹਨ ਦੀ ਟਿਕਟ ਬੁੱਕ ਕਰਵਾਈ ਗਈ। ਵੈਨਕੂਵਰ ਵੱਲ ਠਾਰੀ ਉਤਰ ਰਹੀ ਸੀ। ਕੈਨੇਡਾ ਦੀ ਪਤਝੜ ਦਾ ਮੌਸਮ ਸੀ। ਜਰਨੈਲ ਸਿੰਘ ਨੂੰ ਇੰਡੀਆ ਮੁੜਨ ਦਾ ਚਾਅ ਸੀ, ਜਿਸ ਦੇ ਨਾਂ ਉਤੇ ਉਸ ਨੇ ਮੈਡਲ ਜਿੱਤੇ ਤੇ ਤਿਰੰਗੇ ਝੁਲਾਏ ਸਨ। ਤਦ ਤਕ ਉਸ ਦੀ ਕਰਮਭੂਮੀ ਦਾ ਸ਼ਹਿਰ ਕਲਕੱਤਾ ਤੋਂ ਕੋਲਕਟਾ ਬਣ ਗਿਆ ਹੋਇਆ ਸੀ। ਅਚਾਨਕ 13 ਅਕਤੂਬਰ 2000 ਨੂੰ ਅਜਿਹਾ ਦੌਰਾ ਪਿਆ ਕਿ ਪ੍ਰਾਣ-ਪੰਖੇਰੂ ਹੋ ਗਏ।

'ਏਸ਼ੀਆ ਦਾ ਜਰਨੈਲ' ਜਿੱਤਾਂ ਜਿੱਤਦਾ ਆਖਰ ਮੌਤ ਹੱਥੋਂ ਹਾਰ ਗਿਆ। ਉਹਦੀ ਅੰਤਿਮ ਇੱਛਾ ਅਨੁਸਾਰ ਉਹਦੀ ਦੇਹ ਪਨਾਮ ਲਿਆਂਦੀ ਗਈ। ਹਰਸ਼ਮੋਹਣ ਦੇਹ ਲੈ ਕੇ ਦਿੱਲੀ ਦੇ ਹਵਾਈ ਅੱਡੇ 'ਤੇ ਉਤਰਿਆ ਤਾਂ ਭਾਰਤ ਦੇ ਉੱਚ ਖੇਡ ਅਧਿਕਾਰੀ ਤੇ ਖੇਡ ਪ੍ਰੇਮੀ ਵੱਡੀ ਗਿਣਤੀ ਵਿਚ ਮੌਜੂਦ ਸਨ। ਖਾਲਸਾ ਕਾਲਜ ਮਾਹਿਲਪੁਰ ਦੇ ਜਿਸ ਮੈਦਾਨ ਨੂੰ ਉਹਨੇ ਮੁੜ੍ਹਕੇ ਨਾਲ ਸਿੰਜਿਆ ਸੀ, ਉਥੇ ਉਸ ਦੀ ਦੇਹ ਦੇ ਅੰਤਿਮ ਦਰਸ਼ਨ ਕਰਵਾਏ ਗਏ ਤੇ ਪਨਾਮ ਵਿਚ ਦਾਹ ਸੰਸਕਾਰ ਕੀਤਾ ਗਿਆ। ਉਹਦੀ ਯਾਦ ਵਿਚ ਗੜ੍ਹਸੰਕਰ ਵਿਖੇ ਓਲੰਪੀਅਨ ਜਰਨੈਲ ਸਿੰਘ ਸਟੇਡੀਅਮ ਬਣਾਇਆ ਗਿਆ, ਜਿਥੇ ਹਰ ਸਾਲ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਹੁੰਦੈ। ਹਰ ਸਾਲ ਇੰਜ ਮਹਿਸੂਸ ਹੁੰਦੈ, ਜਿਵੇਂ ਜਰਨੈਲ ਸਿੰਘ ਅਜੇ ਵੀ ਖੇਡ ਰਿਹਾ ਹੋਵੇ!

ਵੀਹਵੀਂ ਸਦੀ ਦਾ ਉਹ ਮਹਾਨ ਫੁੱਟਬਾਲਰ ਸੀ, ਜੋ ਵੀਹਵੀਂ ਸਦੀ ਦੇ ਨਾਲ ਹੀ ਅਲਵਿਦਾ ਕਹਿ ਗਿਆ। 23 ਅਕਤੂਬਰ 2000 ਦਾ ਦਿਨ ਸੀ। ਪਨਾਮ ਦੇ ਖੁੱਲ੍ਹੇ ਖੇਤਾਂ ਵਿਚ ਫੁੱਟਬਾਲ ਦੇ ਜਰਨੈਲ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਹੋਣਾ ਸੀ। ਦੂਰੋਂ ਨੇੜਿਓਂ ਖੇਡ ਪ੍ਰੇਮੀ ਫੁੱਟਬਾਲ ਦੇ ਪੈਗੰਬਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਆ ਰਹੇ ਸਨ। ਅਸੀਂ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਤੋਂ ਫੁੱਟਬਾਲ ਦੇ ਖਿਡਾਰੀਆਂ ਦੀ ਬੱਸ ਭਰ ਕੇ ਚੱਲੇ ਸਾਂ। ਪਨਾਮ ਦੀ ਜੂਹ ਵਿਚ ਸੋਗ ਛਾਇਆ ਹੋਇਆ ਸੀ। ਝੋਨਿਆਂ ਦੇ ਵੱਢ ਉੱਜੜੇ, ਧੁੱਪ ਰੋਣਹਾਕੀ ਤੇ ਪੌਣ ਹਉਕੇ ਲੈਂਦੀ ਲੱਗਦੀ ਸੀ। ਪੰਛੀ ਵਿਰਲਾਪ ਕਰਦੇ ਜਾਪਦੇ ਸਨ। ਪਿੰਡ ਦੀਆਂ ਬੀਹੀਆਂ ਵੈਣ ਪਾ ਰਹੀਆਂ ਸਨ। ਦੁਨੀਆਂ ਭਰ 'ਚ ਪਨਾਮ ਦਾ ਨਾਂ ਧੁੰਮਾਅ ਦੇਣ ਵਾਲਾ ਦਲਾਂ ਦਾ ਮੋਹਰੀ ਜਾਂਦੀ ਵਾਰ ਦਾ ਪ੍ਰਣਾਮ ਕਰ ਗਿਆ ਸੀ। ਉੱਦਣ ਉਹਦੇ ਨਮਿੱਤ ਪਾਠ ਦਾ ਭੋਗ ਪਾਇਆ ਗਿਆ ਸੀ ਤੇ ਆਤਮਾ ਦੀ ਸ਼ਾਂਤੀ ਲਈ ਅੰਤਿਮ ਅਰਦਾਸ ਹੋਣੀ ਸੀ।

ਪਹਿਲਾਂ ਅਸੀਂ ਉਸ ਦੇ ਘਰ ਨੂੰ ਸਿਜਦਾ ਕੀਤਾ, ਜੀਹਦੀ ਇੱਟ-ਇੱਟ ਤੇ ਕੜੀ-ਕੜੀ ਨਾਲ ਉਹਦੀ ਸਾਂਝ ਸੀ। ਘਰ ਦੇ ਬਿਰਛ ਬੂਟੇ ਉਦਾਸ ਸਨ ਤੇ ਵਿਹੜੇ ਵਿਚ ਸੋਗ ਦਾ ਵਾਸਾ ਸੀ। ਬੈਠਕ ਵਿਚ ਉਹਦੀਆਂ ਖੇਡ-ਨਿਸ਼ਾਨੀਆਂ ਓਦਰੀਆਂ ਪਈਆਂ ਸਨ, ਜਿਨ੍ਹਾਂ ਨਾਲ ਅਨੇਕਾਂ ਯਾਦਾਂ ਜੁੜੀਆਂ ਹੋਈਆਂ ਸਨ। ਕੱਪ ਤੇ ਟਰਾਫੀਆਂ, ਸ਼ੀਲਡਾਂ ਤੇ ਮੈਡਲ। ਕਦੇ ਉਸ ਘਰ ਵਿਚ ਰੌਣਕਾਂ ਦੀ ਚਹਿਲ-ਪਹਿਲ ਹੁੰਦੀ ਸੀ, ਪਰ ਉੱਦਣ ਵੀਰਾਨੀਆਂ ਦਾ ਮਾਤਮ ਸੀ। ਕੰਧਾਂ-ਕੋਠੇ ਤੇ ਦਰ-ਦਰਵਾਜ਼ੇ ਦਿਲ ਢਾਹੀ ਖੜ੍ਹੇ ਪ੍ਰਤੀਤ ਹੋ ਰਹੇ ਸਨ। ਘਰ ਨੂੰ ਜਾਂਦੀ ਭੀੜੀ ਗਲੀ ਜਿਵੇਂ ਹੱਥ ਜੋੜੀ ਕਹਿ ਰਹੀ ਸੀ, ਜਾਣ ਵਾਲਾ ਤਾਂ ਚਲਾ ਗਿਆ, ਵੇਖਣਾ ਕਿਤੇ ਤੁਸੀਂ ਵੀ ਰਾਹ ਨਾ ਭੁੱਲ ਜਾਣਾ...।

###

# ਬੈਚ ਫੁੱਲ ਹਾਰਨਬੀਮ: ਚੁਸਤੀ ਟਾਨਿਕ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਹਾਰਨਬੀਮ (Hornbeam) ਉਨ੍ਹਾਂ ਕੁਝ ਬੈਚ ਫੁੱਲ ਦਵਾਈਆਂ ਵਿਚੋਂ ਇਕ ਹੈ, ਜਿਨ੍ਹਾਂ ਨੂੰ ਇਕ-ਦੋ ਕੁੰਜੀਵਤ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। ਆਲਸ ਕਹੋ ਤਾਂ ਇਸ ਦਾ ਮਰੀਜ਼ ਆਲਸ ਕਰ ਕੇ ਢਿੱਲ੍ਹਾ ਮੱਠਾ ਨਹੀਂ ਹੁੰਦਾ, ਭਾਵੇਂ ਉਹ ਕੰਮ ਨੂੰ ਦੇਰੀ ਨਾਲ ਹੱਥ ਪਾਉਂਦਾ ਹੈ। ਸੁਸਤੀ ਆਖੋ ਤਾਂ ਉਹ ਸੁਸਤ ਵੀ ਨਹੀਂ ਹੁੰਦਾ, ਕਿਉਂਕਿ ਉਹ ਆਪਣੇ ਕੰਮ ਪ੍ਰਤੀ ਸੁਚੇਤ ਹੁੰਦਾ ਹੈ। ਉਸ ਨੂੰ ਥੱਕਿਆ ਆਖੋ ਤਾਂ ਵੀ ਠੀਕ ਨਹੀਂ, ਕਿਉਂਕਿ ਉਹ ਥਕਾਵਟ ਨਾ ਹੁੰਦਿਆਂ ਵੀ ਭਾਰੀ ਕੰਮ ਤੋਂ ਪਾਸਾ ਵੱਟਦਾ ਹੈ। ਕੰਮ ਤੋਂ ਡਰਨ ਵਾਲਾ ਵੀ ਉਹ ਨਹੀਂ ਹੁੰਦਾ, ਕਿਉਂਕਿ ਕੰਮ ਉਸ ਨੂੰ ਆਉਂਦਾ ਹੁੰਦਾ ਹੈ ਤੇ ਉਹ ਆਪਣੇ ਕੰਮ ਨੂੰ ਕਰਨ ਦੇ ਸਮਰੱਥ ਹੁੰਦਾ ਹੈ। ਡਾ. ਦਰਸ਼ਨ ਸਿੰਘ ਵੋਹਰਾ ਨੇ ਇਸ ਦਵਾ ਦੀ ਦਸ਼ਾ ਦੱਸਣ ਲਈ 'ਮਾਨਸਿਕ ਤੇ ਸਰੀਰਕ ਥਕਾਵਟ' ਸ਼ਬਦ ਵਰਤੇ ਹਨ, ਜੋ ਵੀ ਡੰਗ ਟਪਾਊ ਜਾਪਦੇ ਹਨ। ਇਸ ਦੀਆਂ ਅਲਾਮਤਾਂ ਦੁਨੀਆਂ ਦੇ ਨੱਬੇ ਪ੍ਰਤੀਸ਼ਤ ਲੋਕਾਂ ਵਿਚ ਪਾਈਆਂ ਜਾਂਦੀਆਂ ਹਨ। ਇਸ ਲਈ ਭਾਵੇਂ ਕਿਸੇ ਨਾਂ ਨਾਲ ਪੁਕਾਰਿਆ ਜਾਵੇ, ਇਸ ਦੀ ਪੂਰੀ ਤਸਵੀਰ ਨੂੰ ਸਮਝਣਾ ਜਰੂਰੀ ਹੈ।

ਦਰਅਸਲ ਹਾਰਨਬੀਮ ਦਾ ਮਰੀਜ਼ ਅਚਨਚੇਤ ਭਾਰੀ ਜਾਂ ਖਿਲਾਰੇ ਵਾਲੇ ਕੰਮ ਨੂੰ ਦੇਖ ਕੇ ਘਬਰਾ ਜਾਂਦਾ ਹੈ। ਉਸ ਨੂੰ ਲਗਦਾ ਹੈ ਕਿ ਉਹ ਉਸ ਨੂੰ ਕਰ ਨਹੀਂ ਸਕੇਗਾ। ਭਾਵੇਂ ਉਸ ਨੂੰ ਉਹ ਕੰਮ ਕਰਨਾ ਆਉਂਦਾ ਹੁੰਦਾ ਹੈ, ਪਰ ਉਹ ਉਸ ਨੂੰ ਕਰਨ ਤੇ ਸੰਭਾਲਣ ਵਿਚ ਔਖਿਆਈ ਮਹਿਸੂਸ ਕਰਦਾ ਹੈ। ਮੌਕੇ ਦੇ ਮੌਕੇ ਉਹ ਡਰ ਜਾਂਦਾ ਹੈ ਕਿ ਇਸ ਭਾਰੀ ਜਾਂ ਔਖੇ ਜਾਂ ਬਿਖਰੇਵੇਂ ਜਾਂ ਟੇਢੇ-ਮੇਢੇ ਕੰਮ ਨੂੰ ਉਹ ਕਿਵੇਂ ਕਰੇਗਾ। ਉਸ ਦਾ ਮਨ ਉਸ ਨੂੰ ਇਕ ਵੇਲੇ ਤਾਂ ਜਵਾਬ ਦੇ ਦਿੰਦਾ ਹੈ। ਜੇ ਉਹ ਉਸ ਨੂੰ ਕਰਨਾ ਚਾਹੇ ਤਾਂ ਕਰ ਸਕਦਾ ਹੈ, ਪਰ ਉਸ ਵਿਚ ਇੰਨਾ ਉਤਸ਼ਾਹ ਹੀ ਨਹੀਂ ਹੁੰਦਾ ਕਿ ਇਸ ਨੂੰ ਹੱਥ ਪਾਵੇ। ਜਦੋਂ ਮਜ਼ਬੂਰੀ ਵਸ ਮਨ ਨੂੰ ਮਾਰ ਕੇ ਉਸ ਨੂੰ ਸ਼ੁਰੂ ਕਰ ਦਿੰਦਾ ਹੈ ਤਾਂ ਸਹੀ ਸਲਾਮਤ ਖਤਮ ਕਰ ਦਿੰਦਾ ਹੈ। ਇਸ ਨੂੰ ਡਰ ਕਹੋ, ਘਬਰਾਹਟ ਕਹੋ, ਆਲਸ ਕਹੋ, ਸੁਸਤੀ ਕਹੋ, ਝਿਜਕ ਕਹੋ, ਕੰਮ ਚੋਰੀ ਕਹੋ, ਕੰਡੇ 'ਤੇ ਨਾ ਹੋਣਾ ਕਹੋ ਜਾਂ ਉਤਸ਼ਾਹ ਦੀ ਘਾਟ ਕਹੋ-ਇਹ ਸਭ ਕੁਝ ਹੈ, ਪਰ ਇਨ੍ਹਾਂ ਵਿਚੋਂ ਸੌ ਪ੍ਰਤੀਸ਼ਤ ਸਹੀ ਕੁਝ ਵੀ ਨਹੀਂ ਹੈ। ਹਾਂ, ਇਹ ਨਪੀੜਨ ਵਾਲੀ ਸਥਿਤੀ ਹੈ, ਜਿਸ ਦਾ ਦਰਦ ਉਹੀ ਸਮਝ ਸਕਦਾ ਹੈ, ਜੋ ਇਸ ਵਿਚ ਫਸਿਆ ਹੋਵੇ।

ਡਾ. ਵੋਹਰਾ ਨੇ ਹਾਰਨਬੀਮ ਦੀ ਦਸ਼ਾ ਨੂੰ ਇਕ ਮਿਸਾਲ ਰਾਹੀਂ ਸਮਝਾਇਆ ਹੈ। ਉਹ ਲਿਖਦੇ ਹਨ, "ਮਿਸਾਲ ਲਵੋ, ਇਕ ਘਰ-ਗ੍ਰਹਿਣੀ ਦੇ ਘਰ ਇਕਾ-ਇਕ ਸਵੇਰੇ ਸਵੇਰੇ 4-5 ਪ੍ਰਾਹੁਣੇ ਆ ਜਾਂਦੇ ਹਨ। ਘਰ ਵਿਚ ਨੌਕਰ ਨਹੀਂ, ਸਵੇਰੇ ਸਵੇਰੇ ਬੱਚਿਆਂ ਨੂੰ ਤਿਆਰ ਕਰਕੇ ਨਾਸ਼ਤਾ ਦੇ ਕੇ ਸਕੂਲ ਭੇਜਣਾ ਹੈ। ਆਪਣੇ ਆਪ ਨੂੰ ਭੁੱਲ ਵੀ ਜਾਵੇ ਤਾਂ ਇਨ੍ਹਾਂ ਪ੍ਰਾਹੁਣਿਆਂ ਦੀ ਦੇਖ-ਭਾਲ, ਚਾਹ-ਪਾਣੀ ਦਾ ਇੰਤਜ਼ਾਮ, ਨਹਾਉਣ ਲਈ ਗਰਮ ਪਾਣੀ, ਫਿਰ ਇਨ੍ਹਾਂ ਦੀ ਰੋਟੀ-ਪਾਣੀ ਤੇ ਨਾਲ ਹੀ ਇਨ੍ਹਾਂ ਨੂੰ ਦੁਪਹਿਰ ਦੀ ਗੱਡੀ ਵਾਪਸ ਵੀ ਭੇਜਣਾ ਹੈ। ਇਹ ਸਾਰੇ ਕੰਮ ਇਕੱਲੀ ਜਾਨ ਕਿਵੇਂ ਕਰ ਸਕੇਗੀ? ਇਸ ਚਿੰਤਾ ਨਾਲ ਉਹ ਪ੍ਰੇਸ਼ਾਨ ਹੋ ਜਾਂਦੀ ਹੈ ਤੇ ਇਕ ਮਾਨਸਿਕ ਅਤੇ ਸਰੀਰਕ ਥਕਾਵਟ ਮਹਿਸੂਸ ਕਰਨ ਲੱਗ ਪੈਂਦੀ ਹੈ। ਇਹੋ ਜਿਹੀ ਸਥਿਤੀ ਵਿਚ ਉਸ ਨੂੰ ਹਾਰਨਬੀਮ ਦਵਾਈ ਮਿਲ ਜਾਵੇ ਤਾਂ ਉਸ ਦਾ ਮਾਨਸਿਕ ਸੰਤੁਲਨ ਠੀਕ ਹੋ ਜਾਂਦਾ ਹੈ।"

ਯਾਦ ਰਹੇ, ਹਾਰਨਬੀਮ ਆਪ ਪ੍ਰਗਟ ਹੋ ਕੇ ਉਸ ਸਵਾਣੀ ਦੇ ਕੰਮ ਨਹੀਂ ਕਰੇਗੀ। ਕੰਮ ਤਾਂ ਸਾਰੇ ਉਸ ਨੂੰ ਆਪ ਹੀ ਕਰਨੇ ਪੈਣਗੇ, ਪਰ ਇਸ ਦੇ ਲੈਣ ਨਾਲ ਉਸ ਨੂੰ ਉਨ੍ਹਾਂ ਨੂੰ ਕਰਨ ਦਾ ਹੌਸਲਾ ਤੇ ਤਰਤੀਬ ਪ੍ਰਾਪਤ ਹੋ ਜਾਣਗੇ। ਡਾ. ਵੋਹਰਾ ਦੱਸਦੇ ਹਨ ਕਿ ਬੱਚਿਆਂ ਨੂੰ ਤਿਆਰ ਕਰਦੇ ਕਰਦੇ ਉਹ ਦੂਜੇ ਚੁੱਲ੍ਹੇ 'ਤੇ ਮਹਿਮਾਨਾਂ ਦੇ ਨਹਾਉਣ ਦਾ ਪਾਣੀ ਗਰਮ ਹੋਣਾ ਰੱਖ ਦੇਵੇਗੀ। ਬੱਚੇ ਸਕੂਲ ਜਾਣ ਉਪਰੰਤ ਉਹ ਉਨ੍ਹਾਂ ਨੂੰ ਨਹਾਉਣ ਦੇ ਆਹਰ ਲਾ ਕੇ ਨਾਸ਼ਤਾ-ਪਾਣੀ ਤਿਆਰ ਕਰ ਲਵੇਗੀ ਤੇ ਦੁਪਹਿਰ ਦੀ ਗੱਡੀ ਲਈ ਸਟੇਸ਼ਨ ਰਵਾਨਾ ਕਰ ਦੇਵੇਗੀ। ਇਸ ਦੇ ਲੈਣ ਨਾਲ ਕੰਮ ਦਾ ਜੋ ਪਹਾੜ ਉਸ 'ਤੇ ਟੁੱਟ ਪਿਆ ਸੀ, ਉਹ ਸਹਿਜੇ ਹੀ ਸਾਫ ਹੋ ਜਾਵੇਗਾ।

ਕੰਮ ਦੇ ਭਾਰ ਹੇਠ ਥੱਕਿਆ ਟੁੱਟਿਆ ਮਹਿਸੂਸ ਕਰਨਾ ਜਾਂ ਦਿਲ ਛੱਡ ਕੇ ਬੈਠ ਜਾਣਾ ਆਮ ਸਮੱਸਿਆ ਹੈ। ਬੈਚ ਫੁੱਲ ਦਵਾਈਆਂ ਵਿਚ ਇਹ ਅਲਾਮਤ ਐਲਮ, ਜੈਂਸ਼ੀਅਨ, ਗਾਰਸ ਤੇ ਆਲਿਵ ਵਿਚ ਵੀ ਪਾਈ ਜਾਂਦੀ ਹੈ; ਪਰ ਹਰ ਇਕ ਵਿਚ ਇਸ ਦੀ ਅਲਾਮਤ ਵੱਖ ਵੱਖ ਢੰਗ ਦੀ ਤੇ ਵੱਖ ਵੱਖ ਕਾਰਨਾਂ ਕਰ ਕੇ ਹੁੰਦੀ ਹੈ। ਇਸ ਲਈ ਇਨ੍ਹਾਂ ਵਿਚੋਂ ਕੋਈ ਵੀ ਦਵਾਈ ਦੇਣ ਤੋਂ ਪਹਿਲਾਂ ਇਸ ਪੱਖ ਦਾ ਡੂੰਘਾਈ ਵਿਚ ਅਧਿਐਨ ਕਰ ਲੈਣਾ ਬਣਦਾ ਹੈ। ਹਾਰਨਬੀਮ ਦੀ ਸੁਸਤੀ ਜਾਂ ਥਕਾਵਟ ਕਿਸੇ ਕਾਰਜ ਦੇ ਕਰਨ ਤੋਂ ਪਹਿਲਾਂ ਹੀ ਆਉਂਦੀ ਹੈ। ਉਸ ਨੂੰ ਆਲਿਵ ਵਾਂਗ ਕਾਰਜ ਕਰ ਕੇ ਸੱਚੀ ਮੁੱਚੀ ਥੱਕਣਾ ਨਹੀਂ ਪੈਂਦਾ। ਉਹ ਤਾਂ ਉਸ ਬਾਰੇ ਸੋਚ ਕੇ ਹੀ ਥੱਕ ਜਾਂਦਾ ਹੈ। ਕਦੇ ਉਹ ਸੋਚਦਾ ਹੈ ਕਿ ਉਹ ਉਸ ਕੰਮ ਨੂੰ ਕਰਨ ਦੇ ਕਾਬਲ ਨਹੀਂ ਹੈ। ਕਦੇ ਇਹ ਵੀ ਸੋਚਦਾ ਹੈ ਕਿ ਇੰਨਾ ਪਸਰਿਆ ਤੇ ਟੇਢਾ ਮੇਢਾ ਕੰਮ ਨਿਪਟਾਉਣ ਵਿਚ ਉਸ ਦੀ ਇੰਨੀ ਸ਼ਕਤੀ ਨਿਕਲ ਜਾਵੇਗੀ ਕਿ ਉਹ ਕੁਝ ਕਰਨ ਦੇ ਸਮਰੱਥ ਹੀ ਨਹੀਂ ਰਹੇਗਾ। ਉਹ ਸਰੀਰਕ ਥਕਾਵਟ ਨਾਲੋਂ ਮਾਨਸਿਕ ਥਕਾਵਟ ਬਾਰੇ ਵੱਧ ਚਿੰਤਿਤ ਹੁੰਦਾ ਹੈ। ਉਸ ਨੂੰ ਇਹ ਵੀ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਜੇ ਪੂਰੀ ਸ਼ਕਤੀ ਨਿਚੋੜ ਕੇ ਉਸ ਨੇ ਉਹ ਕਾਰਜ ਸਿਰੇ ਲਾ ਵੀ ਦਿੱਤਾ ਤੇ ਇਸ ਵਿਚ ਕੋਈ ਛੋਟੀ ਮੋਟੀ ਊਣਤਾਈ ਰਹਿ ਗਈ ਤਾਂ ਕੀ ਬਣੇਗਾ? ਡਰ ਕੇ ਉਹ ਉਸ ਪਾਸੇ ਵਧਣ ਤੋਂ ਝਿਜਕਦਾ ਹੈ। ਉਸ ਦੀ ਥਾਂ ਉਹ ਕੋਈ ਆਸਾਨ ਕੰਮ ਕਰਨਾ ਪਸੰਦ ਕਰਦਾ ਹੈ, ਜਿਸ ਵਿਚ ਵਧੇਰੇ ਦਿਮਾਗ ਨਾ ਲਾਉਣਾ ਪਵੇ ਤੇ ਗਲਤੀ ਹੋਣ ਦਾ ਡਰ ਨਾ ਰਹੇ।

ਪੰਜਾਹ ਸਾਲ ਪਹਿਲਾਂ ਜਿਸ ਸਰਕਾਰੀ ਕਾਲਜ ਵਿਚ ਮੈਂ ਪੜ੍ਹਾਉਂਦਾ ਸਾਂ, ਉੱਥੇ ਮੇਰਾ ਇਕ ਸੀਨੀਅਰ ਸਹਿਕਰਮੀ ਹੁੰਦਾ ਸੀ। ਉਹ ਹੈ ਤਾਂ ਬੜਾ ਲਾਇਕ ਸੀ, ਪਰ ਕਲਾਸਾਂ ਵਿਚ ਜਾ ਕੇ ਪੜ੍ਹਾਉਣ ਤੋਂ ਟਲਦਾ ਸੀ। ਇਕ ਦਿਨ ਪੜ੍ਹਾ ਕੇ ਕਈ ਕਈ ਦਿਨ ਨਾਗੇ ਪਾਉਂਦਾ ਰਹਿੰਦਾ ਸੀ। ਘੰਟੀ ਵੱਜਣ ਵੇਲੇ ਕਿਸੇ ਨਾ ਕਿਸੇ ਪੀੜ ਦਾ ਬਹਾਨਾ ਲਾ ਕੇ ਇੱਧਰ ਉੱਧਰ ਛਿਪ ਕੇ ਬੈਠ ਜਾਂਦਾ ਤੇ ਵਿਦਿਆਰਥੀਆਂ ਦੇ ਤਿੱਤਰ ਬਿੱਤਰ ਹੋਣ ਤੋਂ ਬਾਹਰ ਨਿਕਲ ਆਉਂਦਾ। ਉਸ ਦੀ ਇਸ ਕਮਜ਼ੋਰੀ ਦਾ ਵਿਭਾਗ ਦੇ ਮੁਖੀ ਨੂੰ ਪਤਾ ਸੀ ਤੇ ਉਹ ਉਸ ਨੂੰ ਲੱਭ ਲੱਭ ਕੇ ਕਲਾਸ ਵਿਚ ਛੱਡ ਕੇ ਆਉਂਦਾ ਸੀ। ਇਸ ਗੱਲ ਨੂੰ ਲੈ ਕੇ ਦੋਹਾਂ ਵਿਚ ਖਹਿਬਾਜ਼ੀ ਚਲਦੀ ਰਹਿੰਦੀ ਤੇ ਉਹ ਮੁਖੀ ਬਾਰੇ ਚੰਗਾ-ਮਾੜਾ ਬੋਲਦਾ ਰਹਿੰਦਾ। ਪੜ੍ਹਾਉਣ ਦੀ ਥਾਂ ਉਹ ਪ੍ਰਿੰਸੀਪਲ ਦੀ ਪੂਰੀ ਚਾਪਲੂਸੀ ਕਰਦਾ ਤੇ ਮੇਰੇ ਜਿਹੇ ਨਵੇਂ ਅਧਿਆਪਕਾਂ ਨਾਲ ਬਣਾ ਕੇ ਰੱਖਦਾ। ਇਕ ਦਿਨ ਮੁਖੀ ਉਸ ਦੀ ਕਲਾਸ ਵਿਚ ਲੈ ਕੇ ਜਾਣ ਦੀ ਥਾਂ ਪ੍ਰਿੰਸੀਪਲ ਨੂੰ ਉਸ ਦੀ ਛੁਪਣਗਾਹ ਵਿਚ ਲੈ ਗਿਆ ਤਾਂ ਜੋ ਉਸ ਦੀ ਕੁਤਾਹੀ ਸਬੂਤਾਂ ਸਹਿਤ ਉਸ ਦੇ ਧਿਆਨ ਵਿਚ ਆ ਜਾਵੇ। ਪ੍ਰਿੰਸੀਪਲ ਦੇ ਗੁੱਸੇ ਹੋਣ 'ਤੇ ਉਸ ਨੇ ਬਹਾਨਾ ਲਾਇਆ ਕਿ ਉਸ ਦੀ ਜਾੜ੍ਹ ਵਿਚ ਭਿਆਨਕ ਦਰਦ ਹੋ ਰਿਹਾ ਸੀ ਤੇ ਉਹ ਇਸ ਨੂੰ ਕਢਾਉਣ ਲਈ ਡਾਕਟਰ ਕੋਲ ਜਾਣ ਦੀ ਸੋਚ ਰਿਹਾ ਸੀ। ਪ੍ਰਿੰਸੀਪਲ ਹਾਲੇ ਸੁਣ ਹੀ ਰਿਹਾ ਸੀ ਕਿ ਮੁਖੀ ਤੈਸ਼ ਵਿਚ ਬੋਲਿਆ, "ਸਰ, ਤਿੰਨ ਦਿਨ ਹੋ ਗਏ ਹਨ ਇਸ ਨੂੰ ਇਹੀ ਬਹਾਨਾ ਲਾਉਂਦੇ ਨੂੰ। ਕਲਾਸ ਵਿਚ ਜਾਵੇ, ਜਾੜ੍ਹਾਂ ਤਾਂ ਇਸ ਦੀਆਂ ਸਟੂਡੈਂਟਸ ਹੀ ਕੱਢ ਦੇਣਗੇ।"

ਗੱਲ ਚੁਟਕਲਾ ਬਣ ਗਈ। ਮੈਂ ਉਸ ਨੂੰ ਪੁੱਛਿਆ, "ਤੂੰ ਇੰਨਾ ਮਾਹਰ ਅਧਿਆਪਕ ਹੈਂ, ਬੇਇਜ਼ਤੀ ਕਰਵਾਉਣ ਨਾਲੋਂ ਤਾਂ ਪੀਰੀਅਡ ਹੀ ਲੈ ਲਿਆ ਕਰ।" ਕਹਿਣ ਲੱਗਾ, "ਯਾਰ ਲਾਸਕੀ ਪੜ੍ਹਾਉਣਾ ਸੀ। ਉਸ ਦੀ ਬੇ-ਸਿਰ ਪੈਰ ਫਿਲਾਸਫੀ ਬੋਰ ਕਰਦੀ ਹੈ। ਉਸ ਦੇ ਲੋਕਤੰਤਰ, ਸਮਾਨਤਾ, ਸੁਤੰਤਰਤਾ ਤੇ ਸਮਾਜਿਕ ਨਿਆਂ ਦੀਆਂ ਘਣਤਰਾਂ ਦਿਮਾਗ ਵਿਚ ਇਧਰੋਂ ਪਾਉਨਾਂ ਹਾਂ, ਉਧਰੋਂ ਨਿਕਲ ਜਾਂਦੀਆਂ ਹਨ। ਪਤੰਦਰ ਨੇ ਨਿਰਾ ਹੀ ਨਿਬੰਧ ਟਾਈਪ ਲਿਖਿਆ ਹੈ, ਜਿਸ ਨੂੰ ਸੋਚਦੇ ਹੀ ਬੁਖਾਰ ਚੜ੍ਹ ਜਾਂਦਾ ਹੈ। ਮੈਂ ਸੋਚਿਆ ਇਮਤਿਹਾਨ ਵਿਚ ਤਾਂ ਇਹ ਥਿੰਕਰ (Thinker) ਕਦੇ ਆਇਆ ਨਹੀਂ, ਮੁੰਡੇ ਆਪੇ ਈ ਪੜ੍ਹ ਪੁੜ੍ਹ ਲੈਣਗੇ। ਮੈਨੂੰ ਕੀ ਪਤਾ ਸੀ ਇਹ ਕੰਜਰ ਬਾਪ ਨੂੰ ਸੱਦ ਕੇ ਮੇਰੇ ਸਿਰ 'ਤੇ ਹੀ ਖੜ੍ਹਾ ਕਰ ਦੇਵੇਗਾ।" ਹੁਣ ਯਾਦ ਆਉਂਦਾ ਹੈ ਕਿ ਉਹ ਹਾਰਨਬੀਮ ਦਾ ਆਦਰਸ਼ਕ ਮਰੀਜ਼ ਸੀ। ਉਸ ਵੇਲੇ ਪਤਾ ਹੁੰਦਾ ਦੋ ਹੀ ਦਿੰਦੇ, ਉਸ ਦੇ ਜੀਵਨ ਦਾ ਕਸ਼ਟ ਕੱਟਿਆ ਜਾਂਦਾ!

ਡਾ. ਬੈਚ ਨੇ ਇਸ ਦਵਾ ਦੇ ਸੰਕੇਤਾਂ ਬਾਰੇ ਬੜੇ ਭਾਵਪੂਰਨ ਸ਼ਬਦਾਂ ਵਿਚ ਜਾਣਕਾਰੀ ਦਿੱਤੀ ਹੈ। ਉਸ ਅਨੁਸਾਰ, "ਇਹ ਉਨ੍ਹਾਂ ਲਈ ਹੈ, ਜੋ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਵਿਚ ਆਪਣੀ ਜ਼ਿੰਦਗੀ ਦਾ ਭਾਰ ਚੁੱਕਣ ਦੀ ਸਰੀਰਕ ਜਾਂ ਮਾਨਸਿਕ ਸ਼ਕਤੀ ਨਹੀਂ ਹੈ; ਜਿਨ੍ਹਾਂ ਨੂੰ ਆਪਣੇ ਰੋਜ਼ਾਨਾ ਦੇ ਕੰਮ ਧੰਦੇ ਮੁਕਾਉਣੇ ਪਹਾੜ ਵਾਂਗ ਲੱਗਦੇ ਹਨ, ਭਾਵੇਂ ਜੇ ਉਹ ਉਨ੍ਹਾਂ ਨੂੰ ਕਰਨ 'ਤੇ ਆਉਣ ਤਾਂ ਕਰ ਲੈਂਦੇ ਹਨ। ਆਮ ਤੌਰ 'ਤੇ ਉਹ ਸਮਝਦੇ ਹਨ ਕਿ ਉਨ੍ਹਾਂ ਵਿਚ ਕੋਈ ਮਾਨਸਿਕ ਜਾਂ ਸਰੀਰਕ ਕਮਜ਼ੋਰੀ ਹੈ, ਜਿਸ ਨੂੰ ਤਾਕਤ ਮਿਲਣ 'ਤੇ ਉਹ ਆਪਣਾ ਕੰਮ ਆਸਾਨੀ ਨਾਲ ਕਰ ਸਕਣ।" ਸੰਖੇਪ ਵਿਚ ਜਦੋਂ ਸਰੀਰ ਵਿਚ ਕੋਈ ਥਕਾਵਟ, ਕਮਜ਼ੋਰੀ ਜਾਂ ਢਹਿੰਦੇ-ਮਨੋਵੇਗ (Depression) ਕਾਰਨ ਆਪਣਾ ਰੋਜ਼ਾਨਾ ਦਾ ਕੰਮ ਬੋਝ ਲੱਗਣ ਲੱਗੇ ਅਤੇ ਕਿਸੇ ਤਾਕਤ ਜਾਂ ਸਹਾਰੇ ਦੀ ਲੋੜ ਪਵੇ ਤਾਂ ਅਜਿਹਾ ਰੋਗੀ ਹਾਰਨਬੀਮ ਲੈਣ ਨਾਲ ਠੀਕ ਹੁੰਦਾ ਹੈ।




ਧਿਆਨ ਨਾਲ ਦੇਖਿਆ ਜਾਵੇ ਤਾਂ ਇਹ ਉਹੀ ਰੋਗੀ ਹੈ, ਜੋ ਪਹਿਲਾਂ ਆਪਣੇ ਕੰਮ ਕਰ ਲੈਂਦਾ ਹੁੰਦਾ ਸੀ। ਜੇ ਹੁਣ ਕਰਨਾ ਚਾਹੇ ਤਾਂ ਵੀ ਸਫਲਤਾਪੂਰਵਕ ਕਰ ਸਕਦਾ ਹੈ, ਪਰ ਹੁਣ ਉਹ ਜਾਂ ਤਾਂ ਸਰੀਰਕ ਤੌਰ 'ਤੇ ਥੱਕ ਗਿਆ ਹੈ ਜਾਂ ਉਸੇ ਕੰਮ ਨੂੰ ਕਰਦਾ ਕਰਦਾ ਅੱਕ ਗਿਆ ਹੈ। ਹੁਣ ਉਸ ਨੂੰ ਉਹ ਕੰਮ ਇੰਨਾ ਭਾਰਾ ਜਾਂ ਮੁਸ਼ਕਿਲ ਲਗਦਾ ਹੈ ਕਿ ਉਸ ਬਾਰੇ ਸੋਚ ਕੇ ਹੀ ਕਾਂਬ ਜਾਂਦਾ ਹੈ। ਉਹ ਸੋਚਦਾ ਹੈ ਕਿ ਉਹ ਇੰਨੇ ਲੰਮੇ ਜਾਂ ਭਾਰੇ ਜਾਂ ਮੁਸ਼ਕਿਲ ਕੰਮ ਨੂੰ ਕਿਵੇਂ ਮੁਕਾਵੇਗਾ? ਇਸ ਨੂੰ ਕਰਦਿਆਂ ਤਾਂ ਉਸ ਨੂੰ ਇੰਨੀ ਮਗਜ਼ਪਚੀ ਕਰਨੀ ਪਵੇਗੀ ਕਿ ਉਸ ਦੀ ਜਿੰਦ ਕੋਹੀ ਜਾਵੇਗੀ ਤੇ ਉਹ ਲੜਖੜਾ ਕੇ ਡਿੱਗ ਜਾਵੇਗਾ। ਬੇਤਾਕਤ ਹੋ ਕੇ ਉਸ ਨੂੰ ਨੀਂਦ ਆਉਣ ਲੱਗੇਗੀ ਅਤੇ ਇਹ ਕੰਮ ਪੂਰਾ ਨਹੀਂ ਹੋ ਸਕੇਗਾ। ਇਹ ਕੰਮ ਇੰਨਾ ਲੰਮਾ ਹੈ ਕਿ ਇਸ ਨੂੰ ਕਰਦਿਆਂ ਕਈ ਹੋਰ ਕੰਮ ਰਹਿ ਜਾਣਗੇ। ਕਈ ਵਾਰ ਉਸ ਦਾ ਕੰਮ ਨਵਾਂ ਹੁੰਦਾ ਹੈ ਜਾਂ ਇਸ ਦੇ ਕਰਨ ਦਾ ਢੰਗ ਨਵਾਂ ਹੁੰਦਾ ਹੈ ਤੇ ਉਸ ਨੂੰ ਇਸ ਦੀ ਵਿਉਂਤਬੰਦੀ ਕਰਨੀ ਔਖੀ ਲਗਦੀ ਹੈ। ਇਸ ਔਖਿਆਈ ਕਾਰਨ ਉਸ ਦਾ ਦਿਮਾਗ ਬੰਦ ਹੋ ਜਾਂਦਾ ਹੈ ਤੇ ਕੰਮ ਨੂੰ ਛੱਡ ਦਿੰਦਾ ਹੈ। ਫਿਰ ਥੋੜ੍ਹਾ ਆਰਾਮ ਕਰ ਕੇ ਜਾਂ ਚਾਹ ਦਾ ਪਿਆਲਾ ਪੀ ਕੇ ਜਦੋਂ ਉਪਰਾਲਾ ਕਰਦਾ ਹੈ ਤਾਂ ਸਫਲ ਹੋ ਜਾਂਦਾ ਹੈ। ਅਜਿਹੇ ਲੋਕ ਹਾਰਨਬੀਮ ਲੈ ਕੇ ਕੰਡੇ 'ਤੇ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਕਮਜ਼ੋਰੀ ਦੂਰ ਹੋ ਜਾਂਦੀ ਹੈ ਜਾਂ ਇਉਂ ਕਹੋ ਕਿ ਮਹਿਸੂਸ ਹੋਣੀ ਬੰਦ ਹੋ ਜਾਂਦੀ ਹੈ।

ਕੰਮ ਪ੍ਰਤੀ ਲਗਭਗ ਇਸੇ ਕਿਸਮ ਦੀ ਭਾਵਨਾ ਐਲਮ ਤੇ ਜੈਂਸ਼ੀਅਨ ਵਿਚ ਵੀ ਆਉਂਦੀ ਹੈ, ਪਰ ਉਨ੍ਹਾਂ ਵਿਚ ਇਹ ਕੰਮ ਸ਼ੁਰੂ ਕਰਨ ਤੋਂ ਬਾਅਦ ਆਉਂਦੀ ਹੈ। ਹਾਰਨਬੀਮ ਵਿਚ ਇਹ ਕੰਮ ਅਰੰਭ ਕਰਨ ਤੋਂ ਪਹਿਲਾਂ ਹੀ ਆ ਜਾਂਦੀ ਹੈ। ਹਾਰਨਬੀਮ ਦਾ ਮਰੀਜ਼ ਜੇ ਕੰਮ ਸ਼ੁਰੂ ਕਰ ਦੇਵੇ ਤਾਂ ਉਹ ਕੰਮ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਕੰਮ ਕਰਨ ਨਾਲ ਉਸ ਦੀ ਆਲਸ, ਸੁਸਤੀ, ਬੋਰੀਅਤ ਤੇ ਕਮਜ਼ੋਰੀ ਘਟਦੀ ਹੈ। ਇਸੇ ਲਈ ਇਸ ਦਵਾਈ ਦਾ ਅਸਰ ਸਵੇਰੇ ਸਵੇਰੇ ਵਧੇਰੇ ਦੇਖਣ ਨੂੰ ਮਿਲਦਾ ਹੈ, ਜਦੋਂ ਕਿ ਨਾ ਕੰਮ ਸ਼ੁਰੂ ਕੀਤਾ ਹੁੰਦਾ ਹੈ ਤੇ ਨਾ ਥਕਾਵਟ ਹੋਈ ਹੁੰਦੀ ਹੈ। ਰਾਤ ਨੂੰ ਜਦੋਂ ਇਸ ਦਾ ਰੋਗੀ ਭਾਵੇਂ ਦਿਨ ਦੇ ਕੰਮ ਕਾਰਨ ਥੱਕਿਆ ਵੀ ਹੋਵੇ, ਉਹ ਚੜ੍ਹਦੀ ਕਲਾ ਵਿਚ ਹੁੰਦਾ ਹੈ, ਕਿਉਂਕਿ ਇਸ ਦੀਆਂ ਅਲਾਮਤਾਂ ਕੰਮ ਅਰੰਭ ਕਰਨ ਤੋਂ ਪਹਿਲਾਂ ਭਾਵ ਸਵੇਰ ਵੇਲੇ ਵਧੇਰੇ ਪ੍ਰਬਲ ਹੁੰਦੀਆਂ ਹਨ। ਇਸ ਲਈ ਇਸ ਨੂੰ ਸੋਮਵਾਰ ਸਵੇਰ ਦੀ ਦਵਾਈ ਕਰਕੇ ਵੀ ਜਾਣਿਆ ਜਾਂਦਾ ਹੈ। ਸਾਰੇ ਸਨਅਤੀ ਮੁਲਕਾਂ ਵਿਚ ਜਿੱਥੇ ਹਫਤੇ ਵਿਚ ਆਉਣ ਵਾਲੀਆਂ ਦੋ ਛੁੱਟੀਆਂ ਮਾਣਨ ਤੋਂ ਬਾਅਦ ਵਿਅਕਤੀ ਨੂੰ ਸੋਮਵਾਰ ਦੀ ਸਵੇਰ ਮੁੜ ਕੰਮ 'ਤੇ ਜਾਣਾ ਹੁੰਦਾ ਹੈ ਤਾਂ ਉਸ ਦਾ ਰੋਮ ਰੋਮ ਪੁਕਾਰਦਾ ਹੁੰਦਾ ਹੈ ਕਿ ਉਸ ਨੂੰ ਜਾਣ ਤੋਂ ਬਿਨਾ ਹੀ ਸਰ ਜਾਵੇ। ਉਹ ਆਲਸ ਨਾਲ ਮੰਜੇ ਵਿਚ ਪਿਆ ਪਾਸੇ ਬਦਲਦਾ ਰਹਿੰਦਾ ਹੈ ਤੇ ਪਲ ਪਲ ਕਰਕੇ ਉੱਠਣ ਤੋਂ ਲੇਟ ਹੋਈ ਜਾਂਦਾ ਹੈ। ਇਹ ਉਸ ਦਿਨ ਅਚਨਚੇਤ ਕੰਮ ਦੇ ਭਾਰ ਦੇ ਅਹਿਸਾਸ ਕਰ ਕੇ ਹੁੰਦਾ ਹੈ, ਜੋ ਹਾਰਨਬੀਮ ਦੇਣ ਨਾਲ ਨੇੜੇ ਨਹੀਂ ਆਉਂਦਾ। ਅਸੂਲਨ ਜਿਸ ਵਿਅਕਤੀ ਨੂੰ ਕਿਸੇ ਕੰਮ ਲਈ ਇਕ ਤੋਂ ਵੱਧ ਵਾਰ ਕਹਿਣਾ ਪਵੇ, ਅਰਥਾਤ ਜੋ ਪਹਿਲੇ ਅਲਾਰਮ ਤੋਂ ਉੱਠ ਕੇ ਬੈਠਾ ਨਾ ਹੋਵੇ, ਉਸ ਨੂੰ ਹਾਰਨਬੀਮ ਦੀ ਲੋੜ ਹੈ!

ਹਾਰਨਬੀਮ ਦੇ ਮਰੀਜ਼ਾਂ ਵਿਚ ਆਤਮ-ਜੋਸ਼ ਦੀ ਘਾਟ ਹੁੰਦੀ ਹੈ ਤੇ ਉਹ ਆਦਤਨ ਕੰਮ ਤੋਂ ਕੰਨੀ ਕਤਰਾਉਂਦੇ ਹਨ। ਜਦੋਂ ਉਹ ਠੀਕ ਹੁੰਦੇ ਹਨ, ਉਦੋਂ ਵੀ ਉਹ ਕੰਮਚੋਰੀ ਤੋਂ ਬਾਜ ਨਹੀਂ ਆਉਂਦੇ, ਕਿਉਂਕਿ ਕੰਮ ਦਾ ਧਿਆਨ ਆਉਂਦੇ ਹੀ ਉਨ੍ਹਾਂ ਦਾ ਹੌਸਲਾ ਡਿੱਗ ਜਾਂਦਾ ਹੈ ਤੇ ਉਹ ਆਪਣੇ ਆਪ ਨੂੰ ਬੇਤਾਕਤੇ ਮਹਿਸੂਸ ਕਰਨ ਲੱਗਦੇ ਹਨ। ਅਜਿਹੇ ਲੋਕ ਡਾਕਟਰ ਕੋਲ ਜਾ ਕੇ ਸਭ ਤੋਂ ਪਹਿਲਾਂ ਤਾਕਤ ਦੀ ਦਵਾਈ ਜਾਂ ਚੁਸਤੀ ਦਾ ਟਾਨਿਕ ਮੰਗਦੇ ਹਨ। ਉਹ ਤਰ੍ਹਾਂ ਤਰ੍ਹਾਂ ਦੇ ਵਿਟਾਮਿਨ ਤੇ ਸ਼ਕਤੀਵਰਧਕ ਦਵਾਈਆਂ ਵਰਤਦੇ ਰਹਿੰਦੇ ਹਨ ਤੇ ਦੂਜਿਆਂ ਨੂੰ ਸੁਝਾਉਂਦੇ ਰਹਿੰਦੇ ਹਨ। ਕਈ ਕਸਰਤ ਜਾਂ ਯੋਗਾ ਕਰਦੇ ਹਨ ਤੇ ਕਈ ਮੈਡੀਟੇਸ਼ਨ। ਕਈ ਹੋਰ ਸ਼ਰਾਬ, ਡੋਡੇ ਜਾਂ ਭੁੱਕੀ ਆਦਿ ਦੇ ਨਸ਼ਿਆਂ ਵਿਚੋਂ ਸ਼ਕਤੀ ਭਾਲਦੇ ਹਨ। ਅਫੀਮ ਨੂੰ ਤਾਂ ਕਈ ਕਹਿੰਦੇ ਹੀ "ਕੰਡਾ" ਹਨ। ਜਦੋਂ ਕੋਈ ਵਿਅਕਤੀ ਅਲਕੋਹਲ ਜਾਂ ਕਿਸੇ ਹੋਰ ਨਸ਼ੇ ਦਾ ਸੇਵਨ ਟਾਨਿਕ ਵਜੋਂ ਕਰੇ, ਸਮਝੋ ਉਹ ਹਾਰਨਬੀਮ ਦਾ ਮਰੀਜ਼ ਹੈ। ਹਾਰਨਬੀਮ ਉਸ ਦੀ ਮਾਨਸਿਕ ਤੇ ਸਰੀਰਕ ਕਮਜ਼ੋਰੀ ਦੂਰ ਕਰੇਗੀ ਤੇ ਨਾਲੇ ਉਸ ਦਾ ਨਸ਼ਾ ਵੀ ਛੁਡਾ ਦੇਵੇਗੀ।

ਕਿਸੇ ਵੀ ਡਾਕਟਰ ਦੀ ਪ੍ਰੈਕਟਿਸ ਵਿਚ ਬਹੁਤ ਸਾਰੇ ਅਜਿਹੇ ਰੋਗੀ ਆਉਂਦੇ ਹਨ, ਜਿਹੜੇ ਲਿੰਗ ਸਬੰਧੀ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤੀਆਂ ਕਿਸੇ ਨਾ ਕਿਸੇ ਪ੍ਰਕਾਰ ਦੀ ਨਾਮਰਦੀ (Impotence) ਨਾਲ ਜੁੜੀਆਂ ਹੁੰਦੀਆਂ ਹਨ। ਜਿਹੜੇ ਵਿਅਕਤੀ ਇਹ ਕਹਿਣ ਕਿ ਉਨ੍ਹਾਂ ਵਿਚ ਸੈਕਸ ਦੀ ਇੱਛਾ ਤਾਂ ਬੜੀ ਪ੍ਰਬਲ ਹੈ, ਪਰ ਉਹ ਸਰੀਰਕ ਤੌਰ 'ਤੇ ਕਮਜ਼ੋਰ ਹਨ, ਭਾਵ ਇਸ ਨੂੰ ਪੂਰਾ ਕਰਨ ਦੇ ਸਮਰੱਥ ਨਹੀਂ, ਉਨ੍ਹਾਂ ਨੂੰ ਹਾਰਨਬੀਮ ਦਿੱਤੀ ਜਾਂਦੀ ਹੈ। ਇਹੀ ਦਵਾਈ ਉਨ੍ਹਾਂ ਨੂੰ ਵੀ ਦਿੱਤੀ ਜਾਂਦੀ ਹੈ, ਜੋ ਕਹਿੰਦੇ ਹਨ ਕਿ ਉਹ ਅੱਗੇ-ਪਿੱਛੇ ਠੀਕ ਮਹਿਸੂਸ ਕਰਦੇ ਹਨ, ਪਰ ਸੇਜ ਤੇ ਜਾਂਦਿਆਂ ਹੀ ਢਹਿ ਢੇਰੀ ਹੋ ਜਾਂਦੇ ਹਨ। ਜਿਹੜੀਆਂ ਔਰਤਾਂ ਲਿੰਗਕ ਅਹਿਸਾਸ ਦੀ ਘਾਟ ਕਾਰਨ ਬਾਂਝ (Barren) ਬਣ ਜਾਂਦੀਆਂ ਹਨ ਅਰਥਾਤ ਬੱਚੇ ਪੈਦਾ ਨਹੀਂ ਕਰ ਸਕਦੀਆਂ, ਉਨ੍ਹਾਂ ਨੂੰ ਵੀ ਹਾਰਨਬੀਮ ਹੀ ਠੀਕ ਕਰਦੀ ਹੈ। ਪਰਿਵਾਰਾਂ ਨੂੰ ਇਕੋ ਵਿਚ ਬੰਨ੍ਹ ਕੇ ਰੱਖਣ ਵਿਚ ਹਾਰਨਬੀਮ ਵਿਸ਼ੇਸ਼ ਭੂਮਿਕਾ ਨਿਭਾਅ ਸਕਦੀ ਹੈ। ਇਸੇ ਲਈ ਇਸ ਨੂੰ ਪਰਿਵਾਰ ਦੀ ਫੈਵੀਕਾਲ ਵੀ ਕਿਹਾ ਜਾ ਸਕਦਾ ਹੈ।

ਪ੍ਰੀ-ਇੰਜੀਨੀਅਰਿੰਗ ਦੀ ਪੜ੍ਹਾਈ ਕਰਕੇ ਪੀ. ਈ. ਟੀ. ਦੀ ਪ੍ਰੀਖਿਆ ਦੀ ਤਿਆਰੀ ਕਰਦੇ ਇਕ ਵਿਦਿਆਰਥੀ ਨੂੰ ਉਸ ਦੇ ਮਾਪੇ ਦਵਾ ਦਿਵਾਉਣ ਲਈ ਲੈ ਕੇ ਆਏ। ਕਹਿਣ ਲੱਗੇ, "ਜੀ ਇੰਨਾ ਮਹੱਤਵਪੂਰਨ ਸਬਜੈਕਟ ਹੈ, ਪਰ ਇਹ ਲੜਕਾ ਆਪਣੇ ਕੰਮ ਵਲ ਪੂਰਾ ਧਿਆਨ ਹੀ ਨਹੀਂ ਦਿੰਦਾ। ਇਸ ਦੇ ਨਾਲ ਦੇ ਸਾਰਾ ਦਿਨ ਪੜ੍ਹਦੇ ਰਹਿੰਦੇ ਹਨ, ਪਰ ਇਹ ਇੰਨਾ ਢਿੱਲ੍ਹਾ ਹੈ ਕਿ ਉੱਠਦਾ ਹੀ ਬੜੀ ਮੁਸ਼ਕਿਲ ਨਾਲ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਟੈਸਟਾਂ ਵਿਚੋਂ ਨਿਕਲ ਜਾਵੇ ਤੇ ਕਿਸੇ ਕੰਮ ਲੱਗੇ। ਇਸ ਲਈ ਇਸ ਨੂੰ ਪੜ੍ਹਾਈ ਲਿਖਾਈ 'ਚ ਤੇਜ ਕਰਨ ਦੀ ਕੋਈ ਦਵਾਈ ਦਿਉ।"

ਲੜਕੇ ਤੋਂ ਪੁੱਛਿਆ ਗਿਆ ਕਿ ਕਾਕਾ ਤੈਨੂੰ ਮਿਹਨਤ ਕਰਨ ਵਿਚ ਕੀ ਔਖਿਆਈ ਆਉਂਦੀ ਹੈ? ਉਸ ਨੇ ਉੱਤਰ ਦਿੱਤਾ, "ਸਰ ਜੀ, ਮੈਨੂੰ ਆਉਂਦਾ ਤਾਂ ਸਭ ਕੁਝ ਹੈ, ਪਰ ਸਿਲੇਬਸ ਹੀ ਇੰਨਾ ਜ਼ਿਆਦਾ ਹੈ ਕਿ ਸਮਝ ਵਿਚ ਨਹੀਂ ਆਉਂਦਾ ਕਿ ਕਿੱਥੋਂ ਸ਼ੁਰੂ ਕਰਾਂ ਤੇ ਕਿੱਥੇ ਖਤਮ! ਇਕ ਪਾਸੇ ਬੋਰਡ ਦੀਆਂ ਸਰਕਾਰੀ ਕਿਤਾਬਾਂ ਹਨ, ਦੂਜੇ ਪਾਸੇ ਕਾਲਜ ਦੇ ਅਧਿਆਪਕਾਂ ਵਲੋਂ ਲਵਾਈਆਂ ਕਿਤਾਬਾਂ ਅਤੇ ਤੀਜੇ ਪਾਸੇ ਕੰਪੀਟੀਸ਼ਨ ਅਕੈਡਮੀਆਂ ਦੀਆਂ ਪੁਸਤਕਾਂ ਤੇ ਉਪਰੋਂ ਟੈਸਟ ਪੇਪਰ। ਸਵੇਰੇ ਉੱਠ ਕੇ ਫ੍ਰੈਸ਼ ਉੱਠਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਮੇਜ 'ਤੇ ਪੁਸਤਕਾਂ ਦੀਆਂ ਢੇਰੀਆਂ ਦੇਖ ਕੇ ਤ੍ਰੇਲੀਆਂ ਆ ਜਾਂਦੀਆਂ ਹਨ। ਪੜ੍ਹਨ ਲੱਗਦਾ ਹਾਂ ਤਾਂ 'ਅੱਗਾ ਦੌੜ, ਪਿੱਛਾ ਚੌੜ' ਹੋਣ ਲਗਦਾ ਹੈ। ਜਿੰਨਾ ਕੰਮ ਕਰਦਾ ਹਾਂ, ਮਨ ਮਾਰ ਕੇ ਕਰਦਾ ਹਾਂ। ਮੰਮੀ-ਡੈਡੀ ਗੱਲ ਸਮਝਣ ਦੀ ਥਾਂ ਗੁੱਸੇ ਹੋਣ ਲਗਦੇ ਹਨ। ਇਨ੍ਹਾਂ ਦੀ ਡਾਂਟ-ਫਿਟਕਾਰ ਨਾਲ ਹੌਸਲਾ ਉੱਕਾ ਹੀ ਢਹਿ ਜਾਂਦਾ ਹੈ। ਮੈਨੂੰ ਦਵਾਈ ਦੀ ਨਹੀਂ, ਸ਼ਕਤੀ ਦੀ ਲੋੜ ਹੈ।"

ਮੁੰਡੇ ਦੀ ਗੱਲ ਵਿਚ ਤਰਕ ਸੀ। ਉਹ ਆਪਣੇ ਵਿਸ਼ੇ ਦੀ ਪੜ੍ਹਾਈ ਵਿਚ ਕਮਜ਼ੋਰ ਨਹੀਂ ਸੀ, ਸਗੋਂ ਪੜ੍ਹਾਈ ਦੇ ਭਾਰ ਕਾਰਨ ਪ੍ਰੇਸ਼ਾਨ ਸੀ। ਉਸ ਦਾ ਦਿਮਾਗ ਉਸ ਦੇ ਕੰਮ ਨੂੰ ਆਪਣੇ ਕਲਾਵੇ ਵਿਚ ਨਹੀਂ ਸੀ ਲੈ ਰਿਹਾ ਤੇ ਉਹ ਉਸ ਤੋਂ ਡਰ ਕੇ ਦਬਕਿਆ ਹੋਇਆ ਸੀ। ਉਸ ਨੇ ਸਾਇੰਸ, ਮੈਥ ਦੇ ਵਿਸ਼ਿਆਂ ਨੂੰ ਨਾ ਸਮਝਣ ਦੀ ਸ਼ਿਕਾਇਤ ਨਹੀਂ ਸੀ ਕੀਤੀ, ਕਿਤਾਬਾਂ ਦੀ ਗਿਣਤੀ ਨੂੰ ਭਾਰੀ ਦੱਸਿਆ ਸੀ। ਉਹ ਇਨ੍ਹਾਂ ਨੂੰ ਪੜ੍ਹੇ ਬਿਨਾ ਹੀ ਉਡਣਾ ਚਾਹੁੰਦਾ ਸੀ, ਜੋ ਸੰਭਵ ਨਹੀਂ ਸੀ। ਉਸ ਨੂੰ ਸਵੇਰੇ ਸਵੇਰੇ ਹਾਰਨਬੀਮ ਦੀਆਂ ਚਾਰ ਬੂੰਦਾਂ ਪਾਣੀ ਵਿਚ ਪਾ ਕੇ ਪ੍ਰੀਖਿਆ ਤੀਕ ਲਗਾਤਾਰ ਪੀਣ ਲਈ ਕਿਹਾ ਗਿਆ। ਹਫਤੇ ਵਿਚ ਹੀ ਲੜਕੇ ਨੇ ਆਪਣੇ ਕੰਮ 'ਤੇ ਕਾਬੂ ਪਾ ਲਿਆ। ਉਹ ਇਸ ਵਿਚ ਇੰਨਾ ਰੁੱਝ ਗਿਆ ਕਿ ਕਿਸੇ ਨਾਲ ਗੱਲ ਨਾ ਕਰਦਾ। ਸਭ ਪ੍ਰੀਖਿਆਵਾਂ ਪਾਸ ਕਰ ਕੇ ਅੱਜ ਕੱਲ੍ਹ ਉਹ ਬਿਜਲੀ ਮਹਿਕਮੇ ਵਿਚ ਇੰਜੀਨੀਅਰ ਹੈ।

ਹਾਰਨਬੀਮ ਦਾ ਮਰੀਜ਼ ਔਖੇ ਕੰਮ ਤੋਂ ਭੱਜਦਾ ਹੈ ਤੇ ਸੌਖੇ ਕੰਮ ਵਲ ਖੁਸ਼ ਹੋ ਕੇ ਜਾਂਦਾ ਹੈ। ਜਿਨ੍ਹਾਂ ਕੰਮਾਂ ਦਾ ਕੋਈ ਸਿਰ-ਮੂੰਹ ਨਾ ਹੋਵੇ ਭਾਵ ਜਿਹੜੇ ਉਸ ਦੀ ਸੋਚ ਸਮਝ ਤੋਂ ਬਾਹਰ ਹੋਣ, ਉਨ੍ਹਾਂ ਵਲ ਤਾਂ ਉਹ ਬਿਲਕੁਲ ਨਹੀਂ ਜਾਂਦਾ। ਇਸ ਲਈ ਇਹ ਉਨ੍ਹਾਂ ਵਿਦਿਆਰਥੀਆਂ ਲਈ ਬੜੀ ਲਾਭਦਾਇਕ ਹੈ, ਜੋ ਖੋਜ ਕਾਰਜਾਂ ਵਿਚ ਲੱਗੇ ਹੁੰਦੇ ਹਨ। ਉਨ੍ਹਾਂ ਨੂੰ ਅਜਿਹੇ ਉਦੇਸ਼ ਲਈ ਮਿਹਨਤ ਕਰਨੀ ਪੈਂਦੀ ਹੈ, ਜਿਸ ਦਾ ਸ਼ੁਰੂ ਵਿਚ ਕੋਈ ਪਤਾ ਨਹੀਂ ਹੁੰਦਾ। ਉਨ੍ਹਾਂ ਦੀ ਖੋਜ ਦਾ ਸਿੱਟਾ ਖੋਜ ਪ੍ਰਣਾਲੀ ਦੇ ਅੰਤ ਤੇ ਪ੍ਰਗਟ ਹੋਣਾ ਹੁੰਦਾ ਹੈ, ਇਸ ਲਈ ਉਦੋਂ ਤੀਕ ਉਹ ਕਿਸੇ ਉਤੇਜਨਾ ਬਿਨਾ ਹੀ ਕੰਮ ਕਰਦੇ ਰਹਿੰਦੇ ਹਨ। ਹਾਰਨਬੀਮ ਇਨ੍ਹਾਂ ਖੋਜ ਵਿਦਿਆਰਥੀਆਂ ਨੂੰ ਉਤਸ਼ਾਹ ਤੇ ਗਿਆਨ ਦੇ ਕੇ ਸਫਲ ਬਣਾਉਂਦਾ ਹੈ। ਇਹ ਉਨ੍ਹਾਂ ਨੂੰ ਆਪਣੇ ਵਿਸ਼ੇ 'ਤੇ ਉਕਾਬ ਦੀ ਤਰ੍ਹਾਂ ਮੰਡਰਾਉਣਾ ਸਿਖਾਉਂਦਾ ਹੈ, ਜਿੱਥੋਂ ਉਹ ਇਸ ਦੀਆਂ ਦੂਰ ਦੁਰਾਡੀਆਂ ਗੁੰਝਲਾਂ ਵੀ ਸਮਝ ਸਕਦੇ ਹਨ।

ਹਾਰਨਬੀਮ ਦੇ ਮਰੀਜ਼ ਆਪ ਕੰਮ ਕਰਨ ਦੇ ਆਦੀ ਨਹੀਂ ਹੁੰਦੇ। ਉਨ੍ਹਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰਕਿਰਿਆ ਵਿਚ ਪੈਣਾ ਤੇ ਇਸ ਦੀਆਂ ਗੁੰਝਲਾਂ ਵਿਚੋਂ ਦੀ ਲੰਘਣਾ ਅਕੇਵੇਂ ਭਰਿਆ ਲਗਦਾ ਹੈ। ਅਜਿਹੇ ਕੰਮਾਂ ਨੂੰ ਉਹ ਦੂਜਿਆਂ ਤੋਂ ਕਰਵਾਉਂਦੇ ਹਨ, ਆਪ ਨਹੀਂ ਕਰਦੇ। ਉਹ ਨਹੀਂ ਚਾਹੁੰਦੇ ਕਿ ਉਹ ਇਕੋ ਕੰਮ ਨੂੰ ਵਾਰ ਵਾਰ ਕਰਨ ਦੀ ਰਟ

(ਬਾਕੀ ਅਗਲੇ ਸਫੇ 'ਤੇ)

# ਮੌਲਾਨਾ ਰੂਮੀ ਦੇ ਬੋਲ

***(ਜਨਮ: 30 ਸਤੰਬਰ 1207; ਬਲਖ, ਅਫਗਾਨਿਸਤਾਨ;
ਦੇਹਾਂਤ: ਕੋਨੀਆਂ, ਤੁਰਕੀ 17 ਦਸੰਬਰ 1273)***

ਜਾਏਂਗਾ ਦੂਰ ਜਦ ਆਪਣੀਆਂ ਜੜ੍ਹਾਂ ਤੋਂ
ਤਾਂ ਮਾਰੇਂਗਾ 'ਵਾਜ ਆਪਣੀਆਂ ਜੜ੍ਹਾਂ ਨੂੰ।
ਤੇਰੀ 'ਵਾਜ ਨੂੰ ਹੁੰਗਾਰਾ ਮਿਲੇਗਾ ਕਿਤੋਂ ਆਖਰ
ਤਾਂ ਮਿਲੇਗਾ ਤੇਰੀਆਂ ਜੜ੍ਹਾਂ ਤੋਂ।

---

ਅਸੀਂ ਸ਼ੇਰ ਹਾਂ ਸਾਰੇ ਦੇ ਸਾਰੇ
ਪਰਦਿਆਂ ਉਪਰ ਲਹਿਰਾਉਂਦੇ ਹੋਏ ਸ਼ੇਰ...

**ਡਾ. ਹਰਪਾਲ ਸਿੰਘ ਪੰਨੂ**

ਵਧ ਰਹੇ ਨੇ ਸ਼ੇਰ ਹਵਾ ਦੇ
ਜੋਰ ਨਾਲ ਅੱਗੇ ਅੱਗੇ
ਪਰ ਹਵਾ ਜੋ ਧੂਈ ਲਈ ਜਾਂਦੀ ਹੈ,
ਦਿਸਦੀ ਨਹੀਂ ਕਿਧਰੇ।

---

ਨਦੀਆਂ ਦਾ ਪਾਣੀ, ਡਿਗਿਆ
ਜੋ ਸਮੁੰਦਰ ਵਿਚ ਆਖਰ
ਇਹ ਗਿਆ ਸੀ ਕਿੱਥੋਂ,
ਵਾਪਸ ਆਇਆ ਹੈ ਕਿਉਂ?

---

ਫਨਾਹ ਹੋ ਕੇ ਜ਼ਮੀਨ ਵਿਚ ਦਫਨ ਹੋਇਆ
ਤਾਂ ਉਗਿਆ ਘਾਹ ਬਣ ਕੇ
ਚਰਾਂਦਾਂ ਵਿਚੋਂ ਘਾਹ ਮੁੱਕਿਆ ਤਾਂ
ਮੈਂ ਜਾਨਵਰ ਬਣ ਕੇ ਖਲੋਇਆ।
ਜਾਨਵਰ ਦੀ ਖੱਲ ਵਿਚੋਂ ਨਿਕਲ ਕੇ
ਮੈਂ ਵਾਪਸ ਪਰਤਿਆ ਇਨਸਾਨ ਬਣ ਕੇ
ਕਿਸ ਮੌਤ ਕਾਰਨ ਕਿੱਥੇ ਕੋਈ ਕਮੀ ਆਈ?
ਹੁਣ ਮਰਾਂਗਾ ਬਤੌਰ ਇਨਸਾਨ,
ਪ੍ਰਾਪਤ ਹੋਣਗੇ ਖੰਭ
ਉਡਾਂਗਾ ਫਰਿਸ਼ਤਿਆਂ ਸੰਗ।

---

ਹੜ੍ਹ ਵਰਗੇ ਹੁੰਦੇ ਨੇ ਹੰਝੂ
ਜਿਧਰੋਂ ਜਿਧਰੋਂ ਲੰਘਦੇ ਨੇ,
ਫੁਲ ਖਿੜਾਈ ਜਾਂਦੇ ਨੇ।

---

ਮੈਂ ਰੱਬ ਨੂੰ ਕਿਹਾ,
ਤੈਨੂੰ ਜਾਣਨ ਤੱਕ ਮਰਾਂਗਾ ਨਹੀਂ।
ਰੱਬ ਨੇ ਕਿਹਾ,
ਜੋ ਮੈਨੂੰ ਜਾਣ ਲੈਂਦਾ ਹੈ,
ਉਹ ਮਰਦਾ ਨਹੀਂ।

---

ਕੱਲ੍ਹ ਮੈਂ ਹੁਸ਼ਿਆਰ ਸਾਂ,
ਦੁਨੀਆਂ ਬਦਲਣੀ ਚਾਹੀ
ਅੱਜ ਸਮਝਦਾਰ ਹੋਇਆਂ,
ਖੁਦ ਨੂੰ ਬਦਲ ਰਿਹਾਂ।

---

ਤੈਨੂੰ ਖੰਭ ਦੇ ਕੇ ਧਰਤੀ ਉਪਰ ਉਤਾਰਿਆ
ਫਿਰ ਸਾਰੀ ਉਮਰ ਰੀਂਗਦਾ ਕਿਉਂ ਰਿਹਾ?

---

ਮਾਪਿਆਂ ਨਾਲ ਤੁਹਾਡਾ
ਸਲੂਕ ਅਜਿਹੀ ਕਹਾਣੀ ਹੈ,
ਜੋ ਲਿਖੀ ਤੁਸੀਂ, ਪੜ੍ਹ ਕੇ ਤੁਹਾਡੀ
ਔਲਾਦ ਤੁਹਾਨੂੰ ਸੁਣਾਏਗੀ।

---

ਜਦ ਦੁਖੀ ਹੁੰਨੈ,
ਖੁਦਾ ਨੂੰ ਯਾਦ ਕਰਕੇ
ਗੁਨਾਹਾਂ ਦੀ ਮਾਫੀ ਮੰਗਦੈਂ,
ਯਾਨਿ ਕਿ ਤੇਰੇ ਦੁਖ ਨੇ ਤੈਨੂੰ
ਬੇਹੋਸ਼ੀ 'ਚੋਂ ਹੋਸ਼ ਵਿਚ ਲਿਆਂਦਾ।

---

ਬੁਰੀ ਸੰਗਤ ਦੀ ਥਾਂ
ਇਕੱਲਾ ਰਹਿਣਾ ਚੰਗਾ।
ਕਦੀ ਕਬਰਿਸਤਾਨ ਵਿਚ
ਜਾ ਕੇ ਦੋ ਘੜੀ ਬੈਠ।
ਬੋਲਣ ਵਾਲਿਆਂ ਦੀ ਖਾਮੋਸ਼ੀ ਦੇਖ।

---

ਅਮਾਨਤ ਵਾਂਗ ਜ਼ਿੰਦਗੀ ਬਿਤਾ।
ਇਕ ਦਿਨ ਮਾਲਕ ਨੂੰ ਵਾਪਸ ਕਰਨੀ ਪਏਗੀ।

---

ਪੁੱਛਿਆ: ਹਜ਼ੂਰ ਦਿਲ ਛੋਟਾ,
ਦੁਖ ਵੱਡੇ, ਕਿਵੇਂ ਝੱਲਾਂ?
ਜਵਾਬ: ਤੇਰੀਆਂ ਨਿੱਕੀਆਂ ਅੱਖਾਂ ਨੇ
ਜਹਾਨ ਆਪਣੇ ਵਿਚ ਸਮਾ ਲਿਆ
ਦਿਲ ਤਾਂ ਅੱਖਾਂ ਤੋਂ ਬਹੁਤ ਵੱਡਾ ਹੈ।

---

ਰੂਹ ਨੂੰ ਇਸ ਤੋਂ ਵੱਡੀ ਕੋਈ
ਮਰਜ਼ ਨਹੀਂ ਲੱਗ ਸਕਦੀ
ਕਿ ਖੁਦ ਨੂੰ ਉਸਤਾਦ ਸਮਝਣ ਲੱਗ ਪਵੇ।

---

ਸਮਝਦਾਰ ਨੂੰ ਪਾਣੀ ਦੇ ਕਟੋਰੇ ਵਿਚ
ਰੱਬ ਦਿੱਸ ਜਾਂਦਾ ਹੈ,
ਮੂਰਖ ਨੂੰ ਪਾਣੀ ਵਿਚੋਂ
ਉਸ ਦਾ ਚਿਹਰਾ ਦਿੱਸੀ ਜਾਂਦੈ।

---

ਤੀਰ ਵਾਂਗ ਸਿੱਧਾ ਹੋ ਜਾਹ।
ਵਲ ਵਿੰਗ ਰਹੇ,
ਦੂਰ ਤੱਕ ਉਡ ਨਹੀਂ ਸਕੇਂਗਾ
ਮੰਜ਼ਿਲ 'ਤੇ ਪੁੱਜ ਨਹੀਂ ਸਕੇਂਗਾ।

---

ਚਾਮ-ਚੜਿਕ ਨੂੰ ਸੂਰਜ ਚੰਗਾ ਨਹੀਂ ਲਗਦਾ
ਸੂਰਜ ਨੂੰ ਇਸ ਨਾਲ ਕੀ ਫਰਕ ਪੈਂਦੈ?

# ਬੈਚ ਫੁੱਲ ਹਾਰਨਬੀਮ: ਚੁਸਤੀ ਟਾਨਿਕ

***(ਪਿਛਲੇ ਸਫੇ ਦੀ ਬਾਕੀ)***

ਵਿਚ ਫਸਣ। ਕਾਰ ਦੇ ਇੰਜਣ ਨੂੰ ਠੀਕ ਕਰਨ ਵਾਲਾ ਮਕੈਨਿਕ ਇਸ ਦੀ ਮੁਰੰਮਤ ਕਰਦਾ ਹੈ, ਪਰ ਉਹ ਇਸ ਨੂੰ ਖੋਲ੍ਹਣ ਤੇ ਬੰਦ ਕਰਨ ਦਾ ਕੰਮ ਆਪਣੇ ਸਹਾਇਕਾਂ ਤੋਂ ਕਰਵਾਉਂਦਾ ਹੈ। ਜ਼ਿਮੀਂਦਾਰ ਸਿਰਫ ਮੋਟੇ ਮੋਟੇ ਕੰਮ ਹੀ ਆਪ ਕਰਦਾ ਹੈ; ਛੋਟੇ ਤੇ ਜੋਖਮ ਭਰੇ ਕੰਮ ਉਹ ਸੀਰੀ ਜਾਂ ਨੌਕਰ ਤੋਂ ਕਰਵਾਉਂਦਾ ਹੈ। ਅਫਸਰ ਵੀ ਮੀਟਿੰਗਾਂ ਕਰਨ ਤੇ ਫੇਰੇ ਤੋਰਿਆਂ 'ਤੇ ਹੀ ਰਹਿੰਦੇ ਹਨ, ਫਾਈਲਾਂ ਦਾ ਕੰਮ ਕਲਰਕ ਕਰਦੇ ਹਨ। ਜਦੋਂ ਕਿਸੇ ਨੂੰ ਔਖੇ ਕੰਮ ਨੂੰ ਹੱਥ ਪਾਉਣਾ ਔਖਾ ਲੱਗੇ ਤਾਂ ਸਮਝੋ ਉਸ ਨੂੰ ਹਾਰਨਬੀਮ ਦੇਣ ਵਾਲੀ ਹੈ।

ਕਈ ਮੁਟਾਪੇ, ਸੁਸਤੀ ਤੇ ਆਲਸ ਦੇ ਮਾਰਿਆਂ ਨੂੰ ਹਰ ਰੋਜ਼ ਸੈਰ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ, ਪਰ ਉਹ ਪਹਿਲਾਂ ਤਾਂ ਤੁਰਨ ਦਾ ਮਨ ਹੀ ਨਹੀਂ ਬਣਾਉਂਦੇ, ਪਰ ਜੇ ਜਾਣ ਵੀ ਲੱਗਣ ਤਾਂ ਉਨ੍ਹਾਂ ਦੀਆਂ ਟੰਗਾਂ ਫੁੱਲ ਜਾਂਦੀਆਂ ਹਨ। ਚਲਣਾ ਉਨ੍ਹਾਂ ਨੂੰ ਪਹਾੜ 'ਤੇ ਚੜ੍ਹਨ ਵਾਂਗ ਜਾਪਦਾ ਹੈ। ਉਹ ਵਾਰ ਵਾਰ ਰੁਕ ਕੇ ਘੜੀ ਵਲ ਦੇਖਦੇ ਹਨ ਜਾਂ ਕਦਮ ਗਿਣ ਗਿਣ ਹਿਸਾਬ ਲਾਉਂਦੇ ਹਨ ਕਿ ਕਿੰਨਾ ਪੈਂਡਾ ਰਹਿ ਗਿਆ। ਇਕ-ਦੋ ਦਿਨ ਬਾਅਦ ਉਹ ਸੈਰ ਦਾ ਨਾਂ ਲੈਣਾ ਤੀਕ ਛੱਡ ਜਾਂਦੇ ਹਨ। ਉਹ ਸੋਚਦੇ ਹਨ ਕਿ ਹਰ ਰੋਜ਼ ਇਕ ਦੋ ਮੀਲ ਫਜ਼ੂਲ ਕਿਹੜਾ ਤੁਰਦਾ ਜਾਵੇ ਤੇ ਤੁਰਦਾ ਵਾਪਸ ਆਵੇ। ਜੇ ਇਹ ਵਿਅਕਤੀ ਹਫਤਾ, ਦੋ ਹਫਤਾ ਤੁਰ ਲੈਣ ਤਾਂ ਲਗਾਤਾਰ ਤੁਰ ਵੀ ਸਕਦੇ ਹਨ। ਇਨ੍ਹਾਂ ਨੂੰ ਸ਼ੁਰੂ ਵਿਚ ਤੁਰਨ ਦੀ ਆਦਤ ਪਾਉਣ ਲਈ ਹਾਰਨਬੀਮ ਦੀ ਲੋੜ ਹੈ।

ਕਈ ਲੋਕ ਹੁਣ ਦੇ ਕਰੋਨਾ ਦੇ ਬਿਮਾਰਾਂ ਵਾਂਗ ਕਾਫੀ ਦੇਰ ਮੰਜੇ 'ਤੇ ਪਏ ਰਹਿੰਦੇ ਹਨ ਤੇ ਚਿਰ ਬਾਅਦ ਠੀਕ ਹੁੰਦੇ ਹਨ। ਜਦੋਂ ਉਹ ਉੱਠ ਕੇ ਚਲਦੇ ਹਨ ਤਾਂ ਉਨ੍ਹਾਂ ਨੂੰ ਕਮਜ਼ੋਰੀ ਮਹਿਸੂਸ ਹੁੰਦੀ ਹੈ ਤੇ ਉਹ ਫਿਰ ਲੇਟ ਜਾਂਦੇ ਹਨ। ਇਨ੍ਹਾਂ ਮਰੀਜ਼ਾਂ ਨੂੰ ਮੁੜ ਲੀਹ 'ਤੇ ਲਿਆਉਣ ਲਈ ਵੀ ਹਾਰਨਬੀਮ ਦਿੱਤੀ ਜਾਂਦੀ ਹੈ। ਜਿਨ੍ਹਾਂ ਲੋਕਾਂ ਨੂੰ ਲੰਮਾ ਸਮਾਂ ਪੜ੍ਹਨ ਜਾਂ ਟੀ. ਵੀ. ਆਦਿ ਦੇਖਣ ਨਾਲ ਦਿਮਾਗ ਬੁੱਜ ਤੇ ਡਿਪ੍ਰੈਸ਼ਨ ਹੋ ਜਾਂਦਾ ਹੈ, ਉਹ ਵੀ ਇਸ ਦਵਾਈ ਨਾਲ ਹੀ ਠੀਕ ਹੁੰਦੇ ਹਨ। ਮੋਟੇ ਤੇ ਦਲਿੱਦਰੀ ਵਿਅਕਤੀਆਂ ਦੀਆਂ ਕਈ ਸਰੀਰਕ ਬਿਮਾਰੀਆਂ ਜਿਵੇਂ ਜਿਗਰ, ਪਿੱਤੇ ਤੇ ਮਿਹਦੇ ਰੋਗ, ਗੈਸ, ਜਲਨ, ਸ਼ੂਗਰ, ਕਬਜ਼ ਤੇ ਮਿਹਦੇ ਦੇ ਫੋੜਿਆਂ ਦੇ ਇਲਾਜ ਲਈ ਵੀ ਇਹੀ ਦਵਾਈ ਦਿੱਤੀ ਜਾਂਦੀ ਹੈ। ਇਸ ਦੀ ਵਰਤੋਂ ਨਾਲ ਤਾਕਤ ਲਈ ਸੇਵਨ ਕੀਤੇ ਜਾਂਦੇ ਸਭ ਨੁਸਖਿਆਂ, ਨਸ਼ਿਆਂ ਤੇ ਟਾਨਿਕਾਂ ਦਾ ਖਿਆਲ ਆਉਣਾ ਬੰਦ ਹੋ ਜਾਵੇਗਾ।

# ਦਰਸਨੁ ਪੇਖਤ ਹੋਇ ਨਿਹਾਲੁ

## ਗੁਰਬਾਣੀ ਗਿਆਨ

ੴ ਸਤਿਗੁਰ ਪਰਸਾਦਿ॥
ਰਾਮਕਲੀ ਮਹਲਾ ੫
ਐਸਾ ਪੂਰਾ ਗੁਰਦੇਉ ਸਹਾਈ॥
ਜਾ ਕਾ ਸਿਮਰਨੁ ਬਿਰਥਾ ਨ ਜਾਈ॥ ਰਹਾਉ॥
ਦਰਸਨੁ ਪੇਖਤ ਹੋਇ ਨਿਹਾਲੁ॥
ਜਾ ਕੀ ਧੂਰਿ ਕਾਟੈ ਜਮ ਜਾਲੁ॥
ਚਰਨ ਕਮਲ ਬਸੇ ਮੇਰੇ ਮਨ ਕੇ॥
ਕਾਰਜ ਸਵਾਰੇ ਸਗਲੇ ਤਨ ਕੇ॥
ਜਾ ਕੈ ਮਸਤਕਿ ਰਾਖੈ ਹਾਥੁ॥
ਪ੍ਰਭੁ ਮੇਰੋ ਅਨਾਥ ਕੋ ਨਾਥੁ॥
ਪਤਿਤ ਉਧਾਰਣੁ ਕਿਰਪਾ ਨਿਧਾਨੁ॥
ਸਦਾ ਸਦਾ ਜਾਈਐ ਕੁਰਬਾਨੁ॥
ਨਿਰਮਲ ਮੰਤੁ ਦੇਇ ਜਿਸੁ ਦਾਨੁ॥
ਤਜਹਿ ਬਿਕਾਰ ਬਿਨਸੈ ਅਭਿਮਾਨੁ॥
ਏਕੁ ਧਿਆਈਐ ਸਾਧ ਕੈ ਸੰਗਿ॥
ਪਾਪ ਬਿਨਾਸੇ ਨਾਮ ਕੈ ਰੰਗਿ॥
ਗੁਰ ਪਰਮੇਸਰੁ ਸਗਲ ਨਿਵਾਸ॥
ਘਟਿ ਘਟਿ ਰਵਿ ਰਹਿਆ ਗੁਣਤਾਸ॥
ਦਰਸੁ ਦੇਹਿ ਧਾਰਉ ਪ੍ਰਭ ਆਸ॥
ਨਿਤ ਨਾਨਕੁ ਚਿਤਵੈ ਸਚੁ ਅਰਦਾਸਿ॥

ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਦੇ ਵਿਚ ਬਖਸ਼ਿਸ਼ ਕਰਦੇ ਆਖਦੇ ਹਨ, ਹੇ ਭਾਈ! ਪੂਰਾ ਗੁਰੂ ਐਸੀ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਸਹਾਈ ਹੁੰਦਾ ਹੈ ਕਿ ਪੂਰੇ ਗੁਰੂ ਦਾ ਦਿੱਤਾ ਹੋਇਆ ਹਰਿ ਨਾਮ ਸਿਮਰਨ ਦਾ ਉਪਦੇਸ਼ ਕਦੀ ਵੀ ਵਿਅਰਥ ਨਹੀਂ ਜਾਂਦਾ, ਸੋ ਗੁਰੂ ਦੇ ਚਰਨੀ ਲੱਗੀਏ ਜੀ।

ਦਰਸਨੁ ਪੇਖਤ ਹੋਇ ਨਿਹਾਲੁ॥
ਜਾ ਕੀ ਧੂਰਿ ਕਾਟੈ ਜਮ ਜਾਲੁ॥
ਚਰਨ ਕਮਲ ਬਸੇ ਮੇਰੇ ਮਨ ਕੇ॥
ਕਾਰਜ ਸਵਾਰੇ ਸਗਲੇ ਤਨ ਕੇ॥

ਸਤਿਗੁਰੂ ਆਖਦੇ ਨੇ, ਹੇ ਭਾਈ! ਪੂਰੇ ਗੁਰੂ ਦਾ ਦਰਸ਼ਨ ਕਰਦਿਆਂ ਹੀ ਮਨੁੱਖ ਦਾ ਤਨ ਅਤੇ ਮਨ-ਦੋਵੇਂ ਖਿੜ ਜਾਂਦੇ ਹਨ। ਭਾਈ ਐਸੇ ਗੁਰੂ ਦੀ ਚਰਨ ਧੂੜ ਜਮ ਦੀ ਫਾਹੀ ਕੱਟ ਦਿੰਦੀ ਹੈ; ਐਸੇ ਪਿਆਰੇ ਗੁਰੂ ਦੇ ਚਰਨ ਜਿਸ ਮਨੁੱਖ ਦੇ ਹਿਰਦੇ ਵਿਚ ਆ ਵਸਦੇ ਹਨ, ਉਸ ਦੇ ਮਨ ਅਤੇ ਸਰੀਰ ਦੇ ਸਾਰੇ ਹੀ ਕੰਮ ਗੁਰੂ ਆਪ ਸਵਾਰ ਦਿੰਦਾ ਹੈ।

ਜਾ ਕੈ ਮਸਤਕਿ ਰਾਖੈ ਹਾਥੁ॥
ਪ੍ਰਭੁ ਮੇਰੋ ਅਨਾਥ ਕੋ ਨਾਥੁ॥
ਪਤਿਤ ਉਧਾਰਣੁ ਕਿਰਪਾ ਨਿਧਾਨੁ॥
ਸਦਾ ਸਦਾ ਜਾਈਐ ਕੁਰਬਾਨੁ॥
ਜਾ ਕੈ ਮਸਤਕਿ ਰਾਖੈ ਹਾਥੁ॥

ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਭਾਈ! ਜਿਸ ਮਨੁੱਖ ਦੇ ਮਸਤਕ ਭਾਵ ਮੱਥੇ ਉਤੇ ਗੁਰੂ ਆਪਣਾ ਹੱਥ ਰੱਖ ਦਿੰਦਾ ਹੈ, ਉਸ ਵਡਭਾਗੇ ਨੂੰ ਉਹ ਨਿਆਸਰਿਆਂ ਦਾ ਆਸਰਾ ਪ੍ਰਭੂ ਮਿਲ ਪੈਂਦਾ ਹੈ। ਹੇ ਭਾਈ! ਵਿਕਾਰਾਂ ਦੇ ਵਿਚ ਡੁੱਬੇ ਹੋਇਆਂ ਨੂੰ ਬਚਾਉਣ ਵਾਲਾ ਗੁਰੂ ਆਪ ਹੈ ਅਤੇ ਗੁਰੂ ਮਿਹਰਾਂ ਦਾ ਖਜਾਨਾ ਹੈ। ਐਸੇ ਮਿਹਰਬਾਨ ਗੁਰੂ ਤੋਂ ਸਦਾ ਸਦਾ ਹੀ ਬਲਿਹਾਰ ਜਾਣਾ ਚਾਹੀਦਾ ਹੈ।

ਨਿਰਮਲ ਮੰਤੁ ਦੇਇ ਜਿਸੁ ਦਾਨੁ॥
ਤਜਹਿ ਬਿਕਾਰ ਬਿਨਸੈ ਅਭਿਮਾਨੁ॥
ਏਕੁ ਧਿਆਈਐ ਸਾਧ ਕੈ ਸੰਗਿ॥
ਪਾਪ ਬਿਨਾਸੇ ਨਾਮ ਕੈ ਰੰਗਿ॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਗੁਰੂ ਜਿਸ ਜੀਵ ਨੂੰ ਆਪਣਾ ਪਵਿੱਤਰ ਉਪਦੇਸ਼ ਬਖਸ਼ਦਾ ਹੈ, ਉਸ ਜੀਵ ਨੂੰ ਸਾਰੇ ਹੀ ਵਿਕਾਰ ਛੱਡ ਜਾਂਦੇ ਹਨ, ਉਸ ਦਾ ਅਹੰਕਾਰ ਦੂਰ ਹੋ ਜਾਂਦਾ ਹੈ। ਹੇ ਭਾਈ! ਗੁਰੂ ਦੀ ਸੰਗਤ ਵਿਚ ਬੈਠ ਕੇ ਇਕ ਪਰਮਾਤਮਾ ਦਾ ਧਿਆਨ ਧਰਨਾ ਚਾਹੀਦਾ ਹੈ, ਗੁਰੂ ਦੀ ਸੰਗਤ ਨਾਲ ਪ੍ਰਭੂ ਦੇ ਪ੍ਰੇਮ ਰੰਗ 'ਚ ਰਿਹਾਂ ਸਾਰੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਗੁਰ ਪਰਮੇਸਰੁ ਸਗਲ ਨਿਵਾਸ॥
ਘਟਿ ਘਟਿ ਰਵਿ ਰਹਿਆ ਗੁਣਤਾਸ॥
ਦਰਸੁ ਦੇਹਿ ਧਾਰਉ ਪ੍ਰਭ ਆਸ॥
ਨਿਤ ਨਾਨਕੁ ਚਿਤਵੈ ਸਚੁ ਅਰਦਾਸਿ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਜੀ ਕਹਿੰਦੇ ਹਨ, ਹੇ ਭਾਈ! ਗੁਰੂ-ਪਰਮਾਤਮਾ ਸਭ ਜੀਵਾਂ ਵਿਚ ਵੱਸਦਾ ਹੈ, ਉਹ ਸਾਰੇ ਗੁਣਾ ਦਾ ਖਜਾਨਾ ਹਰ ਇਕ ਹਿਰਦੇ ਵਿਚ ਹੀ ਮੌਜੂਦ ਹੈ। ਹੇ ਮਿਹਰਬਾਨ ਪ੍ਰਭ ਜੀ, ਮੈਨੂੰ ਆਪਣਾ ਦੀਦਾਰ ਦੇਹ, ਮੈਂ ਤੇਰੇ ਦਰਸ਼ਨ ਦੀ ਆਸ ਲਾਈ ਬੈਠਾ ਹਾਂ; ਮੇਰੀ ਇਹੋ ਅਰਦਾਸ ਹੈ ਕਿ ਤੇਰਾ ਦਾਸ ਨਾਨਕ ਉਸ ਪ੍ਰਭੂ ਨੂੰ ਸਦਾ ਯਾਦ ਕਰਦਾ ਰਹੇ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਦਿੱਲੀ ਦੀਏ ਸਰਕਾਰੇ...

ਤੂੰ ਮਾਲਕ ਤਖਤਾਂ ਦੀ, ਨੀ ਸਾਡੇ ਪੱਲੇ ਦੇ ਵਿਚ ਲਾਰੇ
ਤੈਨੂੰ ਹਰੀ ਕ੍ਰਾਂਤੀ ਦੀਆਂ ਮੁਬਾਰਕਾਂ ਦਿੱਲੀ ਦੀਏ ਸਰਕਾਰੇ।

ਸਿਰੀਆਂ ਮਿੱਧ ਕੇ ਸੱਪਾਂ ਦੀਆਂ ਦਿਨ ਰਾਤ ਇਕ ਕਰ'ਤੇ
ਭੁੱਖੇ ਢਿੱਡ ਅਸੀਂ ਸੌਂਦੇ ਰਹੇ ਭੰਡਾਰ ਤੇਰੇ ਅੰਨ ਨਾਲ ਭਰ'ਤੇ
ਧਰਤ ਜ਼ਹਿਰੀਲੀ ਕਰ ਬੈਠੇ ਕਦੇ ਨਾ ਸੋਚਿਆ ਆਪਦੇ ਬਾਰੇ
ਤੈਨੂੰ ਹਰੀ ਕ੍ਰਾਂਤੀ ਦੀਆਂ ਮੁਬਾਰਕਾਂ ਦਿੱਲੀ ਦੀਏ ਸਰਕਾਰੇ।

ਪੁੱਤਾਂ ਵਾਂਗੂ ਪਾਲੀ ਜੋ ਨਾ ਤੂੰ ਕਦੇ ਫਸਲ ਵੇਲੇ ਸਿਰ ਚੁੱਕੀ
ਸਾਡੇ ਹਿੱਸੇ ਖੁਦਕੁਸ਼ੀਆਂ, ਤੂੰ ਸਦਾ ਕਰਦੀ ਰਹੀ ਤਰੱਕੀ
ਉੱਤੋਂ ਕਹਿਰ ਉਸ ਡਾਢੇ ਦਾ ਸੋਕੇ, ਹੜ੍ਹ, ਝੱਖੜ ਪੈ ਗਏ ਭਾਰੇ
ਤੈਨੂੰ ਹਰੀ ਕ੍ਰਾਂਤੀ ਦੀਆਂ ਮੁਬਾਰਕਾਂ ਦਿੱਲੀ ਦੀਏ ਸਰਕਾਰੇ।

ਰੁਲਦੇ ਹਾਂ ਦਰ ਤੇਰੇ 'ਤੇ ਕਿਉਂ ਨਾ ਤਰਸ ਤੂੰ ਭੋਰਾ ਕਰਿਆ
ਸਾਡੀ ਹਾਲਤ ਦੇ ਉਤੇ ਕਿਉਂ ਨਾ ਤੇਰੇ ਦਿਲ ਨੇ ਹੌਕਾ ਭਰਿਆ
ਤੈਨੂੰ ਦੱਸ ਕਾਹਤੋਂ ਸੁਣਦੇ ਨਾ ਸਾਡੇ ਦਰਦਾਂ ਵਾਲੇ ਆਹ ਨਾਹਰੇ
ਤੈਨੂੰ ਹਰੀ ਕ੍ਰਾਂਤੀ ਦੀਆਂ ਮੁਬਾਰਕਾਂ ਦਿੱਲੀ ਦੀਏ ਸਰਕਾਰੇ।

ਤੁਰ ਗਏ ਪੁੱਤ ਪਰਦੇਸਾਂ ਨੂੰ ਪਿੱਛੇ ਸੁੰਨੇ ਹੋ ਗਏ ਢਾਰੇ ਨੀ
ਉੱਤੋਂ ਬੇਰੁਜ਼ਗਾਰੀ ਨੇ ਰਹਿੰਦੇ ਵਿਚ ਨਸ਼ਿਆਂ ਦੇ ਮਾਰੇ ਨੀ
ਆਖੇ ਕਲਮ 'ਸਿੰਕਦਰ' ਦੀ ਹੁਣ ਤਾਂ ਮੰਨ'ਜਾ ਨੀ ਤੂੰ ਹਾੜੇ
ਤੈਨੂੰ ਹਰੀ ਕ੍ਰਾਂਤੀ ਦੀਆਂ ਮੁਬਾਰਕਾਂ ਦਿੱਲੀ ਦੀਏ ਸਰਕਾਰੇ।

***-ਸਿਕੰਦਰ ਔਜਲਾ, ਇਕੋਲਾਹਾ***
***ਫੋਨ: 269-744-6986***

---

# ਸੋਚ ਸਰਕਾਰੇ

ਸੋਚ ਸਰਕਾਰੇ, ਅੰਨ-ਦਾਤਾ ਇਸ ਦੇਸ਼ ਦਾ
ਕਿਉਂ! ਅੱਜ ਖੁਦ ਭੁੱਖ ਨਾਲ ਲੜੇ।

ਕਰਜ਼ਿਆਂ ਦੇ ਮਾਰੇ ਲੱਗੇ ਸਲਫਾਸਾਂ ਖਾਣ ਨੇ
ਮਰਨਿਆਂ ਜਾਂ ਧਰਨਿਆਂ 'ਤੇ ਬੈਠੇ ਕਿਰਸਾਨ ਨੇ
ਕੱਲ੍ਹ ਜਿੱਥੇ 'ਕੱਠੇ ਬਹਿ ਲਾਉਂਦੇ ਸੀ ਬਾਜੀਆਂ
ਅੱਜ ਉਹ ਉਦਾਸ ਨੇ ਥੜ੍ਹੇ।
ਖੇਤਾਂ ਦੀ ਕਮਾਈ ਤੇ ਸਕੂਲਾਂ ਦੀ ਪੜ੍ਹਾਈ
ਸਾਡੀ ਕਿਉਂ ਪ੍ਰਵਾਨ ਨਾ ਚੜ੍ਹੇ!!

ਪੜ੍ਹਾਈ ਵਿਚ ਪੁੱਤ-ਧੀਆਂ ਸਾਡੇ ਹੁਸ਼ਿਆਰ ਨੇ
ਡਿਗਰੀਆਂ ਲੈ ਕੇ ਸਾਰੇ ਹੋਏ ਬੇ-ਰੁਜ਼ਗਾਰ ਨੇ
ਹੋ ਕੇ ਮਾਯੂਸ ਤੇ ਨਿਰਾਸ਼ ਹੋਇਆ ਬੱਚਾ
ਬਲੂ-ਬੇਲ ਜਿਹੀ ਐਪ ਨੀ ਪੜ੍ਹੇ!
ਖੇਤਾਂ ਦੀ ਕਮਾਈ ਤੇ ਸਕੂਲਾਂ ਦੀ ਪੜ੍ਹਾਈ
ਸਾਡੀ, ਕਿਉਂ ਪ੍ਰਵਾਨ ਨਾ ਚੜ੍ਹੇ!!

ਪੜ੍ਹ ਅਖਬਾਰਾਂ ਵਿਚ ਜਾਨਲੇਵਾ ਸੁਰਖੀਆਂ
ਗੜ੍ਹੇਮਾਰ ਫਸਲਾਂ ਦੀਆਂ ਬੈਂਕਾਂ ਵਲੋਂ ਕੁਰਕੀਆਂ
ਖੇਤਾਂ ਵਿਚ ਖੜ੍ਹੀਆਂ ਨੀ ਕਣਕਾਂ ਨੂੰ ਅੱਗ ਲੱਗੀ
ਭਾਗ ਕਿੰਨੇ ਜੱਟਾਂ ਦੇ ਸੜੇ...!

ਰਾਮ-ਰਾਜ ਲਿਆਉਣ ਦੀ ਛੇੜੀ ਜਦੋ-ਜਹਿਦ
ਜ਼ਹਿਰ ਬਣੀ ਜਾਂਦਾ ਸਾਡੀ ਏਕਤਾ ਦਾ ਸ਼ਹਿਦ
ਖੇਤਾਂ ਵਿਚ ਘੁਲਦੀਆਂ ਨੇ ਮਿੱਟੀ ਨਾਲ ਮਿਹਨਤਾਂ
ਨੀ ਸੋਚ ਸਾਡੀ ਹੱਕਾਂ ਲਈ ਲੜੇ,
ਖੇਤਾਂ ਦੀ ਕਮਾਈ ਤੇ ਸਕੂਲਾਂ ਦੀ ਪੜ੍ਹਾਈ
ਸਾਡੀ, ਕਿਉਂ ਪ੍ਰਵਾਨ ਨਾ ਚੜ੍ਹੇ!!

ਭੁੱਖਾ ਨਹੀਂ ਮਰੇਗਾ ਜੋ ਹੱਥੀਂ ਕਮਾਉਣ ਵਾਲਾ ਹੈ
ਧਰਤੀ ਨੂੰ 'ਕੈਲ' ਪੁੱਠਾ ਗੇੜਾ ਆਉਣ ਵਾਲਾ ਹੈ,
ਜਦੋਂ, ਅੱਗ ਬਾਲ ਜਾਤਾਂ-ਪਾਤਾਂ ਦੇ ਸਿਵਿਆਂ 'ਚ
ਆਪੇ ਨੀ ਸਵਰਣ-ਸੜੇ!
ਖੇਤਾਂ ਦੀ ਕਮਾਈ ਤੇ ਸਕੂਲਾਂ ਦੀ ਪੜ੍ਹਾਈ
ਸਾਡੀ, ਕਿਉਂ ਪ੍ਰਵਾਨ ਨਾ ਚੜ੍ਹੇ!!

***-ਕਰਨੈਲ ਸਿੰਘ ਕੈਲ, ਸਿਆਟਲ***
***ਫੋਨ: 206-557-9419***

---

# ਮੈਮੋਰੀਅਲ ਡੇ

***(ਸ਼ਹੀਦੀ ਦਾ ਯਾਦ ਦਿਵਸ)***

ਕੋਲੰਬਸ ਲੱਭੀ ਨਵੀਂ ਦੁਨੀਆਂ, ਨਾਮ ਰੱਖਿਆ ਅਮਰੀਕਾ।
ਯੂਰਪੀਆਂ ਨੂੰ ਦੱਸ ਦਿੱਤਾ ਫਿਰ, ਇੱਥੇ ਆਉਣ ਦਾ ਤਰੀਕਾ।

ਬਣਾ ਕੇ ਬਸਤੀਆਂ ਆਬਾਦ ਹੋਏ, ਵੱਡੇ ਵੱਡੇ ਫਾਰਮ ਬਣਾਏ।
ਡਰਾ ਕੇ ਧੱਕੇ ਪਰ੍ਹਾਂ ਮੂਲ ਨਿਵਾਸੀ, ਕਰ ਚਲਾਕੀ ਭਰਮਾਏ।

ਘੋੜੇ, ਕੁੱਤਿਆਂ ਨਾਲ ਰਾਖੀ ਕਰਦੇ, ਪਰ ਕਾਮੇ ਨਾ ਲੱਭਣ।
ਬਿਨਾ ਬੰਦਿਆਂ ਤੋਂ ਨਾ ਹੋਵੇ ਖੇਤੀ, ਕਿੱਦਾਂ ਫਸਲਾਂ ਸਾਂਭਣ?

ਬਸਤੀਵਾਦੀਆਂ ਫਿਰ ਆ ਕੇ, ਅਫਰੀਕਾ ਤੋਂ ਹਬਸ਼ੀ ਢੋਏ।
ਨੂੜ ਕੇ ਸੁੱਟ ਲਏ ਜਹਾਜ਼ਾਂ 'ਚ, ਅੱਧੇ ਤੋਂ ਵੱਧ ਸਾਗਰੀਂ ਡੁਬੋਏ।

ਇੰਜ ਫਿਰ ਮਨੁੱਖੀ ਜਬਰ ਦਾ, ਨਵਾਂ ਆਗਾਜ਼ ਸੀ ਹੋਇਆ।
ਲਗਭਗ ਦੋ ਸਦੀਆਂ ਤੋਂ ਵੱਧ, ਗੁਲਾਮੀ ਦਾ ਭਾਰ ਢੋਇਆ।

ਆਜ਼ਾਦੀ ਤੋਂ ਚੁਰਾਸੀ ਸਾਲ ਪਿੱਛੋਂ, ਲਿੰਕਨ ਦੀ ਆਈ ਵਾਰੀ।
ਗੁਲਾਮੀ ਦੀ ਪ੍ਰਥਾ ਖਤਮ ਕਰੀ, ਗੁਲਾਮਾਂ ਦੀ ਜੂਨ ਸੰਵਾਰੀ।

ਦੱਖਣੀ ਰਾਜਾਂ ਨੂੰ ਇਹ ਕਾਨੂੰਨ, ਸਹਿਜੇ ਸਹਿਜੇ ਨਾ ਭਾਇਆ।
ਛੇੜ ਦਿੱਤੀ ਰਲ ਖਾਨਾ ਜੰਗੀ, ਜੰਗ ਦਾ ਬਿਗਲ ਵਜਾਇਆ।

ਚਾਰ ਸਾਲ ਫਿਰ ਚੱਲੀ ਲੜਾਈ, ਛੇ ਲੱਖ ਅਮਰੀਕੀ ਮਾਰੇ।
ਅੰਤ ਨੂੰ ਆ ਕੇ ਕੀਤਾ ਸਮਝੌਤਾ, ਗੁਲਾਮ ਆਜ਼ਾਦ ਹੋਏ ਸਾਰੇ।

ਚੜ੍ਹ ਗਏ ਨੇ ਜੋ ਜੰਗ ਦੀ ਭੇਟਾ, ਉਹ ਸਾਰੇ ਸ਼ਹੀਦ ਕਹਾਉਂਦੇ।
ਮਈ ਦੇ ਆਖਰੀ ਸੋਮਵਾਰ ਨੂੰ, ਹੁਣ ਮੈਮੋਰੀਅਲ ਡੇ ਮਨਾਉਂਦੇ।

ਅਮਰੀਕਾ ਦਾ ਹੈ ਕੌਮੀ ਦਿਨ, ਪੂਰਾ ਸਰਕਾਰੀ ਤੌਰ 'ਤੇ ਬੰਦ ਹੈ।
ਬੀਚਾਂ 'ਤੇ ਜਾ ਕੇ ਖੁਸ਼ੀ ਮਨਾਉਂਦੇ, ਖੂਬ ਕਰਦੇ ਮਸਤੀ ਅਨੰਦ ਹੈ।

***-ਸੇਵਾ ਸਿੰਘ ਨੂਰਪੁਰੀ***

# ਮੇਰੀ ਕਲਮ ਦੀਆਂ ਖੇਡ-ਉਡਾਰੀਆਂ ਦੇ ਰੰਗ

## ਚੱਲ ਸੋ ਚੱਲ

ਵਿਛੜੇ ਹੋਏ ਦਿਲਾਂ ਨੂੰ
ਮਿਲਾ ਦਿੰਦੀਆਂ ਨੇ ਕਲਮਾਂ।
ਸਰਹੱਦਾਂ ਦੀ ਨਫਰਤ ਨੂੰ
ਮਿਟਾ ਦਿੰਦੀਆਂ ਨੇ ਕਲਮਾਂ।
ਆਪਣੀ ਆਈ 'ਤੇ ਆ ਜਾਣ
ਜੇ ਜ਼ਮੀਰਾਂ 'ਇਕਬਾਲ ਸਿੰਹਾਂ',
ਫਿਰ ਤਖਤੋ ਤਾਜ
ਹਿਲਾ ਦਿੰਦੀਆਂ ਨੇ ਕਲਮਾਂ।

1976-77 ਐਸ. ਐਨ. ਕਾਲਜ ਬੰਗਾ ਤੋਂ ਲਿਖਣਾ ਸ਼ੁਰੂ ਕੀਤਾ ਸੀ। ਨਿਰੰਤਰ ਲਿਖਦਾ ਆ ਰਿਹਾਂ। ਪ੍ਰੈਪ 'ਚ ਪੜ੍ਹਦਾ ਸਾਂ। ਪੰਜਾਬੀ ਪੜ੍ਹਾਉਂਦੇ ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਕਲਮ ਚਲਾਉਣੀ ਸ਼ੁਰੂ ਕੀਤੀ। ਮੇਰਾ ਕਲਾਸ-ਮੇਟ ਸ. ਸਤਨਾਮ ਬਾਲੋਂ ਉਸ ਵੇਲੇ ਕਹਾਣੀਆਂ ਤੇ ਗੀਤ ਲਿਖਣ ਦਾ ਸ਼ੌਕੀਨ ਹੁੰਦਾ ਸੀ। ਪੰਤਾਲੀ ਸਾਲਾਂ ਬਾਅਦ ਵੀ ਸਤਨਾਮ ਬਾਲੋਂ ਗੀਤ ਲਿਖ ਰਿਹਾ ਹੈ ਤੇ ਖੁਦ ਗਾ ਵੀ ਵਧੀਆ ਲੈਂਦੈ। ਦੋਸਤ ਦਾ ਵੀ ਅਸਰ ਹੋਇਆ। ਪ੍ਰੋ. ਸ਼ਮਸ਼ੇਰ

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਸੰਧੂ ਤੋਂ ਇਲਾਵਾ ਸ. ਅਜੀਤ ਸਿੰਘ ਸਿੱਕਾ, ਸ. ਗੁਰਚਰਨ ਸਿੰਘ ਸਾਕੀ ਤੇ ਪੰਜਾਬੀ ਵਿਭਾਗ ਦੇ ਮੁਖੀ ਮੈਡਮ ਜਸਵੰਤ ਕੌਰ ਹੁੰਦੇ ਸਨ। ਖੇਡਾਂ ਦੇ ਨਾਲ ਨਾਲ ਪੰਜਾਬੀ ਸਾਹਿਤ ਵਿਚ ਮੇਰੀ ਦਿਲਚਸਪੀ ਕਰਕੇ ਕਾਲਜ ਦੇ ਸਾਲਾਨਾ ਮੈਗਜ਼ੀਨ ਵਿਚ ਮੇਰੀ ਕੋਈ ਨਾ ਕੋਈ ਇਨਕਲਾਬੀ ਕਹਾਣੀ ਜਾਂ ਵਿਅੰਗ ਛਪ ਜਾਂਦਾ।

ਮੇਰੇ ਪਿਤਾ ਜੀ ਨੂੰ ਪਹਿਲਵਾਨੀ ਦਾ ਸ਼ੌਕ ਸੀ। ਮੇਰੇ ਪਿੰਡ ਦੇ ਪਹਿਲਵਾਨਾਂ ਸ. ਦਰਸ਼ਨ ਸਿੰਘ ਤੇ ਸ. ਬਲਵੀਰ ਸਿੰਘ ਫੌਜੀ ਕੋਲ ਵੱਡੇ ਮੱਲਾਂ ਦਾ ਆਉਣਾ-ਜਾਣਾ ਸੀ। ਸਾਡੇ ਘਰ ਵੀ ਰਾਮਾ ਖੇਲਾ ਵਾਲਾ ਸਰਬਣ ਧੋਬੀ ਪਹਿਲਵਾਨ ਅਤੇ ਸੋਢੀਆਂ ਵਾਲਾ ਰਾਣਾ ਪਹਿਲਵਾਨ ਕਦੇ-ਕਦਾਈਂ ਆ ਜਾਂਦੇ। ਮੈਂ ਉਦੋਂ ਛੋਟਾ ਹੁੰਦਾ ਸਾਂ। ਪਹਿਲਵਾਨਾਂ ਦੀਆਂ ਗੱਲਾਂ ਸੁਣਨ ਲਈ ਮੈਂ ਵੀ ਉਨ੍ਹਾਂ ਕੋਲ ਜਾ ਬਹਿੰਦਾ। ਵੱਡਾ ਭਾਈ ਹੈਡਮਾਸਟਰ ਗਿਆਨ ਸਿੰਘ ਉਸ ਵੇਲੇ ਆਰ. ਕੇ. ਆਰੀਆ ਕਾਲਜ ਨਵਾਂਸ਼ਹਿਰ ਅਤੇ ਯੂਨੀਵਰਸਿਟੀ ਦਾ ਅਥਲੀਟ ਤੇ ਫੁੱਟਬਾਲ ਖਿਡਾਰੀ ਹੁੰਦਾ ਸੀ। ਘਰ ਦੇ ਅਜਿਹੇ ਮਾਹੌਲ ਕਰਕੇ ਖੇਡਾਂ ਵੱਲ ਪ੍ਰੇਰਿਤ ਹੋਣਾ ਮੇਰਾ ਕੁਦਰਤੀ ਸੀ, ਪਰ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਗਰਾਊਂਡ ਮੈਨੂੰ ਮੁਆਫਿਕ ਨਹੀਂ ਸੀ। ਜਦੋਂ ਵੀ ਗਰਾਊਂਡ ਜਾਂਦਾ, ਮੇਰੇ ਸੱਟ ਲੱਗ ਜਾਣੀ। ਪਰਮਾਤਮਾ ਜਿਥੇ ਰੱਖੇ, ਉਥੇ ਰਹਿਣਾ ਪੈਂਦਾ। ਇਹ ਮੈਂ ਖੁਦ ਜ਼ਿੰਦਗੀ ਦਾ ਅਨੁਭਵ ਕੀਤਾ। ਬੰਗਾ ਕਾਲਜ ਪੜ੍ਹਦੇ ਦੋ ਵਾਰ ਗਰਾਊਂਡ ਵਿਚ ਵੀ ਸੱਟ ਲੱਗੀ। ਖੇਡ ਵਿਭਾਗ ਵਿਚ ਫਰਾਲੇ ਵਾਲੇ ਸ. ਸਲਵਿੰਦਰਪਾਲ ਸਿੰਘ ਡੀ. ਪੀ. ਈ. ਅਤੇ ਸ. ਸਤਵੀਰ ਸਿੰਘ ਬੈਂਸ ਅਥਲੈਟਿਕਸ ਦੇ ਕੋਚ ਹੁੰਦੇ ਸਨ। ਜੋ ਕੁਝ ਮੈਂ ਨਹੀਂ ਕਰ ਸਕਿਆ, ਉਹ ਹੁਣ ਮੈਂ ਕਲਮ ਨਾਲ ਕਰ ਰਿਹਾਂ। ਮੇਰਾ ਵੱਡਾ ਭਾਈ ਤੇ ਪਿਤਾ ਮੈਨੂੰ ਇਕ ਤਕੜੇ ਸਪੋਰਟਸਮੈਨ/ਪਹਿਲਵਾਨ ਦੇ ਰੂਪ ਵਿਚ ਵੇਖਣਾ ਚਾਹੁੰਦੇ ਸਨ, ਪਰ ਉਨ੍ਹਾਂ ਦੀ ਖਾਹਿਸ਼ ਪੂਰੀ ਨਾ ਕਰ ਸਕਿਆ। ਹੁਣ ਮੇਰੀਆਂ ਨਜ਼ਰਾਂ ਕਿਸੇ ਗਰੀਬ ਦੇ ਹੋਣਹਾਰ ਪੁੱਤ ਨੂੰ ਤਕੜਾ ਖਿਡਾਰੀ ਬਣਾ ਕੇ ਮਨ ਦੀਆਂ ਰੀਝਾਂ ਪੂਰੀਆਂ ਕਰਨ ਵੱਲ ਹਨ, ਕਿਉਂਕਿ ਜ਼ਿਆਦਾਤਰ ਖਿਡਾਰੀ ਗਰੀਬ ਪਰਿਵਾਰਾਂ 'ਚੋਂ ਹੀ ਉਠਦੇ ਹਨ।

ਮੈਂ 1984 'ਚ ਅਮਰੀਕਾ ਆ ਪਹੁੰਚਿਆ। ਇਹ ਉਹੀ ਦਿਨ ਸਨ, ਜਦੋਂ ਭਾਰਤੀ ਫੌਜ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਸੀ। ਅਮਰੀਕਾ ਪਹੁੰਚ ਕੇ ਵੀ ਮੇਰਾ ਲਿਖਣ ਦਾ ਸ਼ੌਕ ਨਾ ਰੁਕਿਆ। ਪਹਿਲਵਾਨਾਂ, ਖਿਡਾਰੀਆਂ, ਗੀਤਕਾਰਾਂ, ਕਲਾਕਾਰਾਂ ਬਾਰੇ ਖੂਬ ਲਿਖਿਆ। ਕਹਾਣੀਆਂ, ਸਮਾਜਿਕ ਤਰੁਟੀਆਂ ਤੇ ਅੱਖਾਂ ਮੂਹਰੇ ਵਾਪਰੇ ਵਰਤਾਰੇ ਪੇਸ਼ ਕੀਤੇ। ਕੰਮ ਦੇ ਨਾਲ ਨਾਲ ਲਿਖਦਾ ਵੀ ਰਿਹਾ। ਫਿਰ ਜ਼ਿਆਦਾ ਝੁਕਾਅ ਖਿਡਾਰੀਆਂ, ਪਹਿਲਵਾਨਾਂ ਵੱਲ ਹੋ ਗਿਆ, ਜਿਸ ਨੂੰ ਖੇਡ ਪ੍ਰੇਮੀਆਂ ਨੇ ਵੱਡਾ ਹੁੰਗਾਰਾ ਦਿੱਤਾ। ਫਿਰ ਤਾਂ ਚੱਲ ਸੋ ਚੱਲ ਹੁੰਦੀ ਗਈ। ਪਿੰਡਾਂ ਦੇ ਖੇਡ ਮੇਲਿਆਂ ਤੋਂ ਓਲੰਪਿਕਸ ਤੱਕ ਦੇ ਖਿਡਾਰੀਆਂ, ਪਹਿਲਵਾਨਾਂ ਦੇ ਜੀਵਨ ਬਾਰੇ ਲਿਖਿਆ। ਸੱਚ ਪਰੋਸਦਿਆਂ ਕਈ ਤਰ੍ਹਾਂ ਦੇ ਕੌੜੇ-ਮਿੱਠੇ ਤਜ਼ਰਬੇ ਵੀ ਹੋਏ। ਕਈ ਵਾਰ ਨਾਰਾਜ਼ਗੀ ਵੀ ਝੱਲਣੀ ਪਈ। ਮੈਂ ਖੁਦ ਨੂੰ ਭਾਗਾਂ ਵਾਲਾ ਸਮਝਦਾਂ ਕਿ ਭਾਰਤ ਦੇ ਵੱਡੇ ਵੱਡੇ ਮੱਲਾਂ, ਕਬੱਡੀ ਦੇ ਧਨੰਤਰ ਖਿਡਾਰੀਆਂ, ਵੇਟ-ਲਿਫਟਰਾਂ, ਪਾਵਰ-ਲਿਫਟਰਾਂ, ਫੁੱਟਬਾਲ ਖਿਡਾਰੀਆਂ, ਹਾਕੀ ਖਿਡਾਰੀਆਂ, ਅਥਲੀਟਾਂ ਤੇ ਹੋਰ ਖਿਡਾਰੀਆਂ ਨਾਲ ਵਧੀਆ ਰਿਸ਼ਤੇ-ਨਾਤੇ ਬਣੇ। ਵਿਸ਼ਾਲ ਦਾਇਰੇ 'ਚ ਅਜ਼ੀਜ਼ ਮਿੱਤਰ ਬਣੇ; ਜ਼ਰੀਆ ਕਲਮ ਹੈ।

ਸੱਤ ਸਾਲਾਂ ਬਾਅਦ ਯਾਨਿ 1991 'ਚ ਅਮਰੀਕਾ ਤੋਂ ਪੰਜਾਬ ਗਿਆ ਸਾਂ। ਪੰਜਾਬ ਦੇ ਹਾਲਾਤ ਚੰਗੇ ਨਹੀਂ ਸਨ। ਕਾਲੇ ਦਿਨਾਂ ਦਾ ਦੌਰ ਹੋਣ ਦੇ ਬਾਵਜੂਦ ਆਪਣੇ ਪੰਜਾਬ 'ਚ ਘੁੰਮਣ ਦਾ ਨਜ਼ਾਰਾ ਵੱਖਰਾ ਸੀ। ਮਾਹਿਲ-ਗਹਿਲਾਂ ਦੇ ਹਾਈ ਸਕੂਲ ਦੇ ਮੇਰੇ ਅਧਿਆਪਕ ਅਤੇ ਵੱਡੇ ਭਾਅ ਜੀ ਦੇ ਨਿੱਘੇ ਮਿੱਤਰ ਮਾਸਟਰ ਮੋਹਣ ਸਿੰਘ ਨੂੰ ਰਾਏਪੁਰ ਡੱਬੇ ਮਿਲਣ ਜਾ ਰਹੇ ਸਾਂ। ਪਿੰਡ ਵੜਦਿਆਂ ਨੂੰ ਮੂਹਰਿਓਂ ਪਹਿਲਵਾਨ ਦਾਰਾ ਸਿੰਘ ਦੇ ਉਸਤਾਦ ਪਹਿਲਵਾਨ ਹਰਬੰਸ ਸਿੰਘ ਸਫਾਰੀ-ਸੂਟ ਪਾਈ ਫਹੁੜੀਆਂ ਦੇ ਸਹਾਰੇ ਤੁਰੇ ਆਉਂਦੇ ਬੋਹੜ ਕੋਲ ਮਿਲੇ। ਪਹਿਲਵਾਨ ਜੀ ਦੇ ਦੂਜੀ ਵਾਰ ਦਰਸ਼ਨ ਹੋਏ ਸਨ। ਪਹਿਲੀ ਵਾਰ 1980-81 'ਚ ਮਜ਼ਾਰਾ ਰਾਜਾ ਸਾਹਿਬ ਕੁਸ਼ਤੀਆਂ 'ਚ ਅਤੇ ਦੂਜੀ ਵਾਰ 1990-91 'ਚ ਗਿਆਰਾਂ ਸਾਲਾਂ ਬਾਅਦ।

ਸਕੂਟਰ ਤੋਂ ਉਤਰ ਕੇ ਗੋਡੀ ਹੱਥ ਲਾਇਆ। "ਪਹਿਲਵਾਨ ਜੀ ਇਹ ਮੇਰਾ ਛੋਟਾ ਭਾਈ ਅਮਰੀਕਾ ਤੋਂ ਆਇਐ। ਪਹਿਲਵਾਨਾਂ, ਖਿਡਾਰੀਆਂ ਬਾਰੇ ਲਿਖਦੈ," ਭਾਜੀ ਨੇ ਦੱਸਿਆ।

ਪਹਿਲਵਾਨ ਜੀ ਨੇ ਮੈਨੂੰ ਸਿਰ ਤੋਂ ਪੈਰਾਂ ਤੱਕ ਨਿਹਾਰਿਆ ਤੇ ਥਾਪੜਾ ਦੇ ਕੇ ਕਹਿਣ ਲੱਗੇ, "ਸ਼ਾਬਾਸ਼! ਜੁਆਨਾ ਲਿਖੀ ਚੱਲ! ਬਹੁਤ ਵਧੀਆ ਕਰ ਰਿਹੈਂ। ਇਸ ਪਾਸੇ ਬੜਾ ਘੱਟ ਲਿਖਦੇ ਨੇ, ਮਿਹਨਤ ਦਾ ਕੰਮ ਐ। ਸੱਚ ਲਿਖੀਂ, ਸੱਚ ਲਿਖਦੇ ਕਈ ਵਾਰ ਉਚੀਆਂ-ਨੀਵੀਆਂ ਗੱਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ, ਪ੍ਰਵਾਹ ਨ੍ਹੀਂ ਕਰੀਦੀ।" ਇਹ ਕਹਿੰਦੇ ਪਹਿਲਵਾਨ ਜੀ ਨੇ ਜੋਸ਼ ਨਾਲ ਥਾਪੜਾ ਦਿੰਦਿਆਂ ਮੈਨੂੰ ਪੈਰੋਂ ਹਿਲਾ ਦਿੱਤਾ। ਸੋਚਿਆ, ਪਹਿਲਵਾਨ ਜੀ ਦਾ ਬੁਢਾਪੇ ਦਾ ਥਾਪੜਾ ਵੀ ਮੇਰੇ ਵਰਗੇ ਜਵਾਨਾਂ ਨੂੰ ਹਿਲਾ ਰਿਹੈ, ਜਵਾਨੀ ਦਾ ਥਾਪੜਾ ਕਿਵੇਂ ਦਾ ਹੋਵੇਗਾ, ਇਹ ਤਾਂ ਉਸ ਵੇਲੇ ਦੇ ਪਹਿਲਵਾਨ ਹੀ ਦੱਸ ਸਕਦੇ ਨੇ! ਪਹਿਲਵਾਨ ਜੀ ਨਾਲ ਗੱਲਾਂ-ਬਾਤਾਂ ਤੇ ਆਸ਼ੀਰਵਾਦ ਤੋਂ ਬਾਅਦ ਉਥੋਂ ਤੁਰ ਪਏ। ਉਨ੍ਹਾਂ ਦੀ ਉਹੀ ਗੱਲ ਲੜ ਬੰਨ੍ਹ ਕੇ ਅੱਜ ਤੱਕ ਲਿਖਦਾ ਆ ਰਿਹਾਂ। ਉਨ੍ਹਾਂ ਦੇ ਪਹਿਲਵਾਨ ਬੇਟੇ ਪ੍ਰਿੰਸੀਪਲ ਕਸ਼ਮੀਰਾ ਸਿੰਘ, ਆਇਆ ਪ੍ਰੀਤਾ ਗਿਆ ਪ੍ਰੀਤਾ, ਪਹਿਲਵਾਨ ਬੁੱਧ ਸਿੰਘ, ਪੀ. ਆਰ. ਸੋਂਧੀ ਕੁਸ਼ਤੀ ਕੋਚ, ਸ਼ੰਕਰੀਆ ਪਾਲਾ, ਸ਼ਿਵਦੇਵ ਸਿੰਘ, ਪੱਤੜੀਆ ਬੋਲਾ, ਮੋਹਣਾ ਕਾਲਾ ਸੰਘਿਆਂ ਹਮੇਸ਼ਾ ਥਾਪੜਾ ਦਿੰਦੇ ਰਹਿੰਦੇ ਨੇ। ਭਾਰਤ ਦੇ ਤਕੜੇ ਮੱਲ ਬੁੱਧ ਸਿੰਘ ਨੇ ਆਪਣੇ ਲੇਖ ਵਿਚ ਕਹਿ ਕੇ ਲਿਖਾਇਆ ਕਿ ਕਿਸ ਭਲਵਾਨ ਕੋਲੋਂ ਹਾਰਿਆ, ਕਿਸ ਨਾਲ ਬਰਾਬਰ ਰਿਹਾ ਤੇ ਕਿਸ ਨੂੰ ਢਾਹਿਆ। ਕੋਈ ਛੁਪ ਛਪਾ ਨਾ ਰੱਖਿਆ। ਇਸੇ ਕਰਕੇ ਮੈਂ ਉਹਦੀ ਇੱਜ਼ਤ ਕਰਦਾਂ। ਕਿੱਕਰ ਸਿੰਘ ਤੇ ਗਾਮੇ ਵਰਗੇ ਮੱਲ ਢਹਿੰਦੇ, ਢਾਹੁੰਦੇ ਤੇ ਬਰਾਬਰ ਰਹਿੰਦੇ ਆਏ ਨੇ, ਪਰ ਤਕੜੇ ਖਿਡਾਰੀਆਂ ਜਾਂ ਮੱਲਾਂ ਵਿਚ ਜਿੱਤ-ਹਾਰ ਨੂੰ ਬਰਦਾਸ਼ਤ ਕਰਕੇ ਸੱਦਣਾ ਵੀ ਵਡੱਪਣ ਹੁੰਦੈ। ਖੇਡ ਇਤਿਹਾਸ ਪੜ੍ਹਨ ਨਾਲ ਬੜਾ ਕੁਝ ਹਾਸਲ ਹੁੰਦੈ। ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਦੀਆਂ ਲਿਖਤਾਂ ਤੋਂ ਬੜਾ ਕੁਝ ਸਿਖਿਆ। ਖੇਡ ਲੇਖਣੀ ਦੇ ਉਹ ਮੇਰੇ ਉਸਤਾਦ ਹਨ।

ਅਮਰੀਕਾ ਆਉਣ ਤੋਂ ਪਹਿਲਾਂ ਮੈਂ ਪੰਜਾਬ ਪੁਲਿਸ ਵਿਚ ਭਰਤੀ ਹੁੰਦਾ ਹੁੰਦਾ ਰਹਿ ਗਿਆ। ਵੱਡੇ ਭਾਈ ਨਾਲ ਘੁੰਮਦੇ ਇਕ ਵਾਰ ਇਲਾਕਾ ਨਵਾਂਸ਼ਹਿਰ ਦੇ ਮਰਹੂਮ ਕਾਂਗਰਸੀ ਥੰਮ੍ਹ ਨੇਤਾ ਤੇ ਖੇਤੀਬਾੜੀ ਮੰਤਰੀ ਸ. ਦਿਲਬਾਗ ਸਿੰਘ ਨਵਾਂਸ਼ਹਿਰ ਮਿਲੇ। ਭਾਅ ਜੀ ਨੂੰ ਕਹਿਣ ਲੱਗੇ, "ਗਿਆਨ ਸਿੰਹਾਂ ਏਹਨੂੰ ਪੁਲਿਸ ਵਿਚ ਭਰਤੀ ਕਰਾਓ। ਏਹਦਾ ਕੱਦ-ਕਾਠ ਠਾਕ ਐ, ਭਰਤੀ ਦੇ ਯੋਗ ਐ। ਕੋਈ ਦਿਕਤ ਆਵੇ ਤਾਂ ਮੈਨੂੰ ਮਿਲ ਲੈਣਾ।" ਗੱਲ ਉਹੀ ਹੋਈ, ਸਿਫਾਰਸ਼ ਦੀ ਲੋੜ ਪੈ ਗਈ। ਸ. ਦਿਲਬਾਗ ਸਿੰਘ ਨੂੰ ਜਾ ਮਿਲੇ। ਕੁਝ ਅਫਸਰਾਂ ਦੇ ਨਾਂ ਦਿੱਤੇ ਤੇ ਦੱਸੇ ਹੋਏ ਅਫਸਰਾਂ ਨੂੰ ਜਲੰਧਰ ਜਾ ਮਿਲੇ। ਮੈਨੂੰ ਵੇਖਦੇ ਸਾਰ ਹੀ ਉਨ੍ਹਾਂ ਅਫਸਰਾਂ ਨੇ ਜਹਾਨ-ਖੇਲਾਂ ਸੱਦ ਲਿਆ। ਫਿਰ ਉਦੋਂ ਕੁ ਹੀ ਮੇਰੇ ਦੋਸਤਾਂ ਨੇ ਮੈਨੂੰ ਅਮਰੀਕਾ ਸੱਦ ਲਿਆ। ਮਨ ਵਿਚ ਕਈ ਵਾਰ ਆਉਂਦੈ ਕਿ ਜੇ ਮੈਂ ਪੰਜਾਬ ਹੁੰਦਾ ਤਾਂ ਪੰਜਾਬ ਪੁਲਿਸ ਵਿਚੋਂ ਏ. ਐਸ. ਆਈ. ਜਾਂ ਸਬ-ਇੰਸਪੈਕਟਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋ ਜਾਂਦਾ। ਨਾ ਕੋਈ ਬਹੁਤਾ ਜਾਣਦਾ ਹੁੰਦਾ, ਨਾ ਪਛਾਣਦਾ। ਦੇਸ਼-ਵਿਦੇਸ਼ ਵਿਚ ਐਨੇ ਮਿੱਤਰ-ਬੇਲੀ ਨਾ ਹੁੰਦੇ ਤੇ ਨਾ ਹੀ ਐਨੇ ਪਾਠਕ ਹੁੰਦੇ।



(ਖੱਬੇ) 1976-77 ਦੌਰਾਨ ਐਨ. ਐਸ. ਕਾਲਜ ਬੰਗਾ ਵਿਚ ਪੜ੍ਹਦੇ ਸਮੇਂ ਅਤੇ (ਸੱਜੇ) ਹੁਣ ਇਕਬਾਲ ਜੱਬੋਵਾਲੀਆ

ਖੇਡ-ਲਿਖਤਾਂ ਕਰਕੇ ਰਾਮਗੜ੍ਹੀਆ ਕਾਲਜ ਫਗਵਾੜਾ, 2009 'ਚ ਮਾਹਿਲ-ਗਹਿਲਾਂ ਕਬੱਡੀ ਟੂਰਨਾਮੈਂਟ ਅਤੇ 2010 'ਚ ਪੋਜ਼ੇਵਾਲ ਕਬੱਡੀ ਮੇਲੇ 'ਤੇ ਮਾਣ-ਤਾਣ ਹੋਇਐ। ਐਮ. ਪੀ. ਰਵਨੀਤ ਸਿੰਘ ਬਿੱਟੂ, ਵਿਧਾਇਕ ਚੌਧਰੀ ਨੰਦ ਲਾਲ, ਧਨੰਤਰ ਕਬੱਡੀ ਖਿਡਾਰੀ ਦੇਵੀ ਦਿਆਲ ਤੇ ਬਲਵਿੰਦਰ ਫਿੱਡੂ ਹੋਰਾਂ ਸਟੇਜ 'ਤੇ ਮਾਣ ਬਖਸ਼ਿਆ। 2018 ਦੇ ਮੰਨਣਹਾਨੇ ਦੰਗਲਾਂ ਵਿਚ ਵੀ ਸ਼ੰਕਰੀਆ ਪਾਲਾ ਤੇ ਪੀ. ਆਰ. ਸੋਂਧੀ ਹੋਰਾਂ ਨੇ ਮਾਣ-ਸਨਮਾਨ ਬਖਸ਼ਿਆ ਸੀ। ਸਭ ਤੋਂ ਵੱਡਾ ਇਨਾਮ, ਮਾਣ-ਸਨਮਾਨ ਮੇਰੀਆਂ ਲਿਖਤਾਂ ਨੂੰ ਪਸੰਦ ਕਰਨ ਵਾਲੇ ਸੱਚੇ-ਸੁੱਚੇ ਪਾਠਕ ਹਨ। ਸਮੇਂ ਸਮੇਂ 'ਤੇ ਜੋ ਹੱਲਾਸ਼ੇਰੀ ਦੇ ਕੇ ਲਿਖਣ ਲਈ ਹੋਰ ਪ੍ਰੇਰਦੇ ਹਨ।

ਨਿਊ ਯਾਰਕ ਵਿਚ ਪੰਜਾਬੀ ਵਿਰਸਾ ਸਪੋਰਟਸ ਕਲੱਬ ਵਾਲੇ ਮਹਿੰਦਰ ਸਿੰਘ ਸਿੱਧੂ, ਕਪੂਰਥਲਾ ਸਪੋਰਟਸ ਕਲੱਬ, ਸੰਤ ਬਾਬਾ ਨਿਧਾਨ ਸਿੰਘ ਸਪੋਰਟਸ ਕਲੱਬ, ਸ੍ਰੀ ਗੁਰੂ ਨਾਨਕ ਦੇਵ ਸਪੋਰਟਸ ਕਲੱਬ, ਦੋਆਬਾ ਸਿੱਖ ਐਸੋਸੀਏਸ਼ਨ ਨਿਊ ਯਾਰਕ ਤੇ ਨਿਊ ਜਰਸੀ ਦੇ ਕਾਰਟਰੇਟ ਸਪੋਰਟਸ ਕਲੱਬ ਅਤੇ ਬਰਲਿੰਗਟਨ ਸਪੋਰਟਸ ਕਲੱਬਾਂ 'ਚ ਫੁੱਟਬਾਲ ਮੈਚ ਤੇ ਬੱਚਿਆਂ ਦੀਆਂ ਖੇਡਾਂ ਵਿਚ ਮਾਣ-ਸਨਮਾਨ ਮਿਲਿਆ। ਸਿੱਖ ਕਲਚਰਲ ਸੁਸਾਇਟੀ ਆਫ ਰਿਚਮੰਡ ਹਿੱਲ (ਨਿਊ ਯਾਰਕ) ਵਲੋਂ ਕਰਵਾਏ ਗਏ ਕਬੱਡੀ ਮੈਚਾਂ ਦੌਰਾਨ ਅਤੇ ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ ਵਲੋਂ ਵੀ ਮਾਣ-ਸਨਮਾਨ ਕੀਤਾ ਗਿਆ। ਸਟੇਜਾਂ 'ਤੇ ਮਾਈਕ ਦੀ ਸੇਵਾ ਸੰਭਾਲਣ ਦੇ ਮੌਕੇ ਦਿੱਤੇ ਜਾਂਦੇ ਹਨ। ਕੈਲੀਫੋਰਨੀਆ ਰਹਿੰਦੇ ਗਾਖਲ ਭਰਾਵਾਂ ਨੇ 2017 ਵਿਚ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਬੱਡੀ ਕੱਪ 'ਤੇ ਸੱਦ ਕੇ ਮਾਣ ਦਿੱਤਾ। ਕੈਲੀਫੋਰਨੀਆ ਰਹਿੰਦਾ ਆਪਣੇ ਸਮੇਂ ਦਾ ਤਕੜਾ ਪਹਿਲਵਾਨ, ਕਬੱਡੀ ਖਿਡਾਰੀ, ਬਾਕਸਰ ਅਤੇ ਰੱਸਾਕਸ਼ੀ ਖਿਡਾਰੀ ਸ਼ੰਕਰੀਆ ਪਾਲਾ ਤੇ ਉਹਦਾ ਬੇਟਾ ਤਿੰਨ ਘੰਟੇ ਦੀ ਡਰਾਈਵ ਕਰਕੇ ਗਾਖਲ ਭਰਾਵਾਂ ਦੇ ਟੂਰਨਾਮੈਂਟ ਵਿਚ ਮਿਲਣ ਆਏ। ਸਿਨਸਿਨੈਟੀ ਕਬੱਡੀ ਕੱਪ ਦੇ ਪ੍ਰਬੰਧਕਾਂ ਨੇ ਮਾਣ ਦਿੱਤਾ।

ਅਣਗੌਲੇ ਹੀਰੇ ਖਿਡਾਰੀਆਂ ਨੂੰ ਖੇਡ ਪ੍ਰੇਮੀਆਂ ਦੀਆਂ ਸੱਥਾਂ ਵਿਚ ਲੈ ਕੇ ਜਾਣਾ ਮੇਰਾ ਸ਼ੌਕ ਹੈ। ਮਨ ਨੂੰ ਸਕੂਨ ਮਿਲਦੈ। ਖਿਡਾਰੀਆਂ, ਪਹਿਲਵਾਨਾਂ ਬਾਰੇ ਲਿਖਦਾ ਵੀ ਰਿਹਾ ਤੇ ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਤੀਹ ਸਾਲ ਟੈਕਸੀ ਚਲਾਈ। ਮੇਰੇ ਨਾਲ ਮੇਰਾ ਦੋਸਤ ਗੁਰਨਾਮ ਸਿੰਘ ਰਸੂਲਪੁਰ ਵੀ ਹਮੇਸ਼ਾ ਨਾਲ ਰਿਹੈ। ਸਤੰਬਰ 2001 ਦੇ ਘਟਨਾਕ੍ਰਮ 9/11 ਦੀ ਪਹਿਲੀ ਰਾਤ ਨੂੰ ਵੀ ਵਰਲਡ ਟਰੇਡ ਸੈਂਟਰ ਦੇ ਮੂਹਰਿਓਂ ਸਵਾਰੀਆਂ ਚੁੱਕੀਆਂ ਸਨ। ਸੱਤ-ਅੱਠ ਘੰਟਿਆਂ ਬਾਅਦ ਇਹ ਭਾਣਾ ਵਾਪਰ ਗਿਆ ਸੀ।

ਆਪਣੇ ਆਪ ਨੂੰ ਫਿੱਟ ਰੱਖਣ ਲਈ ਜਿੰਮ ਕੀਤਾ। ਤੀਹ ਸਾਲਾਂ ਤੋਂ ਪਹਿਨਣ ਵਾਲੇ ਕੱਪੜਿਆਂ ਦਾ ਉਹੀ ਮੇਚਾ ਤੇ ਮੇਰਾ ਭਾਰ ਵੀ ਉਨਾ ਕੁ ਹੀ ਹੈ। ਬੜਾ ਖੁਸ਼ ਹਾਂ, ਅਮਰੀਕਾ ਦੀ ਧਰਤੀ 'ਤੇ। ਪਰਮਾਤਮਾ ਨੇ ਸਬਰ ਬੜਾ ਦਿੱਤੈ। ਲਿਖਣਾ ਮੇਰੇ ਰੂਹ ਦੀ ਖੁਰਾਕ ਹੈ। ਇਸ ਖੁਰਾਕ ਨੂੰ ਆਖਰੀ ਸਵਾਸਾਂ ਤੱਕ ਪੂਰਦਾ ਰਹਾਂਗਾ। ਘਰੇਲੂ ਜ਼ਿੰਮੇਵਾਰੀਆਂ ਦੇ ਬਾਵਜੂਦ ਲਿਖਣ ਨੂੰ ਸਮਾਂ ਜਰੂਰ ਦਿੰਦਾ ਹਾਂ। ਕਈ ਵਾਰ ਸੋਚਦਾਂ, ਜੇ ਮੇਰਾ ਕਾਰੋਬਾਰ ਹੁੰਦਾ, ਕਈ ਕਈ ਘਰਾਂ ਦਾ ਮਾਲਕ ਹੁੰਦਾ, ਬੱਲੇ ਬੱਲੇ ਹੁੰਦੀ, ਵਾਹਵਾ ਪੈਸਾ ਹੁੰਦਾ; ਪਰ ਫਿਰ ਲਿਖਣ ਲਈ ਸਮਾਂ ਕਿਵੇਂ ਕੱਢਦਾ? ਦੂਰ ਦੂਰ ਤੱਕ ਕੋਈ ਜਾਣਦਾ-ਪਛਾਣਦਾ ਨਾ ਹੁੰਦਾ। ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਹੋਰ ਪਤਾ ਨਹੀਂ ਕਿਹੜੇ ਕਿਹੜੇ ਮੁਲਕਾਂ 'ਚ ਮੇਰੀਆਂ ਲਿਖਤਾਂ ਦੇ ਕਦਰਦਾਨ ਬੈਠੇ ਹਨ। ਸੱਚੇ ਪਾਤਸ਼ਾਹ ਨੇ ਸਾਰਾ ਕੁਝ ਦਿੱਤਾ ਹੋਇਐ। ਬੜਾ ਵਧੀਆ ਪਰਿਵਾਰ ਐ, ਘਰ ਐ, ਕਈ ਕਾਰਾਂ ਨੇ। ਹੋਰ ਕੀ ਚਾਹੀਦੈ। ਬੇਫਿਕਰਾ ਮਜ਼ੇ ਦੀ ਜ਼ਿੰਦਗੀ ਜੀਅ ਰਿਹਾਂ।

ਸ਼ਿਕਾਗੋ ਤੋਂ ਨਿਕਲਦੇ ਹਫਤਾਵਾਰੀ ਪੰਜਾਬੀ ਅਖਬਾਰ 'ਪੰਜਾਬ ਟਾਈਮਜ਼' ਨਾਲ ਜੁੜਿਆਂ ਕੋਈ ਤੇਰਾਂ ਸਾਲ ਹੋ ਗਏ। ਅਸ਼ੋਕ ਭੌਰਾ ਜ਼ਰੀਏ ਇਸ ਅਖਬਾਰ ਨਾਲ ਜੁੜਿਆ ਸਾਂ। ਖੇਡ ਲਿਖਤਾਂ ਨੂੰ ਵੱਡਾ ਹੁੰਗਾਰਾ ਮਿਲਿਆ। ਮੇਰੀ ਕਲਮ ਹੋਰ ਤੇਜ਼ ਤੋਂ ਤੇਜ਼ ਹੁੰਦੀ ਗਈ। ਬਿਹਤਰੀਨ ਅਖਬਾਰ ਹੋਣ ਕਰਕੇ ਪਾਠਕਾਂ, ਸਨੇਹੀਆਂ ਨੇ ਲਿਖਣ ਦੀ ਹੋਰ ਤਾਕਤ ਬਖਸ਼ੀ। ਭਾਅ ਜੀ ਅਮੋਲਕ ਸਿੰਘ ਨੇ ਵੱਡੇ ਭਰਾਵਾਂ ਵਾਂਗ ਗਾਈਡ ਕੀਤਾ। ਜਦੋਂ ਵੀ ਕਦੇ ਹਾਲ-ਚਾਲ ਪੁੱਛਣਾ, ਬੜੇ ਠਰੰਮੇ ਨਾਲ 'ਚੜ੍ਹਦੀ-ਕਲਾ' ਕਹਿਣਾ। ਆਵਾਜ਼ ਵਿਚ ਕਦੇ ਕੋਈ ਫਰਕ ਨਹੀਂ ਸੀ ਆਇਆ। ਹਾਲਾਂ ਕਿ ਉਹ ਵ੍ਹੀਲ-ਚੇਅਰ 'ਤੇ ਹੁੰਦੇ ਸਨ। ਉਸ ਤੋਂ ਅਗਲੇ ਸਾਲ ਫਿਰ 'ਪੰਜਾਬ ਟਾਈਮਜ਼' ਦੇ ਸਾਲਾਨਾ ਪ੍ਰੋਗਰਾਮ 'ਤੇ ਜਾਣ ਦਾ ਮੌਕਾ ਮਿਲਿਆ। ਪਹਿਲਵਾਨ ਬੁੱਧ ਸਿੰਘ ਨੂੰ ਮੈਂ ਉਥੇ ਆਉਣ ਦਾ ਸੱਦਾ ਦੇ ਦਿੱਤਾ। ਸਿਨਸਿਨੈਟੀ ਤੋਂ ਉਹ ਵੀ ਆਪਣੇ ਪਹਿਲਵਾਨ ਤੇ ਕਬੱਡੀ ਖਿਡਾਰੀ ਬੇਟੇ ਕਾਲੇ ਨਾਲ ਉਥੇ ਪਹੁੰਚ ਗਿਆ। ਸ਼ਾਮ ਜਿਹੀ ਨੂੰ ਬੁੱਧ ਸਿੰਘ ਨੂੰ ਕਿਹਾ, ਚਲੋ! ਭਾਅ ਜੀ (ਅਮੋਲਕ ਸਿੰਘ) ਨੂੰ ਮਿਲ ਆਈਏ। ਬੁੱਧ ਸਿੰਘ ਵੀ ਅਕਸਰ ਉਨ੍ਹਾਂ ਨਾਲ ਫੋਨ 'ਤੇ ਗੱਲ ਕਰਦਾ ਹੁੰਦਾ ਸੀ, ਕਦੇ ਮਿਲਿਆ ਨਹੀਂ ਸੀ। ਪਹਿਲੀ ਵਾਰ ਮਿਲਣਾ ਸੀ। ਅੰਦਰ ਕਮਰੇ 'ਚ ਅਮੋਲਕ ਸਿੰਘ ਜੰਮੂ ਨੂੰ ਮਿਲਣ ਚਲੇ ਗਏ। ਬੈਡ 'ਤੇ ਪਏ ਅਮੋਲਕ ਸਿੰਘ ਨਾਲ ਅਸੀਂ ਕੋਈ ਅੱਧਾ ਘੰਟਾ ਗੱਲਾਂ ਕਰਦੇ ਰਹੇ।

ਗੱਲਾਂ-ਬਾਤਾਂ ਕਰਕੇ ਅਸੀਂ ਬਾਹਰ ਆ ਗਏ। ਬਾਹਰ ਆ ਕੇ ਬੁੱਧ ਸਿੰਘ ਮੈਨੂੰ ਪੁੱਛਣ ਲੱਗਾ, "ਭਾਅ ਜੀ, ਇਹ ਕੌਣ ਸੀ?" "ਇਹ ਭਾਅ ਜੀ ਅਮੋਲਕ ਸਿੰਘ ਸਨ, ਪਛਾਣਿਆ ਨ੍ਹੀਂ?" ਮੈਂ ਹੈਰਾਨੀ ਨਾਲ ਜਵਾਬ ਦਿੱਤਾ। ਬੁੱਧ ਸਿੰਘ ਨੂੰ ਜਿਵੇਂ ਵੱਡਾ ਝਟਕਾ ਲੱਗਾ ਹੋਵੇ। ਫੋਨ 'ਤੇ ਤਾਂ ਅਮੋਲਕ ਸਿੰਘ ਤੰਦਰੁਸਤਾਂ ਵਾਂਗ ਬੜੇ ਦਮ ਨਾਲ ਗੱਲਾਂ ਕਰਦੇ ਸੁਣੀਂਦੇ ਸੀ, ਪਰ ਇਹ ਹਾਲਤ ਵੇਖ ਕੇ ਬੁੱਧ ਸਿੰਘ ਸੁੰਨ ਹੋ ਗਿਆ ਸੀ।

ਹੁਣ ਅਮੋਲਕ ਸਿੰਘ ਜੰਮੂ ਦੀ ਆਵਾਜ਼ ਕਦੇ ਸੁਣਾਈ ਨਹੀਂ ਦੇਵੇਗੀ। ਉਹ 20 ਅਪਰੈਲ 2021 ਨੂੰ ਸਾਨੂੰ ਸਭ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਸਾਡੇ ਕੋਲੋਂ ਵਿਛੜ ਜਰੂਰ ਗਏ, ਪਰ ਸਾਡੇ ਦਿਲਾਂ 'ਚੋਂ ਨਹੀਂ ਵਿੱਸਰੇ। ਉਨ੍ਹਾਂ ਦੇ ਅਖਬਾਰ ਨਾਲ ਆਖਰੀ ਸਾਹਾਂ ਤੱਕ ਜੁੜੇ ਰਹਾਂਗੇ। ਉਨ੍ਹਾਂ ਦੇ ਪ੍ਰਸ਼ੰਸਕ, ਮਿੱਤਰ-ਪਿਆਰਿਆਂ ਵਲੋਂ ਅਮੋਲਕ ਸਿੰਘ ਜੰਮੂ ਦੀਆਂ ਯਾਦਾਂ ਸਾਂਝੀਆਂ ਕਰਦੇ ਰਹਿਣਾ ਹੀ ਭਾਅ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਜੇ ਮੈਨੂੰ ਕੋਈ ਪੁੱਛੇ, ਕੀ ਖੱਟਿਆ ਲਿਖਣ 'ਚੋਂ? ਬੜੇ ਮਾਣ ਨਾਲ ਕਹਾਂਗਾ, ਬੜਾ ਕੁਛ ਖੱਟਿਐ। ਬੜਾ ਕੁਛ ਪਾਇਐ। ਅਮੀਰ ਘਰਾਂ, ਮਹਿਲ-ਮਾੜੀਆਂ 'ਚ ਤਾਂ ਭਾਵੇਂ ਜਨਮ ਨਹੀਂ ਲਿਆ, ਪਰ ਮੇਰੇ ਦਿਲ ਦੀ ਅਮੀਰੀ, ਬਾਦਸ਼ਾਹੀ ਨੇ ਬੜੇ ਬੜੇ ਅਮੀਰ, ਦਿਲਾਂ ਦੇ ਦਲੇਰ ਬਾਦਸ਼ਾਹ ਸੱਜਣ ਮਿਲਾਏ:

ਜ਼ਮੀਨ ਅੱਛੀ ਹੈ, ਆਸਮਾਨ ਅੱਛਾ ਹੈ,
ਹਮ ਅੱਛੇ ਤੋ ਸਾਰਾ ਜਹਾਨ ਅੱਛਾ ਹੈ।
ਬੜੇ ਸਕੂਨ ਸੇ ਨੀਂਦ ਮੁਝ ਕੋ ਆਤੀ ਹੈ,
ਤੇਰੀ ਹਵੇਲੀ ਸੇ ਮੇਰਾ ਮਕਾਨ ਅੱਛਾ ਹੈ।

ਕਲਮ ਨੂੰ ਪਿਆਰ ਕਰਨ ਵਾਲੀਆਂ ਸੱਚੀਆਂ ਸੁੱਚੀਆਂ ਰੂਹਾਂ ਮਿਲੀਆਂ। ਢਿੱਡੋਂ ਪਿਆਰ ਕਰਨ ਵਾਲੇ ਰੰਗਲੇ ਇਨਸਾਨ ਮਿਲੇ। ਉਨ੍ਹਾਂ ਦੀ ਲੰਬੀ ਉਮਰ ਦੀ ਹਮੇਸ਼ਾ ਕਾਮਨਾ ਕਰਦਾ ਹਾਂ, ਕਰਦਾ ਰਹਾਂਗਾ। ਇਸ ਤੋਂ ਵੱਡੀ ਹੋਰ ਪ੍ਰਾਪਤੀ ਕੀ ਹੋ ਸਕਦੀ ਐ!

ਪੰਤਾਲੀ ਸਾਲਾਂ ਤੋਂ ਕਦਰਦਾਨਾਂ ਦਾ
ਕਲਮ ਨੂੰ ਬੜਾ ਪਿਆਰ ਮਿਲਿਆ।
ਪਹਿਲਵਾਨਾਂ, ਕਬੱਡੀ ਖਿਡਾਰੀਆਂ ਦਾ
ਪਲ ਪਲ ਰੱਜਵਾਂ ਸਤਿਕਾਰ ਮਿਲਿਆ।
ਰੱਬ ਵਰਗੇ ਪਾਠਕਾਂ ਦਾ
ਕਰਜ਼ ਚੁਕਾਵਾਂਗਾ ਕਿਵੇਂ?
ਖੇਡ-ਲੇਖਣੀ ਦਾ 'ਇਕਬਾਲ ਸਿੰਹੁ'
ਯਾਰ ਦਿਲਦਾਰ ਮਿਲਿਆ।



2018-ਮੰਨਣਹਾਨੇ ਦੰਗਲਾਂ 'ਚ ਸਨਮਾਨਤ ਕਰਦੇ ਕੋਚ ਪੀ. ਆਰ. ਸੋਂਧੀ, ਸ਼ੰਕਰੀਆ ਪਾਲਾ ਤੇ ਹੋਰ ਸੱਜਣ ਅਤੇ (ਸੱਜੇ) ਪੰਜਾਬੀ ਵਿਰਸਾ ਸਪੋਰਟਸ ਕਲੱਬ ਦੇ ਕਬੱਡੀ-ਕੱਪ 'ਚ ਇਕਬਾਲ ਜੱਬੋਵਾਲ ਦਾ ਸਨਮਾਨ ਕਰਦੇ ਹੋਏ ਮਹਿੰਦਰ ਸਿੱਧੂ, ਸਤਵਿੰਦਰ ਸੰਧਰ, ਹਰਵਿੰਦਰ ਰਿਆੜ, ਕੁਲਦੀਪ ਵੜੈਚ, ਪ੍ਰਿੰ. ਸਰਵਣ ਸਿੰਘ ਤੇ ਪ੍ਰੋ. ਮੱਖਣ ਸਿੰਘ ਹਕੀਮਪੁਰ

# ਸੁਰਾਂ ਦੇ ਛਣਕਦੇ ਘੁੰਗਰੂ- ਪ੍ਰਕਾਸ਼ ਕੌਰ

ਪ੍ਰਕਾਸ਼ ਕੌਰ ਪੰਜਾਬੀ ਲੋਕ ਗਾਇਕੀ ਦਾ ਅਜਿਹਾ ਚਿਹਰਾ ਸਨ ਜਿਨ੍ਹਾਂ ਨੇ ਤਕਰੀਬਨ 40 ਸਾਲ ਤਕ ਆਪਣੀ ਸੁਰੀਲੀ ਆਵਾਜ਼ ਨਾਲ ਪੰਜਾਬੀ ਸੰਗੀਤ ਦੀ ਭਰਪੂਰ ਸੇਵਾ ਕੀਤੀ ਅਤੇ ਪੰਜਾਬੀ ਸਭਿਆਚਾਰ ਤੇ ਪੰਜਾਬੀ ਅਦਬ ਨੂੰ ਸੰਗੀਤ ਦੇ ਮਾਧਿਅਮ ਰਾਹੀਂ ਘਰ ਘਰ ਪਹੁੰਚਾਉਣ ਦਾ ਸ਼ਲਾਘਾਯੋਗ ਕੰਮ ਕੀਤਾ। ਪ੍ਰਕਾਸ਼ ਕੌਰ ਭਾਵੇਂ ਕਿਸੇ ਸੰਗੀਤਕ ਘਰਾਣੇ ਨਾਲ ਸਬੰਧਿਤ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਨੇ ਸੰਗੀਤ ਦੀ ਬਾਕਾਇਦਾ ਤਾਲੀਮ ਹਾਸਲ ਕੀਤੀ ਸੀ ਪਰ ਉਨ੍ਹਾਂ ਦੀ ਆਵਾਜ਼ ਵਿਚ ਇੰਨੀ ਕਸ਼ਿਸ਼ ਅਤੇ ਸੁਰੀਲਾਪਣ ਸੀ ਕਿ ਉਹ ਕਿਸੇ ਵੀ ਔਖੀ ਤਰਜ਼ ਨੂੰ ਅਤੇ ਹਰ ਤਰ੍ਹਾਂ ਦੇ ਗੀਤ ਨੂੰ ਬੜੇ

**ਅੰਗਰੇਜ ਸਿੰਘ ਵਿਰਦੀ**
**ਫੋਨ: +91-94646-28857**

ਸੌਖਿਆਂ ਹੀ ਬੇਹੱਦ ਖੂਬਸੂਰਤੀ ਨਾਲ ਨਿਭਾ ਲੈਂਦੇ ਸਨ। ਉਨ੍ਹਾਂ ਦੇ ਗਾਏ ਅਣਗਿਣਤ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਦੇ ਕੰਨਾਂ ਵਿਚ ਰਸ ਘੋਲਦੇ ਹਨ। ਆਪਣੀ ਛੋਟੀ ਭੈਣ, ਪੰਜਾਬ ਦੀ ਕੋਇਲ ਕਰ ਕੇ ਜਾਣੀ ਜਾਣ ਵਾਲੀ ਮਹਾਨ ਗਾਇਕਾ ਸੁਰਿੰਦਰ ਕੌਰ ਨਾਲ ਇਕੱਠਿਆਂ ਰਲ ਕੇ ਪ੍ਰਕਾਸ਼ ਕੌਰ ਨੇ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੇ ਬੇਸ਼ੁਮਾਰ ਖੂਬਸੂਰਤ ਗੀਤ ਗਾਏ ਜਿਨ੍ਹਾਂ ਵਿਚ ਵਿਆਹਾਂ ਦੇ ਗੀਤ, ਸੁਹਾਗ, ਘੋੜੀਆਂ, ਸਿੱਠਣੀਆਂ, ਟੱਪੇ, ਮਾਹੀਏ, ਢੋਲੇ, ਲੋਕ ਬੋਲੀਆਂ ਆਦਿ ਹਨ ਜਿਨ੍ਹਾਂ ਦੀ ਮਕਬੂਲੀਅਤ ਅੱਜ ਵੀ ਕਾਇਮ ਹੈ।

ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਵਿਚ 19 ਸਤੰਬਰ 1919 ਨੂੰ ਲਾਹੌਰ ਦੇ ਅੰਦਰੂਨੀ ਸ਼ਹਿਰ ਵਿਚ ਸਥਿਤ ਭੱਟੀ ਗੇਟ ਦੇ ਰਹਿਣ ਵਾਲੇ ਸਹਿਜਧਾਰੀ ਸਿੱਖ ਪਿਤਾ ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੇ ਘਰ ਇਕ ਬੱਚੀ ਨੇ ਜਨਮ ਲਿਆ ਜਿਸ ਦਾ ਨਾਂ ਮਾਪਿਆਂ ਨੇ ਪ੍ਰਕਾਸ਼ ਕੌਰ ਰੱਖਿਆ। ਕੌਣ ਜਾਣਦਾ ਸੀ ਕਿ ਇਹ ਨੰਨ੍ਹੀ ਪ੍ਰਕਾਸ਼ ਵੱਡੀ ਹੋ ਕੇ ਸੰਗੀਤ ਦੀ ਦੁਨੀਆ ਵਿਚ ਅਜਿਹਾ ਮਾਅਰਕਾ ਮਾਰੇਗੀ ਜਿਸ ਨੂੰ ਰਹਿੰਦੀ ਦੁਨੀਆ ਤਕ ਜਾਣਿਆ ਜਾਂਦਾ ਰਹੇਗਾ। 4 ਭੈਣਾਂ ਅਤੇ 5 ਭਰਾਵਾਂ ਵਿਚ ਸਭ ਤੋਂ ਵੱਡੀ ਪ੍ਰਕਾਸ਼ ਨੂੰ ਨਿੱਕੇ ਹੁੰਦੇ ਤੋਂ ਹੀ ਸੰਗੀਤ ਨਾਲ ਲਗਾਓ ਸੀ। ਘਰਦਿਆਂ ਤੋਂ ਛੁਪ ਛੁਪ ਕੇ ਉਸ ਨੂੰ ਗਲੀ ਗੁਆਂਢ ਵਿਚ ਹੋਣ ਵਾਲੇ ਵਿਆਹਾਂ ਮੌਕੇ ਘਰ ਵਿਚ ਔਰਤਾਂ ਵੱਲੋਂ ਬੈਠਾਏ ਜਾਂਦੇ ਗਾਉਣ ਵਿਚ ਸ਼ਾਮਲ ਹੋਣਾ ਚੰਗਾ ਲੱਗਦਾ ਸੀ। ਉਥੇ ਉਹ ਰਬਾਬੀ ਔਰਤਾਂ ਨੂੰ ਗੀਤ ਗਾਉਂਦਿਆਂ ਸੁਣਦੀ ਜੋ ਉਸ ਦੇ ਮਨ ਨੂੰ ਟੁੰਬਦੇ। ਉਨ੍ਹਾਂ ਗੀਤਾਂ ਨੂੰ ਸੁਣ ਕੇ ਹੌਲੀ ਹੌਲੀ ਪ੍ਰਕਾਸ਼ ਵੀ ਗੁਣਗਣਾਉਣ ਲੱਗੀ। ਫਿਰ ਉਹ ਵਿਆਹਾਂ ਵਿਚ ਔਰਤਾਂ ਨਾਲ ਰਲ ਐਸੇ ਗੀਤ ਗਾਉਣ ਲੱਗੀ ਕਿ ਉਥੇ ਮੌਜੂਦ ਸਭ ਔਰਤਾਂ, ਕੁੜੀਆਂ ਚਿੜੀਆਂ ਅਤੇ ਬਜ਼ੁਰਗ ਮਾਵਾਂ ਉਸ ਦੀ ਟੁਣਕਵੀਂ ਆਵਾਜ਼ ਦੇ ਜਾਦੂ ਨਾਲ ਕੀਲੀਆਂ ਜਾਂਦੀਆਂ। ਇਸ ਤਰ੍ਹਾਂ ਗਲੀ ਗੁਆਂਢ ਦੇ ਵਿਆਹ ਸ਼ਾਦੀਆਂ ਦੇ ਮੌਕੇ 'ਤੇ ਪ੍ਰਕਾਸ਼ ਕੌਰ ਦੀ ਹਾਜ਼ਰੀ ਜ਼ਰੂਰੀ ਸਮਝੀ ਜਾਣ ਲੱਗੀ ਅਤੇ ਸੰਗੀਤ ਵਿਚ ਪ੍ਰਕਾਸ਼ ਦੀ ਰੁਚੀ ਹੋਰ ਵਧਣ ਲੱਗੀ। ਪ੍ਰਕਾਸ਼ ਵਿਚ ਇਹ ਹੁਨਰ ਸੀ ਕਿ ਉਹ ਬਹੁਤ ਛੋਟੀ ਉਮਰ ਤੋਂ ਹੀ ਨਾਮੀ ਗਾਇਕਾਂ ਦੇ ਗਾਏ ਗੀਤਾਂ ਨੂੰ ਇਕ ਵਾਰ ਕੰਨੀ ਸੁਣ ਕੇ ਉਨ੍ਹਾਂ ਨੂੰ ਹੂਬਹੂ ਗਾ ਲੈਂਦੀ ਸੀ। ਉਸ ਨੇ ਸੰਗੀਤ ਦੀ ਸਿੱਖਿਆ ਭਾਵੇਂ ਪ੍ਰਾਪਤ ਨਹੀਂ ਕੀਤੀ ਸੀ ਪਰ ਫਿਰ ਵੀ ਉਹ ਸੁਰ ਤਾਲ ਦੀ ਬਹੁਤ ਪੱਕੀ ਸੀ। ਸ਼ੁਰੂ ਸ਼ੁਰੂ ਵਿਚ ਉਸ ਨੂੰ ਗਾਉਣ ਲਈ ਆਪਣੇ ਘਰਦਿਆਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ ਕਿਉਂਕਿ ਉਸ ਜ਼ਮਾਨੇ ਵਿਚ ਧੀਆਂ ਭੈਣਾਂ ਦਾ ਇੰਜ ਗਾਉਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਇਸੇ ਕਰ ਕੇ ਪ੍ਰਕਾਸ਼ ਕੌਰ ਦਾ 15 ਸਾਲ ਦੀ ਛੋਟੀ ਉਮਰ ਵਿਚ ਹੀ ਵਿਆਹ ਕਰ ਦਿੱਤਾ। ਇੰਡੀਅਨ ਰੇਲਵੇ ਵਿਚ ਬਤੌਰ ਇਲੈਕਟ੍ਰੀਕਲ ਇੰਜਨੀਅਰ ਸ. ਹਰਬੰਸ ਸਿੰਘ ਸੂਰੀ ਜੋ ਲਾਹੌਰ ਦੇ ਹੀ ਵਾਸੀ ਸਨ ਤੇ ਲਾਹੌਰ ਹੀ ਇਨ੍ਹਾਂ ਦੀ ਪੋਸਟਿੰਗ ਸੀ, ਨਾਲ ਪ੍ਰਕਾਸ਼ ਕੌਰ ਦਾ ਵਿਆਹ ਹੋਇਆ। ਹਰਬੰਸ ਸਿੰਘ ਸੂਰੀ ਨੇ ਪ੍ਰਕਾਸ਼ ਕੌਰ ਨੂੰ ਗਾਇਕੀ ਦਾ ਆਪਣਾ ਸ਼ੌਕ ਕਾਇਮ ਰੱਖਣ ਵਿਚ ਭਰਭੂਰ ਸਾਥ ਦਿੱਤਾ ਅਤੇ ਹਮੇਸ਼ਾਂ ਉਤਸ਼ਾਹਿਤ ਕੀਤਾ। ਹਾਲਾਂਕਿ ਉਨ੍ਹਾਂ ਦਿਨਾਂ ਵਿਚ ਲੋਕ ਗਾਉਣ ਵਾਲੀਆਂ ਕੁੜੀਆਂ ਨੂੰ ਇੱਜ਼ਤ ਭਰੀ ਨਜ਼ਰ ਨਾਲ ਨਹੀਂ ਦੇਖਦੇ ਸਨ ਪਰ ਪ੍ਰਕਾਸ਼ ਕੌਰ ਦੀ ਦਲੇਰੀ ਸਦਕਾ ਅਤੇ ਪਤੀ ਹਰਬੰਸ ਸਿੰਘ ਸੂਰੀ ਵੱਲੋਂ ਮਿਲੇ ਸਹਿਯੋਗ ਕਰ ਕੇ ਉਸ ਨੇ ਇਹ ਮਿੱਥ ਵੀ ਤੋੜ ਦਿੱਤੀ।

ਸਾਲ 1940 ਵਿਚ ਪ੍ਰਕਾਸ਼ ਕੌਰ ਨੇ ਆਲ ਇੰਡੀਆ ਰੇਡੀਓ ਲਾਹੌਰ 'ਤੇ ਆਪਣੇ ਗਾਇਕੀ ਦੇ ਸਫਰ ਦੀ ਸ਼ੁਰੂਆਤ ਲਈ ਆਡੀਸ਼ਨ ਪਾਸ ਕੀਤਾ। 1941 ਵਿਚ ਉਸ ਨੇ ਪਿਸ਼ਾਵਰ ਰੇਡੀਓ ਤੋਂ ਆਪਣਾ ਪਹਿਲਾ ਗੀਤ ਗਾਇਆ। ਉਨ੍ਹੀਂ ਦਿਨੀਂ ਰੇਡੀਓ ਤੋਂ ਸਿੱਧੇ ਗੀਤ ਪ੍ਰਸਾਰਿਤ ਕੀਤੇ ਜਾਂਦੇ ਸਨ। ਪ੍ਰਕਾਸ਼ ਕੌਰ ਨੇ ਰੇਡੀਓ 'ਤੇ ਆਪਣੇ ਖੂਬਸੂਰਤ ਗੀਤਾਂ ਨਾਲ ਆਪਣੀ ਮਿੱਠੀ ਤੇ ਸੁਰੀਲੀ ਆਵਾਜ਼ ਦਾ ਜਾਦੂ ਬਿਖੇਰਨਾ ਸ਼ੁਰੂ ਕੀਤਾ। ਦਿਨਾਂ



*ਪ੍ਰਕਾਸ਼ ਕੌਰ (ਖੱਬੇ), ਦੀਦਾਰ ਸਿੰਘ ਪਰਦੇਸੀ ਅਤੇ ਸੁਰਿੰਦਰ ਕੌਰ।*

ਵਿਚ ਹੀ ਉਸ ਦੀ ਗਾਇਕੀ ਦੇ ਚਰਚੇ ਹਰ ਪਾਸੇ ਹੋਣ ਲੱਗੇ। ਲੋਕਾਂ ਨੂੰ ਉਨ੍ਹਾਂ ਦੇ ਗਾਏ ਗੀਤ ਬਹੁਤ ਪਸੰਦ ਆਉਂਦੇ। ਪੰਜਾਬੀ ਸਭਿਆਚਾਰ ਦੀ ਤਰਜਮਾਨੀ ਕਰਦੇ ਉਸ ਦੇ ਗੀਤ ਘਰ ਘਰ ਗੂੰਜਣ ਲੱਗੇ। 1943 ਤਕ ਪਹੁੰਚਦੇ ਪਹੁੰਚਦੇ ਉਹ ਰੇਡੀਓ ਦੀ ਆਲ੍ਹਾ ਦਰਜੇ ਦੀ ਪ੍ਰਵਾਨਿਤ ਗਾਇਕਾ ਬਣ ਚੁੱਕੀ ਸੀ। ਫਿਰ ਇਕ ਦਿਨ ਪ੍ਰਕਾਸ਼ ਕੌਰ ਆਪਣੇ ਤੋਂ 10 ਸਾਲ ਛੋਟੀ ਭੈਣ ਸੁਰਿੰਦਰ ਕੌਰ ਨੂੰ ਆਲ ਇੰਡੀਆ ਰੇਡੀਓ ਆਡੀਸ਼ਨ ਦਿਵਾਉਣ ਲੈ ਕੇ ਆਈ ਜੋ ਸੁਰਿੰਦਰ ਕੌਰ ਨੇ ਬਗੈਰ ਕਿਸੇ ਮੁਸ਼ਕਿਲ ਤੋਂ ਪਾਸ ਕਰ ਲਿਆ। ਹੁਣ ਦੋਵੇ ਭੈਣਾਂ ਆਲ ਇੰਡੀਆ ਰੇਡੀਓ ਲਾਹੌਰ ਦੀਆਂ ਪ੍ਰਵਾਨਿਤ ਗਾਇਕਾਵਾਂ ਬਣ ਚੁੱਕੀਆਂ ਸਨ ਅਤੇ ਦੋਵਾਂ ਨੇ ਇਕੱਠਿਆਂ ਆਲ ਇੰਡੀਆ ਰੇਡੀਓ ਲਾਹੌਰ ਤੋਂ ਕਈ ਗੀਤ ਗਾਏ ਜੋ ਬਹੁਤ ਮਸ਼ਹੂਰ ਹੋਏ। ਰੇਡੀਓ 'ਤੇ ਗਾਉਂਦਿਆ ਹੀ ਦੋਵੇਂ ਭੈਣਾਂ ਨੇ ਲਾਹੌਰ ਰੇਡੀਓ ਦੇ ਸੰਗੀਤ ਸੈਕਸ਼ਨ ਦੇ ਹੈੱਡ ਬੁੱਧ ਸਿੰਘ ਤਾਨ ਦੇ ਸਹਾਇਕ ਜੀਵਨ ਲਾਲ ਮੱਟੂ ਕੋਲੋਂ ਲਾਈਟ ਕਲਾਸੀਕਲ ਵਿਚ ਸੰਗੀਤ ਦੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ।

ਫਿਰ 31 ਅਗਸਤ 1943 ਨੂੰ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੀਆਂ ਆਵਾਜ਼ਾਂ ਵਿਚ ਰਿਕਾਰਡ ਕੀਤਾ ਪਹਿਲਾ ਐਲ.ਪੀ. ਰਿਕਾਰਡ 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀਂ ਮਾਏ' ਐਚ.ਐਮ.ਵੀ. ਕੰਪਨੀ ਨੇ ਰਿਲੀਜ਼ ਕੀਤਾ। ਇਹ ਉਹ ਸਦਾਬਹਾਰ ਗੀਤ ਸੀ ਜੋ ਲੋਕਾਂ ਵਿਚ ਹੁਣ ਵੀ ਪਸੰਦ ਕੀਤਾ ਜਾਂਦਾ ਹੈ। ਸੰਗੀਤ ਨਿਰਦੇਸ਼ਕ ਇਨਾਇਤ ਹੁਸੈਨ ਦੀ ਨਿਰਦੇਸ਼ਨਾ ਵਿਚ ਰਿਕਾਰਡ ਕੀਤੇ ਇਸ ਗੀਤ ਨੇ ਸਫਲਤਾ ਦੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ। ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੇ ਨਾਵਾਂ ਦੀ ਚਰਚਾ ਘਰ ਘਰ ਹੋਣ ਲੱਗੀ ਅਤੇ ਨਾਲ ਹੀ ਦੋਵਾਂ ਭੈਣਾਂ ਦੀ ਪ੍ਰਸਿੱਧੀ ਵਿਚ ਵੀ ਅਥਾਹ ਵਾਧਾ ਹੋਇਆ। ਭਾਵੇਂ ਪ੍ਰਕਾਸ਼ ਕੌਰ ਨੂੰ ਅਕਸਰ ਸੁਰਿੰਦਰ ਕੌਰ ਦੇ ਨਾਲ ਜੋੜ ਕੇ ਹੀ ਦੇਖਿਆ ਜਾਂਦਾ ਹੈ ਪਰ ਪੰਜਾਬੀ ਗਾਇਕੀ ਵਿਚ ਉਨ੍ਹਾਂ ਦੀ ਥਾਂ ਵਿਲੱਖਣ ਸੀ ਤੇ ਹਮੇਸ਼ਾਂ ਰਹੇਗੀ। ਸੰਗੀਤਕਾਰ ਇਨਾਇਤ ਹੁਸੈਨ ਨੇ ਹੋਰ ਵੀ ਬਹੁਤ ਸਾਰੇ ਗੀਤ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੀ ਆਵਾਜ਼ ਵਿਚ ਰਿਕਾਰਡ ਕੀਤੇ। ਪ੍ਰਕਾਸ਼ ਕੌਰ ਨੇ ਫਿਲਮਾਂ ਲਈ ਵੀ ਗੀਤ ਗਾਏ।

ਦੇਸ਼ ਵੰਡ ਵੇਲੇ ਪ੍ਰਕਾਸ਼ ਕੌਰ ਵੀ ਆਪਣੇ ਪਰਿਵਾਰ ਨਾਲ ਫਿਰਕੂ ਜਨੂਨੀਆਂ ਤੋਂ ਬਚਦੇ ਬਚਾਉਂਦੇ ਲਾਹੌਰ ਵਿਚਲਾ ਆਪਣਾ ਭਰਿਆ ਭਰਾਇਆ ਘਰ ਬਾਰ ਛੱਡ ਜਾਨਾਂ ਬਚਾ ਕੇ ਅੰਮ੍ਰਿਤਸਰ ਦੇ ਰਫਿਊਜੀ ਕੈਂਪ ਵਿਚ ਆ ਸ਼ਾਮਲ ਹੋਏ। ਕੁਝ ਚਿਰ ਅੰਮ੍ਰਿਤਸਰ ਠਹਿਰਨ ਤੋਂ ਬਾਅਦ ਪ੍ਰਕਾਸ਼ ਕੌਰ ਪਰਿਵਾਰ ਸਹਿਤ ਦਿੱਲੀ ਜਾ ਵੱਸੇ। ਉਥੇ ਹੀ ਉਨ੍ਹਾਂ ਦੇ ਪਤੀ ਦੀ ਨੌਕਰੀ ਰੇਲਵੇ ਵਿਭਾਗ ਵਿਚ ਫਿਰ ਤੋਂ ਸ਼ੁਰੂ ਹੋ ਗਈ। ਪ੍ਰਕਾਸ਼ ਕੌਰ ਨੇ ਵੀ ਆਲ ਇੰਡੀਆ ਰੇਡੀਓ ਦਿੱਲੀ ਤੋਂ ਆਪਣੀ ਗਾਇਕੀ ਦਾ ਸਫਰ ਫਿਰ ਤੋਂ ਸ਼ੁਰੂ ਕਰ ਲਿਆ। ਉਨ੍ਹਾਂ ਦਿਨਾਂ ਵਿਚ ਦਿੱਲੀ ਰਫਿਊਜ਼ੀ ਕੈਂਪਾਂ ਵਿਚ ਸਭ ਤੋਂ ਜ਼ਿਆਦਾ ਗਿਣਤੀ ਪੰਜਾਬੀਆਂ ਦੀ ਸੀ, ਇਸ ਕਰਕੇ ਉਹ ਕੈਂਪ ਪੰਜਾਬੀ ਸੰਗੀਤ ਦੀ ਵੱਡੀ ਮੰਡੀ ਵਜੋਂ ਉਭਰੇ। ਪ੍ਰਕਾਸ਼ ਕੌਰ ਦੀ ਮੰਗ ਇਸ ਖਿੱਤੇ ਵਿਚ ਪਹਿਲੇ ਦਿਨ ਤੋਂ ਹੀ ਬਣ ਗਈ ਸੀ। 1948 ਤੋਂ 1958 ਤਕ ਉਸ ਦੇ ਸਭ ਤੋਂ ਵੱਧ ਹਿੱਟ ਗੀਤ ਬਣੇ।





*ਪ੍ਰਕਾਸ਼ ਕੌਰ ਦੀਆਂ ਦੋ ਦੁਰਲੱਭ ਤਸਵੀਰਾਂ।*

ਪ੍ਰਕਾਸ਼ ਕੌਰ ਨੇ ਆਪਣੇ 40 ਸਾਲਾ ਦੇ ਗਾਇਕੀ ਦੇ ਸਫਰ ਦੌਰਾਨ ਅਣਗਿਣਤ ਹਿੱਟ ਗੀਤ ਗਾਏ। ਰੇਡੀਓ 'ਤੇ ਗਾਉਣ ਤੋਂ ਇਲਾਵਾ ਉਸ ਨੇ ਪੰਜਾਬੀ ਫਿਲਮਾਂ ਵਿਚ ਵੀ ਗੀਤ ਗਾਏ। 1964 ਵਿਚ ਆਈ ਨੈਸ਼ਨਲ ਐਵਾਰਡ ਜੇਤੂ ਬਲਰਾਜ ਸਾਹਨੀ ਅਭਿਨੀਤ ਫਿਲਮ 'ਸਤਲੁਜ ਦੇ ਕੰਢੇ' ਵਿਚ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦਾ ਇਕੱਠਿਆਂ ਗਾਇਆ ਕੋਰਸ ਗੀਤ 'ਕਾਲੇ ਰੰਗ ਦਾ ਪਰਾਂਦਾ ਮੇਰੇ ਸੱਜਣਾ ਲਿਆਂਦਾ' ਬੇਹੱਦ ਮਕਬੂਲ ਹੋਇਆ ਸੀ। ਅਣਗਿਣਤ ਗੀਤਾਂ ਦੇ ਐਲ.ਪੀ. ਗੀਤ ਰਿਕਾਰਡ ਮਾਰਕੀਟ ਵਿਚ ਉਤਾਰੇ ਗਏ ਜਿਨ੍ਹਾਂ ਦੀ ਰਿਕਾਰਡ ਤੋੜ ਵਿਕਰੀ ਹੋਈ। ਪ੍ਰਕਾਸ਼ ਕੌਰ ਨੇ ਅਣਗਿਣਤ ਹਿੱਟ ਗੀਤ ਗਾਏ ਜਿਨ੍ਹਾਂ 'ਚ 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀਂ ਮਾਏ', 'ਡਾਚੀ ਵਾਲਿਆ ਮੋੜ ਮੁਹਾਰ ਵੇ', 'ਬਾਜਰੇ ਦਾ ਸਿੱਟਾ', 'ਬਣ ਮੋਰਨੀ ਬਾਗਾਂ ਦੇ ਵਿਚ', 'ਬਾਰੀ ਬਰਸੀ ਖੱਟਣ ਗਿਆ ਸੀ', 'ਚੰਨ ਕਿੱਥਾਂ ਗੁਜ਼ਾਰੀ ਐ ਰਾਤ', 'ਇਕ ਮੇਰੀ ਅੱਖ ਕਾਸ਼ਨੀ', 'ਟਾਂਡੇ ਚੂਪ ਨਾ ਚਰ੍ਹੀ ਦੇ ਹਾਣੀਆਂ ਵੇ ਘਰ 'ਚ ਸੰਧੂਰੀ ਅੰਬੀਆਂ', 'ਗਲੀਆਂ ਤੇ ਬਾਬੁਲ ਹੋਈਆਂ ਭੀੜੀਆਂ ਧੀ ਚੱਲੀ ਬਗਾਨੇ ਦੇਸ਼ ਬਾਬਲ', 'ਸੁਹਾਗ', 'ਘੋੜੀਆਂ', 'ਟੱਪੇ', 'ਮਾਹੀਆ' ਅਤੇ 'ਲੋਕ ਬੋਲੀਆਂ' ਆਦਿ ਪ੍ਰਮੁੱਖ ਹਨ।

ਪ੍ਰਕਾਸ਼ ਕੌਰ ਨੇ ਨੰਦ ਲਾਲ ਨੂਰਪੁਰੀ, ਗਿਆਨ ਚੰਦ ਧਵਨ, ਪ੍ਰਕਾਸ਼ ਸਾਥੀ ਜਿਹੇ ਸ਼ਾਇਰਾਂ ਦੇ ਗੀਤ ਗਾਏ। ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ 'ਚੰਨ ਵੇ ਕੇ ਸ਼ੌਂਕਣ ਮੇਲੇ ਦੀ', 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ' ਅਤੇ 'ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ' ਗਾਏ। ਸੁਰਿੰਦਰ ਕੌਰ ਤੋਂ ਇਲਾਵਾ ਪ੍ਰਕਾਸ਼ ਕੌਰ ਨੇ ਹੋਰ ਵੀ ਆਪਣੇ ਸਮਕਾਲੀ ਗਾਇਕਾਂ ਨਾਲ ਅਣਗਿਣਤ ਗੀਤ ਗਾਏ ਜਿਨ੍ਹਾਂ ਵਿਚ ਆਸਾ ਸਿੰਘ ਮਸਤਾਨਾ, ਬਲਦੇਵ ਮੂੰਗਾ, ਸੁਰਿੰਦਰ ਕੋਹਲੀ, ਤ੍ਰਿਲੋਕ ਕਪੂਰ ਆਦਿ ਪ੍ਰਮੁੱਖ ਹਨ, ਪਰ ਉਸ ਨੇ ਜ਼ਿਆਦਾ ਗੀਤ ਹਜ਼ਾਰਾ ਸਿੰਘ ਰਮਤੇ ਨਾਲ ਗਾਏ ਅਤੇ ਸਟੇਜ 'ਤੇ ਜੋੜੀ ਵੀ ਹਜ਼ਾਰਾ ਸਿੰਘ ਰਮਤੇ ਨਾਲ ਹੀ ਰਹੀ। ਦੋਵੇਂ ਕਲਾਕਾਰਾਂ ਨੇ ਤਕਰੀਬਨ 11 ਸਾਲ ਇਕੱਠੇ ਮਿਲ ਕੇ ਗਾਇਆ।

ਪ੍ਰਕਾਸ਼ ਕੌਰ ਅਜੇ 62 ਵਰ੍ਹਿਆਂ ਦੀ ਹੀ ਸੀ ਜਦੋਂ ਉਨ੍ਹਾਂ ਨੂੰ ਗੁਰਦਿਆਂ ਦੇ ਰੋਗ ਕਾਰਨ ਤੇ ਕਾਰ ਹਾਦਸੇ ਕਾਰਨ ਪੈਦਾ ਹੋਈਆਂ ਸਿਹਤ ਸਬੰਧੀ ਸਮੱਸਿਆਵਾਂ ਨਾਲ ਦੋ ਚਾਰ ਹੋਣਾ ਪਿਆ। ਉਨ੍ਹਾਂ ਦੀ ਸਿਹਤ ਵਿਚ ਦਿਨੋਂ ਦਿਨ ਨਿਘਾਰ ਆਉਂਦਾ ਗਿਆ ਅਤੇ ਅਖੀਰ ਪੰਜਾਬ ਦੀ ਇਹ ਧੀ, ਬੁਲੰਦ ਆਵਾਜ਼ ਦੀ ਧਨੀ ਮਹਾਨ ਲੋਕ ਗਾਇਕਾ 2 ਨਵੰਬਰ 1982 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਈ ਪਰ ਉਨ੍ਹਾਂ ਦੀ ਆਵਾਜ਼ ਅਮਰ ਰਹੇਗੀ।

# 'ਮਹਾਰਾਣੀ' ਹੁਮਾ ਕੁਰੈਸ਼ੀ

ਅਦਾਕਾਰਾ ਹੁਮਾ ਕੁਰੈਸ਼ੀ ਵੈੱਬ ਸੀਰੀਜ਼ 'ਮਹਾਰਾਣੀ' ਵਿਚ ਨਾਇਕਾ ਰਾਣੀ ਭਾਰਤੀ ਦੀ ਭੂਮਿਕਾ ਵਿਚ ਨਜ਼ਰ ਆਏਗੀ। ਇਹ ਉਸ ਲਈ ਤਾਂ ਵੀ ਖਾਸ ਹੈ ਕਿਉਂਕਿ ਇਸ ਵਿਚ ਉਸ ਨੂੰ ਜਾਨਣ ਨਾਲੋਂ ਭੁੱਲਣ ਦੀ ਵੱਧ ਲੋੜ ਹੈ। ਉਸ ਦਾ ਕਹਿਣਾ ਹੈ ਕਿ ਅਦਾਕਾਰਾ ਵਜੋਂ ਦਿੱਲੀ ਤੋਂ ਮੁੰਬਈ ਜਾਣ ਦੇ ਤਜਰਬੇ ਸਦਕਾ ਉਸ ਨੂੰ ਰਾਣੀ ਬਾਰੇ ਸਮਝਣ ਵਿਚ ਕਾਫੀ ਮਦਦ ਮਿਲੀ। ਰਾਣੀ ਅਨਪੜ੍ਹ ਪੇਂਡੂ ਔਰਤ ਹੈ। ਅਚਾਨਕ ਬਦਲੇ ਹਾਲਾਤ ਕਾਰਨ ਉਹ ਬਿਹਾਰ ਦੀ ਸਿਆਸਤ ਦਾ ਕੇਂਦਰੀ ਧੁਰਾ ਬਣ ਜਾਂਦੀ ਹੈ ਅਤੇ ਰਾਜ ਦੀ ਮੁੱਖ ਮੰਤਰੀ ਬਣਦੀ ਹੈ।


ਹੁਮਾ ਨੇ ਆਖਿਆ ਕਿ ਜਦੋਂ ਉਹ ਵੱਡੀ ਹੋ ਰਹੀ ਸੀ ਤਾਂ ਉਸ ਨੂੰ ਵੀ ਰਾਣੀ ਵਾਂਗ ਪਤਾ ਨਹੀਂ ਸੀ ਕਿ ਬਾਲੀਵੁੱਡ ਨਾਲ ਜੁੜਨ ਦਾ ਕੀ ਮਕਸਦ ਹੈ। ਅਦਾਕਾਰਾ ਨੇ ਆਖਿਆ, "ਰਾਣੀ ਭਾਰਤੀ ਕਦੇ ਵੀ ਆਪਣੇ ਪਿੰਡ ਤੋਂ ਬਾਹਰ ਨਹੀਂ



ਗਈ। ਉਸ ਦੀ ਭੂਮਿਕਾ ਨਿਭਾਉਣਾ ਵੱਡੀ ਚੁਣੌਤੀ ਸੀ। ਉਹ ਮੇਰੇ ਤੋਂ ਬਿਲਕੁੱਲ ਵੱਖਰੀ ਸੀ। ਦਿੱਲੀ ਤੋਂ ਮੁੰਬਈ ਜਾਣਾ ਮੇਰੇ ਲਈ ਬਹੁਤ ਖਾਸ ਹੈ। ਇਸ ਨੇ ਮੇਰੀ ਜ਼ਿੰਦਗੀ ਹੀ ਬਦਲ ਦਿੱਤੀ। ਮੈਂ ਦਿੱਲੀ ਵਿਚ ਵੱਖਰੀ ਜ਼ਿੰਦਗੀ ਜਿਊਂਦੀ ਸੀ। ਕਦੇ ਨਹੀਂ ਸੋਚਿਆ ਸੀ ਕਿ ਬਾਲੀਵੁੱਡ ਦਾ ਹਿੱਸਾ ਹੋਵਾਂਗੀ।"

# ਮਜ਼ਦੂਰਾਂ ਦੀ ਸਾਈਕਲ ਯਾਤਰਾ ਬਾਰੇ ਕਿਤਾਬ

ਫਿਲਮਸਾਜ਼ ਵਿਨੋਦ ਕਾਪੜੀ ਨੇ ਪਿਛਲੇ ਸਾਲ 2020 ਵਿਚ ਲੱਗੀ ਤਾਲਾਬੰਦੀ ਦੌਰਾਨ ਉਤਰ ਪ੍ਰਦੇਸ਼ ਦੇ ਗਾਜ਼ੀਆ ਤੋਂ ਬਿਹਾਰ, ਆਪਣੇ ਘਰ ਤੱਕ ਸਾਈਕਲ 'ਤੇ ਥੱਕੇ-ਟੁੱਟੇ ਤੇ ਭੁੱਖੇ ਪਿਆਸੇ ਪੁੱਜਣ ਵਾਲੇ ਸੱਤ ਮਜ਼ਦੂਰਾਂ ਦੀ ਸਾਈਕਲ ਯਾਤਰਾ ਬਾਰੇ ਪੁਸਤਕ ਲਿਖੀ ਹੈ। ਪੁਸਤਕ '1232 ਕਿਲੋਮੀਟਰ: ਦਿ ਲੌਂਗ ਜਰਨੀ ਹੋਮ' ਵਿਚ ਬਿਹਾਰ ਦੇ ਰਿਤੇਸ਼ ਕੁਮਾਰ ਪੰਡਿਤ, ਅਸ਼ੀਸ਼ ਕੁਮਾਰ, ਰਾਮ ਬਾਬੂ ਪੰਡਿਤ, ਸੋਨੂੰ, ਕ੍ਰਿਸ਼ਨਾ, ਸੰਦੀਪ ਕੁਮਾਰ ਅਤੇ ਮੁਕੇਸ਼ ਵੱਲੋਂ ਸਹਿਰਸਾ ਤੱਕ ਕੀਤੀ 1232 ਕਿਲੋਮੀਟਰ ਦੀ ਯਾਤਰਾ ਦਾ ਜ਼ਿਕਰ ਹੈ। ਯਾਦ ਰਹੇ ਕਿ ਕਾਪੜੀ ਵੱਲੋਂ ਨਿਰਦੇਸ਼ਿਤ ਇਸ ਯਾਤਰਾ 'ਤੇ ਆਧਾਰਿਤ ਦਸਤਾਵੇਜ਼ੀ ਹੁਣੇ ਹੀ ਡਿਜ਼ਨੀ+ਹੌਟਸਟਾਰ 'ਤੇ ਜਾਰੀ ਕੀਤੀ ਗਈ ਹੈ। ਆਪਣੀ ਕਿਤਾਬ ਬਾਰੇ ਕਾਪੜੀ ਕਹਿੰਦਾ ਹੈ, "ਜਦੋਂ ਮੈਂ ਇਸ ਯਾਤਰਾ 'ਤੇ ਨਿਕਲਿਆ, ਮੈਂ ਇਹ ਜਾਣਨ ਲਈ ਉਤਾਵਲਾ






*ਵਿਨੋਦ ਕਾਪੜੀ (ਸੱਜੇ) ਦੀ ਕਿਤਾਬ ਦਾ ਮੁਖੜਾ।*

ਸਾਂ ਕਿ ਅਜਿਹੇ ਮੁਸ਼ਕਿਲ ਹਾਲਾਤ ਵਿਚ ਬਗੈਰ ਭੋਜਨ ਤੇ ਕਿਸੇ ਮਦਦ ਤੋਂ ਮਜ਼ਦੂਰਾਂ ਨੂੰ 1232 ਕਿਲੋਮੀਟਰ ਸਾਈਕਲ ਚਲਾਉਣ ਲਈ ਕਿਉਂ ਮਜਬੂਰ ਹੋਣਾ ਪਿਆ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com